**Property For Rent**

Brick 3 Floor House Next To Bellerose Queens NYC. Near All Bus, Train & Lir. 2000+Sqr. Ft. Parking, 3+Bed Rm, 2 Bath, 1 Kitchen, 13 Extra Large Rooms, Big Basement, Double Entrances.

Tenant Pay All Expense+ Rent Is Only $2200.00 Negotiable.

Text, What's App,

Tel: 516-376-0631, 516-209-7186

39-40



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

**CDL Class 'B' Driver Needed For Immediate Hire**

ਟਰਾਈ ਸਟੇਟ ਏਰੀਏ ਵਿਚ ਸੀ.ਡੀ.ਐਲ. ਕਲਾਸ 'ਬੀ' ਡਰਾਈਵਰਾਂ ਦੀ ਫੌਰੀ ਲੋੜ ਹੈ

Delivery in Tri State Area

Attractive Pay and Benefits.

Please call: 732-815-9550

38-39



Twentieth Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 39, September 28, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਬੇਅਦਬੀ ਕਾਂਡ: ਕੈਪਟਨ ਵਲੋਂ ਬਾਦਲਾਂ ਨੂੰ ਮੁਆਫੀ !

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਰਗਾੜੀ ਤੇ ਬਹਿਬਲ ਕਲਾਂ ਗੋਲੀਕਾਂਡ ਮਾਮਲਿਆਂ ਵਿਚੋਂ ਬਾਦਲਾਂ ਨੂੰ 'ਕਲੀਨ ਚਿੱਟ' ਦੇਣ ਦਾ ਮਾਮਲਾ ਭਖ ਗਿਆ ਹੈ। ਵਿਰੋਧੀ ਧਿਰਾਂ ਸਮੇਤ ਪੰਥਕ ਜਥੇਬੰਦੀਆਂ ਵੀ ਕੈਪਟਨ ਸਰਕਾਰ ਦੇ ਦਾਅਵੇ ਉਤੇ ਸਵਾਲ ਚੁੱਕ ਰਹੀਆਂ ਹਨ।

ਭਾਵੇਂ ਚੁਫੇਰਿਉਂ ਆਲੋਚਨਾ ਪਿੱਛੋਂ ਕੈਪਟਨ ਨੇ ਇਹ ਕਹਿ ਕੇ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦਾ ਇਹ ਮਤਲਬ ਨਹੀਂ ਕਿ ਬਾਦਲਾਂ ਦਾ ਇਸ ਮਾਮਲੇ ਵਿਚ ਕੋਈ ਹੱਥ ਨਹੀਂ ਪਰ ਕੈਪਟਨ ਦੇ ਇਸ਼ਾਰਿਆਂ ਨੇ ਸਾਫ ਕਰ ਦਿੱਤਾ ਹੈ ਕਿ ਸਰਕਾਰ ਇਸ ਮਾਮਲੇ ਵਿਚ ਅਸਲ ਦੋਸ਼ੀਆਂ ਤੱਕ ਪਹੁੰਚ ਕਰਨ ਦੇ ਮੂਡ ਵਿਚ ਹੀ ਨਹੀਂ ਹੈ। ਯਾਦ ਰਹੇ ਕਿ ਕੈਪਟਨ ਨੇ ਕੁਝ ਅੰਗਰੇਜ਼ੀ ਅਖਬਾਰਾਂ ਨਾਲ ਇੰਟਰਵਿਊ ਵਿਚ ਕਿਹਾ ਕਿ ਬਾਦਲਾਂ ਦਾ ਬੇਅਦਬੀ ਮਾਮਲੇ ਵਿਚ ਕੋਈ ਲੈਣਾ ਦੇਣਾ ਨਹੀਂ ਹੈ। ਕੈਪਟਨ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਬੇਅਦਬੀ ਮਾਮਲਿਆਂ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਕੋਈ ਸਮਾਂ ਸੀਮਾ ਤੈਅ ਨਹੀਂ ਕੀਤੀ ਗਈ ਸੀ।

## ਵਿਰੋਧੀ ਧਿਰ ਨੇ ਉਠਾਏ ਸਵਾਲ

ਲੋਕ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਨੇ ਬਾਦਲਾਂ ਦਾ ਨਾਮ ਲੈ-ਲੈ ਕੇ ਦਾਅਵੇ ਕੀਤੇ ਸਨ ਕਿ ਉਨ੍ਹਾਂ ਕੋਲ ਸਾਰੇ ਸਬੂਤ ਹਨ ਤੇ ਚੋਣਾਂ ਲੰਘਣ ਪਿੱਛੋਂ ਇਨ੍ਹਾਂ ਸਾਰਿਆਂ ਨੂੰ ਵਾਰੋ-ਵਾਰੀ ਜੇਲ੍ਹ ਸੁੱਟਾਂਗੇ। ਉਦੋਂ ਕੈਪਟਨ ਨੇ ਬਾਦਲਾਂ ਨੂੰ ਹੀ ਅਸਲ ਦੋਸ਼ੀ ਮੰਨਦੇ ਹੋਏ ਆਖਿਆ ਸੀ ਕਿ ਉਹ (ਕੈਪਟਨ) ਇਸ ਸਮੇਂ ਸੂਬੇ ਦੇ ਮੁੱਖ ਮੰਤਰੀ ਹਨ ਅਤੇ ਅਫਸਰਸ਼ਾਹੀ ਉਨ੍ਹਾਂ ਦੇ ਹੁਕਮਾਂ ਬਿਨਾਂ ਇਕ ਵੀ ਫੈਸਲਾ ਕਰਕੇ ਦੇਖੇ। ਫਿਰ ਬਾਦਲਾਂ ਵਾਰੀ ਇਹ ਕਿਵੇਂ ਹੋ ਗਿਆ ਕਿ ਮੁੱਖ ਮੰਤਰੀ ਨੂੰ ਪੁੱਛੇ ਬਿਨਾਂ ਪੁਲਿਸ ਅਫਸਰਾਂ ਨੇ ਧਰਨਾ ਦੇ ਰਹੇ ਸਿੱਖਾਂ ਉਤੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ। ਹੁਣ ਚੋਣਾਂ ਲੰਘਣ ਪਿੱਛੋਂ ਕੈਪਟਨ ਸਾਹਬ ਦੇ ਮਿਜ਼ਾਜ ਬਿਲਕੁਲ ਬਦਲੇ ਜਾਪ ਰਹੇ ਹਨ। ਉਂਜ, ਅਸਲ ਮਸਲਾ ਕੈਪਟਨ ਦੇ ਤਾਜ਼ਾ ਬਿਆਨ ਦਾ ਨਹੀਂ ਹੈ। ਬੇਅਦਬੀ ਕਾਂਡ ਨਾਲ ਸਬੰਧਤ ਹਰ ਜਾਂਚ ਕਮਿਸ਼ਨ ਤੇ ਸਿੱਟ ਦੀ ਜਾਂਚ ਵਿਚ ਬਾਦਲ ਅਤੇ ਉਸ ਸਮੇਂ ਦੇ ਪੁਲਿਸ ਮੁਖੀ ਸੁਮੇਧ ਸੈਣੀ ਖਿਲਾਫ ਉਂਗਲ ਉਠੀ ਹੈ ਪਰ ਬੇਅਦਬੀ ਦੇ ਅਸਲ ਦੋਸ਼ੀਆਂ ਨੂੰ ਜੇਲ੍ਹ ਪਹੁੰਚ ਦੇ ਵਾਅਦੇ ਨਾਲ ਸੱਤਾ ਵਿਚ ਆਈ ਕੈਪਟਨ ਸਰਕਾਰ ਇਨ੍ਹਾਂ ਨੂੰ ਹੱਥ ਪਾਉਣ ਤੋਂ ਹਮੇਸ਼ਾ ਭੱਜਦੀ ਰਹੀ ਹੈ। ਬਾਦਲ ਸਰਕਾਰ ਨੇ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਲਈ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਣਾਇਆ ਸੀ ਤੇ ਇਸ ਕਮਿਸ਼ਨ ਨੇ ਜਾਂਚ ਪੂਰੀ ਕਰ ਕੇ ਰਿਪੋਰਟ ਬਾਦਲ ਸਰਕਾਰ ਨੂੰ ਦੇ ਦਿੱਤੀ ਸੀ ਪਰ ਸਰਕਾਰ ਨੇ ਇਸ ਜਾਂਚ ਰਿਪੋਰਟ ਦਾ ਧੂੰਆਂ ਤੱਕ ਨਹੀਂ ਨਿਕਲਣ ਦਿੱਤਾ। ਇਸ ਤੋਂ ਬਾਅਦ ਕੈਪਟਨ ਸਰਕਾਰ ਬਣੀ, ਇਸ ਸਰਕਾਰ ਨੇ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦੀ ਥਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾ ਦਿੱਤਾ। ਰਣਜੀਤ ਸਿੰਘ ਕਮਿਸ਼ਨ ਨੇ ਵੀ ਤੈਅ ਸਮੇਂ ਵਿਚ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਪਰ ਸਰਕਾਰ ਦੇ ਹੱਥਾਂ ਵਿਚ ਆਉਂਦੇ ਹੀ ਇਹ ਰਿਪੋਰਟ ਲੀਕ ਹੋ ਗਈ ਤੇ ਅਗਲੇ ਦਿਨ ਇਸ ਰਿਪੋਰਟ ਦੀਆਂ ਕਾਪੀਆਂ ਅਕਾਲੀ ਆਗੂਆਂ ਦੇ ਹੱਥਾਂ ਵਿਚ

(ਬਾਕੀ ਸਫਾ 6 ਉਤੇ)

## ਬਾਦਲਾਂ ਤੇ ਕੈਪਟਨ ਦਾ ਗੱਠਜੋੜ ਹੁਣ ਜੱਗ ਜਾਹਰ?

ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਅਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ ਨੇ ਦੋਸ਼ ਲਾਏ ਹਨ ਕਿ ਬਾਦਲਾਂ ਅਤੇ ਕੈਪਟਨ ਦਾ ਗੱਠਜੋੜ ਹੁਣ ਜੱਗ ਜ਼ਾਹਿਰ ਹੋ ਗਿਆ। ਦੋਵੇਂ ਇਕ ਦੂਜੇ ਨੂੰ ਬਚਾਉਣ ਲਈ ਅੰਦਰੋ-ਅੰਦਰੀ ਮਿਲ ਕੇ ਕੋਸ਼ਿਸ਼ਾਂ ਕਰ ਰਹੇ ਹਨ ਤੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਰਿਹਾ ਹੈ। ਖਹਿਰਾ ਨੇ ਸਵਾਲ ਕੀਤਾ ਕਿ ਜੇ ਬਾਦਲਾਂ ਨੂੰ ਮੁਆਫ ਹੀ ਕਰਨਾ ਸੀ ਤਾਂ ਇੰਨੇ ਪਖੰਡ ਕਰਨ ਦੀ ਕੀ ਲੋੜ ਸੀ? ਰਾਜ ਸਭਾ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਤਾਂ ਇਥੋਂ ਤੱਕ ਆਖ ਦਿੱਤਾ ਹੈ ਕਿ ਕੈਪਟਨ ਦਬਾਅ ਅੱਗੇ ਝੁਕ ਗਏ ਹਨ। ਉਨ੍ਹਾਂ ਕਿਹਾ ਕਿ ਕੈਪਟਨ ਦੇ ਬਿਆਨ ਨਾਲ ਕਾਂਗਰਸ ਨੂੰ ਜਿੰਨਾ ਨੁਕਸਾਨ ਹੋਇਆ ਹੈ, ਹੁਣ ਸਫਾਈ ਦੇ ਕੇ ਇਸ ਨੂੰ ਘੱਟ ਨਹੀਂ ਕੀਤਾ ਜਾ ਸਕਦਾ।

### -ਜ਼ਿਮਨੀ ਚੋਣਾਂ-

# ਪੰਜਾਬ ਦੀਆਂ ਸਿਆਸੀ ਧਿਰਾਂ ਲਈ ਇਕ ਹੋਰ ਪ੍ਰੀਖਿਆ


**ਚੰਡੀਗੜ੍ਹ:** ਚੋਣ ਕਮਿਸ਼ਨ ਵਲੋਂ ਪੰਜਾਬ ਵਿਧਾਨ ਸਭਾ ਦੀਆਂ 4 ਜ਼ਿਮਨੀ ਚੋਣਾਂ- ਦਾਖਾ, ਜਲਾਲਾਬਾਦ, ਫਗਵਾੜਾ ਤੇ ਮੁਕੇਰੀਆਂ ਲਈ ਐਲਾਨੇ ਚੋਣ ਪ੍ਰੋਗਰਾਮ ਅਨੁਸਾਰ 21 ਅਕਤੂਬਰ ਨੂੰ ਵੋਟਾਂ ਪੈਣਗੀਆਂ। ਇਹ ਜ਼ਿਮਨੀ ਚੋਣਾਂ ਸੂਬੇ ਦੀਆਂ ਮੁੱਖ ਸਿਆਸੀ ਧਿਰਾਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਆਮ ਆਦਮੀ ਪਾਰਟੀ (ਆਪ) ਅਤੇ ਲੋਕ ਇਨਸਾਫ ਪਾਰਟੀ ਲਈ ਵੱਡੀ ਪ੍ਰੀਖਿਆ ਹੋਣਗੀਆਂ। ਜ਼ਿਮਨੀ ਚੋਣਾਂ ਦਾ ਐਲਾਨ ਹੁੰਦਿਆਂ ਹੀ ਸੂਬੇ ਦੇ ਚਾਰ ਵਿਧਾਨ ਸਭਾ ਹਲਕਿਆਂ ਵਿਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ।

ਕਾਂਗਰਸ ਨੇ ਕੈਪਟਨ ਅਮਰਿੰਦਰ ਸਿੰਘ ਦੇ ਸਿਆਸੀ ਸਕੱਤਰ ਸੰਦੀਪ ਸੰਧੂ ਨੂੰ ਦਾਖਾ, ਸਾਬਕਾ ਆਈ.ਏ.ਐਸ. ਅਧਿਕਾਰੀ ਬਲਵਿੰਦਰ ਸਿੰਘ ਧਾਲੀਵਾਲ ਨੂੰ ਫਗਵਾੜਾ ਰਾਖਵੇਂ ਹਲਕੇ, ਯੂਥ ਕਾਂਗਰਸ ਆਗੂ ਰਮਿੰਦਰ ਆਵਲਾ ਨੂੰ ਜਲਾਲਾਬਾਦ ਤੋਂ ਅਤੇ ਮਰਹੂਮ ਵਿਧਾਇਕ ਰਜਨੀਸ਼ ਬੱਬੀ ਦੀ ਪਤਨੀ ਇੰਦੂ ਬਾਲਾ ਨੂੰ ਮੁਕੇਰੀਆਂ ਤੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਤਿੰਨ ਹਲਕਿਆਂ ਤੋਂ ਪਾਰਟੀ ਨੇ ਬਾਹਰਲੇ ਉਮੀਦਵਾਰ ਉਤਾਰੇ ਹਨ। ਇਸ ਲਈ ਸਥਾਨਕ ਕਾਂਗਰਸੀ ਆਗੂ ਨਾਰਾਜ਼ ਹਨ। ਸ਼੍ਰੋਮਣੀ ਅਕਾਲੀ ਦਲ ਨੇ ਦਾਖਾ ਵਿਧਾਨ ਸਭਾ ਹਲਕੇ ਤੋਂ ਮਨਪ੍ਰੀਤ ਸਿੰਘ ਇਯਾਲੀ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਅਕਾਲੀ ਦਲ ਵਲੋਂ ਜਲਾਲਾਬਾਦ ਅਤੇ ਦਾਖਾ ਤੋਂ ਉਮੀਦਵਾਰ ਖੜ੍ਹੇ ਕੀਤੇ ਜਾਣੇ ਹਨ ਜਦੋਂਕਿ ਭਾਈਵਾਲ ਭਾਜਪਾ ਵਲੋਂ ਮੁਕੇਰੀਆਂ ਅਤੇ ਫਗਵਾੜਾ ਤੋਂ ਉਮੀਦਵਾਰ ਖੜ੍ਹੇ ਕੀਤੇ ਜਾਣੇ ਹਨ। ਜਲਾਲਾਬਾਦ, ਫਗਵਾੜਾ ਅਤੇ ਮੁਕੇਰੀਆਂ ਵਿਚ ਕਾਂਗਰਸ ਤੇ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਵਿਚਾਲੇ ਮੁਕਾਬਲਾ ਹੋਣ ਦੇ ਆਸਾਰ ਹਨ ਜਦੋਂਕਿ ਲੁਧਿਆਣਾ ਜ਼ਿਲ੍ਹੇ ਦੇ ਦਾਖਾ ਵਿਧਾਨ ਸਭਾ ਹਲਕੇ ਤੋਂ ਮੁਕਾਬਲਾ ਰੌਚਕ ਹੋ ਸਕਦਾ ਹੈ ਕਿਉਂਕਿ ਲੋਕ ਸਭਾ ਚੋਣਾਂ ਦੌਰਾਨ ਇਸ ਵਿਧਾਨ ਸਭਾ ਹਲਕੇ ਤੋਂ ਲੋਕ ਇਨਸਾਫ ਪਾਰਟੀ ਦੇ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਨੇ ਦੋਹਾਂ ਰਵਾਇਤੀ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਪਛਾੜ ਦਿੱਤਾ ਸੀ।

ਜਲਾਲਾਬਾਦ ਵਿਧਾਨ ਸਭਾ ਹਲਕੇ ਦੇ ਵਿਧਾਇਕ ਸੁਖਬੀਰ ਸਿੰਘ ਬਾਦਲ ਦੇ ਫਿਰੋਜ਼ਪੁਰ ਤੋਂ ਅਤੇ ਫਗਵਾੜਾ ਦੇ ਵਿਧਾਇਕ ਸੋਮ ਪ੍ਰਕਾਸ਼ ਦੇ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਚੁਣੇ ਜਾਣ ਕਾਰਨ ਇਨ੍ਹਾਂ ਦੋਹਾਂ ਹਲਕਿਆਂ ਦੀ ਚੋਣ ਕਰਵਾਈ ਜਾ ਰਹੀ ਹੈ। ਦਾਖਾ ਤੋਂ 'ਆਪ' ਦੇ ਵਿਧਾਇਕ ਐਚ.ਐਸ. ਫੂਲਕਾ ਨੇ ਸਰਕਾਰ ਵਲੋਂ ਬੇਅਦਬੀ ਕਾਂਡ ਦੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨ ਦੇ ਦੋਸ਼ ਲਾਉਂਦਿਆਂ ਅਸਤੀਫਾ ਦੇ ਦਿੱਤਾ ਸੀ। ਇਸੇ ਤਰ੍ਹਾਂ ਮੁਕੇਰੀਆਂ ਤੋਂ ਕਾਂਗਰਸ ਦੇ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੀ ਮੌਤ ਹੋ ਜਾਣ ਕਾਰਨ ਇਸ ਹਲਕੇ ਦੀ ਜ਼ਿਮਨੀ ਚੋਣ ਹੋਣ ਜਾ ਰਹੀ ਹੈ। ਪੰਜਾਬ ਵਿਧਾਨ ਸਭਾ ਵਿਚ ਇਸ ਵੇਲੇ ਕਾਂਗਰਸ ਦੇ ਕੁੱਲ ਵਿਧਾਇਕਾਂ ਦੀ ਗਿਣਤੀ 77 ਹੈ, ਅਕਾਲੀ ਦਲ ਦੇ ਵਿਧਾਇਕਾਂ ਦੀ ਗਿਣਤੀ 12, 'ਆਪ' ਦੇ 19 ਅਤੇ ਭਾਜਪਾ ਦੇ ਦੋ ਵਿਧਾਇਕ ਹਨ। ਕਾਂਗਰਸ ਪਾਰਟੀ ਖਾਸ ਕਰਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਵਿਧਾਇਕਾਂ

(ਬਾਕੀ ਸਫਾ 6 ਉਤੇ)


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave., Jackson Heights, NY 11373

Ph: 718-205-7832




AVAILABLE AT SELECT INDIAN STORES NEAR YOU
CONTACT: SINGH & SINGH DISTRIBUTORS @ +1 (908) 279-6056

**Ad Space Available**

Please call

Ph: 847-359-0746

# ਗੁਰਦਾਸ ਮਾਨ ਦੇ ਓਹਲੇ 'ਚ ਕਿਤੇ ਅਸਲ ਦੁਸ਼ਮਣ ਸੁੱਕਾ ਨਾ ਬਚ ਜਾਵੇ

**ਗੁਰਭਜਨ ਗਿੱਲ**

ਹਿੰਦੀ ਦਿਵਸ ਮੌਕੇ ਦੇਸ਼ ਦੇ ਗ੍ਰਹਿ ਮੰਤਰੀ ਵੱਲੋਂ 'ਇੱਕ ਰਾਸ਼ਟਰ, ਇੱਕ ਭਾਸ਼ਾ' ਵਾਲੀ ਆਖੀ ਗੱਲ ਸਾਨੂੰ ਕਿਸੇ ਨੂੰ ਵੀ ਨਹੀਂ ਪੁੱਗਦੀ। ਦੇਸ਼ ਨੂੰ ਵੀ ਨਹੀਂ ਪੁੱਗਦੀ। 22 ਰਾਸ਼ਟਰੀ ਭਾਸ਼ਾਵਾਂ 'ਚ ਹਿੰਦੀ ਸੰਪਰਕ ਭਾਸ਼ਾ ਪਹਿਲਾਂ ਹੀ ਹੈ, ਪਰ ਕੌਮੀ ਭਾਸ਼ਾ ਨਹੀਂ।

ਸ਼ਬਦ ਜਾਲ 'ਚ ਉਲਝ ਕੇ ਗੁਰਦਾਸ ਮਾਨ ਠੇਡਾ ਖਾ ਕੇ ਮੂਧੇ ਮੂੰਹ ਡਿੱਗ ਪਿਆ ਹੈ। ਲੋਕਾਂ ਨਾਲੋਂ ਟੁੱਟ ਕੇ ਮਾਤ ਭਾਸ਼ਾਵਾਂ ਦੇ ਅਸਲ ਯੋਗਦਾਨ ਨੂੰ ਸਮਝਣ ਸਮਝਾਉਣ ਦੀ ਉਕਾਈ ਕਰ ਗਿਆ ਹੈ। ਮਾਂ ਦੀ ਥਾਂ ਮਾਸੀ ਦਾ ਹੇਜ ਜਾਗਣਾ ਸਾਡੇ ਪਿੰਡਾਂ ਵੱਲ ਚੰਗਾ ਨਹੀਂ ਗਿਣਿਆ ਜਾਂਦਾ। ਮਾਂ ਦੀ ਮੈਲੀ ਚੁੰਨੀ ਦੀ ਥਾਂ ਜੇ ਮਾਸੀ ਦੀ ਨੀਅਤ ਮੈਲੀ ਹੋਵੇ ਤਾਂ ਘਰਾਂ ਨੂੰ ਵੀਰਾਨ ਕਰ ਦਿੰਦੀ ਹੈ।

ਪੰਜਾਬੀ ਨੂੰ ਤਾਂ ਇਸ ਵੇਲੇ ਸਭ ਤੋਂ ਵੱਧ ਖਤਰਾ ਹਿੰਦੀ ਤੋਂ ਹੈ, ਗੁਆਂਢ ਮੱਥਾ ਹੋਣ ਕਰਕੇ। ਰਾਜਸਥਾਨੀ, ਹਿਮਾਚਲੀ, ਪਹਾੜੀ, ਹਰਿਆਣਵੀ ਨੂੰ ਹਿੰਦੀ ਦੀ ਅਮਰਵੇਲ ਕਰੀਬ ਕਰੀਬ ਚੱਟ ਗਈ ਹੈ।

ਹਰਜਿੰਦਰ ਬਿੰਦ ਨਾਲ ਗੁਰਦਾਸ ਮਾਨ ਦੀ ਮੁਲਾਕਾਤ ਵਿਚ ਹਿੰਦੀ ਦਾ ਹੇਜ ਉਨ੍ਹਾਂ ਦਿਨਾਂ 'ਚ ਉਜਾਗਰ ਹੋਣਾ ਸ਼ੁਭ ਸ਼ਗਨ ਨਹੀਂ ਮੰਨਿਆ ਜਾ ਸਕਦਾ।

ਪਰ ਹਰ ਗੱਲ ਨੂੰ ਗਰਜ਼ ਨਾਲ ਜੋੜ ਕੇ ਵੇਖਣਾ ਵੀ ਬਹੁਤੀ ਚੰਗੀ ਪਰਵਿਰਤੀ ਨਹੀਂ। ਗੁਰਦਾਸ ਕੋਈ ਭਾਸ਼ਾ ਮਾਹਿਰ ਨਹੀਂ, ਬਾਕੀ ਗਾਇਕਾਂ ਨਾਲੋਂ ਉਸ ਦਾ ਵੱਖਰਾ ਵਿਹਾਰ ਨਹੀਂ। ਦੱਖਣੀ ਫਿਲਮ ਅਦਾਕਾਰ ਕਮਲ ਹਸਨ ਵਾਂਗ ਸੁਚੇਤ ਕਲਾਕਾਰ ਨਹੀਂ।



ਗਾਇਕ ਦੋਸਤ ਬੁਰਾ ਨਾ ਮੰਨਣ, ਹਰਭਜਨ ਮਾਨ, ਡਾ. ਸਤਿੰਦਰ ਸਰਤਾਜ, ਭਗਵੰਤ ਮਾਨ, ਬੱਬੂ ਮਾਨ, ਵਾਰਿਸ ਭਰਾਵਾਂ ਤੇ ਪੰਮੀ ਬਾਈ ਤੋਂ ਬਿਨਾ ਸਾਡੇ ਗਾਇਕ ਸਮਾਜਕ ਸਰੋਕਾਰਾਂ ਤੇ ਸਮਾਜਕ ਜਿੰਮੇਵਾਰੀ ਦੇ ਓਨੇ ਭੇਤੀ ਨਹੀਂ ਹਨ, ਜਿੰਨੇ ਹੋਣੇ ਚਾਹੀਦੇ ਹਨ।

ਐਬਟਸਫੋਰਡ ਘਟਨਾ 'ਚ ਗੁਰਦਾਸ ਮਾਨ ਦਾ ਬੋਲਿਆ ਵਾਕ ਉਸ ਦੇ ਕੱਦ ਬੁੱਤ ਤੋਂ ਕਿਤੇ ਹੌਲਾ ਹੈ। ਮੰਦਭਾਗਾ ਹੈ ਇੰਜ ਪਾਰਾ ਚੜ੍ਹਨਾ। ਵਿਰੋਧ ਨਾ ਜਰਨਾ ਵੀ ਸਿਖਰੋਂ ਹੇਠ ਸੁੱਟਦਾ ਹੈ। ਇੱਕ ਬਦਬੋਲ ਲੜੀ ਬਣ ਗਿਆ ਐਡਮੰਟਨ ਤੀਕ। ਚਾਲੀ ਸਾਲ ਦੀ ਬੇਦਾਗ ਸੰਗੀਤ ਯਾਤਰਾ ਇੱਕੋ ਬੋਲ ਨਾਲ ਥੱਲੇ ਜਾ ਡਿੱਗੀ।

ਮੈਂ ਨਿਜੀ ਤੌਰ 'ਤੇ ਬੇਹੱਦ ਉਦਾਸ ਹਾਂ।

ਜੋ ਕੁਝ ਹੋਇਆ ਜਾਂ ਹੋ ਰਿਹਾ ਹੈ, ਇਹ ਸਾਡੀ ਹਿੰਸਕ ਮਾਨਸਿਕਤਾ ਤੇ ਅਨਪੜ੍ਹਤਾ ਦਾ ਪਰਛਾਵਾਂ ਹੈ। ਗਾਇਕ ਭਰਾ ਜੇ ਮੀਡੀਏ ਨਾਲ ਗੱਲਬਾਤ ਕਰਨ ਤਾਂ ਸਾਫ ਕਹਿ ਦਿਆ ਕਰਨ ਕਿ ਸਾਨੂੰ ਇਸ ਮਸਲੇ ਦਾ ਕੱਖ ਵੀ ਪਤਾ ਨਹੀਂ, ਅਗਿਆਨ ਮਿਹਣਾ ਨਹੀਂ, ਪਰ ਗੈਰਪ੍ਰਸੰਗਕ ਉਤਰ ਮਰਵਾ ਦਿੰਦੇ ਹਨ।

ਪੰਜਾਬੀ ਪਿਆਰਿਉ! ਕਿਤੇ ਗੁਰਦਾਸ ਮਾਨ ਨਾਲ ਲੇਖਾ ਮੁਕਾਉਂਦੇ ਅਸਲ ਦੁਸ਼ਮਣ ਸੁੱਕਾ ਨਾ ਬਚ ਜਾਵੇ। ਅਸਲ ਦੁਸ਼ਮਣ ਮਾਰਨ ਲਈ ਆਪਣੇ ਘਰੀਂ ਪੰਜਾਬੀ ਕਿਤਾਬਾਂ ਲਿਆਈਏ ਹਰ ਮਹੀਨੇ। ਵਿਸ਼ਾ ਭਾਵੇਂ ਕੋਈ ਹੋਵੇ, ਪੜ੍ਹੀਏ ਜ਼ਰੂਰ। ਬੱਚਿਆਂ ਨੂੰ ਪੜ੍ਹਨ, ਲਿਖਣ ਤੇ ਬੋਲਣ ਦੀ ਲਿਆਕਤ ਨਾਲ ਸ਼ਸਤਰ ਬੱਧ ਕਰੀਏ।

ਤਲਖੀ ਤੋਂ ਮੁਕਤੀ ਹਾਸਲ ਕਰਕੇ ਆਤਮ ਚਿੰਤਨ ਜ਼ਰੂਰੀ ਹੈ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਉਤਸਵ ਸਾਲ 'ਚ ਗੋਸ਼ਟਿ ਪਰੰਪਰਾ ਸੁਰਜੀਤ ਕਰੀਏ।

ਸਾਨੂੰ ਭਰਾ ਮਾਰ ਜੰਗ 'ਚ ਉਲਝਾਉਣਾ ਦੁਸ਼ਮਣ ਦੀ ਲੋੜ ਹੈ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਲੋੜ ਨਹੀਂ।

# ਅਜੇ ਗੋਗਨਾ ਨੇ ਜਿੱਤਿਆ ਇਕ ਹੋਰ ਗੋਲਡ ਮੈਡਲ

**ਨਿਊ ਫੋਰਟਲੈਂਡ, ਕੈਨੇਡਾ (ਬਿਊਰੋ):** ਇਥੇ ਸੇਂਟ ਜੌਹਨ ਸਿਟੀ ਵਿਚ 14 ਤੋਂ 21 ਸਤੰਬਰ ਤੱਕ ਹੋਏ ਕਾਮਨਵੈਲਥ ਪਾਵਰ ਲਿਫਟਿੰਗ ਮੁਕਾਬਲਿਆਂ 'ਚ ਪੰਜਾਬ ਦੇ ਭੁਲੱਥ ਕਸਬੇ ਦੇ ਜੰਮਪਲ ਅਜੇ ਗੋਗਨਾ ਨੇ ਗੋਲਡ ਮੈਡਲ ਜਿੱਤਿਆ ਹੈ। ਉਸ ਨੇ 120 ਕਿੱਲੋਗ੍ਰਾਮ ਵਰਗ ਦੇ ਭਾਰ 'ਚ ਸਭ ਤੋਂ ਵੱਧ ਬੈਂਚ ਪ੍ਰੈਸ ਲਾਏ। ਜ਼ਿਕਰਯੋਗ ਹੈ ਕਿ 29 ਸਾਲਾ ਅਜੇ ਗੋਗਨਾ ਪਰਵਾਸੀ ਪੱਤਰਕਾਰ ਰਾਜ ਗੋਗਨਾ ਦਾ ਪੁੱਤਰ ਹੈ।



ਅਜੇ ਗੋਗਨਾ ਭਾਰਤ ਦੀ ਨਾਮਵਰ ਇੰਡੀਅਨ ਪਾਵਰ ਲਿਫਟਿੰਗ ਫੈਡਰੇਸ਼ਨ ਵੱਲੋਂ ਖੇਡਦਾ ਹੈ। ਪਿਛਲੇ ਦੋ ਸਾਲਾਂ ਵਿਚ ਉਸ ਨੇ ਦੁੱਬਈ, ਆਸਟ੍ਰੇਲੀਆ, ਜਪਾਨ ਤੇ ਹੁਣ ਕੈਨੇਡਾ 'ਚ ਹੋਏ ਪਾਵਰ ਲਿਫਟਿੰਗ ਮੁਕਾਬਲਿਆਂ 'ਚ ਨਾਂ ਤੇ ਨਾਂਵਾਂ ਕਮਾਇਆ ਹੈ। ਕਾਮਨਵੈਲਥ ਪਾਵਰ ਲਿਫਟਿੰਗ ਮੁਕਾਬਲਿਆਂ 'ਚ ਉਸ ਨੇ ਗੋਲਡ ਮੈਡਲ ਭਾਰਤ ਦੀ ਝੋਲੀ ਪਾਇਆ ਸੀ। ਉਹ ਪੰਜਾਬ ਦੀਆਂ ਅਨੇਕਾਂ ਕਲੱਬਾਂ, ਸੰਸਥਾਵਾਂ ਵੱਲੋਂ 'ਸਟਰੌਂਗਮੈਨ ਆਫ ਪੰਜਾਬ' ਦੇ ਖਿਤਾਬ ਵੀ ਜਿੱਤ ਚੁਕਾ ਹੈ।

ਪਿੰਡ ਬਾਗੜੀਆਂ ਵਿਚ 20 ਨਵੰਬਰ ਨੂੰ ਹੋਣ ਵਾਲੇ ਸਾਲਾਨਾ ਕਬੱਡੀ ਟੂਰਨਾਮੈਂਟ ਵਿਚ ਕੈਨੇਡਾ ਦੇ ਚੰਨਾ ਧਾਲੀਵਾਲ ਪਿੰਡ ਭਗਵਾਨਪੁਰ ਅਤੇ ਦਸਮੇਸ਼ ਸਪੋਰਟਸ ਕਲੱਬ, ਬਾਗੜੀਆਂ ਦੇ ਸਰਪ੍ਰਸਤ ਕਾਲਾ ਬਾਗੜੀਆਂ ਅਜੇ ਗੋਗਨਾ ਦਾ ਇਕ ਲੱਖ ਰੁਪਏ ਅਤੇ ਮੋਟਰ ਸਾਈਕਲ ਨਾਲ ਵਿਸ਼ੇਸ਼ ਸਨਮਾਨ ਕਰਨਗੇ।

# ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮੀਟਿੰਗ ਵਿਚ ਹਾਜ਼ਰ ਹੋਏ ਕੇ. ਐਲ. ਗਰਗ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਸਤੰਬਰ ਮਹੀਨੇ ਦੀ ਮੀਟਿੰਗ ਇਥੇ ਲੰਘੇ ਐਤਵਾਰ ਨੂੰ ਹੋਈ, ਜਿਸ ਦਾ ਅਰੰਭ ਪੰਜਾਬੀ ਦੇ ਜਾਣੇ-ਪਛਾਣੇ ਲੇਖਕ ਕੇ. ਐਲ. ਗਰਗ ਨੇ ਸ਼ਮ੍ਹਾ ਜਗਾ ਕੇ ਕੀਤਾ।



ਮੀਟਿੰਗ ਵਿਚ ਕੇ. ਐਲ. ਗਰਗ, ਮਿਸਿਜ਼ ਗਰਗ, ਮਨੋਹਰ ਸਿੰਘ ਸੈਣੀ ਅਤੇ ਪ੍ਰੋ. ਗਜਿੰਦਰ ਕੌਰ ਬੱਗਾ ਖਾਸ ਮਹਿਮਾਨ ਸਨ। ਲੁਧਿਆਣੇ ਵਸਦੇ ਮਨੋਹਰ ਸਿੰਘ ਸੈਣੀ ਮਿਊਜ਼ਿਕ ਡਾਇਰੈਕਟਰ ਹਨ ਅਤੇ ਗਾਉਣ ਵਿਚ ਵੀ ਮਾਹਿਰ ਹਨ। ਪ੍ਰੋ. ਗਜਿੰਦਰ ਕੌਰ ਬੱਗਾ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਅੰਗਰੇਜ਼ੀ ਦੇ ਪ੍ਰੋਫੈਸਰ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ ਅਤੇ ਉਨ੍ਹਾਂ ਨੇ ਕੁਝ ਕਿਤਾਬਾਂ ਦਾ ਪੰਜਾਬੀ ਤੋਂ ਅੰਗਰੇਜ਼ੀ ਵਿਚ ਉਲੱਥਾ ਵੀ ਕੀਤਾ ਹੈ। ਸਾਹਿਤਕ ਦੌਰ ਦੇ ਅਰੰਭ ਵਿਚ ਪ੍ਰੇਮ ਮਾਨ ਨੇ ਇਨ੍ਹਾਂ ਮਹਿਮਾਨਾਂ ਦੀ ਸਭਾ ਦੇ ਮੈਂਬਰਾਂ ਨਾਲ ਜਾਣ-ਪਛਾਣ ਕਰਵਾਈ।

ਡਾ. ਸੰਦੀਪ ਸਿੰਘ ਨੇ ਆਪਣੀ ਖੂਬਸੂਰਤ ਕਵਿਤਾ 'ਫਲਸਫਾ ਮਲਕੀਅਤ ਨਹੀਂ ਹੋਇਆ ਕਰਦਾ' ਪੜ੍ਹੀ, ਜਿਸ ਨੂੰ ਮੈਂਬਰਾਂ ਨੇ ਬਹੁਤ ਸਲਾਹਿਆ। ਮਨਮੋਹਨ ਪੂਨੀ ਨੇ ਪਹਿਲਾਂ ਗੁਰੂਮੇਲ ਸਿੱਧੂ ਦੀ ਕਵਿਤਾ 'ਖੇੜੇ ਦੇ ਮੌਸਮ ਵਿਚ ਪੱਤੇ ਝੜੇ' ਅਤੇ ਫਿਰ ਆਪਣੀ ਕਵਿਤਾ ਪੜ੍ਹੀ। ਨਾਮੀ ਕਵੀ ਤਰਲੋਕ ਬੀਰ ਨੇ ਆਪਣੀ ਇਕ ਬਹੁਤ ਖੂਬਸੂਰਤ ਲੰਬੀ ਕਵਿਤਾ 'ਰਿਸ਼ਤੇ' ਪੜ੍ਹੀ। ਡਾ. ਰਾਮ ਜੀ ਦਾਸ ਸੇਠੀ ਮਹਿਤਾਬ ਨੇ ਆਪਣੀਆਂ ਕਵਿਤਾਵਾਂ 'ਕਦੇ ਤੇਰੀ ਪੂੰਨਿਆਂ ਤੇ ਕਦੇ ਤੇਰੀ ਮੱਸਿਆ' ਅਤੇ 'ਕਾਹਤੋਂ ਕਰਦਾਂ ਅੜੀਆਂ, ਅੜਿਆ ਮੰਨ ਵੀ ਜਾ' ਪੜ੍ਹੀਆਂ।


ਪੰਜਾਬੀ ਅਤੇ ਹਿੰਦੀ ਦੇ ਮਸ਼ਹੂਰ ਸ਼ਾਇਰ ਡਾ. ਸ਼ਸ਼ੀਕਾਂਤ ਉਪਲ ਨੇ ਪਹਿਲਾਂ ਹਿੰਦੀ ਦੀਆਂ ਦੋ ਕਵਿਤਾਵਾਂ 'ਉਧੜ ਗਿਆ ਹੂੰ' ਅਤੇ 'ਮੌਤ ਸੇ ਕਿਤਨਾ ਡਰਤੀ ਥੀ ਮੇਰੀ ਮਾਂ' ਪੜ੍ਹੀਆਂ ਅਤੇ ਫਿਰ ਆਪਣੀਆਂ ਪੰਜਾਬੀ ਦੀਆਂ ਗਜ਼ਲਾਂ ਦੇ ਕਈ ਸ਼ੇਅਰ ਸੁਣਾਏ। ਰਾਣੀ ਨਗਿੰਦਰ ਨੇ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ ਅਤੇ ਇਕ ਗੀਤ ਤਰੰਨਮ ਵਿਚ ਪੇਸ਼ ਕੀਤਾ। ਇਕ ਕਵਿਤਾ ਸੀ, 'ਜਦੋਂ ਮੈਂ ਜਾਗ ਰਹੀ ਸੀ, ਰਾਤ ਸੌਂ ਰਹੀ ਸੀ।' ਤਰਲੋਚਨ ਸੱਚਰ ਨੇ ਆਪਣੀ ਕਹਾਣੀ 'ਸ਼ਾਂਤੀ' ਪੜ੍ਹੀ, ਜਿਸ ਵਿਚ ਘਰ ਦੀ ਨੂੰਹ ਨੂੰ ਸੱਸ ਅਤੇ ਦਿਉਰ ਮਾਰ ਦਿੰਦੇ ਹਨ। ਪ੍ਰੋ. ਗਜਿੰਦਰ ਬੱਗਾ ਨੇ ਆਪਣੇ ਬਾਰੇ, ਆਪਣੇ ਸਾਹਿਤਕ ਕੰਮਾਂ ਤੇ ਜ਼ਿੰਦਗੀ ਅਤੇ ਦੁਨੀਆਂ ਬਾਰੇ ਗੱਲਾਂ ਕੀਤੀਆਂ। ਕੇ. ਐਲ. ਗਰਗ ਨੇ ਆਪਣੀ ਅਮਰੀਕਾ ਫੇਰੀ ਬਾਰੇ ਗੱਲਾਂ ਕਰਨ ਤੋਂ ਬਾਅਦ ਮਹਿਮਾਨਾਂ ਬਾਰੇ ਲਿਖਿਆ ਆਪਣਾ ਵਿਅੰਗ ਭਰਿਆ ਲੇਖ ਪੜ੍ਹਿਆ।

ਗੀਤ-ਸੰਗੀਤ ਦੇ ਦੌਰ ਵਿਚ ਪਹਿਲਾਂ ਗਾਇਕ ਮੇਸ਼ੀ ਬੰਗੜ ਨੇ ਡਾ. ਰਾਮ ਜੀ ਦਾਸ ਸੇਠੀ ਮਹਿਤਾਬ ਦੀ ਉਰਦੂ ਦੀ ਗਜ਼ਲ ਪੇਸ਼ ਕੀਤੀ ਅਤੇ ਫਿਰ ਡਾ. ਸ਼ਸ਼ੀਕਾਂਤ ਉਪਲ ਦੇ ਦੋਹੇ ਸੁਣਾਏ। ਮਨੋਹਰ ਸਿੰਘ ਸੈਣੀ ਨੇ ਆਪਣੇ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਸ਼ਿਵ ਕੁਮਾਰ ਦਾ ਗੀਤ 'ਵਾਸਤਾ ਈ ਮੇਰਾ ਮੇਰੇ ਦਿਲਾਂ ਦਿਆ ਮਹਿਰਮਾ, ਵੇ ਫੁੱਲੀਆਂ ਕਨੇਰਾਂ ਘਰ ਆ' ਗਾਇਆ ਅਤੇ ਫਿਰ ਇਕ ਹੋਰ ਗੀਤ ਗਾਇਆ। ਕਲਾਸੀਕਲ ਸੰਗੀਤ ਦੀ ਮਾਹਿਰ ਰੀਤਾ ਕੋਹਲੀ ਨੇ ਨੰਦ ਲਾਲ ਨੂਰਪੁਰੀ ਦਾ ਗੀਤ 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ' ਗਾਇਆ। ਅਜਾਇਬ ਸਿੰਘ ਨੇ 'ਜੇ ਹੁੰਦਾ ਤੈਨੂੰ ਪਿਆਰ ਪਹਿਲਾਂ ਛੱਡ ਕੇ ਜਾਂਦੀ ਕਿਉਂ' ਗਾਇਆ।

ਮੀਟਿੰਗ ਦੀ ਕਾਰਵਾਈ ਡਾ. ਰਾਮ ਜੀ ਦਾਸ ਸੇਠੀ ਮਹਿਤਾਬ ਨੇ ਬਾਖੂਬੀ ਨਿਭਾਈ। ਸਾਹਿਤਕ ਰਚਨਾਵਾਂ ਤੋਂ ਬਿਨਾ ਮੈਂਬਰਾਂ ਨੇ ਪੰਜਾਬੀ ਸਭਿਆਚਾਰ ਅਤੇ ਜ਼ਿੰਦਗੀ ਦੇ ਬਹੁਤ ਸਾਰੇ ਪਹਿਲੂਆਂ ਬਾਰੇ ਬਹੁਤ ਸਾਰੀਆਂ ਗੱਲਾਂ ਅਤੇ ਵਿਚਾਰ ਵਟਾਂਦਰੇ ਕੀਤੇ। ਮੀਟਿੰਗ ਵਿਚ ਰਾਜਵੰਤ ਮੋਖਾ ਤੇ ਸਰਬਜੀਤ ਮਾਨ ਵੀ ਹਾਜ਼ਰ ਸਨ।

# ਬਲਿੰਦਰ ਕੌਰ ਜੌਹਲ ਦਾ ਸ਼ਿਕਾਗੋ ਵਿਚ ਭਰਵਾਂ ਸਵਾਗਤ

**ਸ਼ਿਕਾਗੋ (ਬਿਊਰੋ):** ਅਦਾਕਾਰਾ ਬਲਿੰਦਰ ਕੌਰ ਜੌਹਲ ਦਾ ਸ਼ਿਕਾਗੋ ਵਿਚ ਭਰਵਾਂ ਸਵਾਗਤ ਕੀਤਾ ਗਿਆ, ਜੋ 10ਵੇਂ ਸ਼ਿਕਾਗੋ ਸਾਊਥ ਏਸ਼ੀਅਨ ਫਿਲਮ ਫੈਸਟੀਵਲ ਵਿਚ ਆਪਣੀ ਫਿਲਮ 'ਫਾਰਬਿਡਨ ਟਿੱਕਾ ਮਸਾਲਾ' ਲਈ ਸ਼ਿਰਕਤ ਕਰਨ ਆਏ ਸਨ। ਬੀਬੀ ਜੌਹਲ ਹੁਣ ਤੱਕ ਕਰੀਬ 94 ਫਿਲਮਾਂ ਕਰ ਚੁਕੇ ਹਨ, ਜਿਨ੍ਹਾਂ ਵਿਚ ਦਿਲਜੀਤ ਦੋਸਾਂਝ ਦੀ 'ਜੱਟ ਐਂਡ ਜੂਲੀਅਟ' ਤੇ ਦੀਪਾ ਮਹਿਤਾ ਵਲੋਂ ਬਣਾਈਆਂ ਫਿਲਮਾਂ 'ਹੈਵਨ ਆਨ ਅਰਥ' (ਜਿਸ ਵਿਚ ਪ੍ਰੀਟੀ ਜ਼ਿੰਟਾ ਮੁੱਖ ਭੂਮਿਕਾ ਵਿਚ ਹੈ) ਤੇ 'ਬੀਬਾ ਬੁਆਇਜ਼', ਜੋ ਕੈਨੇਡਾ ਦੇ ਪੰਜਾਬੀ ਗੈਂਗਸਟਰਾਂ 'ਤੇ ਆਧਾਰਿਤ ਹੈ, ਵਿਚ ਵੀ ਵਧੀਆ ਕੰਮ ਕੀਤਾ ਹੈ। ਬੀਬੀ ਜੌਹਲ ਨੇ ਵੈਨਕੂਵਰ ਵਿਚ ਡੇਢ ਸਾਲ ਨੁੱਕੜ ਨਾਟਕ 'ਚਾਚੀ ਜੀ' ਖੇਡੇ। ਕਈ ਟੀ. ਵੀ. ਸੀਰੀਅਲਾਂ ਵਿਚ ਵੀ ਰੋਲ ਅਦਾ ਕੀਤਾ, ਜਿਨ੍ਹਾਂ ਵਿਚੋਂ 'ਹਾਈਵੇ 410' ਕਾਫੀ ਮਕਬੂਲ ਹੈ। ਇਹ ਸੀਰੀਅਲ ਨਸ਼ਿਆਂ ਦੀ ਤਸਕਰੀ ਦੇ ਵਿਸ਼ੇ 'ਤੇ ਹੈ।



ਬੀਬੀ ਜੌਹਲ, ਨੀਨਾ ਟਿਵਾਣਾ ਦੀ ਵੱਡੀ ਭੈਣ ਹੈ ਤੇ ਕਈ ਡਰਾਮਿਆਂ ਵਿਚ ਮਕਬੂਲੀਅਤ ਹਾਸਲ ਕਰ ਚੁਕੀ ਹੈ। ਉਨ੍ਹਾਂ ਡਰਾਮੇ ਤੇ ਫਿਲਮਾਂ 'ਚ ਐਕਟਿੰਗ ਦੀ ਕਾਫੀ ਟਰੇਨਿੰਗ ਲਈ ਹੋਈ ਹੈ ਅਤੇ ਪੰਜਾਬੀ, ਹਿੰਦੀ ਤੇ ਅੰਗੇਰਜ਼ੀ ਦੀ ਅੱਛੀ ਮੁਹਾਰਤ ਹੈ। ਡਰਾਮਿਆਂ 'ਚ ਅਦਾਕਾਰੀ ਕਰਨ ਕਰਕੇ ਚਿਹਰੇ ਦੇ ਹਾਵ-ਭਾਵ ਤੇ ਰੋਲ 'ਚ ਗੁੰਮ ਹੋ ਜਾਣਾ ਜੌਹਲ ਦੀ ਆਦਤ ਹੈ। ਐਕਟਿੰਗ ਉਸ ਲਈ ਪੈਸਾ ਕਮਾਉਣ ਦਾ ਜ਼ਰੀਆ ਨਹੀਂ, ਸਗੋਂ ਦੀਵਾਨਗੀ ਹੈ। ਪੇਸ਼ੇ ਵਜੋਂ ਉਹ ਰਿਟਾਇਰਡ ਕਾਲਜ ਪ੍ਰੋਫੈਸਰ ਹਨ ਤੇ ਡੱਟ ਕੇ ਮਿਹਨਤ ਕਰਨਾ, ਰੋਲ ਦੀ ਤਿਆਰੀ ਲਈ ਕਿਤਾਬਾਂ ਪੜ੍ਹਨੀਆਂ ਉਨ੍ਹਾਂ ਦਾ ਸ਼ੌਕ ਹੈ। ਮਿੱਠ ਬੋਲੜਾ ਸੁਭਾਅ ਉਨ੍ਹਾਂ ਨੂੰ ਵਿਰਸੇ ਵਿਚ ਮਿਲਿਆ। 84 ਸਾਲ ਦੀ ਉਮਰ ਵਿਚ ਵੀ ਉਹ ਛਾਲਾਂ ਲਾ ਸਕਦੇ ਹਨ। ਲਗਾਤਾਰ ਜਿੰਮ ਜਾ ਕੇ ਕਸਰਤ ਕਰਦੇ ਹਨ, ਖਾਣੇ 'ਤੇ ਕਾਫੀ ਕੰਟਰੋਲ ਹੈ। ਭੰਗੜੇ ਦੇ ਅੱਛੇ ਕੋਚ ਰਹੇ ਹਨ।

'ਫਾਰਬਿਡਨ ਟਿੱਕਾ ਮਸਾਲਾ' ਬਹੁਤ ਸਾਰੇ ਫਿਲਮ ਫੈਸਟੀਵਲਾਂ ਵਿਚ ਵਿਖਾਈ ਜਾ ਰਹੀ ਹੈ। ਇਹ ਫਿਲਮ ਰਿਟਾਇਰਮੈਂਟ ਪਾਰਟੀ ਤੋਂ ਸ਼ੁਰੂ ਹੁੰਦੀ ਹੈ ਤੇ ਹਾਸਿਆਂ ਦੀ ਪਟਾਰੀ ਹੈ। ਆਡੀਟੋਰੀਅਮ ਦੇ ਦਰਸ਼ਕਾਂ ਦੀਆਂ ਤਾੜੀਆਂ ਤੇ ਹਾਸਾ 16 ਮਿੰਟ ਦੀ ਫਿਲਮ ਵਿਚ ਬਿਲਾਨਾਗਾ ਚਲਦਾ ਹੈ। ਕੁਲ 5 ਲਘੂ ਫਿਲਮਾਂ ਦਿਖਾਈਆ ਸਨ ਤੇ ਦਰਸ਼ਕਾਂ ਨੂੰ ਫਿਲਮਾਂ ਤੋਂ ਵੋਟ ਲਈ ਕਿਹਾ ਗਿਆ ਸੀ। ਸਭ ਦੇ ਵਿਸ਼ੇ ਅਲੱਗ ਸਨ ਤੇ ਢੁਕਵੇਂ ਸਨ। ਬਾਅਦ ਵਿਚ ਸਵਾਲ ਜਵਾਬ ਹੋਏ। ਜਦੋਂ ਦਰਸ਼ਕਾਂ ਨੂੰ ਪਤਾ ਲੱਗਾ ਕਿ 'ਫਾਰਬਿਡਨ ਟਿੱਕਾ ਮਸਾਲਾ' ਦੀ ਅਦਾਕਾਰ ਇਥੇ ਹਾਜ਼ਰ ਹੈ ਤਾਂ ਹਾਲ ਤਾੜੀਆਂ ਨਾਲ ਗੂੰਜ ਉਠਿਆ। ਬੀਬੀ ਜੌਹਲ ਵਲੋਂ ਆਪਣੇ ਫਿਲਮੀ ਕੈਰੀਅਰ ਬਾਰੇ ਦੱਸੇ ਜਾਣ 'ਤੇ ਵਾਰ ਵਾਰ ਤਾੜੀਆਂ ਤੇ ਹਾਸਿਆਂ ਦੀ ਵਾਛੜ ਹੋਈ। ਉਹ ਇਥੇ ਠਾਕਰ ਸਿੰਘ ਬਸਾਤੀ ਦੇ ਪਰਿਵਾਰ ਕੋਲ ਠਹਿਰੇ ਸਨ, ਜਿਥੇ ਉਨ੍ਹਾਂ ਦੀ ਇਹ ਦੂਜੀ ਫੇਰੀ ਸੀ। ਪਹਿਲਾਂ ਉਹ ਹਰਪਾਲ ਸਿੰਘ ਟਿਵਾਣਾ ਦੇ ਡਰਾਮੇ 'ਹਿੰਦ ਦੀ ਚਾਦਰ' ਲਈ ਆਏ ਸਨ। ਉਨ੍ਹਾਂ ਦਾ ਵਧੇਰੇ ਕੰਮ ਉਨ੍ਹਾਂ ਦੀ ਵੈਬਸਾਈਟ www.ballinderjohal.com 'ਤੇ ਦੇਖਿਆ ਜਾ ਸਕਦਾ ਹੈ।

# ਵਾਤਾਵਰਣ ਦੀ ਸ਼ੁੱਧਤਾ ਨੂੰ ਸਮਰਪਿਤ ਹੋਵੇਗਾ 550 ਸਾਲਾ ਪ੍ਰਕਾਸ਼ ਪੁਰਬ

**ਸੁਲਤਾਨਪੁਰ ਲੋਧੀ:** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਹਰਿਆਵਲ ਲਹਿਰ ਚਲਾਉਣ ਲਈ ਯਤਨਸ਼ੀਲ ਸ਼੍ਰੋਮਣੀ ਕਮੇਟੀ ਨੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਸਿੱਧੇ ਪ੍ਰਬੰਧ ਹੇਠ ਆਉਂਦੇ 79 ਇਤਿਹਾਸਕ ਗੁਰਦੁਆਰਿਆਂ ਦੇ ਚੌਗਿਰਦੇ ਵਿਚ 550 ਬੂਟੇ ਲਾਉਣ ਦਾ ਫੈਸਲਾ ਕੀਤਾ ਹੈ।

ਇਹ ਫੈਸਲਾ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਕੀਤਾ ਗਿਆ। ਕੁਦਰਤੀ ਆਫਤਾਂ ਵੇਲੇ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਵਿਸ਼ੇਸ਼ ਵਿਭਾਗ ਸਥਾਪਤ ਕਰਨ ਦਾ ਫੈਸਲਾ ਵੀ ਕੀਤਾ ਗਿਆ। ਸੁਲਤਾਨਪੁਰ ਲੋਧੀ ਵਿਚ ਹੋਈ ਮੀਟਿੰਗ ਦੇ ਵੇਰਵੇ ਜਾਰੀ ਕਰਦਿਆਂ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ ਆਉਂਦੇ 79 ਗੁਰਦੁਆਰਿਆਂ ਵਿਚੋਂ ਹਰੇਕ ਗੁਰਦੁਆਰੇ ਦੇ ਚੌਗਿਰਦੇ ਵਿਚ 550 ਬੂਟੇ ਲਾਏ ਜਾਣਗੇ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਹੈ ਕਿ 550 ਸਾਲਾ ਪ੍ਰਕਾਸ਼ ਪੁਰਬ ਵਾਤਾਵਰਣ ਦੀ ਸ਼ੁੱਧਤਾ ਨੂੰ ਸਮਰਪਿਤ ਕੀਤਾ ਜਾਵੇ। ਇਹ ਬੂਟੇ ਵਿਰਾਸਤੀ ਕਿਸਮ ਦੇ ਹੋਣਗੇ। ਗੁਰਦੁਆਰਿਆਂ ਵਿਚ ਬੂਟੇ ਲਾਉਣ ਦੀ ਸੇਵਾ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਸਹਿਯੋਗ ਨਾਲ ਕੀਤੀ ਜਾਵੇਗੀ। ਮੀਟਿੰਗ ਵਿਚ ਕੁਦਰਤੀ ਆਫਤਾਂ ਤੇ ਹੋਰ ਮੁਸ਼ਕਲਾਂ ਵੇਲੇ ਮਨੁੱਖੀ ਮਦਦ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਵਿਚ ਇਕ ਵਿਸ਼ੇਸ਼ ਵਿਭਾਗ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਲੌਂਗੋਵਾਲ ਨੇ ਕਿਹਾ ਕਿ 550 ਸਾਲਾ ਪ੍ਰਕਾਸ਼ ਪੁਰਬ ਸਰਕਾਰ ਨਾਲ ਰਲ ਕੇ ਸਾਂਝੇ ਮੰਚ ਤੋਂ ਹੀ ਮਨਾਏ ਜਾਣਗੇ।

# ਦਿਗਵਿਜੈ ਸਿੰਘ ਖਿਲਾਫ ਮਾਣਹਾਨੀ ਦਾ ਕੇਸ ਦਰਜ

**ਨਵੀਂ ਦਿੱਲੀ:** ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦਿਗਵਿਜੈ ਸਿੰਘ ਖਿਲਾਫ ਮਾਣਹਾਨੀ ਦਾ ਕੇਸ ਦਰਜ ਕੀਤਾ ਗਿਆ ਹੈ। ਸਿੰਘ 'ਤੇ ਭਾਜਪਾ ਤੇ ਬਜਰੰਗ ਦਲ ਖਿਲਾਫ ਅਪਮਾਨਜਨਕ ਟਿੱਪਣੀਆਂ ਕਰਨ ਦਾ ਦੋਸ਼ ਹੈ। ਕੇਸ ਦੀ ਸੁਣਵਾਈ 9 ਅਕਤੂਬਰ ਨੂੰ ਹੋਵੇਗੀ।

## ਰਵੀਸ਼ ਕੁਮਾਰ ਦਾ ਗੌਰੀ ਲੰਕੇਸ਼ ਐਵਾਰਡ ਨਾਲ ਸਨਮਾਨ

**ਨਵੀਂ ਦਿੱਲੀ:** ਐਨ.ਡੀ.ਟੀ.ਵੀ. ਦੇ ਪ੍ਰਬੰਧਕੀ ਸੰਪਾਦਕ ਰਵੀਸ਼ ਕੁਮਾਰ ਨੂੰ ਪਲੇਠੇ ਗੌਰੀ ਲੰਕੇਸ਼ ਐਵਾਰਡ ਨਾਲ ਸਨਮਾਨਿਆ ਗਿਆ ਹੈ। ਗੌਰੀ ਲੰਕੇਸ਼ ਟਰੱਸਟ ਨੇ ਪੱਤਰਕਾਰ ਤੇ ਸਮਾਜਿਕ ਕਾਰਕੁਨ ਗੌਰੀ ਲੰਕੇਸ਼ ਦੀ 5 ਸਤੰਬਰ ਨੂੰ ਦੂਜੀ ਬਰਸੀ ਮੌਕੇ ਕੁਮਾਰ ਨੂੰ ਇਹ ਐਵਾਰਡ ਦੇਣ ਦਾ ਐਲਾਨ ਕੀਤਾ ਸੀ। ਲੰਕੇਸ਼ ਦੀ ਦੋ ਸਾਲ ਪਹਿਲਾਂ ਬੰਗਲੂਰੂ ਸਥਿਤ ਉਹਦੀ ਰਿਹਾਇਸ਼ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

## ਗੁਰਦੁਆਰਾ ਰਿਚਮੰਡ ਹਿੱਲ ਦੀ ਪ੍ਰਬੰਧਕ ਕਮੇਟੀ ਦੀ ਚੋਣ 20 ਅਕਤੂਬਰ ਨੂੰ

**ਰਿਚਮੰਡ ਹਿੱਲ, ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਦੀ ਚੋਣ ਲਈ ਵੋਟਾਂ 20 ਅਕਤੂਬਰ ਨੂੰ ਪੈਣਗੀਆਂ। ਜ਼ਿਕਰਯੋਗ ਹੈ ਕਿ ਇਹ ਸੁਸਾਇਟੀ ਈਸਟ ਕੋਸਟ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਹੈ, ਜਿਥੇ ਸਿੱਖ ਕੌਮ ਦੇ ਧਾਰਮਿਕ ਤੇ ਰਾਜਨੀਤਕ ਮਸਲਿਆਂ 'ਤੇ ਹਮੇਸ਼ਾ ਆਵਾਜ਼ ਬੁਲੰਦ ਕੀਤੀ ਜਾਂਦੀ ਹੈ।

ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਅਤੇ ਮੁੱਖ ਚੋਣ ਕਮਿਸ਼ਨਰ ਜਸਵਿੰਦਰ ਸਿੰਘ ਪੱਡਾ ਨੇ ਇਕ ਪ੍ਰੈਸ ਬਿਆਨ ਵਿਚ ਦੱਸਿਆ ਕਿ ਚੋਣ ਲਈ ਨਾਮਜ਼ਦਗੀ ਪੱਤਰ 5 ਅਕਤੂਬਰ ਨੂੰ ਲਏ ਜਾਣਗੇ ਅਤੇ 8 ਅਕਤੂਬਰ ਤੱਕ ਕੋਈ ਵੀ ਉਮੀਦਵਾਰ ਆਪਣਾ ਨਾਮਜ਼ਦਗੀ ਪੱਤਰ ਵਾਪਸ ਲੈ ਸਕਦਾ ਹੈ। 9 ਅਕਤੂਬਰ ਨੂੰ ਉਮੀਦਵਾਰਾਂ ਦੀ ਫਾਈਨਲ ਲਿਸਟ ਜਾਰੀ ਕਰ ਦਿੱਤੀ ਜਾਵੇਗੀ। 11 ਅਕਤੂਬਰ ਨੂੰ ਗੁਰਦੁਆਰਾ ਸਾਹਿਬ ਵਿਚ ਆਮ ਇਜਲਾਸ ਹੋਵੇਗਾ, ਜਿਥੇ ਮੌਜੂਦਾ ਪ੍ਰਬੰਧਕੀ ਕਮੇਟੀ ਵਲੋਂ ਆਪਣੇ ਕਾਰਜ ਕਾਲ ਦੇ ਆਮਦਨ-ਖਰਚ ਦਾ ਹਿਸਾਬ-ਕਿਤਾਬ ਦਿੱਤਾ ਜਾਵੇਗਾ।

20 ਅਕਤੂਬਰ, ਐਤਵਾਰ ਨੂੰ ਸਵੇਰੇ 6 ਵਜੇ ਤੋਂ ਸ਼ਾਮ 5 ਵਜੇ ਤੱਕ ਰੌਇਲ ਪੈਲੇਸ (118-06 ਅਟਲਾਂਟਿਕ ਐਵੇਨਿਊ) ਵਿਖੇ ਵੋਟਾਂ ਪੈਣਗੀਆਂ। ਉਸੇ ਦਿਨ ਸ਼ਾਮ ਨੂੰ ਚੋਣ ਏਜੰਸੀ ਵਲੋਂ ਜਿੱਤੇ ਉਮੀਦਵਾਰਾਂ ਦੀ ਲਿਸਟ ਜਾਰੀ ਕਰ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਪ੍ਰਧਾਨ ਕੁਲਦੀਪ ਸਿੰਘ ਢਿੱਲੋਂ ਨਾਲ ਫੋਨ: 347-324-2405 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬੀ ਨੌਜਵਾਨ ਦੀ ਨਿਊ ਜਰਸੀ 'ਚ ਮੌਤ

**ਨਡਾਲਾ:** ਲੰਘੇ ਦਿਨ ਅਮਰੀਕਾ ਦੇ ਸ਼ਹਿਰ ਨਿਊਜਰਸੀ 'ਚ ਕਾਰ ਸਵਾਰ ਵਿਅਕਤੀ ਵੱਲੋਂ ਮਾਰੀ ਟੱਕਰ ਕਾਰਨ ਪਿੰਡ ਸੈਂਤਪੁਰ ਵਾਸੀ ਨੌਜਵਾਨ ਦੀ ਮੌਤ ਹੋ ਗਈ। ਨੌਜਵਾਨ ਦੀ ਮਾਤਾ ਚਰਨਜੀਤ ਕੌਰ ਨੇ ਦੱਸਿਆ ਕਿ ਕਰੀਬ 3 ਸਾਲ ਪਹਿਲਾਂ ਉਨ੍ਹਾਂ ਦਾ ਪੁੱਤਰ ਹਰਜਿੰਦਰ ਸਿੰਘ ਜਿੰਦ (27) ਅਮਰੀਕਾ ਗਿਆ ਸੀ। ਉਹ ਆਪਣੇ ਪਿਤਾ ਤੇ ਭਰਾ ਨਾਲ ਨਿਊਜਰਸੀ ਰਹਿ ਰਿਹਾ ਸੀ। ਘਟਨਾ ਵੇਲੇ ਉਹ ਨਿਊਜਰਸੀ 'ਚ ਕੰਮ ਤੋਂ ਵਾਪਸ ਆ ਰਿਹਾ ਸੀ ਤਾਂ ਸੜਕ ਪਾਰ ਕਰਦੇ ਸਮੇਂ ਤੇਜ ਰਫਤਾਰ ਕਾਰ ਨੇ ਟੱਕਰ ਮਾਰ ਦਿੱਤੀ। ਸਿਰ ਵਿਚ ਗੰਭੀਰ ਸੱਟ ਲੱਗਣ ਤੋਂ ਬਾਅਦ ਉਹ ਡਿੱਗ ਪਿਆ ਅਤੇ ਹਸਪਤਾਲ ਲਿਜਾਂਦਿਆਂ ਉਸ ਦੀ ਮੌਤ ਹੋ ਗਈ। ਪੁਲਿਸ ਨੇ ਕਾਰ ਚਾਲਕ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਹੈ।

## ਸੁਪਰੀਮ ਕੋਰਟ ਨੂੰ ਮਿਲੇ 4 ਨਵੇਂ ਜੱਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਲਈ 4 ਨਵੇਂ ਜੱਜ ਨਿਯੁਕਤ ਕੀਤੇ ਗਏ ਹਨ, ਇਨ੍ਹਾਂ ਜੱਜਾਂ ਦੇ ਸਹੁੰ ਚੁੱਕਣ ਪਿਛੋਂ ਅਦਾਲਤ ਦੇ ਜੱਜਾਂ ਦੀ ਗਿਣਤੀ 30 ਤੋਂ ਵੱਧ ਕੇ 34 ਤੱਕ ਪੁੱਜ ਜਾਵੇਗੀ। ਕਾਨੂੰਨ ਮੰਤਰਾਲੇ ਨੇ ਜਸਟਿਸ ਕ੍ਰਿਸ਼ਨਾ ਮੁਰਾਰੀ, ਐਸ.ਆਰ.ਭੱਟ, ਵੀ. ਰਾਮਾਸੁਬਰਾਮਨੀਅਨ ਤੇ ਹਰੀਸ਼ਕੇਸ਼ ਰਾਏ ਦੀ ਸੁਪਰੀਮ ਕੋਰਟ ਦੇ ਨਵੇਂ ਜੱਜਾਂ ਵਜੋਂ ਨਿਯੁਕਤੀ ਕੀਤੀ ਹੈ।

ਜਸਟਿਸ ਵੀ. ਰਾਮਾਸੁਬਰਾਮਨੀਅਨ ਤੇ ਕ੍ਰਿਸ਼ਨਾ ਮੁਰਾਰੀ ਕ੍ਰਮਵਾਰ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਹਨ, ਜਦਕਿ ਜਸਟਿਸ ਐਸ.ਆਰ. ਭੱਟ ਤੇ ਹਰੀਸ਼ਕੇਸ਼ ਰਾਏ ਕ੍ਰਮਵਾਰ ਰਾਜਸਥਾਨ ਤੇ ਕੇਰਲਾ ਹਾਈਕੋਰਟ ਦੇ ਚੀਫ ਜਸਟਿਸ ਹਨ।


# Cook Wanted

## ਭਾਰਤੀ ਰੈਸਟੋਰੈਂਟ ਲਈ ਕੁੱਕ ਦੀ ਲੋੜ ਹੈ

**Wanted Cook for Indian restaurant. My Taste of India 7800 Linglestown Road, Harrisburg PA.17112**

**Cell: JD, Ph: 347-536-1516**

39



# ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਅੰਬਰ ਇੰਡੀਅਨ ਰੈਸਟੋਰੈਂਟ ਅਤੇ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ (ਡਿਸ਼ ਵਾਸ਼ਰ) ਦੀ ਲੋੜ ਹੈ।

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਲਖਵੀਰ ਸਿੰਘ ਜੌਹਲ

**ਫੋਨ: 317-709-7800**

34-


# Matrimonials

### ਲੜਕੀ ਦੀ ਲੋੜ ਹੈ

Wanted suitable match for Well Established hardworking Ramgarhia Sikh turbaned boy, Delhi born, 31/5'-9". Currently working in a reputed company as a Project Architect. Caste no bar. Ready to settle in US/Canada. Respond with bio-data. Email: jaspreetmaan01@gmail.com

39-42

### ਜੀਵਨ ਸਾਥੀ ਦੀ ਲੋੜ ਹੈ

Seeking bride for 41 yrs, 5'-4", never married, male handsome reddish white Malayalee. Christian with MD degree. Working in hospital administration. The girl should be professional with license in their profession & bachelors, masters or up in nursing, Dr. of pharmacy. MD or other professional. age 23-35. Contact with picture. E-mail: kaithjustin@yahoo.com or Text, What`s app or Phone: 516-376-0631 and 516-209-7186

39-42

### ਲੜਕੇ ਦੀ ਲੋੜ ਹੈ

Suitable match for a beautiful US born, Hindu Nai, divorced girl, 30 years, 5'-2". Have Masters in English, worked as an English professor, currently doing final year of law. All family well settled in New York. Please contact: 516-590-9117

38-41

### ਜੀਵਨ ਸਾਥੀ ਦੀ ਲੋੜ ਹੈ

ਇੰਡੀਆ ਰਹਿੰਦੀ ਜੱਟ ਸਿੱਖ 40 ਸਾਲਾ ਕੱਦ 5' 2" ਵਿਧਵਾ ਲਈ ਅਮਰੀਕਨ ਸਿਟੀਜ਼ਨ ਤਲਾਕਸ਼ੁਦਾ ਜਾਂ ਅਣਵਿਆਹੇ ਜੀਵਨ ਸਾਥੀ ਦੀ ਲੋੜ ਹੈ, ਜੋ 35 ਤੋਂ 45 ਸਾਲ ਦਾ ਹੋਵੇ। ਆਪਣੇ ਬੱਚੇ ਹੋਣ ਤਾਂ ਕੋਈ ਗੱਲ ਨਹੀਂ, ਪਰ ਹੋਰ ਬੱਚਾ ਨਾ ਚਾਹੁੰਦਾ ਹੋਵੇ। ਲੜਕੀ ਦੀਆਂ 4 ਤੇ 12 ਸਾਲ ਦੀਆਂ ਦੋ ਬੇਟੀਆਂ ਹਨ, ਅਤੇ ਉਸ ਦੇ ਨਾਂ 5 ਕਿੱਲੇ ਜ਼ਮੀਨ ਹੈ। ਉਹ ਮਾਪਿਆਂ ਦੀ ਸੇਵਾ ਅਤੇ ਪਰਿਵਾਰ ਨਾਲ ਤੇਹ-ਮੋਹ ਕਰਨ ਵਾਲੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਭਰਾ ਅਮਰੀਕਾ ਵਿਚ ਵੈਲ ਸੈਟਲਡ ਹੈ ਅਤੇ ਉਸ ਦਾ ਚੰਗਾ ਬਿਜਨਸ ਹੈ। ਲੋੜਵੰਦ ਅਤੇ ਮਿਹਨਤੀ ਲੜਕੇ ਦੀ ਸੈਟ ਕਰਨ ਵਿਚ ਮਦਦ ਕੀਤੀ ਜਾ ਸਕਦੀ ਹੈ। ਗੰਭੀਰ ਤੇ ਲੋੜਵੰਦ ਵੇਰਵੇ ਅਤੇ ਫੋਟੋ ਸਮੇਤ ਸੰਪਰਕ ਕਰਨ। ਈਮੇਲ: jhajjkaur2501@yahoo.com


*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*



# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+



## *ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)

Email: Homeomedicine@yahoo.com

7021 Village Park Way, Dublin, CA 94568



# Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298

# ਪਾਕਿਸਤਾਨ 'ਚ ਕਰਤਾਰਪੁਰ ਲਾਂਘੇ ਦਾ ਕੰਮ ਆਖਰੀ ਪੜਾਅ 'ਚ



**ਇਸਲਾਮਾਬਾਦ:** ਪਾਕਿਸਤਾਨ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਦੀ ਪੰਜਵੀਂ ਅਧਿਕਾਰਕ ਵੀਡੀਓ ਜਾਰੀ ਕਰਦਿਆਂ ਦਾਅਵਾ ਕੀਤਾ ਹੈ ਕਿ ਦਰਿਆ ਰਾਵੀ 'ਤੇ ਪੁਲ, ਜ਼ੀਰੋ ਪੁਆਇੰਟ ਤੋਂ ਗੁਰਦੁਆਰਾ ਸਾਹਿਬ ਤੱਕ ਸੜਕ ਆਦਿ ਦੀ ਉਸਾਰੀ 100 ਫੀਸਦੀ ਮੁਕੰਮਲ ਕਰ ਲਈ ਗਈ ਹੈ, ਜਦਕਿ ਗੁਰਦੁਆਰਾ ਸਾਹਿਬ ਦੇ ਵਿਹੜੇ 'ਚ ਤਿਆਰ ਕੀਤੇ ਗਏ 16 ਆਰ.ਸੀ.ਸੀ. ਪੈਨਲਾਂ 'ਚੋਂ 12 ਪੈਨਲਾਂ 'ਤੇ ਸੰਗਮਰਮਰ ਲਗਾਉਣ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ ਅਤੇ ਰਹਿੰਦਾ ਕੰਮ ਅਗਲੇ 8-10 ਦਿਨ 'ਚ ਮੁਕੰਮਲ ਕਰ ਲਿਆ ਜਾਵੇਗਾ।

ਲਗਭਗ 10 ਏਕੜ 'ਚ ਲਗਾਇਆ ਜਾਣ ਵਾਲਾ ਇਹ ਚਿੱਟਾ ਸੰਗਮਰਮਰ ਅਤੇ ਗ੍ਰੇਨਾਈਟ ਇਕੋ ਡਿਜ਼ਾਈਨ ਤੇ ਕੁਆਲਿਟੀ ਦਾ ਮੰਗਵਾਇਆ ਗਿਆ ਹੈ। ਲਾਂਘੇ ਦੀ ਉਸਾਰੀ ਕਰਵਾ ਰਹੀ ਕੰਪਨੀ ਦੇ ਸੀਨੀਅਰ ਇੰਜੀਨੀਅਰ ਖਾਸ਼ਿਫ ਅਲੀ ਨੇ ਦੱਸਿਆ ਕਿ 'ਡਿਵੈਲਪਮੈਂਟ ਆਫ ਕਰਤਾਰਪੁਰ ਕਾਰੀਡੋਰ' ਪ੍ਰਾਜੈਕਟ ਅਧੀਨ 28 ਦਸੰਬਰ ਨੂੰ ਸ਼ੁਰੂ ਕੀਤੀ ਲਾਂਘੇ ਦੀ ਉਸਾਰੀ ਨਿਰਵਿਘਨ ਤਿੰਨ ਸ਼ਿਫਟਾਂ 'ਚ ਦਿਨ-ਰਾਤ ਜਾਰੀ ਹੈ ਅਤੇ ਇਸ ਕਾਰਜ ਲਈ ਵੱਖ-ਵੱਖ ਕੰਸਟਰੱਕਸ਼ਨ ਕੰਪਨੀਆਂ ਦੇ 70 ਤੋਂ ਵਧੇਰੇ ਠੇਕੇਦਾਰ ਆਪਣੀਆਂ ਸੇਵਾਵਾਂ ਦੇ ਰਹੇ ਹਨ। ਉਸਾਰੀ ਦੇ ਚਲਦਿਆਂ ਇਮਾਰਤੀ ਉਸਾਰੀ, ਦੋ ਮੰਜ਼ਲਾਂ 70 ਤੋਂ 80 ਫੁਟ ਉੱਚੀ ਦਰਸ਼ਨੀ ਡਿਉੜੀ, ਲੰਗਰ ਭਵਨ, ਮੁਸਾਫਰ ਖਾਨਾ, ਅਜਾਇਬ-ਘਰ, ਲਾਇਬ੍ਰੇਰੀ, ਪ੍ਰਸ਼ਾਸਨਿਕ ਬਲਾਕ ਅਤੇ ਬਾਥਰੂਮ ਆਦਿ ਸਮੇਤ ਸੀਵਰੇਜ, ਪਾਣੀ ਸਪਲਾਈ ਤੇ ਨਿਕਾਸੀ, ਗੈਸ ਲਾਈਨ ਅਤੇ ਬਿਜਲੀ ਦੀਆਂ ਤਾਰਾਂ ਦੀ ਫਿਟਿੰਗ ਦਾ ਕੰਮ 90 ਫੀਸਦੀ ਤੋਂ ਵਧੇਰੇ ਕੰਮ ਮੁਕੰਮਲ ਕਰ ਲਿਆ ਗਿਆ ਹੈ। ਉਕਤ ਇੰਜੀਨੀਅਰ ਅਨੁਸਾਰ ਗੁਰਦੁਆਰਾ ਸਾਹਿਬ ਦੇ ਪਾਸ ਬਣਾਏ ਜਾ ਰਹੇ ਸਰੋਵਰ 'ਚ ਸਿਰਫ ਟਾਈਲਾਂ ਅਤੇ ਸੰਗਮਰਮਰ ਦਾ ਹੀ ਕੰਮ ਬਕਾਇਆ ਰਹਿ ਗਿਆ ਹੈ, ਜੋ ਆਉਂਦੇ ਇਕ-ਦੋ ਹਫਤਿਆਂ ਤੱਕ ਮੁਕੰਮਲ ਕਰ ਲਿਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਸਰਹੱਦ 'ਤੇ ਕੰਡੇਦਾਰ ਸੁਰੱਖਿਆ ਤਾਰ ਲਗਾਉਣ ਦਾ ਕੰਮ 70 ਫੀਸਦੀ ਤੋਂ ਵਧੇਰੇ ਮੁਕੰਮਲ ਕਰ ਲਿਆ ਗਿਆ ਹੈ, ਜਦਕਿ ਮੈਡੀਕਲ ਸੈਂਟਰ ਦੀ ਉਸਾਰੀ ਅਤੇ ਬਾਰਡਰ ਟਰਮੀਨਲ ਤੇ ਇੰਮੀਗ੍ਰੇਸ਼ਨ ਕਾਊਂਟਰਾਂ 'ਤੇ ਟਾਈਲ ਤੇ ਸੰਗਮਰਮਰ ਦਾ ਕੰਮ ਅਜੇ ਜਾਰੀ ਹੈ। ਉਨ੍ਹਾਂ ਦੱਸਿਆ ਕਿ ਮੁਸਾਫਰਖਾਨਾ 'ਚ ਪੱਖੇ ਲਗਾਉਣ ਦਾ ਕੰਮ ਵੀ ਮੁਕੰਮਲ ਕਰ ਲਿਆ ਗਿਆ ਹੈ, ਜਦਕਿ ਏ.ਸੀ. ਲਗਾਉਣ ਦਾ ਕੰਮ ਇਸ ਹਫਤੇ 'ਚ ਖਤਮ ਕੀਤਾ ਜਾਵੇਗਾ।

ਇੰਜੀਨੀਅਰ ਅਲੀ ਨੇ ਇਹ ਵੀ ਦੱਸਿਆ ਕਿ ਭਾਰਤੀ ਸਰਹੱਦ ਤੋਂ ਗੁਰਦੁਆਰਾ ਸਾਹਿਬ ਆਉਣ ਲਈ ਤਿੰਨ ਦਰਸ਼ਨੀ ਡਿਓੜੀਆਂ ਉਸਾਰੀਆਂ ਗਈਆਂ ਹਨ। ਜਿਨ੍ਹਾਂ ਦੇ ਅੰਦਰੂਨੀ ਹਿੱਸੇ ਦਾ 100 ਫੀਸਦੀ ਕੰਮ ਮੁਕੰਮਲ ਕਰ ਲਿਆ ਗਿਆ ਹੈ, ਜਦਕਿ ਮੀਨਾਰਾਂ ਅਤੇ 15-16 ਗੁੰਬਦਾਂ ਦੀ ਉਸਾਰੀ ਅਜੇ ਬਕਾਇਆ ਹੈ। ਉਧਰ ਉਕਤ ਵੀਡੀਓ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਹੈੱਡ ਗ੍ਰੰਥੀ ਗੋਬਿੰਦ ਸਿੰਘ ਨੇ ਕਿਹਾ ਕਿ ਗੁਰਦੁਆਰਾ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਤਿੰਨੋਂ ਇਤਿਹਾਸਕ ਖੂਹਾਂ ਅਤੇ ਮਜ਼ਾਰ ਸਾਹਿਬ ਆਦਿ ਨਾਲ ਬਿਨਾਂ ਕੋਈ ਛੇੜ-ਛਾੜ ਕੀਤੇ ਉਨ੍ਹਾਂ ਦੇ ਰੱਖ-ਰਖਾਅ ਲਈ ਮਾਹਰਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ।

ਪਾਕਿਸਤਾਨੀ ਖੋਜਕਰਤਾ ਸਾਹਿਦ ਸ਼ਬੀਰ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਸਰਹੱਦ ਤੋਂ ਦੂਰਬੀਨ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਦਾ ਵਿਸ਼ੇਸ਼ ਪ੍ਰਬੰਧ ਕਰਦਿਆਂ ਭਾਰਤੀ ਸਰਹੱਦ ਵਾਲੇ ਪਾਸੇ ਕਿਸੇ ਪ੍ਰਕਾਰ ਦੀ ਕੋਈ ਉਸਾਰੀ ਨਹੀਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਯਾਤਰੂਆਂ ਦੀ ਵੱਡੀ ਗਿਣਤੀ ਨੂੰ ਵੇਖਦਿਆਂ ਲੰਗਰ ਘਰ 'ਚ ਪ੍ਰਸ਼ਾਦੇ ਬਣਾਉਣ ਲਈ ਦੋ ਆਟੋਮੈਟਿਕ ਪਲਾਂਟ ਵੀ ਲਗਾਏ ਜਾ ਰਹੇ ਹਨ।

## ਸ਼੍ਰੋਮਣੀ ਕਮੇਟੀ ਸਥਾਪਤ ਕਰੇਗੀ 'ਹੈਲਪ ਡੈਸਕ'

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੌਰਾਨ ਕਰਤਾਰਪੁਰ ਲਾਂਘਾ ਖੋਲ੍ਹਣ ਵਾਸਤੇ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿਚ ਪ੍ਰਬੰਧ ਕੀਤੇ ਜਾ ਰਹੇ ਹਨ ਪਰ ਲਾਂਘਾ ਖੁੱਲ੍ਹਣ ਮਗਰੋਂ ਦਰਸ਼ਨਾਂ ਲਈ ਜਾਣ ਵਾਸਤੇ ਕਿਸ ਪ੍ਰਕਿਰਿਆ ਵਿਚੋਂ ਲੰਘਣਾ ਪਵੇਗਾ, ਬਾਰੇ ਜਾਣਕਾਰੀ ਨਾ ਹੋਣ ਕਾਰਨ ਸਿੱਖ ਸ਼ਰਧਾਲੂਆਂ ਵਿਚ ਨਿਰਾਸ਼ਾ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸਿੱਖ ਸੰਸਥਾ ਜਲਦੀ ਹੀ ਯਾਤਰਾ ਵਿਭਾਗ ਵਿਚ 'ਇਕ ਹੈਲਪ ਡੈਸਕ' ਸਥਾਪਤ ਕਰੇਗੀ। ਉਨ੍ਹਾਂ ਕਿਹਾ ਕਿ ਦੋਵਾਂ ਸਰਕਾਰਾਂ ਵਿਚ ਸਮਝੌਤੇ 'ਤੇ ਸਹੀ ਪੈਣ ਮਗਰੋਂ ਪੁਖਤਾ ਜਾਣਕਾਰੀ ਹਾਸਲ ਹੋ ਸਕੇਗੀ।

## 'ਜਜ਼ੀਆ' ਲਾਉਣ ਦਾ ਪ੍ਰਸਤਾਵ ਵਾਪਸ ਲਵੇ ਪਾਕਿ: ਕੈਪਟਨ

**ਡੇਰਾ ਬਾਬਾ ਨਾਨਕ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਵਾਲੇ ਸ਼ਰਧਾਲੂਆਂ ਉਤੇ ਸਰਵਿਸ ਚਾਰਜ ਲਾਉਣਾ ਗਲਤ ਹੈ, ਪਾਕਿਸਤਾਨ ਸਰਕਾਰ ਇਸ ਪ੍ਰਸਤਾਵ ਨੂੰ ਤੁਰਤ ਵਾਪਸ ਲਵੇ। ਉਨ੍ਹਾਂ ਇਸ ਦੀ ਤੁਲਨਾ ਮੁਗ਼ਲ ਕਾਲ ਦੌਰਾਨ ਗੈਰ-ਮੁਸਲਿਮਾਂ ਉਤੇ ਲਾਏ ਜਾਂਦੇ 'ਜਜ਼ੀਆ' ਟੈਕਸ ਨਾਲ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੁਆਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲੋਂ ਪਹਿਲਾਂ ਵੀ ਇਸ ਮੁੱਦੇ ਉਤੇ ਦਖਲ ਦੀ ਮੰਗ ਕੀਤੀ ਗਈ ਹੈ। ਮੁੱਖ ਮੰਤਰੀ ਨੇ ਸੁਝਾਅ ਦਿੱਤਾ ਕਿ ਦੋਵਾਂ ਦੇਸ਼ਾਂ ਦੀ ਹੋਣ ਵਾਲੀ ਮੀਟਿੰਗ ਦੌਰਾਨ ਵਿਦੇਸ਼ ਮੰਤਰਾਲਾ ਇਸ ਮਾਮਲੇ ਨੂੰ ਚੁੱਕੇ।

# ਪ੍ਰਕਾਸ਼ ਪੁਰਬ ਸਮਾਗਮ: ਅਕਾਲੀਆਂ ਦੀਆਂ ਸਰਗਰਮੀਆਂ ਤੋਂ ਕੈਪਟਨ ਸਰਕਾਰ ਔਖੀ



**ਚੰਡੀਗੜ੍ਹ:** ਪੰਜਾਬ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨਾਂ ਨੂੰ ਲੈ ਕੇ ਟਕਰਾਅ ਦਾ ਮਾਹੌਲ ਬਣਦਾ ਜਾ ਰਿਹਾ ਹੈ। ਅਕਾਲੀ ਦਲ ਵੱਲੋਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰਨ ਲਈ ਜ਼ੋਰ ਪਾਉਣ ਦੇ ਨਾਲ-ਨਾਲ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਪ੍ਰਕਾਸ਼ ਪੁਰਬ ਦੇ ਸਮਾਗਮਾਂ ਸਬੰਧੀ ਦਿਲਚਸਪੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ।

ਸ੍ਰੀਮਤੀ ਬਾਦਲ ਦੀਆਂ ਗਤੀਵਿਧੀਆਂ ਕਾਰਨ ਸਰਕਾਰ ਹਰਕਤ ਵਿਚ ਆ ਗਈ ਹੈ। ਦਰਅਸਲ, ਸੂਬੇ ਵਿਚ ਕਾਂਗਰਸ ਸਰਕਾਰ ਹੋਣ ਕਾਰਨ ਅਕਾਲੀ ਦਲ ਅਤੇ ਬਾਦਲ ਪਰਿਵਾਰ ਨੁੱਕਰੇ ਲੱਗਿਆ ਮਹਿਸੂਸ ਕਰ ਰਿਹਾ ਹੈ। ਅਕਾਲੀ ਦਲ ਨੇ ਸੁਲਤਾਨਪੁਰ ਲੋਧੀ ਨੂੰ ਸਫੈਦ ਰੰਗ 'ਚ ਰੰਗਣ ਦੀ ਸੇਵਾ ਸ਼ੁਰੂ ਕੀਤੀ ਹੈ। ਪੰਜਾਬ ਦੀ ਸੱਤਾ ਵਿਚੋਂ ਲਾਂਭੇ ਹੋਣ ਅਤੇ ਬੇਅਦਬੀ ਕਾਂਡ ਦੇ ਦੋਸ਼ਾਂ 'ਚ ਘਿਰਨ ਮਗਰੋਂ ਅਕਾਲੀ ਦਲ ਸਿਆਸੀ ਤੌਰ ਉਤੇ ਸੰਕਟ ਵਿਚ ਹੀ ਘਿਰਿਆ ਦਿਖਾਈ ਦੇ ਰਿਹਾ ਹੈ। ਧਾਰਮਿਕ ਸਮਾਗਮਾਂ ਦੀਆਂ ਗਤੀਵਿਧੀਆਂ ਦੌਰਾਨ ਅਕਾਲੀ ਦਲ ਨੇ ਇਕ ਤਰ੍ਹਾਂ ਨਾਲ ਸੰਕਟ ਟਾਲਣ ਦਾ ਮੌਕਾ ਲੱਭਿਆ ਹੈ।

ਸੂਤਰਾਂ ਮੁਤਾਬਕ ਕੇਂਦਰੀ ਮੰਤਰੀ ਨੇ ਕਪੂਰਥਲਾ ਦੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਜਲੰਧਰ ਡਿਵੀਜ਼ਨ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨੂੰ ਜ਼ੁਬਾਨੀ ਤੌਰ 'ਤੇ ਰਿਪੋਰਟ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ।

ਜਲੰਧਰ 'ਚ ਤਾਇਨਾਤ ਇਕ ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਉਤੇ ਹਰਸਿਮਰਤ ਬਾਦਲ ਵੱਲੋਂ ਦਿੱਤੀਆਂ ਹਦਾਇਤਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧਿਆਨ 'ਚ ਲਿਆ ਦਿੱਤਾ ਗਿਆ ਹੈ। ਮੁੱਖ ਸਕੱਤਰ ਦਫਤਰ ਦੇ ਅਧਿਕਾਰੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਸ ਤਰ੍ਹਾਂ ਦੀ ਕੋਈ ਹਦਾਇਤ ਨਹੀਂ ਦਿੱਤੀ ਗਈ ਕਿ ਪ੍ਰਕਾਸ਼ ਪੁਰਬ ਸਬੰਧੀ ਹਰਸਿਮਰਤ ਕੌਰ ਬਾਦਲ ਨੂੰ ਕੋਈ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਸ ਲਈ ਰਾਜ ਸਰਕਾਰ ਕੇਂਦਰ ਦੇ ਅਜਿਹੇ ਵਿਭਾਗ ਨਾਲ ਹੀ ਤਾਲਮੇਲ ਕਰ ਸਕਦੀ ਹੈ ਜਿਸ ਵਿਭਾਗ ਦੀ ਜ਼ਿੰਮੇਵਾਰੀ ਅਧਿਕਾਰਤ ਤੌਰ ਉਤੇ ਕੇਂਦਰ ਸਰਕਾਰ ਨੇ ਲਾਈ ਹੋਵੇ। ਮਹੱਤਵਪੂਰਨ ਤੱਥ ਇਹ ਹੈ ਕਿ ਪ੍ਰਕਾਸ਼ ਪੁਰਬ ਸਮਾਗਮਾਂ ਅਤੇ ਕਰਤਾਰਪੁਰ ਸਾਹਿਬ ਦੇ ਲਾਂਘੇ ਸਬੰਧੀ ਕੰਮ-ਕਾਰ ਦੇ ਮਾਮਲੇ ਵਿਚ ਬਾਦਲ ਪਰਿਵਾਰ ਦੀ ਕੋਈ ਵੱਡੀ ਭੂਮਿਕਾ ਦਿਖਾਈ ਨਹੀਂ ਦੇ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਤੌਰ 'ਤੇ ਪ੍ਰਕਾਸ਼ ਪੁਰਬ ਦੇ ਸਮਾਗਮਾਂ ਸਬੰਧੀ ਕੁਝ ਗਤੀਵਿਧੀਆਂ ਸ਼ੁਰੂ ਕੀਤੀਆਂ ਗਈਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਸਮੇਤ ਸੀਨੀਅਰ ਆਗੂਆਂ ਵੱਲੋਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ ਕਿ ਸਿੱਖਾਂ ਦੇ ਧਾਰਮਿਕ ਸਮਾਗਮਾਂ ਦੀ ਅਗਵਾਈ ਹਮੇਸ਼ਾ ਸ਼੍ਰੋਮਣੀ ਕਮੇਟੀ ਕਰਦੀ ਆਈ ਹੈ। ਇਸ ਲਈ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਦੀ ਅਗਵਾਈ ਵੀ ਸ਼੍ਰੋਮਣੀ ਕਮੇਟੀ ਨੂੰ ਹੀ ਕਰਨੀ ਚਾਹੀਦੀ ਹੈ। ਅਕਾਲੀਆਂ ਵੱਲੋਂ ਇਹ ਵੀ ਦਲੀਲ ਦਿੱਤੀ ਜਾ ਰਹੀ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਪ੍ਰਕਾਸ਼ ਪੁਰਬ ਸਮਾਗਮ ਸਾਂਝੇ ਤੌਰ ਉਤੇ ਮਨਾਉਣ ਲਈ ਕਿਹਾ ਹੈ। ਇਸ ਲਈ ਜੇਕਰ ਕਾਂਗਰਸ ਸਰਕਾਰ ਵੱਖਰੇ ਤੌਰ 'ਤੇ ਸਮਾਗਮ ਕਰਦੀ ਹੈ ਤਾਂ ਅਕਾਲ ਤਖਤ ਦੇ ਜਥੇਦਾਰ ਦੇ ਹੁਕਮਾਂ ਦੀ ਅਵੱਗਿਆ ਹੋਵੇਗੀ। ਕਾਂਗਰਸ ਆਗੂਆਂ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬ ਦੇ ਅੰਦਰ ਸ਼੍ਰੋਮਣੀ ਕਮੇਟੀ ਨੂੰ ਹੀ ਸਮਾਗਮ ਦੀ ਅਗਵਾਈ ਕਰਨੀ ਚਾਹੀਦੀ ਹੈ ਪਰ ਜਦੋਂ ਸਮਾਗਮ ਬਾਹਰ ਹੋਵੇ ਤਾਂ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ।

## ਪ੍ਰਕਾਸ਼ ਪੁਰਬ ਸਮਾਗਮ ਤੋਂ ਦੂਰ ਰੱਖੇ ਜਾਣ ਬੇਅਦਬੀ ਦੇ ਕਸੂਰਵਾਰ: ਮੰਡ

**ਬਠਿੰਡਾ:** ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਈ ਜਾਣ ਵਾਲੀ ਸਾਂਝੀ ਸਟੇਜ 'ਤੇ ਬੇਅਦਬੀ ਕਾਂਡ ਅਤੇ ਸ੍ਰੀ ਦਰਬਾਰ ਸਾਹਿਬ ਉਪਰ 1984 ਵਿਚ ਹੋਏ ਹਮਲੇ ਦੇ ਦੋਸ਼ੀਆਂ ਨੂੰ ਨਾ ਬੈਠਣ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਇਸ ਗੰਭੀਰ ਮਸਲੇ 'ਤੇ ਜਵਾਬ ਦੇਣ ਲਈ ਇਕ ਹਫਤੇ ਦਾ ਸਮਾਂ ਦਿੱਤਾ ਅਤੇ ਉਸ ਮਗਰੋਂ ਖਾਲਸਾ ਪੰਥ ਦੀ ਰਾਇ ਨਾਲ ਵੱਖਰਾ ਫੈਸਲਾ ਲੈਣ ਦਾ ਐਲਾਨ ਵੀ ਕੀਤਾ।

## ਕਰਤਾਰਪੁਰ ਲਾਂਘਾ: ਜ਼ੀਰੋ ਲਾਈਨ ਕੋਲ ਦਸ ਦੂਰਬੀਨਾਂ ਲਾਈਆਂ ਜਾਣਗੀਆਂ

**ਡੇਰਾ ਬਾਬਾ ਨਾਨਕ (ਬਟਾਲਾ):** ਕੌਮਾਂਤਰੀ ਸੀਮਾ ਡੇਰਾ ਬਾਬਾ ਨਾਨਕ ਵਿਚ ਲੈਂਡ ਪੋਰਟ ਅਥਾਰਟੀ ਦੇ ਡਾਇਰੈਕਟਰ ਅਤੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੀਟਿੰਗ ਹੋਈ ਜਿਸ ਵਿਚ ਸੀਮਾ 'ਤੇ 300 ਫੁੱਟ ਉਚਾ ਕੌਮੀ ਝੰਡਾ ਲਗਾਉਣ, ਸ਼ਰਧਾਲੂਆਂ ਲਈ ਦਸ ਦੂਰਬੀਨਾਂ ਲਗਾਉਣ ਦਾ ਪ੍ਰਬੰਧ ਕਰਨ ਉਤੇ ਚਰਚਾ ਹੋਈ।

ਇਸ ਦੇ ਨਾਲ ਹੀ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਜ਼ੀਰੋ ਲਾਈਨ ਤੱਕ ਟੈਂਪੂ ਅਤੇ ਹੋਰ ਵਾਹਨਾਂ ਨੂੰ ਲੈ ਕੇ ਜਾਣ ਸਬੰਧੀ ਵੀ ਚਰਚਾ ਕੀਤੀ ਗਈ। ਮੀਟਿੰਗ ਦੌਰਾਨ 31 ਅਕਤੂਬਰ ਤੱਕ ਸ਼ਰਧਾਲੂਆਂ ਦੇ ਪਹਿਲੇ ਜਥੇ ਲਈ ਲੋੜੀਂਦੇ ਪ੍ਰਬੰਧ ਕਰਨ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਲੈਂਡ ਪੋਰਟ ਅਥਾਰਟੀ ਦੇ ਪ੍ਰੋਜੈਕਟ ਡਾਇਰੈਕਟਰ ਰਮਨ ਕੁਮਾਰ ਦੀ ਅਗਵਾਈ ਵਿਚ ਹੋਈ ਮੀਟਿੰਗ ਦੌਰਾਨ ਕਰਤਾਰਪੁਰ ਸਾਹਿਬ ਦੇ ਚੱਲ ਰਹੇ ਕੰਮਾਂ ਬਾਰੇ ਹਰ ਹਫਤੇ ਸਮੀਖਿਆ ਕੀਤੇ ਜਾਣ 'ਤੇ ਸਹਿਮਤੀ ਬਣੀ। ਇਸੇ ਤਰ੍ਹਾਂ ਬੀ.ਐਸ.ਐਫ. ਅਧਿਕਾਰੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਚੈੱਕ ਪੋਸਟ ਅਤੇ ਚੈੱਕ ਪੁਆਇੰਟਾਂ ਦੀ ਹਰ ਹਾਲਤ ਵਿਚ ਸਮੀਖਿਆ ਕਰਨ। ਮੀਟਿੰਗ ਦੌਰਾਨ ਚਰਚਾ ਹੋਈ ਕਿ ਸੰਗਤਾਂ ਦੀ ਵੱਡੀ ਗਿਣਤੀ ਨੂੰ ਦੇਖਦਿਆਂ ਕੌਮਾਂਤਰੀ ਸੀਮਾ ਉਤੇ ਸਕਰੀਨਾਂ ਲਾ ਕੇ ਸੰਗਤਾਂ ਨੂੰ ਲਾਈਵ ਦਰਸ਼ਨ ਕਰਵਾਏ ਜਾਣ।



## ਏਅਰ ਮਾਰਸ਼ਲ ਭਦੌਰੀਆ ਹੋਣਗੇ ਹਵਾਈ ਸੈਨਾ ਦੇ ਅਗਲੇ ਮੁਖੀ

**ਨਵੀਂ ਦਿੱਲੀ:** ਏਅਰ ਮਾਰਸ਼ਲ ਰਾਕੇਸ਼ ਕੁਮਾਰ ਭਦੌਰੀਆ ਭਾਰਤੀ ਹਵਾਈ ਸੈਨਾ ਦੇ ਅਗਲੇ ਮੁਖੀ ਹੋਣਗੇ। ਸ੍ਰੀ ਭਦੌਰੀਆ ਇਸ ਸਾਲ ਮਈ ਵਿਚ ਹਵਾਈ ਸੈਨਾ ਦੇ ਵਾਈਸ ਚੀਫ ਨਿਯੁਕਤ ਹੋਏ ਸਨ। ਉਹ 30 ਸਤੰਬਰ ਨੂੰ ਹਵਾਈ ਸੈਨਾ ਮੁਖੀ ਬੀ ਐਸ ਧਨੋਆ ਦੇ ਸੇਵਾਮੁਕਤ ਹੋਣ ਉਤੇ ਅਹੁਦੇ ਦਾ ਕਾਰਜਭਾਰ ਸੰਭਾਲਣਗੇ। ਇਹ ਜਾਣਕਾਰੀ ਰੱਖਿਆ ਮੰਤਰਾਲੇ ਦੇ ਪ੍ਰਿੰਸੀਪਲ ਬੁਲਾਰੇ ਨੇ ਦਿੱਤੀ ਹੈ।

## ਸਾਊਥਬੈਂਡ 'ਚ ਪੰਜਾਬੀ ਨੌਜਵਾਨ ਦਾ ਕਤਲ



**ਸਾਊਥਬੈਂਡ, ਇੰਡੀਆਨਾ (ਬਿਊਰੋ):** ਚੰਡੀਗੜ੍ਹ ਦੇ ਨਾਲ ਲਗਦੇ ਕਸਬੇ ਜ਼ੀਰਕਪੁਰ ਨੇੜਲੇ ਪਿੰਡ ਛੱਤ ਦੇ ਵਸਨੀਕ 28 ਸਾਲ ਨੌਜਵਾਨ ਦਾ ਅਮਰੀਕਾ ਵਿਚ ਕਤਲ ਹੋ ਗਿਆ ਹੈ। ਉਹ ਸਾਊਥਬੈਂਡ ਵਿਚ ਇੱਕ ਗੈਸ ਸਟੇਸ਼ਨ 'ਤੇ ਕੰਮ ਕਰਦਾ ਸੀ, ਜਿਸ ਨੂੰ ਲੁਟੇਰਿਆਂ ਨੇ ਗੋਲੀ ਮਾਰ ਦਿੱਤੀ।

ਜਾਣਕਾਰੀ ਅਨੁਸਾਰ ਬਲਜੀਤ ਸਿੰਘ ਉਰਫ ਪ੍ਰਿੰਸ ਕੁਝ ਮਹੀਨੇ ਪਹਿਲਾਂ ਹੀ ਸਾਊਥਬੈਂਡ ਆਇਆ ਸੀ, ਜਿਥੇ ਉਹ ਪਿੰਡ ਛੱਤ ਦੇ ਹੀ ਵਸਨੀਕ ਅਵਤਾਰ ਸਿੰਘ ਦੇ ਗੈਸ ਸਟੇਸ਼ਨ 'ਤੇ ਕੰਮ ਕਰਦਾ ਸੀ। ਲੰਘੀ 18 ਸਤੰਬਰ ਨੂੰ ਪ੍ਰਿੰਸ ਸਟੋਰ ਬੰਦ ਕਰ ਰਿਹਾ ਸੀ ਕਿ 2-3 ਅਣਪਛਾਤੇ ਵਿਅਕਤੀ ਆਏ ਅਤੇ ਪਿਸਤੌਲ ਦਿਖਾ ਕੇ ਸਟੋਰ ਵਿਚ ਪਈ ਨਕਦੀ ਤੇ ਹੋਰ ਸਾਮਾਨ ਲੁੱਟ ਕੇ ਫਰਾਰ ਹੋਣ ਲੱਗੇ। ਇਸ ਦੌਰਾਨ ਲੁਟੇਰਿਆਂ ਨੇ ਵਾਪਸ ਆ ਕੇ ਪ੍ਰਿੰਸ ਨੂੰ ਗੋਲੀ ਮਾਰ ਦਿੱਤੀ। ਸੂਚਨਾ ਮਿਲਣ 'ਤੇ ਸਟੋਰ ਮਾਲਕ ਅਵਤਾਰ ਸਿੰਘ ਮੌਕੇ 'ਤੇ ਪੁੱਜੇ ਅਤੇ ਪ੍ਰਿੰਸ ਨੂੰ ਜ਼ਖ਼ਮੀ ਹਾਲਤ 'ਚ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਬਲਜੀਤ ਸਿੰਘ ਦੇ ਨਜ਼ਦੀਕੀ ਸ਼ਾਮ ਸਿੰਘ ਨੇ ਦੱਸਿਆ ਕਿ ਬਲਜੀਤ ਸਿੰਘ ਪਿਛਲੇ ਇਕ ਸਾਲ ਤੋਂ ਕੰਮ ਕਰ ਰਿਹਾ ਸੀ। ਲੁਟੇਰਿਆਂ ਵਲੋਂ ਨਕਦੀ ਮੰਗਣ 'ਤੇ ਉਸ ਨੇ ਦੇ ਵੀ ਦਿੱਤੀ ਸੀ, ਪਰ ਉਹ ਜਾਂਦੇ ਹੋਏ ਗੋਲੀ ਮਾਰ ਗਏ। ਇਹ ਘਟਨਾ ਬੁੱਧਵਾਰ ਰਾਤ ਦੀ ਹੈ। ਜ਼ਿਕਰਯੋਗ ਹੈ ਕਿ ਇਸ ਕਾਊਂਟੀ ਵਿਚ ਉਪਰੋਥਲੀ ਇਹ ਦੂਜਾ ਕਤਲ ਹੋਇਆ ਹੈ।

ਪ੍ਰਿੰਸ ਦੇ ਪਿਤਾ ਇੰਦਰਜੀਤ ਸਿੰਘ ਪਿੰਡ ਵਿਚ ਹੀ ਖੇਤੀ ਕਰਦੇ ਹਨ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਤੇ ਦੋ ਭੈਣਾਂ ਦਾ ਭਰਾ ਸੀ। ਉਸ ਦੀ ਇਕ ਵੱਡੀ ਭੈਣ ਜਰਮਨੀ ਰਹਿੰਦੀ ਹੈ, ਜਦੋਂਕਿ ਛੋਟੀ ਭੈਣ ਪਿੰਡ ਛੱਤ ਵਿਚ ਹੀ ਰਹਿੰਦੀ ਹੈ।

# ਭਾਰਤ-ਅਮਰੀਕਾ ਸਬੰਧਾਂ ਨੂੰ ਨਵੀਆਂ ਸਿਖਰਾਂ 'ਤੇ ਲਿਜਾਣ ਦਾ ਅਹਿਦ

**ਹਿਊਸਟਨ:** ਹਿਊਸਟਨ ਦੇ ਐਨ.ਆਰ.ਜੀ. ਸਟੇਡੀਅਮ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਮੌਜੂਦਗੀ ਵਿਚ 50 ਹਜ਼ਾਰ ਤੋਂ ਵੱਧ ਭਾਰਤੀ ਅਮਰੀਕੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਟਰੰਪ ਦੇ ਰੂਪ ਵਿਚ ਅਮਰੀਕੀ ਵ੍ਹਾਈਟ ਹਾਊਸ ਵਿਚ ਭਾਰਤ ਦਾ ਸੱਚਾ ਮਿੱਤਰ ਮੌਜੂਦ ਹੈ।

'ਅਬ ਕੀ ਬਾਰ ਟਰੰਪ ਸਰਕਾਰ' ਦਾ ਨਾਅਰਾ ਦਿੰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਟਰੰਪ ਕਿਸੇ ਤੁਆਰਫ ਦੇ ਮੁਥਾਜ ਨਹੀਂ ਹਨ ਤੇ ਆਲਮੀ ਸਿਆਸਤ ਵਿਚ ਅਮਰੀਕੀ ਸਦਰ ਦੀ ਵੱਡੀ ਮੌਜੂਦਗੀ ਹੈ ਅਤੇ ਹਰ ਪਾਸੇ ਉਨ੍ਹਾਂ ਦਾ ਜ਼ਿਕਰ ਹੁੰਦਾ ਹੈ। ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਨੂੰ ਟਰੰਪ ਵਿਚ ਆਪਣਾਪਣ ਵਿਖਾਈ ਦਿੰਦਾ ਹੈ। ਅਮਰੀਕੀ ਅਰਥਚਾਰੇ ਨੂੰ ਮਜ਼ਬੂਤ ਬਣਾਉਣ ਲਈ ਟਰੰਪ ਦੀ ਤਾਰੀਫ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਲ 2017 ਵਿਚ ਸ੍ਰੀ ਟਰੰਪ ਨੇ ਪਹਿਲੀ ਵਾਰ ਉਨ੍ਹਾਂ ਨੂੰ ਆਪਣੇ ਪਰਿਵਾਰ ਨਾਲ ਮਿਲਾਇਆ ਸੀ, ਤੇ ਅੱਜ ਉਨ੍ਹਾਂ (ਮੋਦੀ ਨੂੰ) ਨੂੰ ਅਮਰੀਕੀ ਸਦਰ ਨੂੰ ਆਪਣੇ ਪਰਿਵਾਰ (ਭਾਰਤੀ-ਅਮਰੀਕੀ) ਨਾਲ ਮਿਲਾਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੋਵਾਂ ਮੁਲਕਾਂ ਦੇ ਸਬੰਧ ਨਵੀਆਂ ਬੁਲੰਦੀਆਂ ਉਤੇ ਹਨ।



ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਜੰਮੂ-ਕਸ਼ਮੀਰ ਵਿਚੋਂ ਧਾਰਾ 370 ਖਤਮ ਕਰਨ ਦਾ ਵਿਸ਼ੇਸ਼ ਤੌਰ ਉਤੇ ਕੀਤਾ ਜ਼ਿਕਰ ਕਰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਬਿਨਾਂ ਨਾਂ ਲਏ ਕਿਹਾ ਕਿ ਜਿਨ੍ਹਾਂ ਤੋਂ ਆਪਣਾ ਮੁਲਕ ਨਹੀਂ ਸੰਭਲਿਆ, ਉਨ੍ਹਾਂ ਨੂੰ ਭਾਰਤ ਦੇ ਇਸ ਫੈਸਲੇ ਤੋਂ ਦਿੱਕਤ ਹੈ। ਉਨ੍ਹਾਂ ਨੇ ਪਾਕਿਸਤਾਨ ਵੱਲ ਇਸ਼ਾਰਾ ਕਰਦਿਆਂ ਕਿਹਾ, '9/11 ਅਤੇ 26/11 ਦੇ ਹਮਲਿਆਂ ਦੇ ਸਾਜ਼ਿਸ਼ੀ ਤੁਹਾਨੂੰ ਕਿਥੇ ਮਿਲਦੇ ਨੇ।' ਸ੍ਰੀ ਮੋਦੀ ਨੇ ਕਿਹਾ ਕਿ ਅਤਿਵਾਦ ਵਿਰੁੱਧ ਟਰੰਪ ਸਾਡੇ ਨਾਲ ਹੈ ਅਤੇ ਅਤਿਵਾਦ ਵਿਰੁੱਧ ਫੈਸਲਾਕੁੰਨ ਲੜਾਈ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਸ੍ਰੀ ਟਰੰਪ ਨੂੰ ਪਰਿਵਾਰ ਸਮੇਤ ਭਾਰਤ ਆਉਣ ਦਾ ਸੱਦਾ ਦਿੱਤਾ। ਮੋਦੀ ਨੇ ਸਮਾਗਮ 'ਚ ਹਾਜ਼ਰ ਲੋਕਾਂ ਨੂੰ ਕਿਹਾ ਕਿ ਉਹ ਧਾਰਾ 370 ਹਟਾਉਣ ਦੇ ਫੈਸਲੇ ਦੇ ਮੋਹਰ ਲਾਉਣ ਲਈ ਭਾਰਤੀ ਸੰਸਦ ਮੈਂਬਰਾਂ ਦੀ ਖੜ੍ਹੇ ਹੋ ਕੇ ਸ਼ਲਾਘਾ ਕਰਨ। ਪ੍ਰਧਾਨ ਮੰਤਰੀ ਨੇ ਇਸ ਮੌਕੇ ਆਖਿਆ, ''ਸਾਡੇ ਦੇਸ਼ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਸਾਡੇ ਉਦਾਰ ਅਤੇ ਜਮਹੂਰੀ ਸਮਾਜ ਦੀ ਪਛਾਣ ਹਨ। ਵਿਭਿੰਨਤਾ ਸਾਡੀ ਜਮਹੂਰੀਅਤ ਦਾ ਆਧਾਰ ਹੈ। ਹਾਲ ਹੀ ਵਿਚ ਹੀ ਹੋਈਆਂ ਚੋਣਾਂ ਨੇ ਸਮੁੱਚੇ ਵਿਸ਼ਵ ਨੂੰ ਭਾਰਤ ਦੀ ਮਹਾਨਤਾ ਦੇ ਦਰਸ਼ਨ ਕਰਵਾਏ ਹਨ।

ਇਨ੍ਹਾਂ ਚੋਣਾਂ ਵਿਚ ਅਮਰੀਕਾ ਦੀ ਵਸੋਂ ਤੋਂ ਦੁੱਗਣੇ 61 ਕਰੋੜ ਲੋਕਾਂ ਨੇ ਵੋਟਾਂ ਦੇ ਅਮਲ ਵਿਚ ਹਿੱਸਾ ਲਿਆ। ਉਨ੍ਹਾਂ ਕਿਹਾ, 'ਭਾਰਤ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਦਿਨ-ਰਾਤ ਇਕ ਕਰ ਰਿਹਾ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਦੂਜੀ ਵਾਰ ਜਿੱਤ ਦੀ ਵਧਾਈ ਦਿੱਤੀ। ਉਨ੍ਹਾਂ ਮੋਦੀ ਨੂੰ ਵਿਸ਼ਵ ਦਾ ਮਹਾਨ ਤੇ ਦੂਰਅੰਦੇਸ਼ੀ ਸੋਚ ਵਾਲਾ ਆਗੂ ਦੱਸਿਆ। ਉਨ੍ਹਾਂ ਅਮਰੀਕਾ ਦੀ ਤਰੱਕੀ ਵਿਚ ਭਾਰਤੀ ਭਾਈਚਾਰੇ ਵੱਲੋਂ ਪਾਏ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਭਾਰਤੀ-ਅਮਰੀਕੀ ਕੰਪਨੀਆਂ ਵਿਚ ਵੀ ਅਮਰੀਕੀ ਨਾਗਰਿਕ ਨੌਕਰੀਆਂ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਦੋਵਾਂ ਮੁਲਕਾਂ ਦੇ ਸਬੰਧ ਬਹੁਤ ਮਜ਼ਬੂਤ ਹਨ ਅਤੇ ਉਹ ਮੋਦੀ ਨਾਲ ਮਿਲ ਕੇ ਇਨ੍ਹਾਂ ਨੂੰ ਨਵੀਆਂ ਬੁਲੰਦੀਆਂ ਉਤੇ ਲਿਜਾਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਦੋਵਾਂ ਮੁਲਕਾਂ ਦੇ ਸੰਵਿਧਾਨ ਵਿਚ ਇਹ ਗੱਲ ਸਾਂਝੀ ਹੈ ਕਿ ਸਰਕਾਰਾਂ ਲੋਕਾਂ ਦੀ ਬਿਹਤਰੀ ਲਈ ਹਨ।

ਵਿਸ਼ਵ ਵਿਚ ਭਾਰਤ ਤੇ ਅਮਰੀਕਾ ਦੇ ਨਾਗਰਿਕ ਖੁਸ਼ਹਾਲ ਹੋ ਰਹੇ ਹਨ ਅਤੇ ਦੋਵਾਂ ਮੁਲਕਾਂ ਦੀ ਅਰਥਵਿਵਸਥਾ ਬਿਹਤਰ ਹੋਈ ਹੈ। ਇਸ ਮੌਕੇ ਮੰਚ 'ਤੇ ਵੱਖ ਵੱਖ ਅਮਰੀਕੀ ਰਾਜਾਂ ਦੇ ਦੋ ਦਰਜਨ ਗਵਰਨਰਾਂ ਤੋਂ ਇਲਾਵਾ ਅਮਰੀਕੀ ਕਾਂਗਰਸ ਦੇ ਨੁਮਾਇੰਦੇ ਵੀ ਮੌਜੂਦ ਸਨ। ਹਿਊਸਟਨ ਦੇ ਮੇਅਰ ਸਿਲਵੈਸਟਰ ਟਰਨਰ ਨੇ ਸ੍ਰੀ ਮੋਦੀ ਦਾ ਸਵਾਗਤ ਕਰਦਿਆਂ ਸਮਾਗਮ ਦੀ ਅਹਿਮੀਅਤ 'ਤੇ ਚਾਨਣਾ ਪਾਇਆ। ਟਰਨਰ ਨੇ ਕਿਹਾ ਕਿ ਹਿਊਸਟਨ ਸ਼ਹਿਰ ਦੇ ਵਿਕਾਸ ਵਿਚ ਭਾਰਤੀਆਂ ਦਾ ਅਹਿਮ ਯੋਗਦਾਨ ਰਿਹਾ ਹੈ।

## ਸਿੱਖ ਭਾਈਚਾਰੇ ਵੱਲੋਂ ਕਾਲੀ ਸੂਚੀ ਖਤਮ ਕਰਨ ਲਈ ਧੰਨਵਾਦ

**ਹਿਊਸਟਨ:** ਇਥੇ ਅਮਰੀਕਾ ਦੇ ਵੱਖ-ਵੱਖ ਹਿੱਸਿਆਂ 'ਚ ਵਸੇ ਤਕਰੀਬਨ 50 ਸਿੱਖਾਂ ਦਾ ਇਕ ਵਫਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਿਆ ਤੇ 300 ਤੋਂ ਵੱਧ ਸਿੱਖਾਂ ਦੇ ਨਾਂ ਕਾਲੀ ਸੂਚੀ 'ਚੋਂ ਕੱਢਣ ਲਈ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਪਿਛਲੇ ਹਫਤੇ 312 ਸਿੱਖ ਵਿਦੇਸ਼ੀ ਨਾਗਰਿਕਾਂ ਦੇ ਨਾਂ ਕਾਲੀ ਸੂਚੀ 'ਚੋਂ ਹਟਾ ਦਿੱਤੇ ਸਨ। ਸਿੱਖ ਵਫਦ ਨੇ ਪ੍ਰਧਾਨ ਮੰਤਰੀ ਮੋਦੀ ਦਾ ਸਿਰੋਪਾਓ ਨਾਲ ਸਨਮਾਨ ਵੀ ਕੀਤਾ। ਸਿੱਖ ਵਫਦ ਨਾਲ ਗੱਲਬਾਤ ਕਰਦਿਆਂ ਮੋਦੀ ਨੇ ਕਿਹਾ ਕਿ ਆਉਂਦੇ ਕੁਝ ਦਿਨਾਂ ਤੱਕ ਮੇਰੇ ਕੋਲ ਸਿੱਖ ਭਾਈਚਾਰੇ ਲਈ ਖੁਸ਼ਖਬਰੀ ਹੈ, ਜਿਸ ਲਈ ਉਨ੍ਹਾਂ ਥੋੜ੍ਹਾ ਇੰਤਜ਼ਾਰ ਕਰਨ ਦੀ ਅਪੀਲ ਕੀਤੀ। ਬਾਅਦ 'ਚ ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕਰਦਿਆਂ ਕਿਹਾ ਕਿ ਹਿਊਸਟਨ ਵਿਚ ਮੇਰੀ ਸਿੱਖ ਭਾਈਚਾਰੇ ਨਾਲ ਬਹੁਤ ਸ਼ਾਨਦਾਰ ਗੱਲਬਾਤ ਹੋਈ। ਮੈਂ ਉਨ੍ਹਾਂ ਦਾ ਭਾਰਤ ਦੇ ਵਿਕਾਸ ਪ੍ਰਤੀ ਜਨੂਨ ਦੇਖ ਕੇ ਬਹੁਤ ਖੁਸ਼ ਹੋਇਆ।

# ਕੇਂਦਰ ਵੱਲੋਂ ਦਰਿਆਈ ਪਾਣੀਆਂ ਦਾ ਮੁੱਦਾ ਗੱਲਬਾਤ ਰਾਹੀਂ ਹੱਲ ਕਰਨ ਦੀ ਸਲਾਹ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੱਖ-ਵੱਖ ਸੂਬਿਆਂ ਵਿਚਲੇ ਦਰਿਆਈ ਪਾਣੀਆਂ ਦੇ ਮੁੱਦਿਆਂ ਨੂੰ ਆਪਸੀ ਸਹਿਮਤੀ ਨਾਲ ਹੱਲ ਕਰਨ ਦੀ ਸਲਾਹ ਦਿੱਤੀ ਹੈ ਤਾਂ ਜੋ ਦੇਸ਼ ਦੇ ਸੰਘੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਦਰਿਆਈ ਪਾਣੀਆਂ ਦੇ ਮੁੱਦੇ ਲਈ ਰਾਜਾਂ ਨੂੰ ਖੁਦ ਅੱਗੇ ਆ ਕੇ ਹੱਲ ਲੱਭਣੇ ਚਾਹੀਦੇ ਹਨ। ਦੇਸ਼ ਦੇ ਸਮੂਹ ਰਾਜਾਂ ਨੂੰ ਪਾਣੀਆਂ ਦੇ ਲੰਮੇ ਸਮੇਂ ਤੋਂ ਬਕਾਇਆ ਪਏ ਮੁੱਦਿਆਂ ਨੂੰ ਸਿਆਸਤ ਤੋਂ ਉੱਪਰ ਉੱਠ ਕੇ ਹੱਲ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਤੇ ਹਰਿਆਣਾ ਵਿਚਾਲੇ ਚੱਲ ਰਹੇ ਦਰਿਆਈ ਪਾਣੀਆਂ ਦੇ ਵਿਵਾਦ ਨੂੰ ਹੱਲ ਕਰਨ ਲਈ ਪਹਿਲਾਂ ਤੋਂ ਸੰਜੀਦਾ ਹੈ ਅਤੇ ਇਸ ਲੜੀ 'ਚ ਕਈ ਯਤਨ ਕੀਤੇ ਜਾ ਚੁੱਕੇ ਹਨ। ਉਂਜ ਮੀਟਿੰਗ ਦੌਰਾਨ ਫੈਸਲਾ ਹੋਇਆ ਕਿ ਸਬੰਧਤ ਰਾਜਾਂ ਦੇ ਮੁੱਖ ਮੰਤਰੀ ਅਤੇ ਅਧਿਕਾਰੀ ਕੇਂਦਰੀ ਪੱਧਰ 'ਤੇ ਇਕੱਠੇ ਹੋ ਕੇ ਦਰਿਆਈ ਪਾਣੀਆਂ ਦੇ ਮਾਮਲੇ ਦਾ ਹੱਲ ਕੱਢਣ ਦਾ ਯਤਨ ਕਰਨਗੇ।

ਸ੍ਰੀ ਸ਼ਾਹ ਇਥੇ ਹਰਿਆਣਾ ਸਰਕਾਰ ਵੱਲੋਂ ਵਿਉਂਤੀ ਉੱਤਰੀ ਖੇਤਰ ਪ੍ਰੀਸ਼ਦ ਦੀ 29ਵੀਂ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਉੱਤਰੀ ਸੂਬਿਆਂ ਦੇ ਮੁੱਖ ਮੰਤਰੀਆਂ ਤੇ ਅਧਿਕਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪਾਣੀ ਦੇ ਮੁੱਦੇ ਉਪਰ ਆਪੋ-ਆਪਣੇ ਰਾਜਾਂ ਦਾ ਪੱਖ ਰੱਖਿਆ ਅਤੇ ਪਾਣੀ ਦੀ ਸਮੱਸਿਆ ਤੋਂ ਜਾਣੂ ਕਰਵਾਇਆ। ਸ੍ਰੀ ਸ਼ਾਹ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਕੇਂਦਰ ਸਰਕਾਰ, ਭਾਰਤੀ ਦੰਡ ਸੰਹਿਤਾ ਤੇ ਅਪਰਾਧਿਕ ਦੰਡ ਪ੍ਰਕਿਰਿਆ ਸੰਹਿਤਾ ਦੇ ਅੰਗਰੇਜ਼ਾਂ ਦੇ ਸਮੇਂ ਤੋਂ ਚੱਲੇ ਆ ਰਹੇ ਪੁਰਾਣੇ ਕਾਨੂੰਨਾਂ ਵਿਚ ਸੋਧ ਕਰਨ ਲਈ ਮਾੜਾ-ਮੋਟਾ ਬਦਲਾਅ ਕਰ ਰਹੀ ਹੈ।

ਉਨ੍ਹਾਂ ਭਾਰਤੀ ਪੁਲਿਸ ਸੇਵਾ ਦੇ ਸੀਨੀਅਰ ਅਧਿਕਾਰੀਆਂ ਦੀ ਇਕ ਕਮੇਟੀ ਤੁਰਤ ਬਣਾਉਣ ਅਤੇ ਕੇਂਦਰ ਸਰਕਾਰ ਨੂੰ ਆਪਣੇ ਸੁਝਾਅ ਭੇਜਣ ਲਈ ਕਿਹਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਛੇਤੀ ਹੀ ਕੇਂਦਰੀ ਫੋਰੈਂਸਿਕ ਵਿਗਿਆਨ ਯੂਨੀਵਰਸਿਟੀ ਸਥਾਪਤ ਕਰਨ ਜਾ ਰਹੀ ਹੈ। ਇਸ ਲਈ ਸਾਰੇ ਸੂਬੇ ਘੱਟੋ-ਘੱਟ ਇਕ ਕੇਂਦਰੀ ਫੋਰੈਂਸਿਕ ਵਿਗਿਆਨ ਕਾਲਜ ਖੋਲ੍ਹਣ ਦੀ ਪਹਿਲ ਕਰਨ। ਉਨ੍ਹਾਂ ਮੁੱਖ ਸਕੱਤਰਾਂ ਨੂੰ ਆਦੇਸ਼ ਦਿੱਤੇ ਕਿ ਉਹ ਪੁਲਿਸ ਵਿਭਾਗ ਨਾਲ ਜੁੜੇ ਮਾਮਲੇ ਸਿਰਫ ਪੁਲਿਸ ਉਪਰ ਹੀ ਨਾ ਛੱਡਣ, ਸਗੋਂ ਸੂਬੇ ਦੇ ਪ੍ਰਸ਼ਾਸਨਿਕ ਮੁਖੀ ਹੋਣ ਦੇ ਨਾਤੇ ਅਜਿਹੇ ਮੁੱਦਿਆਂ ਨਾਲ ਸਬੰਧਤ ਅੰਕੜੇ ਉਨ੍ਹਾਂ ਦੀਆਂ ਉਂਗਲੀਆਂ ਉਤੇ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਨਾਰਕੋਟਿਕਸ ਨਾਲ ਜੁੜੇ ਮਾਮਲਿਆਂ 'ਤੇ ਜ਼ੀਰੋ ਟੌਲਰੈਂਸ ਦੀ ਨੀਤੀ ਹੈ।

## ਹਰਿਆਣਾ ਦੀ ਜੀਵਨ ਰੇਖਾ ਹੈ ਐਸ. ਵਾਈ. ਐਲ: ਖੱਟਰ

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਸਤਲੁਜ ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ.) ਹਰਿਆਣਾ ਦੀ ਜੀਵਨ ਰੇਖਾ ਹੈ। ਉਨ੍ਹਾਂ ਕੌਂਸਲ ਦੀ ਪਿਛਲੀ ਮੀਟਿੰਗ ਮਗਰੋਂ ਯਮੁਨਾ ਤੇ ਇਸ ਦੀਆਂ ਸਹਾਇਕ ਨਦੀਆਂ 'ਤੇ ਰੇਣੁਕਾ ਅਤੇ ਲਖਵਾਰ ਵਿਆਸੀ ਬੰਨ੍ਹ ਬਣਾਉਣ ਲਈ ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ ਦਾ ਧੰਨਵਾਦ ਕਰਦਿਆਂ ਆਸ ਜਤਾਈ ਕਿ ਕਿਸ਼ਾਊ ਬੰਨ੍ਹ ਲਈ ਵੀ ਐਮ.ਓ.ਯੂ. ਜਲਦੀ ਸਹੀਬੰਦ ਹੋਵੇਗਾ।



## ਪੰਜਾਬ ਕੋਲ ਕਿਸੇ ਹੋਰ ਨੂੰ ਦੇਣ ਲਈ ਵਾਧੂ ਪਾਣੀ ਨਹੀਂ: ਕੈਪਟਨ

ਦਰਿਆਈ ਪਾਣੀਆਂ ਦੇ ਮੁੱਦੇ 'ਤੇ ਮੁੱਖ ਮੰਤਰੀ ਨੇ ਸਪੱਸ਼ਟ ਆਖਿਆ ਕਿ ਪੰਜਾਬ ਕੋਲ ਕਿਸੇ ਹੋਰ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਇਸ ਮੁੱਦੇ ਦੇ ਛੇਤੀ ਹੱਲ ਲਈ ਅੰਤਰਰਾਜੀ ਪਾਣੀ ਦਾ ਵਿਵਾਦ ਵੱਖਰੇ ਤੌਰ ਉਤੇ ਵਿਚਾਰਨ ਦੀ ਅਪੀਲ ਕੀਤੀ ਕਿਉਂਕਿ ਇਹ ਮਾਮਲਾ ਪਹਿਲਾਂ ਹੀ ਅਦਾਲਤੀ ਕਾਰਵਾਈ ਅਧੀਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣ ਅਤੇ ਦਰਿਆਵਾਂ ਦਾ ਵਹਾਅ ਘਟਣ ਕਰਕੇ ਪੰਜਾਬ ਬਹੁਤ ਗੰਭੀਰ ਸੰਕਟ ਵੱਲ ਵੱਧ ਰਿਹਾ ਹੈ, ਜਿਸ ਕਰਕੇ ਪਾਣੀ ਦੀ ਸੁਚੱਜੀ ਵਰਤੋਂ ਅਤੇ ਬਹੁਮੁੱਲੇ ਸਰੋਤਾਂ ਦੀ ਸੰਭਾਲ ਲਈ ਸਹਿਯੋਗ ਕੀਤਾ ਜਾਵੇ।

## ਹੁਣ ਵੱਡੇ ਭਰਾ ਵਾਲੀ ਰੱਟ ਬੰਦ ਕਰੋ: ਰਾਜੇਵਾਲ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰੀ ਵੱਲੋਂ ਹਰਿਆਣੇ ਨਾਲ ਐਸ.ਵਾਈ.ਐਲ. ਮੁੱਦੇ 'ਤੇ ਪੰਜਾਬ ਨੂੰ ਵੱਡੇ ਭਰਾ ਵਾਲਾ ਵਤੀਰਾ ਅਪਨਾਉਣ ਦੀ ਸਲਾਹ ਦੇਣ ਦੀ ਨਿੰਦਾ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪੰਜਾਬ ਕੋਲ ਇਕ ਬੂੰਦ ਵੀ ਵਾਧੂ ਪਾਣੀ ਦੀ ਨਹੀਂ ਹੈ। ਇਸ ਵੱਡੇ ਭਰਾ ਦੀ ਰੱਟ ਨੇ ਪੰਜਾਬ ਦਾ ਪਹਿਲਾਂ ਹੀ ਬਹੁਤ ਨੁਕਸਾਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਪੰਜਾਬ ਦੇ ਪਾਣੀਆਂ 'ਚੋਂ ਵੱਡਾ ਹਿੱਸਾ ਮੁਫਤ ਲੈ ਰਿਹਾ ਹੈ, ਜਿਸ ਦੀ ਕੋਈ ਕੀਮਤ ਵੀ ਨਹੀਂ ਤਾਰਦਾ। ਹਰਿਆਣੇ ਨੂੰ ਪਾਣੀ ਦੀ ਵੰਡ ਕਦੇ ਵੀ ਕਿਸੇ ਕਾਨੂੰਨ ਅਨੁਸਾਰ ਨਹੀਂ ਕੀਤੀ ਗਈ। ਇੰਜ ਜਦੋਂ ਵੀ ਹਰਿਆਣੇ ਨੂੰ ਪਾਣੀ ਦਿੱਤਾ ਤਾਂ ਹਰਿਆਣੇ ਵਿਚ ਵਗਦੀਆਂ ਨਦੀਆਂ ਯਮੁਨਾ, ਸਰਸਵਤੀ ਆਦਿ ਦਾ ਪਾਣੀ ਕਦੀ ਵੀ ਹਿਸਾਬ ਵਿਚ ਨਹੀਂ ਗਿਣਿਆ। ਕੇਂਦਰੀ ਗ੍ਰਹਿ ਮੰਤਰੀ ਦਾ ਪੰਜਾਬ ਨੂੰ ਵੱਡੇ ਭਰਾ ਕਹਿ ਕੇ ਵਡਿਆਉਣਾ ਇਕ ਹੋਰ ਠੱਗੀ ਦੀ ਤਿਆਰੀ ਦਾ ਸੰਕੇਤ ਹੈ।

# ਸੁਰਜੀਤ ਹਾਕੀ ਟੂਰਨਾਮੈਂਟ ਦਾ ਪਹਿਲਾ ਸਾਢੇ ਪੰਜ ਲੱਖ ਰੁਪਏ ਦਾ ਇਨਾਮ ਗਾਖਲ ਭਰਾ ਦੇਣਗੇ

**ਵਾਟਸਨਵਿਲ (ਬਿਊਰੋ):** ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿਖੇ 36ਵਾਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ 10 ਤੋਂ 19 ਅਕਤੂਬਰ ਤੱਕ ਹੋ ਰਿਹਾ ਹੈ। ਖਾਸ ਗੱਲ ਇਹ ਹੈ ਕਿ ਅਮਰੀਕਾ ਵਸਦੇ ਉਘੇ ਕਾਰੋਬਾਰੀ ਅਤੇ ਦੁਨੀਆਂ 'ਚ ਪ੍ਰਸਿੱਧ ਕਬੱਡੀ ਪ੍ਰੋਮੋਟਰ ਗਾਖਲ ਭਰਾ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਸ ਹਾਕੀ ਟੂਰਨਾਮੈਂਟ ਦਾ ਪਹਿਲਾ ਸਾਢੇ ਪੰਜ ਲੱਖ ਰੁਪਏ ਦਾ ਵੱਡਾ ਇਨਾਮ ਦੇਣਗੇ।

ਟੂਰਨਾਮੈਂਟ ਵਿਚ ਸ਼ਿਰਕਤ ਕਰਨ ਲਈ ਸ. ਅਮੋਲਕ ਸਿੰਘ ਗਾਖਲ ਉਚੇਚੇ ਤੌਰ 'ਤੇ ਜਲੰਧਰ ਪੁੱਜ ਰਹੇ ਹਨ ਅਤੇ ਇੱਥੇ ਇਕ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਉਹ ਆਪਣੇ ਪਿਤਾ ਸਵਰਗੀ ਨਸੀਬ ਸਿੰਘ ਗਾਖਲ ਤੋਂ ਖੇਡਾਂ ਖਾਸ ਤੌਰ 'ਤੇ ਸਰੀਰਕ ਜੁੱਸੇ ਵਾਲੀਆਂ ਖੇਡਾਂ ਤੋਂ ਪ੍ਰੇਰਿਤ ਰਹੇ ਹਨ ਅਤੇ ਤਿੰਨੇ ਭਰਾ ਆਖਰੀ ਦਮ ਤੱਕ ਵਾਹਿਗੁਰੂ ਦੀ ਅਪਾਰ ਕ੍ਰਿਪਾ ਸਦਕਾ ਖੇਡਾਂ ਲਈ ਲਗਨ ਨਾਲ ਕੰਮ ਕਰਦੇ ਰਹਿਣਗੇ ਤਾਂ ਜੋ ਆਉਣ ਵਾਲੀਆਂ ਨਸਲਾਂ ਇਤਿਹਾਸ ਨਾਲ ਜੁੜੀਆਂ ਰਹਿਣ ਅਤੇ ਖੇਡਾਂ ਦੇ ਅਮੀਰ ਵਿਰਸੇ ਨੂੰ ਕਦੀ ਵੀ ਨਾ ਭੁੱਲ ਸਕਣ।

ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਅੰਦਰ ਇਕ ਸ਼ਰਧਾ ਹੈ ਅਤੇ ਅਜਿਹੇ ਵੱਡੇ ਖੇਡ ਮੇਲਿਆਂ ਦੇ ਵੱਡੇ ਇਨਾਮ ਸਪਾਂਸਰ ਕਰਨਾ ਉਨ੍ਹਾਂ ਅੰਦਰ ਇਕ ਨਿਮਰਤਾ ਦੀ ਚਿਣਗ ਹੈ, ਕਿਉਂਕਿ ਸੱਭੇ ਬਖਸ਼ਿਸ਼ਾਂ ਉਸ ਮਾਲਕ ਦੀਆਂ ਹਨ।

ਜ਼ਿਕਰਯੋਗ ਹੈ ਕਿ ਗਾਖਲ ਭਰਾਵਾਂ ਨੇ ਪਿਛਲੀਆਂ ਓਲੰਪਿਕ ਖੇਡਾਂ ਦੌਰਾਨ ਸ਼ੂਟਿੰਗ ਗੇਮ ਵਿਚ ਗੋਲਡ ਮੈਡਲ ਪ੍ਰਾਪਤ ਕਰਨ ਵਾਲੇ ਅਭਿਨਵ ਬਿੰਦਰਾ ਨੂੰ ਦਸ ਲੱਖ ਰੁਪਏ ਦਾ ਇਨਾਮ ਵੀ ਦਿੱਤਾ ਸੀ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਇਸ 36ਵੇਂ ਸੁਰਜੀਤ ਹਾਕੀ ਟੂਰਨਾਮੈਂਟ ਵਿਚ ਸ਼ਾਮਿਲ ਹੋਣ ਦੀ ਬੇਨਤੀ ਵੀ ਕੀਤੀ।

**ਯੂਨੀਅਨ ਸਿਟੀ:** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਆਪਣੇ 15ਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਦਾ ਸਿਹਰਾ ਦਰਸ਼ਕਾਂ ਤੇ ਸਪਾਂਸਰਾਂ ਦੇ ਸਿਰ ਬੰਨ੍ਹਦਿਆਂ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਨੂੰ ਵੀ ਆਸ ਤੋਂ ਵੱਧ ਮਿਲੀ ਸਫਲਤਾ 'ਤੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਹ ਕਬੱਡੀ ਕੱਪ ਸੱਚੀਂ ਮੁੱਚੀਂ ਹੀ ਕਬੱਡੀ ਦਾ ਇਤਿਹਾਸ ਹੋ ਨਿੱਬੜਿਆ ਹੈ। ਉਨ੍ਹਾਂ ਕਿਹਾ ਕਿ ਅਗਲੇ ਸਾਲ 16ਵਾਂ ਵਿਸ਼ਵ ਕਬੱਡ ਕੱਪ 13 ਸਤੰਬਰ 2020, ਐਤਵਾਰ ਨੂੰ ਹੋਵੇਗਾ ਅਤੇ ਇਹ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੋਵੇਗਾ।

ਇਸ ਕਬੱਡੀ ਕੱਪ ਨੂੰ ਕਿਸੇ ਵੱਡੇ ਸਟੇਡੀਅਮ ਵਿਚ ਕਰਵਾਏ ਜਾਣ ਪ੍ਰਤੀ ਇੱਥੇ ਰਾਜਾ ਸਵੀਟਸ ਵਿਚ ਕਲੱਬ ਦੀ ਮੀਟਿੰਗ ਵਿਚ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ, ਪਰ ਉਨ੍ਹਾਂ ਨਾਲ ਇਹ ਵੀ ਦੱਸਿਆ ਕਿ ਚਾਹੇ ਖੇਡ ਮੇਲਾ ਸਟੇਡੀਅਮ 'ਚ ਹੀ ਕਿਉਂ ਨਾ ਹੋਵੇ, ਸੰਗਤਾਂ ਦਾ ਮੇਲਾ ਸੰਗਤਾਂ ਲਈ ਹੀ ਰਹੇਗਾ ਅਤੇ ਕਿਸੇ ਤੋਂ ਕੋਈ ਦਾਖਲਾ ਫੀਸ, ਪਾਰਕਿੰਗ ਫੀਸ ਨਹੀਂ ਵਸੂਲ ਕੀਤੀ ਜਾਵੇਗੀ।

ਮੀਟਿੰਗ ਵਿਚ ਹਾਜ਼ਰ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਡਾਇਰੈਕਟਰ ਪਲਵਿੰਦਰ ਸਿੰਘ ਗਾਖਲ, ਜਨਰਲ ਸਕੱਤਰ ਐਸ. ਅਸ਼ੋਕ ਭੌਰਾ, ਹਰਜਿੰਦਰ ਸਿੰਘ ਲੱਧੜ, ਦਲਵਿੰਦਰ ਪੱਡਾ, ਸਲਾਹਕਾਰ ਸਾਧੂ ਸਿੰਘ ਖਲੌਰ ਤੇ ਨੱਥਾ ਸਿੰਘ ਗਾਖਲ, ਇੰਦਰਜੀਤ ਸਿੰਘ ਥਿੰਦ, ਗੁਰਨਾਮ ਸਿੰਘ ਵੜੈਚ, ਬਖਤਾਵਰ ਸਿੰਘ ਗਾਖਲ, ਦੇਬੀ ਸੋਹਲ, ਗੁਰਪ੍ਰੀਤ ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਕਲੱਬ ਦੇ ਡਾਇਰੈਕਟਰ ਅਤੇ ਸਲਾਹਕਾਰ ਅਮਨਦੀਪ ਸਿੰਘ, ਬਲਜਿੰਦਰ ਸਿੰਘ ਤੇ ਕਾਲਾ ਗਾਖਲ ਹਾਜ਼ਰ ਸਨ।

## ਵਿਸ਼ਵ 'ਚ ਭਾਰਤੀ ਪਰਵਾਸੀਆਂ ਦੀ ਗਿਣਤੀ ਸਭ ਤੋਂ ਵੱਧ

**ਸੰਯੁਕਤ ਰਾਸ਼ਟਰ:** ਸਾਲ 2019 ਵਿਚ ਵਿਸ਼ਵ ਵਿਚ ਭਾਰਤੀ ਪਰਵਾਸੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਅੰਕੜਿਆਂ ਅਨੁਸਾਰ ਭਾਰਤੀ ਪਰਵਾਸੀਆਂ ਦੀ ਕੁੱਲ ਗਿਣਤੀ 1.75 ਕਰੋੜ ਹੈ ਜਦੋਂ ਕਿ ਕੁੱਲ ਭਾਰਤੀ ਪਰਵਾਸੀਆਂ ਦਾ ਅਧਿਕਾਰਕ ਅੰਕੜਾ 27.2 ਕਰੋੜ ਹੈ। ਸੰਯੁਕਤ ਰਾਸ਼ਟਰ ਦੇ ਆਰਥਿਕ ਤੇ ਸਮਾਜਕ ਵਿਭਾਗ ਦੀ ਆਬਾਦੀ ਬਾਰੇ ਡਵੀਜ਼ਨ ਨੇ ਇਹ ਅੰਕੜੇ ਅੰਤਰਰਾਸ਼ਟਰੀ ਪਰਵਾਸੀਆਂ ਦੀ ਉਮਰ, ਲਿੰਗ ਅਤੇ ਉਨ੍ਹਾਂ ਦੇ ਮੂਲ ਸਥਾਨ ਦੇ ਆਧਾਰ ਉਤੇ ਜਾਰੀ ਕੀਤੇ ਗਏ ਹਨ। ਦੂਜੇ ਨੰਬਰ 'ਤੇ ਮੈਕਸੀਕੋ ਹੈ, ਜਿਸ ਦੇ ਪਰਵਾਸੀਆਂ ਦੀ ਗਿਣਤੀ 1.18 ਕਰੋੜ ਹੈ। ਤੀਜੇ ਤੇ ਚੌਥੇ ਨੰਬਰ ਉਤੇ ਚੀਨ ਤੇ ਰੂਸ ਹਨ, ਜਿਨ੍ਹਾਂ ਦੀ ਪਰਵਾਸੀ ਗਿਣਤੀ 1.7 ਤੇ 1.5 ਕਰੋੜ ਹੈ। ਸੀਰੀਆ 82 ਲੱਖ ਨਾਲ ਪੰਜਵੇਂ, ਬੰਗਲਾਦੇਸ਼ 78 ਲੱਖ ਨਾਲ ਛੇਵੇਂ, ਪਾਕਿਸਤਾਨ 63 ਲੱਖ ਨਾਲ 7ਵੇਂ, ਯੂਕ੍ਰੇਨ 59 ਲੱਖ ਨਾਲ 8ਵੇਂ, ਫਿਲਪਾਈਨਸ 54 ਲੱਖ ਨਾਲ 9ਵੇਂ ਤੇ ਅਫਗਾਨਿਸਤਾਨ 51 ਲੱਖ ਨਾਲ 10ਵੇਂ ਥਾਂ 'ਤੇ ਹੈ।

ਇਸੇ ਸਾਲ ਕਰੀਬ 51 ਲੱਖ ਕੌਮਾਂਤਰੀ ਪਰਵਾਸੀ ਭਾਰਤ ਗਏ। ਸੰਯੁਕਤ ਰਾਸ਼ਟਰ ਅਨੁਸਾਰ ਸਭ ਤੋਂ ਵੱਧ ਪਰਵਾਸੀ ਯੂਰਪ (8.2 ਕਰੋੜ) ਪਹੁੰਚੇ ਹਨ, ਜਦੋਂ ਕਿ ਉੱਤਰੀ ਅਮਰੀਕਾ 'ਚ 5.9 ਕਰੋੜ ਪਰਵਾਸੀ ਪਹੁੰਚੇ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਸ਼ਾ ਵਿਵਾਦ: ਆਰ.ਐਸ.ਐਸ. ਨਾਲ ਸੁਰ ਮਿਲਾ ਕੇ ਬੁਰਾ ਫਸਿਆ ਗੁਰਦਾਸ ਮਾਨ

**ਚੰਡੀਗੜ੍ਹ:** ਪੰਜਾਬੀ ਗਾਇਕ ਗੁਰਦਾਸ ਮਾਨ ਵੱਲੋਂ ਆਰ.ਐਸ.ਐਸ. ਦੇ ਭਾਰਤ 'ਚ ਇਕ ਭਾਸ਼ਾ ਹਿੰਦੀ, ਇਕ ਰਾਸ਼ਟਰ ਤੇ ਇਕ ਸਭਿਆਚਾਰ ਦੇ ਏਜੰਡੇ ਦੇ ਹੱਕ 'ਚ ਖੜ੍ਹਨ ਦਾ ਮਾਮਲਾ ਭਖ ਗਿਆ। ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿਚ ਮਾਨ ਖਿਲਾਫ ਪ੍ਰਦਰਸ਼ਨ ਹੋ ਰਹੇ ਹਨ।

ਕੈਨੇਡਾ ਦੇ ਐਬਟਸਫੋਰਡ ਵਿਚ ਗੁਰਦਾਸ ਮਾਨ ਦੇ ਸ਼ੋਅ ਦੇ ਬਾਹਰ ਵੱਡੀ ਗਿਣਤੀ ਲੋਕਾਂ ਨੇ ਤਿੰਨ ਘੰਟੇ ਰੋਸ ਵਿਖਾਵਾ ਕੀਤਾ। ਵਿਖਾਵਾਕਾਰੀਆਂ ਨੇ ਸਾਰੀ ਦੁਨੀਆਂ 'ਚ ਵਸੇ ਪੰਜਾਬੀ ਪ੍ਰੇਮੀਆਂ ਨੂੰ ਗੁਰਦਾਸ ਮਾਨ ਦੇ ਬਾਈਕਾਟ ਦੀ ਅਪੀਲ ਕੀਤੀ। ਕੈਨੇਡਾ ਆਏ ਗਾਇਕ ਗੁਰਦਾਸ ਮਾਨ ਨੇ ਰੇਡੀਓ ਇੰਟਰਵਿਊ, ਪੱਤਰਕਾਰ ਸੰਮੇਲਨ ਅਤੇ ਹੋਰ ਥਾਵਾਂ 'ਤੇ ਭਾਰਤ ਨੂੰ ਇਕ ਭਾਸ਼ੀ ਦੇਸ਼ ਬਣਾਉਣ ਅਤੇ ਪੰਜਾਬੀ ਦੇ ਨਾਲ ਹਿੰਦੀ ਨੂੰ ਮਾਸੀ ਵਾਲਾ ਸਤਿਕਾਰ ਦੇਣ ਦੀ ਗੱਲ 'ਤੇ ਵਾਰ ਵਾਰ ਜ਼ੋਰ ਦਿੱਤਾ ਸੀ ਜਿਸ ਦਾ ਪੰਜਾਬੀ ਪ੍ਰੇਮੀਆਂ ਨੇ ਸਖਤ ਨੋਟਿਸ ਲਿਆ ਤੇ ਉਸ ਖਿਲਾਫ ਰੋਹ ਪ੍ਰਚੰਡ ਹੋ ਗਿਆ।

ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੇ ਕਿਹਾ ਹੈ ਕਿ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਭਾਰਤ 'ਚ ਇਕ ਭਾਸ਼ਾ ਹਿੰਦੀ, ਇਕ ਰਾਸ਼ਟਰ ਅਤੇ ਇਕ ਸੱਭਿਆਚਾਰ ਦੇ ਹੱਕ 'ਚ ਖੜ੍ਹ ਕੇ ਪੰਜਾਬ ਤੇ ਪੰਜਾਬੀ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਸਭਾ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਅਜਿਹੇ ਅਖੌਤੀ ਪੰਜਾਬੀ ਗਾਇਕਾਂ ਦੇ ਮੁਕੰਮਲ ਬਾਈਕਾਟ ਦਾ ਸੱਦਾ ਦਿੱਤਾ ਹੈ। ਡਾ. ਤੇਜਵੰਤ ਮਾਨ ਨੇ ਕਿਹਾ ਕਿ ਜਿਸ ਵਿਅਕਤੀ ਨੇ 40 ਸਾਲ ਮਾਂ ਬੋਲੀ ਦੀ ਸੇਵਾ ਦੇ ਨਾਂ ਹੇਠ ਪੈਸਾ ਅਤੇ ਸ਼ੋਹਰਤ ਹਾਸਲ ਕੀਤੀ ਹੋਵੇ, ਉਸ ਵੱਲੋਂ ਆਰ.ਐਸ.ਐਸ. ਦੇ ਹਿੰਦੂਤਵੀ ਏਜੰਡੇ- ਇਕ ਭਾਸ਼ਾ ਇਕ ਰਾਸ਼ਟਰ ਅਤੇ ਇਕ ਸੱਭਿਆਚਾਰ ਦੀ ਵਕਾਲਤ ਕਰਕੇ ਮਾਂ ਬੋਲੀ ਪੰਜਾਬੀ ਨਾਲ ਧ੍ਰੋਹ ਕਮਾਇਆ ਗਿਆ ਹੈ।

ਪੰਜਾਬੀ ਭਾਸ਼ਾ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਸਿੱਖ ਯੂਥ ਆਫ ਪੰਜਾਬ ਦੇ ਜਲੰਧਰ ਯੂਨਿਟ ਨੇ ਗੁਰਦਾਸ ਮਾਨ ਵਿਰੁੱਧ ਨਕੋਦਰ ਚੌਕ ਵਿਚ ਰੋਸ ਪ੍ਰਦਰਸ਼ਨ ਕੀਤਾ। ਪੰਜਾਬੀ ਗਾਇਕ ਗੁਰਦਾਸ ਮਾਨ ਵੱਲੋਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਅਣਡਿੱਠਾ ਕਰਨ 'ਤੇ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਅਤੇ ਦਮਦਮੀ ਟਕਸਾਲ ਨੇ ਸਖ਼ਤ ਇਤਰਾਜ਼ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ ਕੈਨੇਡਾ ਵਿਚ ਵਸਦੇ ਪੰਜਾਬੀ ਭਾਈਚਾਰੇ ਲਈ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਦਾ ਵੀ ਵਿਰੋਧ ਕੀਤਾ ਗਿਆ ਹੈ।

# ਵਿਸ਼ਵ ਭਰ ਤੋਂ ਸਿੱਖ ਸ਼ਰਧਾਲੂ ਕਰਤਾਰਪੁਰ ਸਾਹਿਬ ਨਤਮਸਤਕ

**ਲਾਹੌਰ:** ਪਾਕਿਸਤਾਨ ਦੇ ਕਰਤਾਰਪਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 480ਵੇਂ ਜੋਤੀ-ਜੋਤ ਦਿਵਸ ਸਬੰਧੀ ਕਰਵਾਏ ਗਏ ਤਿੰਨ ਰੋਜ਼ਾ ਸਮਾਗਮ ਦੇ ਆਖਰੀ ਦਿਨ ਵਿਸ਼ਵ ਭਰ ਤੋਂ ਸਿੱਖ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ।

ਮੀਡੀਆ ਰਿਪੋਰਟਾਂ ਮੁਤਾਬਕ ਸ਼ਰਧਾਲੂਆਂ ਨੂੰ ਕਰਤਾਰਪੁਰ ਲਾਂਘੇ ਕੋਲ ਵੀ ਲਿਜਾਇਆ ਗਿਆ ਜਿਸ ਨਾਲ ਕਰਤਾਰਪੁਰ ਦਾ ਸਿੱਧਾ ਸੰਪਰਕ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਸਥਿਤ ਡੇਰਾ ਬਾਬਾ ਨਾਨਕ ਗੁਰਦੁਆਰੇ ਨਾਲ ਜੁੜ ਜਾਵੇਗਾ। ਵਿਸ਼ਵ ਭਰ ਤੋਂ ਪੁੱਜੇ ਸ਼ਰਧਾਲੂਆਂ ਨੇ ਪਾਕਿਸਤਾਨ ਸਥਿਤ ਗੁਰਧਾਮਾਂ ਵਿਚ ਮੱਥਾ ਟੇਕਿਆ। ਇਨ੍ਹਾਂ ਸ਼ਰਧਾਲੂਆਂ ਵਿਚ ਕੈਨੇਡਾ ਸਮੇਤ ਵੱਖ-ਵੱਖ ਯੂਰਪੀ ਦੇਸ਼ਾਂ ਨਾਲ ਸਬੰਧਤ ਸ਼ਰਧਾਲੂ ਸ਼ਾਮਲ ਸਨ। ਮੀਡੀਆ ਰਿਪੋਰਟਾਂ ਮੁਤਾਬਕ ਕਰਤਾਰਪੁਰ ਲਾਂਘਾ ਨਵੰਬਰ ਵਿਚ ਸ਼ਰਧਾਲੂਆਂ ਨੂੰ ਸਮਰਪਤ ਕਰ ਦਿੱਤਾ ਜਾਵੇਗਾ।

ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸਮਾਗਮ 7 ਨਵੰਬਰ ਤੋਂ ਸ਼ੁਰੂ ਹੋਣਗੇ ਜੋ 15 ਨਵੰਬਰ ਤੱਕ ਜਾਰੀ ਰਹਿਣਗੇ। ਪ੍ਰੋਜੈਕਟ ਡਾਇਰੈਕਟਰ ਆਤਿਫ ਮਾਜਿਦ ਨੇ ਪਿਛਲੇ ਹਫਤੇ ਇਹ ਪੁਸ਼ਟੀ ਕੀਤੀ ਸੀ ਕਿ ਲਾਂਘੇ ਦੀ ਉਸਾਰੀ ਦਾ 86 ਫੀਸਦੀ ਕੰਮ ਨਿਬੇੜ ਲਿਆ ਗਿਆ ਹੈ ਅਤੇ ਲਾਂਘਾ 9 ਨਵੰਬਰ ਨੂੰ ਚਾਲੂ ਕਰ ਦਿੱਤਾ ਜਾਵੇਗਾ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਦੇ ਪ੍ਰਧਾਨ ਸਤਵੰਤ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਇਸ ਪਲ ਦੀ 72 ਵਰ੍ਹੇ ਉਡੀਕ ਕੀਤੀ ਹੈ ਅਤੇ ਹੁਣ ਇਹ ਸੁਪਨਾ ਸੱਚ ਹੋਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਲਾਂਘੇ ਦੇ ਖੁੱਲ੍ਹਣ ਨਾਲ ਦੋਵੇਂ ਮੁਲਕਾਂ ਵਿਚ ਸ਼ਾਂਤਮਈ ਸਬੰਧ ਕਾਇਮ ਹੋਣਗੇ ਅਤੇ ਸਿੱਖ ਹਮੇਸ਼ਾਂ ਪਾਕਿਸਤਾਨ ਸਰਕਾਰ ਦੇ ਸ਼ੁਕਰਗੁਜ਼ਾਰ ਰਹਿਣਗੇ।

# ਭਾਰਤ ਦਸੰਬਰ 2021 ਤੱਕ ਪੁਲਾੜ 'ਚ ਭੇਜੇਗਾ ਮਨੁੱਖ

**ਭੁਬਨੇਸ਼ਵਰ:** ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਮੁਖੀ ਕੇ. ਸਿਵਨ ਨੇ ਕਿਹਾ ਕਿ ਦੇਸ਼ ਦਸੰਬਰ 2021 ਤੱਕ ਮਨੁੱਖ ਨੂੰ ਪੁਲਾੜ 'ਚ ਭੇਜਣ ਦੇ ਆਪਣੇ ਟੀਚੇ ਨੂੰ ਪੂਰਾ ਕਰਨ ਲਈ ਅੱਗੇ ਵੱਧ ਰਿਹਾ ਹੈ। ਭੁਬਨੇਸ਼ਵਰ ਵਿਚ ਆਈ.ਆਈ.ਟੀ. ਦੀ 8ਵੀਂ ਕਨਵੈਨਸ਼ਨ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਸੀਂ ਭਾਵੇਂ ਚੰਦਰਮਾ 'ਤੇ ਵਿਕਰਮ ਦੀ ਸਾਫਟ ਲੈਂਡਿੰਗ ਨਹੀਂ ਕਰਵਾ ਸਕੇ ਪਰ ਇਸ ਦਾ ਸਾਡੇ 'ਗਗਨਯਾਨ' ਮਿਸ਼ਨ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ।

ਉਨ੍ਹਾਂ ਕਿਹਾ ਕਿ ਦਸੰਬਰ 2020 ਤੱਕ ਸਾਡੇ ਕੋਲ ਮਨੁੱਖੀ ਪੁਲਾੜ ਵਾਹਨ ਦਾ ਪਹਿਲਾ ਮਨੁੱਖ ਰਹਿਤ ਮਿਸ਼ਨ ਹੋਵੇਗਾ ਜਦੋਂ ਕਿ ਅਸੀਂ ਦੂਜੇ ਮਨੁੱਖ ਰਹਿਤ ਮਨੁੱਖੀ ਪੁਲਾੜ ਵਾਹਨ ਦਾ ਟੀਚਾ ਜੁਲਾਈ 2021 ਤੱਕ ਰਖਿਆ ਹੈ। ਇਸਰੋ ਮੁਖੀ ਨੇ ਕਿਹਾ ਕਿ ਦਸੰਬਰ 2021 ਤੱਕ ਪਹਿਲਾ ਭਾਰਤੀ ਸਾਡੇ ਆਪਣੇ ਰਾਕੇਟ ਵੱਲੋਂ ਲਿਜਾਇਆ ਜਾਵੇਗਾ। ਇਹ ਸਾਡਾ ਟੀਚਾ ਹੈ ਜਿਸ 'ਤੇ ਇਸਰੋ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਲਈ ਗਗਨਯਾਨ ਮਿਸ਼ਨ ਬਹੁਤ ਮਹੱਤਵਪੂਰਨ ਹੈ।

ਇਸਰੋ ਮੁਖੀ ਨੇ ਕਿਹਾ ਕਿ ਚੰਦਰਯਾਨ-2 ਮਿਸ਼ਨ ਨੇ ਆਪਣਾ 98 ਫੀਸਦੀ ਟੀਚਾ ਹਾਸਲ ਕੀਤਾ ਹੈ ਜਦੋਂ ਕਿ ਵਿਗਿਆਨੀ ਲੈਂਡਰ ਵਿਕਰਮ ਨਾਲ ਸੰਪਰਕ ਸਥਾਪਿਤ ਕਰਨ ਲਈ ਸਖਤ ਮਿਹਨਤ ਕਰ ਰਹੇ ਹਨ। ਸਿਵਨ ਨੇ ਕਿਹਾ ਕਿ ਚੰਦਰਯਾਨ-2 ਦਾ ਆਰਬਿਟਰ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ ਤੇ ਤੈਅ ਵਿਗਿਆਨਕ ਪ੍ਰਯੋਗ ਚੰਗੀ ਤਰ੍ਹਾਂ ਕਰ ਰਿਹਾ ਹੈ।

ਇਸਰੋ ਮੁਖੀ ਨੇ ਕਿਹਾ ਕਿ ਆਰਬਿਟਰ ਲਈ ਸ਼ੁਰੂ ਵਿਚ ਇਕ ਸਾਲ ਦੀ ਯੋਜਨਾ ਬਣਾਈ ਗਈ ਸੀ ਪਰ ਸੰਭਾਵਨਾ ਹੈ ਕਿ ਇਹ ਸਾਢੇ ਸੱਤ ਸਾਲ ਤੱਕ ਚੱਲੇਗਾ। ਆਰਬਿਟਰ ਵਿਚ 8 ਉਪਕਰਨ ਹਨ ਤੇ ਇਹ ਸਾਰੇ ਆਪਣਾ ਕੰਮ ਠੀਕ ਤਰੀਕੇ ਨਾਲ ਕਰ ਰਹੇ ਹਨ।

# ਗੀਤ 'ਚ ਮਾਈ ਭਾਗੋ ਦਾ ਜ਼ਿਕਰ ਕਰਕੇ ਵਿਵਾਦਾਂ 'ਚ ਘਿਰਿਆ ਸਿੱਧੂ ਮੂਸੇਵਾਲਾ

**ਚੰਡੀਗੜ੍ਹ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਆਪਣੇ ਗੀਤ 'ਜੱਟੀ ਜਿਉਣੇ ਮੌੜ ਵਰਗੀ' ਵਿਚ ਮਾਈ ਭਾਗੋ ਦਾ ਜ਼ਿਕਰ ਕਰ ਕੇ ਵਿਵਾਦਾਂ ਵਿਚ ਘਿਰ ਗਿਆ ਹੈ। ਧਾਰਮਿਕ ਅਤੇ ਪੰਜਾਬੀ ਮਾਂ ਬੋਲੀ ਸੰਗਠਨਾਂ ਦੇ ਕਾਰਕੁਨਾਂ ਨੇ ਸਿੱਧੂ ਮੂਸੇਵਾਲੇ ਨੂੰ ਘੇਰਿਆ ਹੋਇਆ ਹੈ। ਸ਼੍ਰੋਮਣੀ ਕਮੇਟੀ ਨੇ ਮੂਸੇਵਾਲੇ ਖਿਲਾਫ ਡਿਪਟੀ ਕਮਿਸ਼ਨਰ ਕੋਲ ਸ਼ਿਕਾਇਤ ਕੀਤੀ ਹੈ।

ਸਿੱਖ ਆਗੂਆਂ ਨੇ ਕਿਹਾ ਕਿ ਇਹ ਗਾਇਕ ਲੰਮੇ ਸਮੇਂ ਤੋਂ ਭੱਦੀ ਸ਼ਬਦਾਵਲੀ ਵਰਤ ਕੇ ਤੇ ਲੱਚਰ ਗੀਤ ਗਾ ਕੇ ਮਾਂ ਬੋਲੀ ਦਾ ਨਿਰਾਦਰ ਕਰ ਰਿਹਾ ਹੈ। ਸਿੱਧੂ ਨੇ ਆਪਣੇ ਗੀਤ ਵਿਚਲੇ ਅੰਤਰਿਆਂ 'ਚ ਮਾਤਾ ਭਾਗ ਕੌਰ ਦਾ ਨਾਂ ਵਰਤ ਕੇ ਪੂਜਣਯੋਗ ਹਸਤੀ ਦਾ ਨਿਰਾਦਰ ਕੀਤਾ ਹੈ।

ਆਗੂਆਂ ਨੇ ਸਿੱਧੂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਅਧੀਨ ਸਿੱਧੂ ਖਿਲਾਫ ਕੇਸ ਦਰਜ ਕੀਤਾ ਜਾਵੇ। ਇਸੇ ਦੌਰਾਨ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਗਾਇਕ ਨੇ ਮੁਆਫੀ ਵੀ ਮੰਗ ਲਈ ਹੈ। ਸਿੱਧੂ ਨੇ ਕਿਹਾ ਕਿ ਉਸ ਦਾ ਮੰਤਵ ਹੋਰ ਸੀ ਪਰ ਮਾਈ ਭਾਗੋ ਦਾ ਜ਼ਿਕਰ ਹੋਣ ਕਾਰਨ ਵੱਡੀ ਭੁੱਲ ਹੋਈ ਹੈ, ਇਸ ਲਈ ਉਹ ਹਰ ਪੰਜਾਬੀ ਅਤੇ ਸਿੱਖ ਧਰਮ ਨੂੰ ਮੰਨਣ ਵਾਲਿਆਂ ਤੋਂ ਮੁਆਫੀ ਮੰਗਦਾ ਹੈ।

# ਸਾਬਕਾ ਸੰਸਦੀ ਸਕੱਤਰ ਸੁਰਿੰਦਰ ਸਿੰਘ ਧੂਰੀ ਨਹੀਂ ਰਹੇ

**ਧੂਰੀ:** ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ 'ਚ ਸੰਸਦੀ ਸਕੱਤਰ ਰਹੇ ਸੁਰਿੰਦਰ ਸਿੰਘ ਧੂਰੀ (62) ਅਕਾਲ ਚਲਾਣਾ ਕਰ ਗਏ ਹਨ।

ਉਹ 1985 'ਚ ਜਿਥੇ ਹਲਕਾ ਧੂਰੀ ਤੋਂ ਵਿਧਾਨ ਸਭਾ ਚੋਣ ਜਿੱਤ ਕੇ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ 'ਚ ਟਰਾਂਸਪੋਰਟ ਵਿਭਾਗ ਦੇ ਸੰਸਦੀ ਸਕੱਤਰ ਬਣੇ, ਉਥੇ ਹੀ ਉਨ੍ਹਾਂ ਦੀ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਨੇੜਤਾ ਹੋਣ ਕਾਰਨ ਉਨ੍ਹਾਂ ਸੰਤਾਂ ਨਾਲ ਧਰਮ ਯੁੱਧ ਮੋਰਚਿਆਂ ਵਿਚ ਵੀ ਹਿੱਸਾ ਲਿਆ ਤੇ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਅਹਿਮ ਭੂਮਿਕਾ ਨਿਭਾਈ। ਇਸ ਦੇ ਨਾਲ ਹੀ ਕੇਂਦਰ 'ਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸਮੇਂ ਜਦੋਂ ਸੁਰਜੀਤ ਸਿੰਘ ਬਰਨਾਲਾ ਕੇਂਦਰੀ ਖੇਤੀਬਾੜੀ ਮੰਤਰੀ ਸਨ, ਉਦੋਂ ਬਰਨਾਲਾ ਵੱਲੋਂ ਸ. ਧੂਰੀ ਨੂੰ ਦਿੱਲੀ ਸੁਪਰ ਬਾਜ਼ਾਰ ਦਾ ਚੇਅਰਮੈਨ ਵੀ ਬਣਾਇਆ ਗਿਆ ਸੀ।

# ਪੰਜਾਬ ਦੀਆਂ ਸਿਆਸੀ ਧਿਰਾਂ ਲਈ ਇਕ ਹੋਰ ਪ੍ਰੀਖਿਆ

*(ਸਫਾ ਇਕ ਦੀ ਬਾਕੀ)*

ਦੀ ਵੱਡੀ ਗਿਣਤੀ ਪਹਿਲਾਂ ਹੀ ਸਿਆਸੀ ਸੰਕਟ ਦਾ ਕਾਰਨ ਬਣੀ ਹੋਈ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਨਾਰਾਜ਼ ਵਿਧਾਇਕਾਂ ਨੂੰ ਹਾਲ ਹੀ 'ਚ ਸਲਾਹਕਾਰ ਨਿਯੁਕਤ ਕਰਨਾ ਪਿਆ। ਹਾਕਮ ਧਿਰ ਜੇਕਰ ਚਾਰਾਂ ਵਿਧਾਨ ਸਭਾ ਹਲਕਿਆਂ 'ਤੇ ਜੇਤੂ ਰਹਿੰਦੀ ਹੈ ਤਾਂ ਵਿਧਾਇਕਾਂ ਦੀ ਗਿਣਤੀ 80 ਦਾ ਅੰਕੜਾ ਪਾਰ ਕਰ ਜਾਵੇਗੀ ਤੇ ਮੁੱਖ ਮੰਤਰੀ ਲਈ ਚੁਣੌਤੀਆਂ ਵਧ ਸਕਦੀਆਂ ਹਨ। ਇਸ ਦੇ ਉਲਟ ਜੇਕਰ ਸਰਕਾਰ ਦੀ ਕਾਰਗੁਜ਼ਾਰੀ ਜ਼ਿਮਨੀ ਚੋਣਾਂ ਦੌਰਾਨ ਚੰਗੀ ਨਹੀਂ ਰਹਿੰਦੀ ਤਾਂ ਪਾਰਟੀ ਅੰਦਰਲੇ ਵਿਰੋਧੀਆਂ ਦੀਆਂ ਸੁਰਾਂ ਮੁੱਖ ਮੰਤਰੀ ਖਿਲਾਫ ਤਿੱਖੀਆਂ ਹੋ ਸਕਦੀਆਂ ਹਨ। ਦੂਜੇ ਪਾਸੇ ਅਕਾਲੀ ਦਲ, ਭਾਜਪਾ ਅਤੇ 'ਆਪ' ਵਲੋਂ ਆਪਣੀ ਵੱਕਾਰ ਬਹਾਲ ਰੱਖਣ ਲਈ ਸੀਟਾਂ 'ਤੇ ਕਬਜ਼ਾ ਬਣਾਈ ਰੱਖਣ ਲਈ ਲੜਾਈ ਲੜੀ ਜਾਵੇਗੀ।

ਇਸ ਦੌਰਾਨ ਸ. ਫੂਲਕਾ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਉਹ ਇਸ ਵਾਰ ਚੋਣ ਨਹੀਂ ਲੜਨਗੇ ਪਰ ਲਗਦਾ ਹੈ ਕਿ ਉਹ ਅੰਦਰਖਾਤੇ ਆਪਣੇ ਕਿਸੇ ਮਨਪਸੰਦ ਉਮੀਦਵਾਰ ਨੂੰ ਸਮਰਥਨ ਦੇ ਸਕਦੇ ਹਨ, ਕਿਉਂਕਿ ਹਲਕਾ ਦਾਖਾ 'ਚ ਉਨ੍ਹਾਂ ਦਾ ਕਾਫੀ ਸਿਆਸੀ ਪ੍ਰਭਾਵ ਹੈ। ਫਗਵਾੜਾ ਤੇ ਮੁਕੇਰੀਆਂ 'ਚ ਕਾਂਗਰਸ ਨੂੰ ਅਕਾਲੀ-ਭਾਜਪਾ ਗਠਜੋੜ ਨਾਲ ਤਕੜਾ ਲੋਹਾ ਲੈਣਾ ਪਵੇਗਾ। ਦੁਆਬੇ 'ਚ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ ਦਾ ਵੀ ਕਾਫੀ ਪ੍ਰਭਾਵ ਹੈ। ਇਨ੍ਹਾਂ ਉਪ ਚੋਣਾਂ 'ਚ ਆਮ ਆਦਮੀ ਪਾਰਟੀ ਜੋ ਲਗਭਗ ਖੇਰੂੰ-ਖੇਰੂੰ ਹੋਈ ਪਈ ਹੈ, ਲਈ ਵੀ ਪ੍ਰੀਖਿਆ ਦੀ ਘੜੀ ਹੈ ਕਿ ਉਹ ਹੁਣ ਕਿੰਨੇ ਪਾਣੀ 'ਚ ਹੈ।

# ਬੇਅਦਬੀ ਕਾਂਡ: ਕੈਪਟਨ ਵਲੋਂ ਬਾਦਲਾਂ ਨੂੰ ਮੁਆਫੀ!

*(ਸਫਾ ਇਕ ਦੀ ਬਾਕੀ)*

ਸਨ ਜੋ ਦਾਅਵਾ ਕਰ ਰਹੇ ਸਨ ਕਿ ਉਹ ਇਹ ਕਬਾੜ ਦੀ ਦੁਕਾਨ ਤੋਂ ਖਰੀਦ ਕੇ ਲਿਆਏ ਹਨ। ਇਨ੍ਹਾਂ ਦੋਵਾਂ ਕਮਿਸ਼ਨਾਂ ਨੇ ਜਾਂਚ ਵਿਚ ਬਾਦਲਾਂ ਵਲ ਉਂਗਲ ਚੁੱਕੀ ਸੀ। ਜਸਟਿਸ ਜ਼ੋਰਾ ਸਿੰਘ ਨੇ ਤਾਂ ਜਨਤਕ ਤੌਰ ਉਤੇ ਐਲਾਨ ਕਰ ਦਿੱਤਾ ਸੀ ਕਿ ਜੇ ਸਰਕਾਰ ਅੱਜ ਵੀ ਉਸ ਦੀ ਰਿਪੋਰਟ ਨੂੰ ਲਾਗੂ ਕਰਦੀ ਹੈ ਤਾਂ ਬਾਦਲਾਂ ਨੂੰ ਜੇਲ੍ਹ ਜਾਣ ਤੋਂ ਕੋਈ ਨਹੀਂ ਰੋਕ ਸਕਦਾ ਪਰ ਕੈਪਟਨ ਸਰਕਾਰ ਨੇ ਰਿਪੋਰਟ ਲਾਗੂ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਤੇ ਵਿਧਾਨ ਸਭਾ ਵਿਚ ਮਤਾ ਪਾਸ ਕਰ ਕੇ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਦਿੱਤੀ। ਇਸ ਸਿੱਟ ਨੇ ਬਾਦਲਾਂ ਤੋਂ ਪੁੱਛਗਿੱਛ ਵੀ ਕੀਤੀ ਅਤੇ ਆਪਣੀ ਜਾਂਚ ਵਿਚ ਇਨ੍ਹਾਂ ਦਾ ਨਾਮ ਵੀ ਲਿਆ ਪਰ ਕੈਪਟਨ ਵਲੋਂ ਤਾਜ਼ਾ ਬਿਆਨਬਾਜ਼ੀ ਇਹੀ ਇਸ਼ਾਰਾ ਕਰਦੀ ਹੈ ਕਿ ਸਰਕਾਰ ਦੇ ਹੱਥ ਬਾਦਲਾਂ ਤੱਕ ਪਹੁੰਚ ਕਰਨ ਤੋਂ ਅਸਮਰੱਥ ਹਨ। ਸਰਕਾਰ ਕੁਝ ਅਫਸਰਾਂ ਨੂੰ ਜੇਲ੍ਹ ਡੱਕ ਕੇ ਮਾਮਲਾ ਰਫਾ-ਦਫਾ ਕਰਨ ਵਿਚ ਜੁਟੀ ਹੋਈ ਹੈ। ਉਧਰ, ਵਿਰੋਧੀ ਧਿਰਾਂ ਸਵਾਲ ਕਰ ਰਹੀਆਂ ਹਨ ਕਿ ਜੇ ਕਾਰਵਾਈ ਨੂੰ ਛੋਟੇ ਅਫਸਰਾਂ ਤੱਕ ਹੀ ਸੀਮਤ ਰੱਖਣਾ ਸੀ ਤਾਂ ਇੰਨੇ ਕਮਿਸ਼ਨ ਬਣਾ ਕੇ ਸਮਾਂ ਬਰਬਾਦ ਕਰਨ ਦੀ ਕੀ ਲੋੜ ਸੀ?

# ਗੁਰਦੁਆਰੇ ਦੇ ਬਾਹਰ ਨਫਰਤੀ ਸੁਨੇਹੇ ਲਿਖਣ ਵਾਲੇ ਨੂੰ ਕੈਦ

**ਲਾਸ ਏਂਜਲਸ:** ਹਾਲੀਵੁੱਡ ਸਿੱਖ ਟੈਂਪਲ, ਵਰਮੌਂਟ ਵਿਚ ਗੁਰਦੁਆਰੇ ਦੇ ਬਾਹਰ ਨਫਰਤੀ ਸੁਨੇਹੇ ਲਿਖਣ ਵਾਲੇ 29 ਵਰ੍ਹਿਆਂ ਦੇ ਵਿਅਕਤੀ ਨੂੰ 16 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਹੈ।

ਲਾਸ ਏਂਜਲਸ ਟਾਈਮਜ਼ ਦੀ ਰਿਪੋਰਟ ਮੁਤਾਬਕ ਆਰਟਿਓਮ ਮਨੂਕਯਨ ਦੀ ਸਜ਼ਾ ਪਹਿਲਾਂ ਤੋਂ ਚਲ ਰਹੇ ਅੱਗਜ਼ਨੀ ਦੇ ਕੇਸ 'ਚ ਮਿਲੀ ਸਜ਼ਾ ਨਾਲ ਬਰਾਬਰ ਚਲੇਗੀ। ਲਾਸ ਏਂਜਲਸ ਦੇ ਪੁਲਿਸ ਵਿਭਾਗ ਮੁਤਾਬਕ ਉਸ ਨੇ ਅਗਸਤ 2017 'ਚ ਗੁਰਦੁਆਰੇ ਦੇ ਬਾਹਰ ਦੋ ਨਫਰਤੀ ਨਾਅਰੇ ਤੇ ਸੁਨੇਹੇ ਲਿਖੇ ਸਨ। ਪੁਲਿਸ ਪਹਿਲਾਂ ਉਸ 'ਤੇ ਨਫਰਤੀ ਜੁਰਮ ਦੇ ਦੋਸ਼ ਲਾਉਣ ਬਾਰੇ ਵਿਚਾਰ ਕਰ ਰਹੀ ਸੀ, ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਕਿ ਸੁਨੇਹੇ ਸਿੱਖ ਭਾਈਚਾਰੇ ਲਈ ਖਤਰਾ ਸਨ। ਰਿਪੋਰਟ ਮੁਤਾਬਕ 2017 ਦੀ ਘਟਨਾ ਤੋਂ ਪਹਿਲਾਂ ਮਨੂਕਯਨ ਨੂੰ ਚੋਰੀ, ਡਕੈਤੀ ਅਤੇ ਧਮਕੀਆਂ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# The Sikh Cultural Society Inc.

95-30, 118th Street, Richmond Hill, NY 11419
Ph: 718-846-333, Fax: 718-441-7305

## Election Notice

Date: 09/01/2019

*To: All Members*

**SUBJECT: ELECTIONS 2019-2022**

**Date of Election: October 20' 2019 (6 AM TO 5 PM)**

*PLACE:* ***Royal India Palace, 118-06 Atlantic Ave, South Richmond Hill, NY 11419 (Near Gurudwara Sahib)***

**GENERAL BODY MEETING: OCTOBER 11' 2019 (3 PM TO 5 PM)**
**NOTE: MEMBERSHIP ID REQUIRED TO ATTEND GBM**

**EXECUTIVE OFFICERS** i.e. President, General Secretary, Treasurer, Vice President, Assistant Secretary, Assistant Treasurer, Chairman and Assistant Chairman of Langar Committee, Chairman of Committee for Education, Recreation & Library, Chairman of Property Maintenance Committee and Chairman of Committee of Public Relations, Each for Full Term till July 2022.

**ELECTION COMMISSIONERS: Three Election Commissioners. Each for Full Term till July 2022.**

**BOARD OF TRUSTEES: EIGHTEEN FOR TERM JULY 2022**
**DATE TO SUBMIT NOMINATIONS: OCTOBER 05' 2019 (12 NOON TO 5 PM)**
**DATE TO WITHDRAW NOMINATIONS: OCTOBER 08' 2019 (3 PM TO 5 PM)**

SURJIT SINGH
Chairman Board of Trustees &
Board Member

JASWINDER SINGH PADDA
Chairman & Election Committee Member
The Sikh Cultural Society Inc.

*Copy To: -*
*1. Mr: Kuldeep S Dhillon - President*

# ਹਰਿਆਣਾ ਅਤੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦਾ ਐਲਾਨ

**ਨਵੀਂ ਦਿੱਲੀ:** ਮਹਾਰਾਸ਼ਟਰ ਅਤੇ ਹਰਿਆਣਾ ਦੀਆਂ ਵਿਧਾਨ ਸਭਾਵਾਂ ਲਈ 21 ਅਕਤੂਬਰ ਨੂੰ ਵੋਟਾਂ ਪੈਣਗੀਆਂ। ਭਾਰਤ ਦੇ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਚੋਣ ਪ੍ਰੋਗਰਾਮ ਦਾ ਐਲਾਨ ਕਰਦਿਆਂ ਦੱਸਿਆ ਕਿ ਦੋਵਾਂ ਰਾਜਾਂ 'ਚ ਇਕ ਪੜਾਅ 'ਚ ਹੋਣ ਵਾਲੀ ਵੋਟਿੰਗ ਪਿਛੋਂ 24 ਅਕਤੂਬਰ ਨੂੰ ਨਤੀਜੇ ਐਲਾਨੇ ਜਾਣਗੇ।

ਲੋਕ ਸਭਾ ਚੋਣਾਂ 2019 ਤੋਂ ਬਾਅਦ ਹੋਣ ਵਾਲੀਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਤੋਂ ਹੀ ਦੋਵਾਂ ਰਾਜਾਂ 'ਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਚੋਣਾਂ ਤੋਂ ਇਲਾਵਾ ਮੁੱਖ ਚੋਣ ਕਮਿਸ਼ਨਰ ਨੇ 63 ਵਿਧਾਨ ਸਭਾ ਤੇ ਇਕ ਲੋਕ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਵੀ ਐਲਾਨ ਕੀਤਾ ਹੈ ਜਿਨ੍ਹਾਂ 'ਚੋਂ ਪੰਜਾਬ ਦੇ ਫਗਵਾੜਾ, ਮੁਕੇਰੀਆਂ, ਦਾਖਾ ਅਤੇ ਜਲਾਲਾਬਾਦ ਵਿਧਾਨ ਸਭਾ ਹਲਕੇ ਦੀਆਂ ਜ਼ਿਮਨੀ ਚੋਣਾਂ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ ਕਰਨਾਟਕ ਦੀਆਂ 15, ਉੱਤਰ ਪ੍ਰਦੇਸ਼ ਦੀਆਂ 11 ਅਤੇ ਬਿਹਾਰ ਦੀਆਂ 6 ਵਿਧਾਨ ਸਭਾ ਸੀਟਾਂ ਲਈ ਵੀ ਜ਼ਿਮਨੀ ਚੋਣਾਂ 21 ਅਕਤੂਬਰ ਨੂੰ ਹੀ ਹੋਣਗੀਆਂ। ਮਹਾਰਾਸ਼ਟਰ ਦੇ 8.94 ਕਰੋੜ ਵੋਟਰ ਅਗਲੀ ਸੂਬਾ ਸਰਕਾਰ ਦੇ ਗਠਨ ਲਈ ਵੋਟਿੰਗ ਦੇ ਹੱਕ ਦਾ ਇਸਤੇਮਾਲ ਕਰਨਗੇ, ਜਿਸ ਲਈ 1.8 ਲੱਖ ਈ.ਵੀ.ਐਮ. ਦਾ ਇਸਤੇਮਾਲ ਕੀਤਾ ਜਾਵੇਗਾ।

ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਕਿਹਾ ਕਿ ਚੋਣ ਕਮਿਸ਼ਨਰ ਖਰਚਿਆਂ 'ਤੇ ਨਜ਼ਰ ਰੱਖਣ ਲਈ ਦੋ ਵਿਸ਼ੇਸ਼ ਨਿਗਰਾਨਾਂ ਨੂੰ ਉਥੇ ਭੇਜੇਗਾ। ਮੌਜੂਦਾ ਸਮੇਂ 'ਚ ਮਹਾਰਾਸ਼ਟਰ ਵਿਚ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਵਾਲੀ ਭਾਜਪਾ-ਸ਼ਿਵ ਸੈਨਾ ਦੀ ਗਠਜੋੜ ਸਰਕਾਰ ਹੈ। 288 ਮੈਂਬਰੀ ਵਿਧਾਨ ਸਭਾ ਦਾ ਕਾਰਜਕਾਲ 9 ਨਵੰਬਰ ਨੂੰ ਖਤਮ ਹੋ ਰਿਹਾ ਹੈ। 2014 'ਚ ਮਹਾਰਾਸ਼ਟਰ ਵਿਚ ਭਾਜਪਾ ਅਤੇ ਉਸ ਦੀ ਗਠਜੋੜ ਭਾਈਵਾਲ ਨੇ ਵੱਖ-ਵੱਖ ਚੋਣਾਂ ਲੜੀਆਂ ਸਨ ਜਿਸ 'ਚ ਭਾਜਪਾ ਨੇ 122 ਅਤੇ ਸ਼ਿਵ ਸੈਨਾ ਨੂੰ 63 ਸੀਟਾਂ ਹਾਸਲ ਹੋਈਆਂ ਸਨ।

ਵਿਧਾਨ ਸਭਾ ਚੋਣਾਂ ਲਈ ਗਠਜੋੜ ਐਲਾਨ ਚੁੱਕੀ ਭਾਜਪਾ ਅਤੇ ਸ਼ਿਵ ਸੈਨਾ ਦਰਮਿਆਨ ਸੀਟਾਂ ਦੀ ਵੰਡ ਨੂੰ ਲੈ ਕੇ ਫਿਲਹਾਲ ਕੋਈ ਅੰਤਿਮ ਫੈਸਲਾ ਲਿਆ ਗਿਆ ਹੈ, ਜਿੱਥੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਦਾ ਹਵਾਲਾ ਦਿੰਦਿਆਂ ਸ਼ਿਵ ਸੈਨਾ ਅੱਧੀਆਂ ਸੀਟਾਂ 'ਤੇ ਚੋਣ ਲੜਨ ਦੀ ਮੰਗ ਕਰ ਰਹੀ ਹੈ। ਉਥੇ ਹਲਕਿਆਂ ਮੁਤਾਬਕ ਭਾਜਪਾ ਸ਼ਿਵ ਸੈਨਾ ਨੂੰ 110 ਤੋਂ 115 ਸੀਟਾਂ ਤੱਕ ਦੇਣ ਦਾ ਵਿਚਾਰ ਕਰ ਰਹੀ ਹੈ। ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਅਤੇ ਕਾਂਗਰਸ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਦਰਮਿਆਨ ਹਾਲ 'ਚ ਹੋਈ ਮੀਟਿੰਗ 'ਚ ਸੀਟਾਂ ਦੀ ਵੰਡ ਨੂੰ ਅੰਤਿਮ ਰੂਪ ਦਿੱਤਾ ਗਿਆ, ਜਿਸ ਤਹਿਤ ਕਾਂਗਰਸ ਅਤੇ ਐਨ.ਸੀ.ਪੀ. 125-125 ਸੀਟਾਂ 'ਤੇ ਚੋਣ ਲੜਨਗੀਆਂ ਜਦਕਿ 38 ਸੀਟਾਂ 'ਤੇ ਹੋਰ ਸਹਿਯੋਗੀ ਪਾਰਟੀਆਂ ਚੋਣ ਲੜਨਗੀਆਂ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਕਿਹਾ ਕਿ ਹਰਿਆਣਾ ਦੇ 1.28 ਕਰੋੜ ਵੋਟਰਾਂ ਲਈ 1.3 ਲੱਖ ਈ.ਵੀ.ਐਮ. ਦਾ ਇਸਤੇਮਾਲ ਕੀਤਾ ਜਾਵੇਗਾ। ਹਰਿਆਣਾ ਦੀਆਂ 90 ਵਿਧਾਨ ਸਭਾ ਸੀਟਾਂ 'ਚੋਂ 47 ਸੀਟਾਂ ਲੈ ਕੇ ਭਾਜਪਾ ਇਸ ਵੇਲੇ ਸੱਤਾ 'ਤੇ ਕਾਬਜ਼ ਹੈ ਜਦਕਿ ਕਾਂਗਰਸ ਕੋਲ 15, ਇਨੈਲੋ 19 ਅਤੇ ਹੋਰਨਾਂ ਕੋਲ 9 ਸੀਟਾਂ ਹਨ। ਮੌਜੂਦਾ ਵਿਧਾਨ ਸਭਾ ਦਾ ਕਾਰਜਕਾਲ 2 ਨਵੰਬਰ ਨੂੰ ਖਤਮ ਹੋ ਰਿਹਾ ਹੈ।


ਚੋਣ ਕਮਿਸ਼ਨ ਵੱਲੋਂ ਉਲੀਕੇ ਪ੍ਰੋਗਰਾਮ ਮੁਤਾਬਿਕ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਭਰਨ ਦੀ ਆਖਰੀ ਤਰੀਕ 4 ਅਕਤੂਬਰ ਹੈ ਜਦਕਿ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਤਰੀਕ 7 ਅਕਤੂਬਰ ਹੈ। ਉਮੀਦਵਾਰਾਂ ਦੀ ਖਰਚ ਹੱਦ 28 ਲੱਖ ਰੁਪਏ ਤੈਅ ਕਰਦਿਆਂ ਮੁੱਖ ਚੋਣ ਕਮਿਸ਼ਨ ਨੇ ਕਿਹਾ ਕਿ ਚੋਣ ਖਰਚੇ ਦੀ ਨਿਗਰਾਨੀ ਲਈ ਵਿਸ਼ੇਸ਼ ਨਿਗਰਾਨ ਨਿਯੁਕਤ ਕੀਤੇ ਜਾਣਗੇ। ਅਪਰਾਧਕ ਰਿਕਾਰਡ ਦੀ ਜਾਣਕਾਰੀ ਨਾ ਦੇਣ 'ਤੇ ਉਮੀਦਵਾਰਾਂ ਦੀ ਨਾਮਜ਼ਦਗੀ ਰੱਦ ਕਰ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਚੋਣਾਂ 'ਚ ਹਿੱਸਾ ਲੈ ਰਹੇ ਉਮੀਦਵਾਰਾਂ ਨੂੰ ਆਪਣੇ ਹਥਿਆਰ ਜਮ੍ਹਾਂ ਕਰਵਾਉਣੇ ਹੋਣਗੇ।

### 63 ਵਿਧਾਨ ਸਭਾ ਤੇ 1 ਲੋਕ ਸਭਾ ਸੀਟ ਲਈ ਵੀ ਹੋਣਗੀਆਂ ਜ਼ਿਮਨੀ ਚੋਣਾਂ

ਚੋਣ ਕਮਿਸ਼ਨ ਨੇ 63 ਵਿਧਾਨ ਸਭਾ ਸੀਟਾਂ ਅਤੇ 1 ਲੋਕ ਸਭਾ ਸੀਟ ਲਈ ਵੀ ਜ਼ਿਮਨੀ ਚੋਣਾਂ ਦਾ ਐਲਾਨ ਕੀਤਾ ਹੈ। ਪੰਜਾਬ ਦੇ 4 ਵਿਧਾਨ ਸਭਾ ਹਲਕਿਆਂ ਤੋਂ ਇਲਾਵਾ ਬਿਹਾਰ ਦੀਆਂ 5, ਅਸਮ ਦੀਆਂ 4, ਛੱਤੀਸਗੜ੍ਹ ਦੀ 1, ਗੁਜਰਾਤ ਦੀਆਂ 4, ਹਿਮਾਚਲ ਪ੍ਰਦੇਸ਼ ਦੀਆਂ 2 ਅਤੇ ਕਰਨਾਟਕ ਦੀਆਂ 15 ਸੀਟਾਂ 'ਤੇ ਵੀ ਜ਼ਿਮਨੀ ਚੋਣਾਂ ਹੋਣਗੀਆਂ। ਇਸ ਤੋਂ ਇਲਾਵਾ ਕੇਰਲ ਦੀਆਂ 5, ਮੱਧ ਪ੍ਰਦੇਸ਼, ਮੇਘਾਲਿਆ, ਉੜੀਸਾ, ਤੇਲੰਗਾਨਾ ਅਤੇ ਪੁਡੂਚੇਰੀ ਦੀ ਇਕ-ਇਕ ਵਿਧਾਨ ਸਭਾ ਸੀਟ ਅਤੇ ਰਾਜਸਥਾਨ ਦੀਆਂ 2, ਸਿੱਕਮ ਦੀਆਂ 3, ਤਾਮਿਲਨਾਡੂ ਦੀਆਂ 2 ਅਤੇ ਉੱਤਰ ਪ੍ਰਦੇਸ਼ ਦੀਆਂ 11 ਸੀਟਾਂ 'ਤੇ ਵੀ ਜ਼ਿਮਨੀ ਚੋਣਾਂ ਹੋਣਗੀਆਂ। ਚੋਣਾਂ 'ਚ ਉਮੀਦਵਾਰਾਂ ਵਲੋਂ ਨਾਮਜ਼ਦਗੀ ਭਰਨ ਦੀ ਆਖਰੀ ਤਰੀਕ 30 ਸਤੰਬਰ ਹੈ ਜਦਕਿ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਤਰੀਕ 3 ਅਕਤੂਬਰ ਹੈ।

## ਭਾਜਪਾ ਪੰਜਾਬ 'ਚ ਵੱਧ ਸੀਟਾਂ ਉਤੇ ਚੋਣਾਂ ਲੜਨ ਦੀ ਚਾਹਵਾਨ

**ਸ੍ਰੀ ਆਨੰਦਪੁਰ ਸਾਹਿਬ:** ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਅਤੇ ਪਾਰਟੀ ਦੇ ਪੰਜਾਬ ਦੇ ਨਿਗਰਾਨ ਤੇ ਰਾਜ ਸਭਾ ਮੈਂਬਰ ਪ੍ਰਭਾਤ ਝਾਅ ਨੇ ਪੰਜਾਬ ਵਿਚ ਵੱਧ ਸੀਟਾਂ ਉਤੇ ਚੋਣ ਲੜਨ ਦੀ ਇੱਛਾ ਪ੍ਰਗਟ ਕਰਦਿਆਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਭਾਰਤੀ ਜਨਤਾ ਪਾਰਟੀ (ਭਾਜਪਾ) ਲਈ ਅਤੇ ਪੰਜਾਬ ਵਿਚ ਦੋਵਾਂ ਪਾਰਟੀਆਂ ਦੇ ਗੱਠਜੋੜ ਵਾਸਤੇ ਆਦਰਸ਼ ਹਨ, ਜਿਨ੍ਹਾਂ ਦਾ ਸਤਿਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਪੈਰੀਂ ਹੱਥ ਲਗਾ ਕੇ ਕਰਦੇ ਹਨ।




ਸ਼ਵੇਤ ਮਲਿਕ ਅਤੇ ਪ੍ਰਭਾਤ ਝਾਅ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਆਨੰਦਪੁਰ ਸਾਹਿਬ ਹਲਕੇ ਵਿਚ ਭਾਜਪਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਹੀ ਕੀਤੀ ਗਈ ਰੈਲੀ ਵਿਚ ਹਿੱਸਾ ਲਿਆ। ਰੈਲੀ ਨੂੰ ਸੰਬੋਧਨ ਕਰਦਿਆਂ ਇਨ੍ਹਾਂ ਆਗੂਆਂ ਨੇ ਕਿਹਾ ਕਿ 'ਭਾਜਪਾ ਸੰਗਠਨ ਉਤਸਵ-2019' ਮੈਂਬਰਸ਼ਿਪ ਮੁਹਿੰਮ ਤਹਿਤ ਰੈਲੀ ਦਾ ਪ੍ਰਬੰਧ ਕੀਤਾ ਗਿਆ ਹੈ।

ਦੋਵਾਂ ਆਗੂਆਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿਚ ਅਜੇ ਕਾਫੀ ਸਮਾਂ ਹੈ। ਪੰਜਾਬ ਵਿਚ ਉਨ੍ਹਾਂ ਦੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਹੈ ਤੇ ਇਹ ਪਵਿੱਤਰ ਗੱਠਜੋੜ ਹੈ। ਪ੍ਰਕਾਸ਼ ਸਿੰਘ ਬਾਦਲ ਭਾਜਪਾ ਅਤੇ ਗੱਠਜੋੜ ਵਾਸਤੇ ਆਦਰਸ਼ ਹਨ ਪਰ ਹਰੇਕ ਪਾਰਟੀ ਦੀ ਇੱਛਾ ਹੁੰਦੀ ਹੈ ਕਿ ਉਹ ਵੱਧ ਸੀਟਾਂ ਉਤੇ ਚੋਣ ਲੜੇ ਅਤੇ ਇਸ ਬਾਰੇ ਫੈਸਲਾ ਸਮਾਂ ਆਉਣ 'ਤੇ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪਾਰਟੀ ਨੇ ਪੰਜਾਬ ਵਿਚ ਦੋ ਲੱਖ ਮੈਂਬਰ ਬਣਾਉਣ ਦਾ ਟੀਚਾ ਮਿਥਿਆ ਸੀ, ਜੋ ਕਿ 7 ਲੱਖ ਦਾ ਅੰਕੜਾ ਪਾਰ ਕਰ ਚੁੱਕਾ ਹੈ ਅਤੇ ਹੁਣ 10 ਲੱਖ ਦਾ ਟੀਚਾ ਮਿਥਿਆ ਗਿਆ ਹੈ, ਜਿਸ ਨੂੰ ਜਲਦੀ ਪੂਰਾ ਕੀਤਾ ਜਾਵੇਗਾ।


## ਚੋਣਾਂ ਦੇ ਐਲਾਨ ਪਿੱਛੋਂ ਹਰਿਆਣਾ 'ਚ ਸਿਆਸੀ ਮਾਹੌਲ ਭਖਿਆ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਵੱਲੋਂ ਹਰਿਆਣਾ ਵਿਧਾਨ ਸਭਾ ਚੋਣਾਂ 21 ਅਕਤੂਬਰ ਨੂੰ ਕਰਵਾਏ ਜਾਣ ਦੇ ਐਲਾਨ ਮਗਰੋਂ ਸੂਬੇ ਵਿਚ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਹਰਿਆਣਾ ਦੀਆਂ ਸਮੂਹ 90 ਸੀਟਾਂ ਲਈ 21 ਅਕਤੂਬਰ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 24 ਅਕਤੂਬਰ ਨੂੰ ਐਲਾਨੇ ਜਾਣਗੇ।

ਚੋਣਾਂ ਦੇ ਐਲਾਨ ਤੋਂ ਬਾਅਦ ਹਰਿਆਣਾ ਵਿਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਨਾਮਜ਼ਦਗੀਆਂ ਭਰਨ ਦੀ ਅੰਤਿਮ ਤਰੀਕ 4 ਅਕਤੂਬਰ ਮਿਥੀ ਗਈ ਹੈ। ਕਾਗਜ਼ 7 ਅਕਤੂਬਰ ਤੱਕ ਵਾਪਸ ਲਏ ਜਾ ਸਕਣਗੇ। ਇਨ੍ਹਾਂ ਚੋਣਾਂ ਲਈ ਹਰਿਆਣਾ ਦੀਆਂ ਸਾਰੀਆਂ ਪਾਰਟੀਆਂ ਨੇ ਪਹਿਲਾਂ ਹੀ ਸਰਗਰਮੀਆਂ ਵਿੱਢ ਦਿੱਤੀਆਂ ਸਨ ਅਤੇ ਕਈ ਪਾਰਟੀਆਂ ਜਿਵੇਂ ਸਵਰਾਜ ਇੰਡੀਆ ਤੇ ਜਨਨਾਇਕ ਜਨਤਾ ਪਾਰਟੀ (ਜੇਜੇਪੀ) ਨੇ ਤਾਂ ਕੁਝ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ। ਇਨ੍ਹਾਂ ਚੋਣਾਂ ਵਿਚ ਫਿਲਹਾਲ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਪਲੜਾ ਭਾਰੀ ਲੱਗ ਰਿਹਾ ਹੈ। ਦਰਅਸਲ ਮੁੱਖ ਵਿਰੋਧੀ ਧਿਰਾਂ ਕਾਂਗਰਸ ਅਤੇ ਇਨੈਲੋ ਵਿਚਲੀ ਫੁੱਟ ਦਾ ਸੱਤਾਧਾਰੀ ਪਾਰਟੀ ਪੂਰਾ ਲਾਭ ਉਠਾਉਣ ਦੇ ਯਤਨਾਂ ਵਿਚ ਹੈ।

ਕਾਂਗਰਸ ਦੇ ਹਰਿਆਣਾ ਦੇ ਸਾਬਕਾ ਪ੍ਰਧਾਨ ਅਸ਼ੋਕ ਤੰਵਰ ਅਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵਿਚਕਾਰ ਪਿਛਲੇ ਲੰਮੇ ਸਮੇਂ ਤੋਂ ਖਿੱਚੋਤਾਣ ਚੱਲਦੀ ਆ ਰਹੀ ਸੀ। ਇਸ ਨੂੰ ਮੁੱਖ ਰੱਖਦਿਆਂ ਕਾਂਗਰਸ ਹਾਈਕਮਾਂਡ ਵੱਲੋਂ ਪਿਛਲੇ ਦਿਨੀਂ ਹੀ ਸ੍ਰੀ ਤੰਵਰ ਦੀ ਥਾਂ ਕੁਮਾਰੀ ਸੈਲਜਾ ਨੂੰ ਸੂਬੇ ਦੀ ਪ੍ਰਧਾਨ ਬਣਾਇਆ ਗਿਆ ਹੈ। ਦਰਅਸਲ ਪਿਛਲੇ ਸਮੇਂ ਤੋਂ ਸ੍ਰੀ ਹੁੱਡਾ ਨੇ ਆਪਣੀਆਂ ਸਰਗਰਮੀਆਂ ਵੱਖਰੀਆਂ ਵਿੱਢ ਦਿੱਤੀਆਂ ਸਨ, ਜਿਸ ਕਰਨ ਹਾਈਕਮਾਂਡ ਨੂੰ ਹੰਗਾਮੀ ਹਾਲਤ ਵਿਚ ਸ੍ਰੀ ਹੁੱਡਾ ਨੂੰ ਸ਼ਾਂਤ ਕਰਨ ਲਈ ਤੰਵਰ ਨੂੰ ਲਾਂਭੇ ਕਰਨਾ ਪਿਆ ਸੀ। ਤੰਵਰ ਦਾ ਧੜਾ ਫਿਲਹਾਲ ਵੱਖਰੀਆਂ ਸਰਗਰਮੀਆਂ ਚਲਾ ਰਿਹਾ ਹੈ। ਇਸੇ ਤਰ੍ਹਾਂ ਚੌਟਾਲਾ ਪਰਿਵਾਰ ਵਿਚ ਦੋਫਾੜ ਪੈਣ ਕਾਰਨ ਮੁੱਖ ਵਿਰੋਧੀ ਧਿਰ ਇਨੈਲੋ ਦੀ ਸਥਿਤੀ ਵੀ ਬਹੁਤੀ ਚੰਗੀ ਨਹੀਂ ਹੈ। ਇਨੈਲੋ ਦੇ ਸੁਪਰੀਮੋ ਓਮ ਪ੍ਰਕਾਸ਼ ਚੌਟਾਲਾ ਦੇ ਦੋ ਪੁੱਤਰ ਅਭੈ ਚੌਟਾਲਾ ਅਤੇ ਅਜੈ ਚੌਟਾਲਾ ਵਿਚਕਾਰ ਪੂਰੀ ਤਰ੍ਹਾਂ ਸਿਆਸੀ ਦਰਾੜ ਪੈ ਚੁੱਕੀ ਹੈ। ਅਜੈ ਚੌਟਾਲਾ ਦੇ ਪੁੱਤਰ ਤੇ ਸਾਬਕਾ ਸੰਸਦ ਮੈਂਬਰ ਦੁਸ਼ਿਅੰਤ ਚੌਟਾਲਾ ਵੱਲੋਂ ਵੱਖਰੀ ਪਾਰਟੀ (ਜੇ.ਜੇ.ਪੀ.) ਬਣਾਉਣ ਕਾਰਨ ਦੋਵਾਂ ਨੇ ਵੱਖੋ-ਵੱਖਰੇ ਰਸਤੇ ਫੜ ਲਏ ਹਨ। ਇਸ ਦਾ ਸਿੱਧਾ ਲਾਭ ਹੁਕਮਰਾਨ ਪਾਰਟੀ ਭਾਜਪਾ ਨੂੰ ਹੋ ਸਕਦਾ ਹੈ।

ਪਿਛਲੇ ਸਮੇਂ ਓਮ ਪ੍ਰਕਾਸ਼ ਚੌਟਾਲਾ ਨੇ ਦੋਵਾਂ ਪੁੱਤਰਾਂ ਨੂੰ ਸਿਆਸੀ ਤੌਰ ਉਤੇ ਇਕ ਕਰਨ ਦੇ ਯਤਨ ਵਿੱਢੇ ਸਨ ਪਰ ਇਸੇ ਦੌਰਾਨ ਜੇ.ਜੇ.ਪੀ. ਦੇ ਦੁਸ਼ਿਅੰਤ ਚੌਟਾਲਾ ਵੱਲੋਂ ਆਪਣੇ ਕੁਝ ਉਮੀਦਵਾਰਾਂ ਦਾ ਐਲਾਨ ਕਰਨ ਕਾਰਨ ਮੁੜ ਕੁੜੱਤਣ ਪੈਦਾ ਹੋ ਗਈ ਜਾਪਦੀ ਹੈ। ਇਸ ਵਾਰ ਆਮ ਆਦਮੀ ਪਾਰਟੀ (ਆਪ) ਵੀ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਿਸਮਤ ਅਜ਼ਮਾ ਰਹੀ ਹੈ ਅਤੇ ਇਸ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਿਛਲੇ ਸਮੇਂ ਲੋਕ ਸਭਾ ਚੋਣਾਂ ਵੇਲੇ ਹਰਿਆਣਾ ਵਿਚ ਕਾਫੀ ਸਰਗਰਮ ਰਹੇ ਸਨ। ਦੂਜੇ ਪਾਸੇ 'ਆਪ' ਵਿਚੋਂ ਨਿਕਲੇ ਯੋਗਿੰਦਰ ਯਾਦਵ ਦੀ ਸਵਰਾਜ ਇੰਡੀਆ ਪਾਰਟੀ ਵੀ ਪੂਰੇ ਜ਼ੋਰ ਨਾਲ ਹਰਿਆਣਾ ਦੀਆਂ ਚੋਣਾਂ ਵਿਚ ਉੱਤਰ ਰਹੀ ਹੈ। ਇਸ ਪਾਰਟੀ ਨੇ ਕਈ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਸ੍ਰੀ ਯਾਦਵ ਨੇ ਐਲਾਨ ਕੀਤਾ ਕਿ ਉਹ ਸੂਬੇ ਵਿਚਲੀ ਬੇਰੁਜ਼ਗਾਰੀ ਨੂੰ ਮੁੱਦਾ ਬਣਾ ਕੇ ਚੋਣਾਂ ਲੜਨਗੇ, ਕਿਉਂਕਿ ਹਰਿਆਣਾ ਵਿਚ ਬੇਰੁਜ਼ਗਾਰਾਂ ਦਾ ਅੰਕੜਾ 20 ਲੱਖ ਨੂੰ ਪਾਰ ਕਰ ਗਿਆ ਹੈ।



### ਭਾਜਪਾ ਵੱਲੋਂ ਵੱਡੀ ਜਿੱਤ ਦਾ ਦਾਅਵਾ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਦਾਅਵਾ ਕੀਤਾ ਕਿ ਭਾਜਪਾ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਵਿਚ 75 ਤੋਂ ਵਧ ਸੀਟਾਂ ਹਾਸਲ ਕਰੇਗੀ। ਵਿਰੋਧੀ ਦੋਫਾੜ ਹਨ ਤੇ ਉਨ੍ਹਾਂ ਵਿਚ ਭਾਜੜ ਮੱਚੀ ਹੋਈ ਹੈ, ਜਿਸ ਦਾ ਸੱਤਾਧਾਰੀ ਪਾਰਟੀ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਸਾਰੀਆਂ 90 ਸੀਟਾਂ ਉਤੇ ਮਜ਼ਬੂਤ ਹੈ। ਸੂਬਾ ਇਕਾਈ ਨੇ ਚੋਣਾਂ ਦੀਆਂ ਸਾਰੀਆਂ ਤਿਆਰੀ ਮੁਕੰਮਲ ਕਰ ਲਈਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਟਿਕਟ ਸਾਫ ਅਕਸ ਅਤੇ ਪਾਰਟੀ ਦੀ ਵਿਚਾਰਧਾਰਾ ਮੰਨਣ ਵਾਲਿਆਂ ਨੂੰ ਹੀ ਦਿੱਤੀ ਜਾਵੇਗੀ।

# ਫਗਵਾੜਾ, ਜਲਾਲਾਬਾਦ, ਮੁਕੇਰੀਆਂ ਤੇ ਦਾਖਾ ਜ਼ਿਮਨੀ ਚੋਣ 21 ਨੂੰ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਨੇ ਵਿਧਾਨ ਸਭਾ ਹਲਕਾ ਫਗਵਾੜਾ (ਐਸ.ਸੀ.), ਮੁਕੇਰੀਆਂ, ਦਾਖਾ ਅਤੇ ਜਲਾਲਾਬਾਦ 'ਚ ਜ਼ਿਮਨੀ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦਫਤਰ ਮੁੱਖ ਚੋਣ ਅਫਸਰ ਪੰਜਾਬ ਡਾ. ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਇਨ੍ਹਾਂ ਜ਼ਿਮਨੀ ਚੋਣਾਂ ਸਬੰਧੀ ਨੋਟੀਫਿਕੇਸ਼ਨ 23 ਸਤੰਬਰ ਨੂੰ ਜਾਰੀ ਕੀਤਾ ਜਾਵੇਗਾ ਤੇ ਨਾਮਜ਼ਦਗੀਆਂ ਦਾਖਲ ਕਰਨ ਦੀ ਪ੍ਰਕ੍ਰਿਆ ਸ਼ੁਰੂ ਹੋ ਜਾਵੇਗੀ ਜਦਕਿ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਅੰਤਿਮ ਮਿਤੀ 30 ਸਤੰਬਰ ਹੈ।

ਡਾ. ਰਾਜੂ ਨੇ ਦੱਸਿਆ ਕਿ ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ 1 ਅਕਤੂਬਰ ਨੂੰ ਕੀਤੀ ਜਾਵੇਗੀ ਅਤੇ ਕਾਗਜ਼ ਵਾਪਸ ਲੈਣ ਦੀ ਆਖਰੀ ਤਰੀਕ 3 ਅਕਤੂਬਰ ਮਿਥੀ ਗਈ ਹੈ। ਉਨ੍ਹਾਂ ਦੱਸਿਆ ਕਿ 21 ਅਕਤੂਬਰ ਨੂੰ ਵੋਟਾਂ ਪੈਣਗੀਆਂ ਤੇ ਵੋਟਾਂ ਦੀ ਗਿਣਤੀ ਤੋਂ ਨਤੀਜੇ ਦਾ ਐਲਾਨ 24 ਅਕਤੂਬਰ ਨੂੰ ਕੀਤਾ ਜਾਵੇਗਾ। ਡਾ. ਰਾਜੂ ਨੇ ਦੱਸਿਆ ਕਿ ਜ਼ਿਮਨੀ ਚੋਣ ਦੇ ਮੱਦੇਨਜ਼ਰ ਫਗਵਾੜਾ, ਮੁਕੇਰੀਆਂ, ਦਾਖਾ ਤੇ ਜਲਾਲਾਬਾਦ ਵਿਧਾਨ ਸਭਾ ਹਲਕਿਆਂ ਅਧੀਨ ਆਉਂਦੇ ਖੇਤਰਾਂ 'ਚ ਤੁਰੰਤ ਪ੍ਰਭਾਵ ਨਾਲ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਮੁੱਖ ਚੋਣ ਅਫਸਰ ਅਨੁਸਾਰ ਚੋਣਾਂ 'ਚ ਚੋਣ ਲੜ ਰਿਹਾ ਉਮੀਦਵਾਰ ਵੱਧ ਤੋਂ ਵੱਧ 28 ਲੱਖ ਰੁਪਏ ਚੋਣ ਪ੍ਰਚਾਰ 'ਤੇ ਖਰਚ ਸਕਦਾ ਹੈ। ਇਸ ਤੋਂ ਇਲਾਵਾ ਸਬੰਧਿਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਚੋਣ ਜ਼ਾਬਤੇ ਸਬੰਧੀ ਮੁੱਖ ਚੋਣ ਅਫਸਰ ਵੱਲੋਂ ਹੁਕਮ ਦੇ ਦਿੱਤੇ ਗਏ ਹਨ।

ਜ਼ਿਕਰਯੋਗ ਹੈ ਕਿ ਜਲਾਲਾਬਾਦ ਦੀ ਸੀਟ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਫਿਰੋਜ਼ਪੁਰ ਲੋਕ ਸਭਾ ਚੋਣ ਜਿੱਤਣ ਪਿਛੋਂ ਖਾਲੀ ਹੈ ਜਦਕਿ ਫਗਵਾੜਾ ਸੀਟ ਵੀ ਸੋਮ ਪ੍ਰਕਾਸ਼ ਦੇ ਹੁਸ਼ਿਆਰਪੁਰ ਤੋਂ ਲੋਕ ਸਭਾ ਚੋਣ ਜਿੱਤਣ ਪਿਛੋਂ ਖਾਲੀ ਪਈ ਸੀ। ਮੁਕੇਰੀਆਂ ਤੋਂ ਵਿਧਾਇਕ ਅਤੇ ਕਾਂਗਰਸੀ ਨੇਤਾ ਰਜਨੀਸ਼ ਕੁਮਾਰ ਬੱਬੀ ਦੀ ਮੌਤ ਤੋਂ ਬਾਅਦ ਇੱਥੇ ਜ਼ਿਮਨੀ ਚੋਣਾਂ ਹੋ ਰਹੀਆਂ ਹਨ ਜਦਕਿ ਦਾਖਾ ਤੋਂ 'ਆਪ' ਦੇ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਵੱਲੋਂ ਅਸਤੀਫਾ ਦੇਣ ਤੋਂ ਬਾਅਦ ਇਹ ਸੀਟ ਖਾਲੀ ਹੋਈ ਸੀ। ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਹੋਈ ਚੋਣ ਸਹਿਮਤੀ ਮੁਤਾਬਿਕ ਭਾਜਪਾ ਫਗਵਾੜਾ ਅਤੇ ਮੁਕੇਰੀਆਂ ਤੋਂ ਆਪਣੇ ਉਮੀਦਵਾਰ ਖੜ੍ਹੇ ਕਰੇਗੀ ਜਦਕਿ ਸ਼੍ਰੋਮਣੀ ਅਕਾਲੀ ਦਲ ਜਲਾਲਾਬਾਦ ਅਤੇ ਦਾਖਾ ਤੋਂ ਆਪਣੇ ਉਮੀਦਵਾਰ ਉਤਾਰੇਗਾ।

### ਜ਼ਿਮਨੀ ਚੋਣਾਂ 'ਚ ਕਾਂਗਰਸ ਨੂੰ ਸਬਕ ਸਿਖਾਵਾਂਗੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸੂਬੇ ਵਿਚ ਜ਼ਿਮਨੀ ਚੋਣਾਂ ਦੌਰਾਨ ਪੰਜਾਬ ਦੀ ਸੱਤਾਧਾਰੀ ਪਾਰਟੀ ਕਾਂਗਰਸ ਨੂੰ ਸਬਕ ਸਿਖਾਉਣ ਲਈ ਤਿਆਰ ਹੈ। ਚੋਣ ਕਮਿਸ਼ਨ ਨੂੰ ਪੰਜਾਬ ਵਿਚ ਨਿਰਪੱਖ ਅਤੇ ਆਜ਼ਾਦ ਚੋਣਾਂ ਯਕੀਨੀ ਬਣਾਏ ਜਾਣ ਦੀ ਅਪੀਲ ਕਰਦਿਆਂ ਸ੍ਰੀ ਬਾਦਲ ਨੇ ਦੋਸ਼ ਲਾਇਆ ਕਿ ਜ਼ਲਾਲਤ ਤੋਂ ਬਚਣ ਲਈ ਸੂਬੇ ਦੀ ਸੱਤਾਧਿਰ ਜ਼ਿਮਨੀ ਚੋਣਾਂ ਵਿਚ ਧਾਂਦਲੀਆਂ ਕਰਨ ਤੋਂ ਗੁਰੇਜ਼ ਨਹੀਂ ਕਰੇਗੀ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਵਿਚ ਸਰਕਾਰੀ ਕੰਮਾਂ ਦਾ ਮਾੜਾ ਹਾਲ ਹੈ ਅਤੇ ਲੋਕ ਮੁੱਢਲੀਆਂ ਸਹੂਲਤਾਂ ਨੂੰ ਵੀ ਤਰਸ ਰਹੇ ਹਨ। ਸ੍ਰੀ ਬਾਦਲ ਨੇ ਦਾਅਵਾ ਕੀਤਾ ਕਿ ਕਾਂਗਰਸ ਹਾਰ ਵੱਲ ਵਧ ਰਹੀ ਹੈ ਅਤੇ ਉਸ ਵੱਲੋਂ ਆਪਣੇ ਪੂਰਨ ਸਫਾਏ ਤੋਂ ਬਚਣ ਲਈ ਸਰਕਾਰੀ ਮਸ਼ੀਨਰੀ ਦੀ ਰੱਜ ਕੇ ਦੁਰਵਰਤੋਂ ਕੀਤੀ ਜਾਵੇਗੀ।

### ਕਾਂਗਰਸ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ: ਕੈਪਟਨ

**ਲੁਧਿਆਣਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਦੀਆਂ 21 ਅਕਤੂਬਰ ਨੂੰ ਹੋਣ ਵਾਲੀਆਂ ਜ਼ਿਮਨੀ ਚੋਣਾਂ 'ਚ ਕਾਂਗਰਸ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਚੋਣ ਲੜਨ ਲਈ ਤਿਆਰ ਬਰ ਤਿਆਰ ਹੈ ਤੇ ਪਾਰਟੀ ਵੱਲੋਂ ਚੋਣ ਜਿੱਤਣ ਦੀ ਸਮਰੱਥਾ ਰੱਖਣ ਵਾਲੇ ਉਮੀਦਵਾਰਾਂ ਨੂੰ ਹੀ ਚੋਣ ਮੈਦਾਨ 'ਚ ਉਤਾਰਿਆ ਜਾਵੇਗਾ ਜਿਸ ਦਾ ਐਲਾਨ ਢੁਕਵੇਂ ਸਮੇਂ 'ਤੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਆਪਣੇ ਹੁਣ ਤੱਕ ਦੇ ਕਾਰਜਕਾਲ 'ਚ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਹਰ ਉਪਰਾਲਾ ਕੀਤਾ ਗਿਆ ਹੈ, ਜਿਸ ਕਾਰਨ ਹਲਕਾ ਦਾਖਾ, ਜਲਾਲਾਬਾਦ, ਫਗਵਾੜਾ ਤੇ ਮੁਕੇਰੀਆਂ ਦੇ ਵੋਟਰ ਕਾਂਗਰਸ ਦੇ ਹੱਕ 'ਚ ਆਪਣੀ ਵੋਟ ਦਾ ਇਸਤੇਮਾਲ ਕਰਨਗੇ।



# ਸਿਆਸੀ ਸਲਾਹਕਾਰਾਂ ਨੂੰ ਲਾਭ ਦੇ ਅਹੁਦਿਆਂ ਤੋਂ ਕੱਢਣ ਦੀਆਂ ਜੁਗਤਾਂ 'ਚ ਜੁਟੀ ਸਰਕਾਰ

**ਡੇਰਾ ਬਾਬਾ ਨਾਨਕ (ਬਟਾਲਾ):** ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਕਸਬਾ ਡੇਰਾ ਬਾਬਾ ਨਾਨਕ ਵਿਚ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਹੋਈ, ਜਿਸ ਵਿਚ ਸਾਰਾ ਜ਼ੋਰ ਸਿਆਸੀ ਸਲਾਹਕਾਰਾਂ ਨੂੰ ਲਾਭ ਦੇ ਅਹੁਦੇ 'ਚੋਂ ਕੱਢਣ ਬਾਰੇ ਰਣਨੀਤੀ ਬਣਾਉਣ ਉਤੇ ਲਾਇਆ ਗਿਆ।

ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਮੰਤਰੀ ਮੰਡਲ ਨੇ ਮੁੱਖ ਮੰਤਰੀ ਦੇ ਸਲਾਹਕਾਰ (ਰਾਜਸੀ) ਅਤੇ ਸਲਾਹਕਾਰ (ਯੋਜਨਾ) ਨੂੰ 'ਦਿ ਪੰਜਾਬ ਸਟੇਟ ਲੈਜਿਸਲੇਚਰ (ਪ੍ਰੀਵੈਨਸ਼ਨ ਆਫ ਡਿਸਕੁਆਲੀਫਿਕੇਸ਼ਨ) ਐਕਟ-1952' ਦੇ ਘੇਰੇ ਵਿਚੋਂ ਬਾਹਰ ਕੱਢਣ ਲਈ ਆਰਡੀਨੈਂਸ ਲਿਆਉਣ ਦਾ ਫੈਸਲਾ ਕੀਤਾ। ਇਸ ਆਰਡੀਨੈਂਸ ਰਾਹੀਂ ਕਾਨੂੰਨ ਵਿਚ ਸੋਧ ਕੀਤੀ ਜਾਵੇਗੀ ਕਿ ਇਹ ਅਹੁਦੇ ਉਨ੍ਹਾਂ ਅਹੁਦਿਆਂ ਦੀ ਸੂਚੀ ਵਿਚ ਸ਼ਾਮਲ ਹੋਣਗੇ ਜੋ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਦੇ ਉਦੇਸ਼ ਲਈ ਲਾਭ ਵਾਲੇ ਅਹੁਦਿਆਂ ਵਜੋਂ ਨਹੀਂ ਵਿਚਾਰੇ ਜਾਂਦੇ। ਇਸ ਸੋਧ ਨਾਲ ਇਨ੍ਹਾਂ ਵਿਧਾਇਕਾਂ ਨੂੰ ਅਯੋਗ ਨਹੀਂ ਠਹਿਰਾਇਆ ਜਾ ਸਕੇਗਾ।

ਸੂਬਾਈ ਵਿਧਾਨ ਸਭਾ ਦੇ ਮੈਂਬਰ ਹੋਣ ਦੇ ਨਾਤੇ ਕੁਝ ਲਾਭ ਵਾਲੇ ਅਹੁਦਿਆਂ ਦੇ ਧਾਰਕਾਂ ਨੂੰ ਅਯੋਗ ਨਾ ਠਹਿਰਾਉਣ ਲਈ ਭਾਰਤੀ ਸੰਵਿਧਾਨ ਦੀ ਧਾਰਾ 191 ਅਧੀਨ 'ਦਿ ਪੰਜਾਬ ਸਟੇਟ ਲੈਜਿਸਲੇਚਰ (ਪ੍ਰੀਵੈਨਸ਼ਨ ਆਫ ਡਿਸਕੁਆਲੀਫਿਕੇਸ਼ਨ) ਐਕਟ-1952' ਬਣਾਇਆ ਗਿਆ ਸੀ। ਸਾਲ 1952 ਵਿਚ ਬਣਾਏ ਗਏ ਇਸ ਐਕਟ ਵਿਚ ਸਮੇਂ-ਸਮੇਂ ਉਤੇ ਛੋਟੀਆਂ ਸੋਧੀਆਂ ਕੀਤੀ ਗਈਆਂ ਪਰ ਅਜਿਹੀਆਂ ਸੋਧਾਂ ਕਰਦੇ ਸਮੇਂ ਅਜੋਕੇ ਸਮੇਂ ਦੀਆਂ ਪ੍ਰਸ਼ਾਸਨਿਕ ਗੁੰਝਲਾਂ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ।

ਇਸ ਤੋਂ ਇਲਾਵਾ ਐਕਟ ਵਿਚ ਸੋਧ



ਕਰਦਿਆਂ ਵੱਖ-ਵੱਖ ਸੰਸਦੀ ਕਮੇਟੀਆਂ ਦੀਆਂ ਲਾਭ ਵਾਲੇ ਅਹੁਦਿਆਂ ਸਬੰਧੀ ਰਿਪੋਰਟਾਂ ਨੂੰ ਨਹੀਂ ਵਿਚਾਰਿਆ ਗਿਆ। ਇਸ ਲਈ ਇਹ ਵਿਚਾਰ ਕੀਤਾ ਗਿਆ ਕਿ 'ਦਿ ਪੰਜਾਬ ਸਟੇਟ ਲੈਜਿਸਲੇਚਰ (ਪ੍ਰੀਵੈਨਸ਼ਨ ਆਫ ਡਿਸਕੁਆਲੀਫਿਕੇਸ਼ਨ) ਐਕਟ-1952' ਦੇ ਸੈਕਸ਼ਨ-2 ਵਿਚ ਸੋਧ ਦੀ ਲੋੜ ਹੈ। ਮੰਤਰੀ ਮੰਡਲ ਨੇ ਇਸ ਐਕਟ ਦੇ ਸੈਕਸ਼ਨ-2 ਵਿਚ ਸੋਧ ਕਰਕੇ ਧਾਰਾ (ਪੀ) ਤੋਂ ਬਾਅਦ ਨਵੀਂ ਧਾਰਾ(ਕਿਉ) ਜੋੜਨ ਦੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਮੁੱਖ ਮੰਤਰੀ ਦੇ ਸਲਾਹਕਾਰ (ਸਿਆਸੀ) ਅਤੇ ਸਲਾਹਕਾਰ (ਯੋਜਨਾ) ਦਾ ਵਿਸਥਾਰ ਹੋ ਜਾਵੇਗਾ। ਮੰਤਰੀ ਮੰਡਲ ਨੇ ਆਰਡੀਨੈਂਸ ਦੇ ਖਰੜੇ ਨੂੰ ਮਨਜ਼ੂਰੀ ਦੇਣ ਅਤੇ ਇਸ ਨੂੰ ਜਾਰੀ ਕਰਨ ਲਈ ਰਾਜਪਾਲ ਨੂੰ ਸਿਫਾਰਸ਼ ਕਰਨ ਲਈ ਅਧਿਕਾਰਤ ਕੀਤਾ ਹੈ।

ਸੰਵਿਧਾਨ ਦੀ ਧਾਰਾ 213 ਤਹਿਤ ਜਦੋਂ ਵੀ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਹੋਵੇ, ਨੂੰ ਛੱਡ ਕੇ ਅਤੇ ਰਾਜਪਾਲ ਦੀ ਸੰਤੁਸ਼ਟੀ ਹੋਵੇ ਕਿ ਹਾਲਾਤ ਮੁਤਾਬਕ ਕਾਰਵਾਈ ਲਾਜ਼ਮੀ ਹੈ ਤਾਂ ਉਹ ਅਜਿਹੇ ਹਾਲਾਤ ਦੌਰਾਨ ਆਰਡੀਨੈਂਸ ਜਾਰੀ ਕਰ ਸਕਦਾ ਹੈ। ਪੰਜਾਬ ਵਿਧਾਨ ਸਭਾ ਦਾ ਇਜਲਾਸ ਨਾ ਚੱਲ ਰਿਹਾ ਹੋਣ ਦੀ ਸੂਰਤ ਵਿਚ ਰਾਜਪਾਲ ਪ੍ਰਸਤਾਵਿਤ ਆਰਡੀਨੈਂਸ ਜਾਰੀ ਕਰਨ ਲਈ ਸਮਰੱਥ ਹੈ। ਇਸੇ ਤਰ੍ਹਾਂ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਕੈਬਨਿਟ ਦੀ ਪਲੇਠੀ ਮੀਟਿੰਗ ਦੌਰਾਨ ਜ਼ਿਆਦਾਤਰ ਡੇਰਾ ਬਾਬਾ ਨਾਨਕ ਦੇ ਵਿਕਾਸ ਨੂੰ ਲੈ ਕੇ ਵਿਚਾਰ ਵਟਾਂਦਰਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਤਿਹਾਸਿਕ ਨਗਰ ਦਾ ਇਹ ਵਿਕਾਸ ਹਲਕਾ ਵਿਧਾਇਕ 'ਤੇ ਮੰਤਰੀ ਐਸ.ਐਸ. ਰੰਧਾਵਾ ਦੀ ਅਗਵਾਈ ਵਿਚ ਹੋਵੇਗਾ।

## ਕੁੰਵਰ ਪ੍ਰਤਾਪ ਨੇ ਦੋ ਸਾਬਕਾ ਅਕਾਲੀ ਮੰਤਰੀਆਂ ਖਿਲਾਫ ਮਾਣਹਾਨੀ ਦਾਅਵਾ ਕਰਨ ਦੀ ਇਜਾਜ਼ਤ ਮੰਗੀ

**ਚੰਡੀਗੜ੍ਹ:** ਬਹਿਬਲ ਕਲਾਂ, ਕੋਟਕਪੂਰਾ ਗੋਲੀਕਾਂਡ ਤੇ ਬੇਅਦਬੀ ਮਾਮਲਿਆਂ ਦੀ ਜਾਂਚ ਲਈ ਗਠਿਤ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਆਈ.ਜੀ. ਅਤੇ ਬਹੁ-ਚਰਚਿਤ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਦੋ ਪ੍ਰਭਾਵਸ਼ਾਲੀ ਮੰਤਰੀਆਂ ਖਿਲਾਫ ਮਾਣਹਾਨੀ ਦਾ ਦਾਅਵਾ ਕਰਨ ਲਈ ਆਗਿਆ ਮੰਗੀ ਹੈ।

ਸੂਤਰਾਂ ਅਨੁਸਾਰ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਨੇ ਕਿਹਾ ਹੈ ਕਿ ਇਨ੍ਹਾਂ ਦੋਵਾਂ ਮੰਤਰੀਆਂ ਨੇ ਉਸ ਖਿਲਾਫ ਬੇਬੁਨਿਆਦ ਦੋਸ਼ ਲਾ ਕੇ ਨਾ ਸਿਰਫ ਉਹਦੇ ਅਕਸ ਨੂੰ ਖਰਾਬ ਕੀਤਾ ਬਲਕਿ ਜਾਂਚ ਦੇ ਕੰਮ ਵਿਚ ਵੀ ਵਿਘਨ ਪਾਇਆ। ਆਈ.ਜੀ. ਨੇ ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਉਸ ਨੇ 'ਸਿਟ' ਦਾ ਮੈਂਬਰ ਹੋਣ ਦੇ ਨਾਤੇ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ ਹੈ। ਉਧਰ, ਸਰਕਾਰੀ ਅਤੇ ਸਿਆਸੀ ਹਲਕਿਆਂ ਵਿਚ ਸਮਝਿਆ ਜਾਂਦਾ ਹੈ ਕਿ ਸਿਟ ਦੇ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ ਅਜਿਹੇ ਪੁਲਿਸ ਅਧਿਕਾਰੀ ਹਨ, ਜਿਨ੍ਹਾਂ ਕਰ ਕੇ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਫਾਇਰਿੰਗ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾਣਾ ਪਿਆ। ਚੇਤੇ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਸਿਟ ਦੇ ਇਸ ਅਧਿਕਾਰੀ ਖਿਲਾਫ ਤਿੱਖੀ ਮੁਹਿੰਮ ਚਲਾਈ ਅਤੇ ਉਸ ਨੂੰ



ਭੰਡਣ ਵਿਚ ਕੋਈ ਕਸਰ ਨਹੀਂ ਛੱਡੀ।

ਜਿਨ੍ਹਾਂ ਮੰਤਰੀਆਂ ਖਿਲਾਫ ਮਾਣਹਾਨੀ ਦਾ ਕੇਸ ਦਰਜ ਕਰਨ ਦੀ ਆਗਿਆ ਮੰਗੀ ਗਈ ਹੈ, ਉਨ੍ਹਾਂ ਵਿਚ ਪਿਛਲੀ ਸੂਬਾ ਸਰਕਾਰ ਦੇ ਗ੍ਰਹਿ ਮੰਤਰੀ ਅਤੇ ਅਤੇ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਸ਼ਾਮਲ ਹਨ। ਇਹ ਮਾਮਲਾ ਫਿਲਹਾਲ ਮੁੱਖ ਮੰਤਰੀ ਦਫਤਰ ਕੋਲ ਹੈ ਪਰ ਇਸ ਗੱਲ ਦੀ ਪੁਸ਼ਟੀ ਹੋਣੀ ਬਾਕੀ ਹੈ ਕਿ ਮੁੱਖ ਮੰਤਰੀ ਨੇ ਕੇਸ ਚਲਾਉਣ ਦੀ ਆਗਿਆ ਦਿੱਤੀ ਹੈ ਜਾਂ ਨਹੀਂ।

### ਵਿਹਲਿਆਂ ਨੂੰ ਸਲਾਹਕਾਰਾਂ ਦੀ ਲੋੜ ਨਹੀਂ ਹੁੰਦੀ: ਮਾਨ

**ਰਾਜਪੁਰਾ:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਆਖਿਆ ਪੰਜਾਬ ਹੁਣ ਵੀ ਉਹੀ ਕੁਝ ਬੋਲਦਾ ਹੈ, ਜੋ 10 ਸਾਲ ਪਹਿਲਾਂ ਬੋਲਦਾ ਸੀ। ਪੰਜਾਬ ਵਿਚ ਮਹਿਜ਼ ਪੱਗਾਂ ਦੇ ਰੰਗ ਬਦਲੇ ਹਨ, ਕਿਉਂਕਿ ਅੱਜ ਵੀ ਅੰਨਦਾਤਾ ਖੁਦਕੁਸ਼ੀਆਂ ਕਰ ਰਿਹਾ ਹੈ, ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਰਹੇ ਹਨ, ਭੌਂ ਮਾਫੀਆ, ਰੇਤ ਮਾਫੀਆ ਤੇ ਟਰਾਂਸਪੋਰਟ ਮਾਫੀਆ ਸਰਗਰਮ ਹਨ। ਰਾਜ ਦੇ ਮੁੱਖ ਮੰਤਰੀ ਵੱਲੋਂ 6 ਵਿਧਾਇਕਾਂ ਨੂੰ ਸਲਾਹਕਾਰ ਲਾਉਣ 'ਤੇ ਵਿਅੰਗ ਕੱਸਦਿਆਂ ਸ੍ਰੀ ਮਾਨ ਨੇ ਆਖਿਆ ਕਿ ਸਲਾਹਕਾਰਾਂ ਦੀ ਲੋੜ ਉਸ ਬੰਦੇ ਨੂੰ ਹੁੰਦੀ ਹੈ, ਜਿਸ ਨੇ ਬਹੁਤ ਜ਼ਿਆਦਾ ਕੰਮ ਕਰਨਾ ਹੋਵੇ ਪਰ ਕਥਿਤ 'ਵਿਹਲੜ' ਬੰਦੇ ਨੂੰ ਸਲਾਹਕਾਰਾਂ ਦੀ ਕੋਈ ਲੋੜ ਨਹੀਂ ਹੁੰਦੀ।

### ਵਿਧਾਇਕਾਂ ਨੂੰ ਬਰਖਾਸਤ ਕਰਨ ਲਈ ਰਾਸ਼ਟਰਪਤੀ ਕੋਲ ਪਟੀਸ਼ਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 6 ਵਿਧਾਇਕਾਂ ਨੂੰ ਆਪਣਾ ਸਲਾਹਕਾਰ ਤੇ ਕੈਬਨਿਟ ਦਾ ਦਰਜਾ ਦੇ ਕੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਅਤੇ 6 ਵਿਧਾਇਕਾਂ ਨੂੰ ਬਰਖਾਸਤ ਕਰਨ ਲਈ ਰਾਸ਼ਟਰਪਤੀ ਕੋਲ ਪਟੀਸ਼ਨ ਪਾਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਵਿਧਾਨ ਵਿਚ ਸਪੱਸ਼ਟ ਹੈ ਕਿ ਕੁਲ ਵਿਧਾਇਕਾਂ ਦੀ ਗਿਣਤੀ ਦਾ 15 ਫੀਸਦੀ ਹੀ ਮੰਤਰੀ ਬਣ ਸਕਦੇ ਹਨ, ਜਿਸ ਮੁਤਾਬਕ ਪੰਜਾਬ ਸਰਕਾਰ ਦੇ 17.55 ਪ੍ਰਤੀਸ਼ਤ ਬਣਦੇ ਹਨ, ਪਰ ਹੁਣ ਆਪਣੇ ਚਹੇਤੇ 6 ਵਿਧਾਇਕਾਂ ਨੂੰ ਰਿਉੜੀਆਂ ਦੀ ਤਰ੍ਹਾਂ ਅਹੁਦੇ ਵੰਡ ਕੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ।

# ਵਿਧਾਇਕਾਂ ਦੇ ਇਲਾਜ ਨੇ ਕੱਢਿਆ ਖਜਾਨੇ ਦਾ ਧੂੰਆਂ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਸਰਕਾਰੀ ਖਜਾਨੇ ਵਿਚੋਂ ਮੌਜੂਦਾ ਵਿਧਾਇਕਾਂ/ਸਾਬਕਾ ਵਿਧਾਇਕਾਂ ਦੀ ਸਿਹਤ ਉਤੇ ਰੋਜ਼ਾਨਾ ਔਸਤਨ ਕਰੀਬ 40 ਹਜ਼ਾਰ ਰੁਪਏ ਖਰਚੇ ਜਾਂਦੇ ਹਨ। ਸਰਕਾਰੀ ਨਿਯਮ ਹੀ ਏਦਾਂ ਦੇ ਹਨ ਕਿ ਵਿਧਾਇਕ ਤੇ ਸਾਬਕਾ ਵਿਧਾਇਕ ਦੇ ਸਿਹਤ ਖਰਚ ਦੀ ਕੋਈ ਸੀਮਾ ਨਹੀਂ ਹੈ।

ਪੰਜਾਬ ਵਿਧਾਨ ਸਭਾ ਸਕੱਤਰੇਤ ਤੋਂ ਆਰ.ਟੀ.ਆਈ. ਵਿਚ ਪ੍ਰਾਪਤ ਤਾਜ਼ਾ ਵੇਰਵਿਆਂ ਅਨੁਸਾਰ ਲੰਘੇ ਬਾਰਾਂ ਵਰ੍ਹਿਆਂ ਵਿਚ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦੇ ਇਲਾਜ ਉਤੇ 16.72 ਕਰੋੜ ਰੁਪਏ ਦਾ ਖਰਚਾ ਆਇਆ ਹੈ। ਸਾਲ 2007-08 ਤੋਂ 2018-19 ਦੌਰਾਨ ਵਿਧਾਇਕਾਂ ਦੇ ਇਲਾਜ ਉਤੇ 6.24 ਕਰੋੜ ਰੁਪਏ ਖਰਚ ਆਇਆ ਹੈ ਜਦੋਂਕਿ ਸਾਬਕਾ ਵਿਧਾਇਕਾਂ ਦੀ ਸਿਹਤਯਾਬੀ 'ਤੇ ਇਸੇ ਸਮੇਂ ਦੌਰਾਨ 10.48 ਕਰੋੜ ਖਰਚ ਕੀਤੇ ਗਏ ਹਨ। ਵਿਧਾਇਕਾਂ/ਸਾਬਕਾ ਵਿਧਾਇਕਾਂ ਦੇ ਇਲਾਜ ਉਤੇ ਸਰਕਾਰੀ ਖਜ਼ਾਨੇ ਵਿਚੋਂ ਔਸਤਨ ਰੋਜ਼ਾਨਾ ਕਰੀਬ 38,717 ਰੁਪਏ ਖਰਚੇ ਜਾ ਰਹੇ ਹਨ ਅਤੇ ਪ੍ਰਤੀ ਮਹੀਨਾ ਇਹੋ ਖਰਚ 11.61 ਲੱਖ ਰੁਪਏ ਬਣ ਜਾਂਦਾ ਹੈ। ਇਸੇ ਤਰ੍ਹਾਂ ਸਾਲਾਨਾ ਸਿਹਤ ਖਰਚਾ 1.39 ਕਰੋੜ ਬਣਦਾ ਹੈ।

ਤੱਥਾਂ ਅਨੁਸਾਰ ਵਿਧਾਇਕਾਂ ਦੇ ਇਲਾਜ ਉਤੇ ਔਸਤਨ ਰੋਜ਼ਾਨਾ ਕਰੀਬ 14,453 ਰੁਪਏ ਖਰਚ ਹੋ ਰਹੇ ਹਨ ਜਦੋਂ ਕਿ ਸਾਬਕਾ ਵਿਧਾਇਕਾਂ ਦੇ ਇਲਾਜ 'ਤੇ ਰੋਜ਼ਾਨਾ ਔਸਤਨ ਕਰੀਬ 24,264 ਰੁਪਏ ਦਾ ਖਰਚਾ ਆ ਰਿਹਾ ਹੈ। ਵਿਧਾਇਕਾਂ ਉਤੇ ਨਜ਼ਰ ਮਾਰੀਏ ਤਾਂ ਲੰਘੇ 12 ਵਰ੍ਹਿਆਂ ਦੌਰਾਨ ਹਰ ਸਾਲ ਔਸਤਨ 41 ਵਿਧਾਇਕਾਂ ਦੇ ਇਲਾਜ ਦਾ ਖਰਚਾ ਸਰਕਾਰੀ ਖਜ਼ਾਨੇ ਨੇ ਝੱਲਿਆ ਜਦੋਂ ਕਿ ਔਸਤਨ 152 ਸਾਬਕਾ ਵਿਧਾਇਕਾਂ ਨੇ ਹਰ ਵਰ੍ਹੇ ਖਜ਼ਾਨੇ ਦੀ ਮਦਦ ਨਾਲ ਆਪਣਾ ਇਲਾਜ ਕਰਾਇਆ। ਏਨਾ ਸਾਫ ਹੈ ਕਿ ਸਾਬਕਾ ਬਣਨ ਮਗਰੋਂ ਇਲਾਜ ਦਾ ਖਰਚਾ ਵਧਿਆ ਹੈ। ਮਿਸਾਲ ਵਜੋਂ ਲੰਘੇ ਮਾਲੀ ਵਰ੍ਹੇ ਦੌਰਾਨ ਸਿਰਫ 19 ਵਿਧਾਇਕਾਂ ਨੇ ਇਲਾਜ ਦਾ ਖਰਚਾ ਲਿਆ ਹੈ ਜਦੋਂਕਿ ਇਸੇ ਦੌਰਾਨ 215 ਸਾਬਕਾ ਵਿਧਾਇਕਾਂ ਦਾ ਇਲਾਜ ਬਿੱਲ ਖਜ਼ਾਨੇ ਨੇ ਚੁੱਕਿਆ ਹੈ।

ਸੂਤਰ ਦੱਸਦੇ ਹਨ ਕਿ ਕਾਫੀ ਸਾਬਕਾ ਵਿਧਾਇਕ ਬੁੱਢੇ ਹੋ ਗਏ ਹਨ ਅਤੇ ਉਨ੍ਹਾਂ ਦੀ ਸਿਹਤ ਸੰਭਾਲ ਦਾ ਖਰਚਾ ਵੀ ਕਾਫੀ ਵਧ ਗਿਆ ਹੈ। ਸਾਲ 2018-19 ਦੌਰਾਨ ਵਿਧਾਇਕਾਂ ਦਾ ਸਿਹਤ ਖਰਚ 33.37 ਲੱਖ ਰੁਪਏ ਅਤੇ ਸਾਬਕਾ ਵਿਧਾਇਕਾਂ ਦਾ ਇਸੇ ਸਾਲ ਦੌਰਾਨ 1.18 ਕਰੋੜ ਰੁਪਏ ਇਲਾਜ ਖਰਚ ਰਿਹਾ ਹੈ। ਲੰਘੇ ਬਾਰਾਂ ਸਾਲਾਂ ਦੌਰਾਨ ਸਭ ਤੋਂ ਵੱਡਾ ਇਲਾਜ ਖਰਚਾ ਬਾਦਲ ਤੇ ਬਰਾੜ ਪਰਿਵਾਰ ਦਾ ਰਿਹਾ ਹੈ। ਬਾਦਲ ਪਰਿਵਾਰ ਨੇ ਇਸ ਸਮੇਂ ਦੌਰਾਨ 4.50 ਕਰੋੜ ਰੁਪਏ ਇਲਾਜ ਖਰਚ ਵਜੋਂ ਖ਼ਜ਼ਾਨੇ ਵਿਚੋਂ ਲਏ ਹਨ ਜਦੋਂ ਕਿ ਮਰਹੂਮ ਵਿਧਾਇਕ ਕੰਵਰਜੀਤ ਸਿੰਘ ਬਰਾੜ ਦੇ ਇਲਾਜ ਉਤੇ ਵੀ 3.43 ਕਰੋੜ ਦਾ ਖਰਚ ਆਇਆ ਸੀ। ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ (ਮੌਜੂਦਾ/ਸਾਬਕਾ) ਦਾ ਇਲਾਜ ਖਰਚਾ ਵੀ ਇਸ ਤੋਂ ਵੱਖਰਾ ਹੈ।

ਪੰਜਾਬ ਵਿਚ ਦੋ ਤਰ੍ਹਾਂ ਦੇ ਲੋਕਾਂ ਉਤੇ ਖਜ਼ਾਨੇ ਵਿਚੋਂ ਇਲਾਜ ਵਾਸਤੇ ਖਰਚ ਦੀ ਕੋਈ ਸੀਮਾ ਨਹੀਂ ਹੈ। ਵਿਧਾਇਕ ਅਤੇ ਸਾਬਕਾ ਵਿਧਾਇਕ ਇਲਾਜ ਵਾਸਤੇ ਕੋਈ ਖਰਚ ਸੀਮਾ ਨਹੀਂ। ਦੂਜਾ ਜੇਲ੍ਹਾਂ ਦੇ ਬੰਦੀਆਂ ਦੇ ਇਲਾਜ ਉਤੇ ਖਰਚ ਦੀ ਕੋਈ ਹੱਦ ਨਹੀਂ ਹੈ। ਸੂਤਰਾਂ ਅਨੁਸਾਰ ਵਿਧਾਇਕ ਕਿਸੇ ਵੀ ਮਹਿੰਗੇ ਹਸਪਤਾਲ ਵਿਚੋਂ ਮਹਿੰਗਾ ਇਲਾਜ ਕਰਵਾ ਸਕਦੇ ਹਨ। ਪੰਜਾਬ ਦੇ ਆਮ ਲੋਕਾਂ ਦੀ ਸਿਹਤ ਦਾਅ ਉਤੇ ਲੱਗੀ ਹੋਈ ਹੈ। ਗਰੀਬ ਆਦਮੀ ਦੀ ਜ਼ਿੰਦਗੀ ਵਿਚ ਤਾਂ ਅਰਦਾਸ ਤੋਂ ਸਿਵਾ ਕੁਝ ਬਚਿਆ ਨਹੀਂ ਹੈ। ਪੰਜਾਬ ਸਰਕਾਰ ਤਰਫੋਂ 20 ਫਰਵਰੀ 2004 ਤੋਂ ਵਿਧਾਇਕਾਂ ਨੂੰ ਖੁੱਲ੍ਹਾ ਮੈਡੀਕਲ ਖਰਚ ਦਿੱਤਾ ਜਾਂਦਾ ਹੈ ਜਦੋਂਕਿ ਪਹਿਲਾਂ ਅਜਿਹਾ ਨਹੀਂ ਸੀ।

# ਖਾਲਿਸਤਾਨ ਜ਼ਿੰਦਾਬਾਦ ਫੋਰਸ ਨਾਲ ਸਬੰਧਤ ਚਾਰ ਖਾੜਕੂ ਗ੍ਰਿਫਤਾਰ

**ਤਰਨ ਤਾਰਨ:** ਪੰਜਾਬ ਪੁਲਿਸ ਨੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਚਾਰ ਮੈਂਬਰਾਂ ਨੂੰ ਜ਼ਿਲ੍ਹੇ ਦੇ ਪਿੰਡ ਚੋਹਲਾ ਸਾਹਿਬ ਤੋਂ ਗ੍ਰਿਫਤਾਰ ਕਰ ਕੇ ਵੱਡੀ ਸਾਜ਼ਿਸ਼ ਬੇਨਕਾਬ ਕਰਨ ਦਾ ਦਾਅਵਾ ਕੀਤਾ ਹੈ। ਇਨ੍ਹਾਂ ਤੋਂ ਪੰਜ ਏਕੇ-47 ਰਾਈਫਲਾਂ, ਪਿਸਤੌਲ, ਸੈਟੇਲਾਈਟ ਫੋਨ ਅਤੇ ਹੱਥਗੋਲੇ ਵੀ ਫੜੇ ਗਏ ਹਨ। ਇਹ ਚਾਰੇ ਮਾਰੂਤੀ ਕਾਰ ਵਿਚ ਸਵਾਰ ਸਨ ਤੇ ਇਨ੍ਹਾਂ ਨੂੰ ਪਾਕਿਸਤਾਨ ਤੇ ਜਰਮਨੀ ਦੇ ਦਹਿਸ਼ਤੀ ਗਰੁੱਪਾਂ ਦੀ ਹਮਾਇਤ ਹਾਸਲ ਦੱਸੀ ਜਾਂਦੀ ਹੈ। ਇਨ੍ਹਾਂ ਦੀ ਪਛਾਣ ਬਲਵੰਤ ਸਿੰਘ ਉਰਫ ਬਾਬਾ ਉਰਫ ਨਿਹੰਗ, ਆਕਾਸ਼ਦੀਪ ਸਿੰਘ ਉਰਫ ਆਕਾਸ਼ ਰੰਧਾਵਾ, ਹਰਭਜਨ ਸਿੰਘ ਤੇ ਬਲਬੀਰ ਸਿੰਘ ਵਜੋਂ ਹੋਈ ਹੈ। ਇਹ ਪੂਰਾ ਅਪਰੇਸ਼ਨ ਪੰਜਾਬ ਪੁਲਿਸ ਦੇ ਕਾਊਂਟਰ ਖੁਫੀਆ ਪੁਲਿਸ ਦੇ ਏ. ਆਈ.ਜੀ. ਕੇਤਨ ਬਲੀਰਾਮ ਪਾਟਿਲ ਦੀ ਅਗਵਾਈ ਹੇਠ ਹੋਰ ਟੀਮਾਂ ਨਾਲ ਮਿਲ ਕੇ ਚਲਾਇਆ ਗਿਆ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਪੂਰੇ ਮਾਮਲੇ ਦੀ ਜਾਂਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਸੌਂਪਣ ਦਾ ਐਲਾਨ ਕੀਤਾ ਹੈ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਨੂੰ ਸਰਹੱਦ ਪਾਰੋਂ ਅਤਿਵਾਦੀਆਂ ਨੇ ਡਰੋਨਾਂ ਦੀ ਮਦਦ ਨਾਲ ਹਥਿਆਰ ਪੁਜਦੇ ਕੀਤੇ ਹਨ। ਮੁੱਖ ਮੰਤਰੀ ਨੇ ਭਾਰਤੀ ਹਵਾਈ ਫੌਜ ਤੇ ਬੀ.ਐਸ.ਐਫ. ਨੂੰ ਅਜਿਹੀਆਂ ਦੇਸ਼ ਵਿਰੋਧੀ ਸਰਗਰਮੀਆਂ ਨੂੰ ਰੋਕਣ ਲਈ ਪੂਰੀ ਚੌਕਸੀ ਵਰਤਣ ਲਈ ਕਿਹਾ ਹੈ।

ਉਧਰ ਪੰਜਾਬ ਪੁਲਿਸ ਦੇ ਮੁਖੀ ਦਿਨਕਰ ਗੁਪਤਾ ਨੇ ਦੱਸਿਆ ਕਿ ਕੇ.ਜ਼ੈਡ.ਐਫ. ਮੈਂਬਰਾਂ ਨੂੰ ਹਥਿਆਰ ਪਾਕਿਸਤਾਨ ਅਧਾਰਿਤ ਜੇਹਾਦੀ ਗਰੁੱਪਾਂ ਤੇ ਖਾਲਿਸਤਾਨ ਹਮਾਇਤੀ ਗਰੁੱਪਾਂ ਵੱਲੋਂ ਪਹੁੰਚਾਏ ਜਾਪਦੇ ਹਨ ਤੇ ਇਨ੍ਹਾਂ ਦਾ ਮੁੱਖ ਨਿਸ਼ਾਨਾ ਪੰਜਾਬ, ਜੰਮੂ ਕਸ਼ਮੀਰ ਤੇ ਹੋਰ ਥਾਵਾਂ ਹਨ। ਉਨ੍ਹਾਂ ਕਿਹਾ ਕਿ ਖਾਲਿਸਤਾਨ ਜ਼ਿੰਦਾਬਾਦ ਫੋਰਸ ਨੂੰ ਪਾਕਿਸਤਾਨ ਅਧਾਰਿਤ ਰਣਜੀਤ ਸਿੰਘ ਉਰਫ ਨੀਟਾ ਅਤੇ ਜਰਮਨੀ ਰਹਿੰਦੇ ਉਹਦੇ ਸਾਥੀ ਗੁਰਮੀਤ ਸਿੰਘ ਉਰਫ ਬੱਗਾ ਉਰਫ ਡਾਕਟਰ ਦੀ ਹਮਾਇਤ ਹਾਸਲ ਹੈ। ਬਾਬਾ ਬਲਵੰਤ ਸਿੰਘ ਅਤੇ ਆਕਾਸ਼ਦੀਪ ਦਾ ਅਪਰਾਧੀ ਪਿਛੋਕੜ ਹੈ ਤੇ ਉਨ੍ਹਾਂ ਖਿਲਾਫ ਫੌਜਦਾਰੀ ਕੇਸ ਦਰਜ ਹਨ। ਮਾਨ ਸਿੰਘ, ਜੋ ਇਸ ਵੇਲੇ ਅਸਲਾ ਐਕਟ ਤੇ ਯੂ.ਏ.ਪੀ.ਏ. ਐਕਟ ਅਧੀਨ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਹੈ, ਨੇ ਗੁਰਮੀਤ ਸਿੰਘ ਉਰਫ ਬੱਗਾ ਦੇ ਕਹਿਣ ਉਤੇ ਆਕਾਸ਼ਦੀਪ ਸਿੰਘ ਨੂੰ ਭਰਤੀ ਕੀਤਾ ਸੀ। ਹਥਿਆਰਾਂ ਦੀ ਖੇਪ ਹਾਸਲ ਕਰਨ ਵਾਲਾ ਬਾਬਾ ਬਲਵੰਤ ਸਿੰਘ, ਜੋ ਬੱਬਰ ਖਾਲਸਾ ਇੰਟਰਨੈਸ਼ਨਲ ਅਤਿਵਾਦੀ ਗਰੁੱਪ ਦਾ ਮੈਂਬਰ ਹੈ, ਨੂੰ ਪੁਲਿਸ ਥਾਣਾ ਮੁਕੰਦਪੁਰ ਨੇ ਗ੍ਰਿਫਤਾਰ ਕੀਤਾ ਸੀ।

# ਪੰਜਾਬ ਪੁਲਿਸ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਤੋਂ ਅਸਮਰੱਥ


**ਚੰਡੀਗੜ੍ਹ:** ਲੰਮੀ ਡਿਊਟੀ ਕਰਨ ਵਿਚ ਪੰਜਾਬ ਪੁਲਿਸ ਦੂਜੇ ਥਾਂ ਹੈ। ਪੰਜਾਬ ਪੁਲਿਸ ਦੇ ਅਫਸਰ ਤੇ ਮੁਲਾਜ਼ਮ ਦਿਨ ਵਿਚ ਔਸਤਨ 17 ਘੰਟੇ ਡਿਊਟੀ ਕਰਦੇ ਹਨ। ਪੰਜਾਬ ਪੁਲਿਸ ਅਨੁਸ਼ਾਸਨਬੱਧ ਫੋਰਸ ਹੋਣ ਕਰਕੇ ਆਪਣੇ ਹੱਕ ਲਈ ਕੋਈ ਆਵਾਜ਼ ਬੁਲੰਦ ਨਹੀਂ ਕਰ ਸਕਦੀ।

ਕਦੇ ਵੀ ਪੰਜਾਬ ਵਿਚ ਪੁਲਿਸ ਮੁਲਾਜ਼ਮਾਂ ਨੇ ਡਿਊਟੀ ਦੇ ਮਾਮਲੇ ਉਤੇ ਮੂੰਹ ਨਹੀਂ ਖੋਲ੍ਹਿਆ। ਉੜੀਸਾ ਪੁਲਿਸ ਡਿਊਟੀ ਵਿਚ ਪੰਜਾਬ ਪੁਲਿਸ ਤੋਂ ਅੱਗੇ ਹੈ, ਜਿਥੋਂ ਦੇ ਮੁਲਾਜ਼ਮ ਦਿਨ ਵਿਚ ਔਸਤਨ 18 ਘੰਟੇ ਡਿਊਟੀ ਦਿੰਦੇ ਹਨ। 'ਕਾਮਨ ਕਾਜ਼' (ਸੈਂਟਰ ਫਾਰ ਦਿ ਸਟੱਡੀ ਆਫ ਡਿਵੈਲਪਿੰਗ ਸੁਸਾਇਟੀਜ਼) ਦੀ 'ਸਟੇਟਸ ਆਫ ਪੁਲੀਸਿੰਗ ਇਨ ਇੰਡੀਆ ਰਿਪੋਰਟ 2019' ਵਿਚ ਇਹ ਤਾਜ਼ਾ ਖੁਲਾਸਾ ਹੋਇਆ ਹੈ ਕਿ ਪੰਜਾਬ ਪੁਲਿਸ ਹਮੇਸ਼ਾ 'ਆਨ ਡਿਊਟੀ' ਰਹਿੰਦੀ ਹੈ। ਕੌਮੀ ਸਟੱਡੀ ਰਿਪੋਰਟ ਅਨੁਸਾਰ ਪੰਜਾਬ ਪੁਲਿਸ ਗੁਆਂਢੀ ਸੂਬੇ ਹਰਿਆਣਾ ਤੇ ਰਾਜਸਥਾਨ ਦੀ ਪੁਲਿਸ ਨਾਲੋਂ ਵੀ ਵੱਧ ਡਿਊਟੀ ਕਰਦੀ ਹੈ। ਉੜੀਸਾ ਪਹਿਲੇ ਤੇ ਪੰਜਾਬ ਦੂਜੇ ਸਥਾਨ ਉਤੇ ਹਨ ਜਦੋਂਕਿ ਨਾਗਾਲੈਂਡ ਪੁਲਿਸ ਨਿਸ਼ਚਿਤ 8 ਘੰਟੇ ਡਿਊਟੀ ਕਰਦੀ ਹੈ।

ਰਿਪੋਰਟ ਮੁਤਾਬਕ ਆਂਧਰਾ ਪ੍ਰਦੇਸ਼, ਬਿਹਾਰ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਤਿਲੰਗਾਨਾ ਅਤੇ ਛੱਤੀਸਗੜ੍ਹ ਦੀ ਪੁਲਿਸ ਦਿਨ ਵਿਚ ਔਸਤਨ 16-16 ਘੰਟੇ ਡਿਊਟੀ ਕਰਦੀ ਹੈ। ਯੂਪੀ ਪੁਲਿਸ 15 ਘੰਟੇ ਔਸਤਨ ਡਿਊਟੀ ਦਿੰਦੀ ਹੈ ਜਦਕਿ ਅਸਾਮ, ਦਿੱਲੀ ਤੇ ਉਤਰਾਖੰਡ ਦੀ ਪੁਲਿਸ ਔਸਤਨ 14 ਘੰਟੇ ਡਿਊਟੀ ਦੇ ਰਹੀ ਹੈ। ਮੱਧ ਪ੍ਰਦੇਸ਼ ਤੇ ਝਾਰਖੰਡ ਦੀ ਪੁਲਿਸ 11 ਘੰਟੇ ਔਸਤਨ ਦਿਨ 'ਚ ਕੰਮ ਕਰਦੀ ਹੈ। ਪੰਜਾਬ ਪੁਲਿਸ ਦਾ ਅਕਸ ਭਾਵੇਂ ਕਿਹੋ ਜਿਹਾ ਵੀ ਹੈ ਪਰ ਇਸ ਦੇ ਮੁਲਾਜ਼ਮਾਂ ਅਤੇ ਅਫਸਰਾਂ ਦੇ ਸਾਰੇ ਤਿੱਥ ਤਿਉਹਾਰ ਸੜਕਾਂ ਉਤੇ ਹੀ ਲੰਘਦੇ ਹਨ। ਮਾਡਲ ਪੁਲਿਸ ਐਕਟ ਦੀ ਧਾਰਾ 8 ਵਿਚ ਸਪੱਸ਼ਟ ਹੈ ਕਿ ਰਾਜ ਸਰਕਾਰ ਇਹ ਯਕੀਨੀ ਬਣਾਏਗੀ ਕਿ ਪੁਲਿਸ ਮੁਲਾਜ਼ਮਾਂ ਤੋਂ ਆਮ ਹਾਲਾਤ ਵਿਚ ਦਿਨ ਵਿਚ ਅੱਠ ਘੰਟੇ ਡਿਊਟੀ ਲਈ ਜਾਵੇ। ਖਾਸ ਪ੍ਰਸਥਿਤੀਆਂ ਵਿਚ ਇਹ ਡਿਊਟੀ 12 ਘੰਟੇ ਤੱਕ ਲਈ ਜਾ ਸਕਦੀ ਹੈ। ਨਾਲ ਹੀ ਹਫਤਾਵਾਰੀ ਛੁੱਟੀ ਵੀ ਦਿੱਤੀ ਜਾਵੇ। ਜਦੋਂ ਕਾਂਗਰਸ ਹਕੂਮਤ ਵਿਚ ਆਈ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਸੀ ਕਿ ਪੁਲਿਸ ਮੁਲਾਜ਼ਮਾਂ ਨੂੰ ਹਫਤਾਵਾਰੀ ਛੁੱਟੀ ਦਿੱਤੀ ਜਾਵੇਗੀ ਅਤੇ ਅੱਠ ਘੰਟੇ ਡਿਊਟੀ ਲਈ ਜਾਵੇਗੀ ਪਰ ਅਜਿਹਾ ਨਹੀਂ ਹੋਇਆ। ਪੂਰੇ ਮੁਲਕ ਦੀ ਪੁਲਿਸ ਦੀ ਡਿਊਟੀ ਦੀ ਔਸਤ ਦੇਖੀਏ ਤਾਂ ਦਿਨ ਵਿਚ ਔਸਤਨ 14 ਘੰਟੇ ਡਿਊਟੀ ਬਣਦੀ ਹੈ। ਪੰਜਾਬ ਪੁਲਿਸ ਕੌਮੀ ਔਸਤ ਤੋਂ ਉੱਪਰ ਹੈ। ਪੰਜਾਬ ਪੁਲਿਸ ਦੇ ਮੁਲਾਜ਼ਮਾਂ ਅਤੇ ਅਫਸਰਾਂ ਨੂੰ ਸਾਲ ਵਿਚ 13 ਮਹੀਨੇ ਦੀ ਤਨਖਾਹ ਮਿਲਦੀ ਹੈ। ਜੇ ਕੋਈ ਮੁਲਾਜ਼ਮ ਇਕੱਠੀ ਕਮਾਈ ਛੁੱਟੀ ਲੈਂਦਾ ਹੈ ਤਾਂ ਉਸ ਨੂੰ 13ਵੇਂ ਮਹੀਨੇ ਦੀ ਤਨਖਾਹ ਨਹੀਂ ਮਿਲਦੀ।

ਦੂਜੇ ਪਾਸੇ ਸਿਵਲ ਦੇ ਮੁਲਾਜ਼ਮਾਂ ਤੇ ਅਫਸਰਾਂ ਨੂੰ ਸਾਲ ਭਰ ਵਿਚ 57 ਐਤਵਾਰਾਂ ਅਤੇ 24 ਸਨਿਚਰਵਾਰਾਂ ਦੀਆਂ ਛੁੱਟੀਆਂ ਤੋਂ ਇਲਾਵਾ ਗਜ਼ਟਿਡ ਛੁੱਟੀਆਂ ਮਿਲਦੀਆਂ ਹਨ। ਪੁਲਿਸ ਅਫਸਰ ਤਾਂ ਘੁੰਮਣ ਫਿਰਨ ਵਾਸਤੇ ਮਿਲਦੀ ਐਲ.ਟੀ.ਸੀ. ਦਾ ਲਾਹਾ ਲੈ ਲੈਂਦੇ ਹਨ ਪਰ ਪੁਲਿਸ ਮੁਲਾਜ਼ਮਾਂ ਨੂੰ ਇਹ ਵੀ ਨਹੀਂ ਮਿਲਦੀ। ਬਹੁਤੇ ਮੁਲਾਜ਼ਮਾਂ ਦੀ ਲੰਮੀ ਡਿਊਟੀ ਵੀ.ਆਈ.ਪੀਜ਼. ਕਰਕੇ ਅਤੇ ਪ੍ਰਦਰਸ਼ਨਾਂ ਕਰਕੇ ਹੋ ਜਾਂਦੀ ਹੈ। ਇੰਨੀ ਲੰਮੀ ਡਿਊਟੀ ਦੇ ਬਾਵਜੂਦ ਜੁਰਮ ਦਰ ਵਿਚ ਕੋਈ ਕਮੀ ਨਹੀਂ ਆ ਰਹੀ। ਪੰਜਾਬ ਪੁਲਿਸ ਦੇ ਸਾਬਕਾ ਐਸ.ਪੀ. ਬਲਕਾਰ ਸਿੰਘ ਨੇ ਕਿਹਾ ਕਿ ਲੰਮੀ ਡਿਊਟੀ ਕਾਰਨ ਪੁਲਿਸ ਅਫਸਰ ਤੇ ਮੁਲਾਜ਼ਮ ਖੁਸ਼ੀ ਤੇ ਗਮੀ ਦੇ ਮੌਕਿਆਂ ਉਤੇ ਵੀ ਨਹੀਂ ਜਾ ਸਕਦੇ। ਬਹੁਤੇ ਮੁਲਾਜ਼ਮਾਂ ਨੇ ਦੱਸਿਆ ਕਿ ਲੰਮੀ ਡਿਊਟੀ ਕਰਕੇ ਉਹ ਹਮੇਸ਼ਾ ਉਨੀਂਦਰੇ ਰਹਿੰਦੇ ਹਨ, ਜਿਸ ਦਾ ਕੰਮ ਉਤੇ ਵੀ ਅਸਰ ਪੈਂਦਾ ਹੈ।

# ਬਨਾਰਸੀ ਰਸ



**ਬਨਾਰਸ ਸ਼ਹਿਰ ਜੋ ਅੱਜਕੱਲ੍ਹ ਵਾਰਾਣਸੀ ਵਜੋਂ ਜਾਣਿਆ ਜਾਂਦਾ ਹੈ, ਦੀ ਵਿਰਾਸਤ ਬਹੁ-ਪਰਤੀ ਹੈ। ਪਰਮਿੰਦਰ ਸਿੰਘ ਆਪਣੇ ਇਸ ਲੇਖ ਵਿਚ ਸ਼ਹਿਰ ਦੇ ਵੱਖ-ਵੱਖ ਪੱਖਾਂ ਤੇ ਪਸਾਰਾਂ ਤੋਂ ਇਲਾਵਾ ਇਸ ਦੇ ਇਤਿਹਾਸ ਉਤੇ ਵੀ ਝਾਤੀ ਮਾਰੀ ਹੈ। -ਸੰਪਾਦਕ**

ਪਰਮਿੰਦਰ ਸਿੰਘ

ਸਭਿਅਤਾਵਾਂ ਦੇ ਸਫਰ ਦਾ ਆਗਾਜ਼ ਦਰਿਆਵਾਂ ਕੰਢੇ ਹੋਇਆ, ਕਿਉਂ ਜੋ ਪਾਣੀ ਜੀਵਨ ਦਾ ਅਜਿਹਾ ਸਰੋਤ ਹੈ ਜੋ ਮਨੁੱਖ ਦੀਆਂ ਮੁੱਢਲੀਆਂ ਤੇ ਹੋਰ ਜ਼ਰੂਰੀ ਲੋੜਾਂ ਦੀ ਪੂਰਤੀ ਕਰਦਾ ਹੈ। ਇਸੇ ਲਈ ਪੁਰਾਤਨ ਸਭਿਅਤਾਵਾਂ ਦੇ ਚਿੰਨ੍ਹ ਪੁਰਾਣੀਆਂ ਵਗਦੀਆਂ ਨਦੀਆਂ ਕੰਢੇ ਹੀ ਪ੍ਰਾਪਤ ਹੁੰਦੇ ਹਨ।

ਨਦੀਆਂ ਕਿਨਾਰੇ ਵਸੇ ਪੁਰਾਤਨ ਨਗਰਾਂ ਵਿਚੋਂ ਗੰਗਾ ਨਦੀ ਕੰਢੇ ਵਸਿਆ ਨਗਰ ਬਨਾਰਸ (ਹੁਣ ਵਾਰਾਣਸੀ) ਮਨੁੱਖੀ ਇਤਿਹਾਸ ਬਾਰੇ ਬਹੁਤ ਸਾਰੀਆਂ ਵਿਲੱਖਣਤਾਵਾਂ ਸੰਭਾਲੀ ਬੈਠਾ ਹੈ। ਇਹ ਸੈਲਾਨੀਆਂ ਲਈ ਹਮੇਸ਼ਾ ਖਿੱਚ ਦਾ ਕੇਂਦਰ ਰਿਹਾ ਹੈ।

ਬਨਾਰਸ ਸ਼ਹਿਰ ਕਿਵੇਂ ਤੇ ਕਦੋਂ ਵਸਿਆ- ਇਸ ਬਾਰੇ ਅਨੇਕਾਂ ਪੌਰਾਣਿਕ ਅਤੇ ਮੌਖਿਕ ਕਹਾਣੀਆਂ ਮਕਬੂਲ ਹਨ। ਮਿਥਿਹਾਸਕ ਕਥਾ ਹੈ ਕਿ ਇਹ ਸ਼ਹਿਰ ਭਗਵਾਨ ਸ਼ਿਵ ਨੇ ਵਸਾਇਆ ਸੀ। ਇਸੇ ਲਈ ਇਸ ਨੂੰ ਸ਼ਿਵ ਨਗਰੀ ਵੀ ਕਿਹਾ ਜਾਂਦਾ ਹੈ। ਇਹ ਵੀ ਮਨੌਤ ਹੈ ਕਿ ਭਗਵਾਨ ਸ਼ਿਵ ਅਤੇ ਬ੍ਰਹਮਾ ਦਰਮਿਆਨ ਜੰਗ ਹੋਈ ਸੀ, ਜਿਸ ਵਿਚ ਸ਼ਿਵ ਨੇ ਬ੍ਰਹਮਾ ਦਾ ਸਿਰ ਵੱਢਿਆ ਸੀ। ਰਵਾਇਤ ਮੁਤਾਬਿਕ ਸਿਰ ਵੱਢ ਕੇ ਆਪਣੇ ਹੱਥ ਵਿਚ ਫੜ ਕੇ ਰੱਖਿਆ ਜਾਂਦਾ ਸੀ। ਸ਼ਿਵ ਨੇ ਅਜਿਹਾ ਹੀ ਕੀਤਾ ਸੀ, ਪਰ ਜਦੋਂ ਉਹ ਇਥੋਂ (ਹੁਣ ਦੇ ਸ਼ਹਿਰ ਬਨਾਰਸ) ਤੋਂ ਗੁਜ਼ਰ ਰਹੇ ਸਨ ਤਾਂ ਬ੍ਰਹਮਾ ਦਾ ਸਿਰ ਇਸ ਧਰਤੀ 'ਤੇ ਡਿੱਗ ਪਿਆ। ਇਸੇ ਤੋਂ ਬਨਾਰਸ ਨੂੰ ਪਵਿੱਤਰ ਸ਼ਹਿਰ ਤਸੱਵੁਰ ਕੀਤਾ ਜਾਂਦਾ ਹੈ।

ਭੂਗੋਲਿਕ ਪੱਖੋਂ ਕਦੇ ਇਥੇ ਤਿੰਨ ਪਹਾੜੀਆਂ ਸਨ, ਜਿਨ੍ਹਾਂ ਨੂੰ ਸ਼ਿਵ ਦੇ ਤ੍ਰਿਸ਼ੂਲ ਦਾ ਚਿੰਨ੍ਹ ਵੀ ਮੰਨਿਆ ਜਾਂਦਾ ਹੈ। ਬਨਾਰਸ ਸ਼ਹਿਰ ਇਨ੍ਹਾਂ ਤਿੰਨਾਂ ਪਹਾੜੀਆਂ ਅਤੇ ਦੋ ਨਦੀਆਂ-ਵਰੁਣਾ ਅਤੇ ਅਸੀ ਦਰਮਿਆਨ ਵਸਿਆ ਹੈ। ਭਗਵਾਨ ਸ਼ਿਵ ਦੇ ਕਲਪਿਤ ਰੂਪ ਮੁਤਾਬਿਕ ਉਨ੍ਹਾਂ ਦੀਆਂ ਜਟਾਂ ਵਿਚ ਚੰਨ ਟੋਟਾ ਨਜ਼ਰ ਆਉਂਦਾ ਹੈ। ਉਚਾਈ ਤੋਂ ਬਨਾਰਸ ਵਿਚ ਵਗਦੀ ਗੰਗਾ ਨੂੰ ਵੇਖਿਆਂ ਉਸ ਦੀ ਦਿੱਖ ਵੀ ਚੰਨ ਵਰਗੀ ਜਾਪਦੀ ਹੈ, ਜੋ ਇਸ ਨੂੰ ਸ਼ਿਵ ਨਾਲ ਜੋੜਦੀ ਹੈ।

ਬਨਾਰਸ ਸ਼ਹਿਰ ਨੂੰ ਤਿੰਨ ਨਾਂਵਾਂ-ਬਨਾਰਸ, ਵਾਰਾਣਸੀ ਅਤੇ ਕਾਸ਼ੀ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਤਿੰਨਾਂ ਨਾਂਵਾਂ ਦੀ ਆਪੋ ਆਪਣੀ ਮਹੱਤਤਾ ਹੈ। ਅਸਲ ਵਿਚ ਸ਼ਹਿਰ ਦਾ ਨਾਮ ਬਨਾਰਸ ਹੈ, ਪਰ ਦੂਜੇ ਦੋ ਨਾਂ ਅਰਥਾਂ ਵਜੋਂ ਸੀਮਤ ਹਨ। ਬਨਾਰਸ ਨੂੰ ਵਾਰਾਣਸੀ ਤੋਂ ਵਿਗੜ ਕੇ ਪਿਆ ਨਾਮ ਆਖਿਆ ਜਾਂਦਾ ਹੈ, ਪਰ ਬਨਾਰਸ ਵੱਧ ਮਕਬੂਲ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਨਾਲ-ਨਾਲ ਭਗਤ ਕਬੀਰ ਅਤੇ ਭਾਈ ਗੁਰਦਾਸ ਵੀ ਆਪਣੀ ਰਚਨਾ ਵਿਚ ਬਨਾਰਸ ਦਾ ਜ਼ਿਕਰ ਕਰਦੇ ਹਨ। ਇਥੋਂ ਦੇ ਬਾਸ਼ਿੰਦਿਆਂ ਦੀ ਮੌਖਿਕ ਰਵਾਇਤ ਮੁਤਾਬਿਕ ਬਨਾਰਸ ਦਾ ਅਰਥ ਹੈ, 'ਬਣਿਆ ਹੋਇਆ ਰਸ', ਮਤਲਬ ਇਸ ਨੂੰ ਹਰ ਕਿਸਮ ਦੇ ਰਸ ਨਾਲ ਭਰਿਆ ਸ਼ਹਿਰ ਮੰਨਿਆ ਜਾਂਦਾ ਹੈ।

ਬਨਾਰਸ ਵੱਡੀ ਵਿਕਸਿਤ ਸਭਿਅਤਾ ਸੀ। ਇਸ ਬਾਰੇ ਵਿਦਵਾਨ ਮਾਰਕ ਟਵੇਨ ਨੇ 1897 ਵਿਚ ਕਿਹਾ, "ਬਨਾਰਸ ਇਤਿਹਾਸ ਤੋਂ ਪੁਰਾਣਾ ਹੈ, ਰਵਾਇਤ ਤੋਂ ਪੁਰਾਣਾ ਹੈ, ਦੰਦ ਕਥਾ ਤੋਂ ਪੁਰਾਣਾ ਹੈ ਅਤੇ ਇਨ੍ਹਾਂ ਸਭ ਨੂੰ ਇਕੱਠੇ ਕਰ ਕੇ ਵੀ ਇਨ੍ਹਾਂ ਤੋਂ ਦੁੱਗਣਾ ਪੁਰਾਣਾ ਜਾਪਦਾ ਹੈ।" ਵਾਰਾਣਸੀ ਨਾਂ ਦੋ ਨਦੀਆਂ ਦੇ ਨਾਂਵਾਂ ਤੋਂ ਇਸ ਨੂੰ ਮਿਲਿਆ। ਵਰੁਣ ਤੇ ਅਸੀ ਨਾਂ ਦੀਆਂ ਦੋ ਨਦੀਆਂ ਵਿਚਕਾਰਲੇ ਖੇਤਰ ਨੂੰ ਵਾਰਾਣਸੀ ਆਖਿਆ ਜਾਂਦਾ ਸੀ। ਹੁਣ ਸਰਕਾਰੀ ਤੌਰ 'ਤੇ ਇਸ ਸ਼ਹਿਰ ਦਾ ਨਾਂ ਵਾਰਾਣਸੀ ਹੀ ਦਰਜ ਕੀਤਾ ਗਿਆ ਹੈ।

ਕਾਸ਼ੀ ਨਾਂ ਇਸ ਨੂੰ ਦੋ ਕਾਰਨਾਂ ਕਰਕੇ ਮਿਲਿਆ ਮੰਨਿਆ ਜਾਂਦਾ ਹੈ। ਇਕ ਤਾਂ ਇਸ ਦੇ ਪੰਜ ਕੋਹਾਂ ਤਕ ਫੈਲੇ ਹੋਣ ਕਰਕੇ ਇਸ ਨੂੰ ਪੰਚ ਕੋਸ਼ੀ ਵੀ ਆਖ ਦਿੱਤਾ ਜਾਂਦਾ। ਇਸ ਤਰ੍ਹਾਂ ਕੋਸ਼ੀ ਤੋਂ ਕਾਸ਼ੀ ਨਾਂ ਬਣਿਆ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਇਥੇ ਹੋਏ ਇਕ ਰਾਜੇ ਦਾ ਨਾਂ ਕਸ਼ ਸੀ, ਜਿਸ ਤੋਂ ਇਹ ਨਾਂ ਪਿਆ ਮੰਨਿਆ ਜਾਂਦਾ ਹੈ। ਬਨਾਰਸ ਨੂੰ ਆਨੰਦ ਵਣ ਅਤੇ ਮਹਾਂ ਸ਼ਮਸ਼ਾਨ ਵੀ ਕਿਹਾ ਜਾਂਦਾ ਸੀ, ਕਿਉਂਕਿ ਇਥੇ ਵੱਡੇ ਜੰਗਲ ਸਨ ਅਤੇ ਬਹੁਤੀਆਂ ਥਾਂਵਾਂ ਨੂੰ ਦੇਹ ਸੰਸਕਾਰ ਲਈ ਵਰਤਿਆ ਜਾਂਦਾ ਸੀ। ਬਨਾਰਸ ਵਿਚ ਵਗਦੀ ਗੰਗਾ ਨਦੀ ਦੀ ਇਕ ਖਾਸੀਅਤ ਇਹ ਹੈ ਕਿ ਇਹ ਇਥੇ ਪੁੱਠੀ ਵਗਦੀ ਹੈ, ਜਿਸ ਨਾਲ ਕਈ ਮਿਥਿਹਾਸਕ ਕਹਾਣੀਆਂ ਜੁੜੀਆਂ ਹੋਈਆਂ ਹਨ।

ਸ਼ਹਿਰ ਦਾ ਪੁਰਾਣਾ ਹਿੱਸਾ ਭੀੜੀਆਂ ਗਲੀਆਂ ਵਿਚ ਵਸਦਾ ਹੈ। ਇਨ੍ਹਾਂ ਅੰਦਰ ਗਿਆ ਅਣਜਾਣ ਬੰਦਾ ਸੌਖਿਆਂ ਹੀ ਗੁੰਮ ਹੋ ਸਕਦਾ ਹੈ। ਘਰਾਂ ਦੇ ਨੀਵੇਂ ਦਰਵਾਜੇ, ਇਨ੍ਹਾਂ 'ਤੇ ਕੀਤੀ ਸੁੰਦਰ ਨੱਕਾਸ਼ੀ ਤੇ ਕੰਧ ਚਿੱਤਰਕਾਰੀ ਧਿਆਨ ਖਿੱਚਦੇ ਹਨ। ਸ਼ਹਿਰ ਦਾ ਵਿਕਾਸ ਮੁਗਲ ਕਾਲ ਤੋਂ ਬਾਅਦ 18ਵੀਂ ਸਦੀ ਦੌਰਾਨ ਹੋਇਆ ਮੰਨਿਆ ਜਾਂਦਾ ਹੈ। ਅਕਬਰ ਨੇ ਇਸ ਸ਼ਹਿਰ ਨਾਲ ਸਭਿਆਚਾਰਕ ਤੌਰ 'ਤੇ ਲਗਾਓ ਦਿਖਾਇਆ ਅਤੇ ਇਥੇ ਭਗਵਾਨ ਸ਼ਿਵ ਤੇ ਭਗਵਾਨ ਵਿਸ਼ਨੂੰ ਦੇ ਦੋ ਵੱਡੇ ਮੰਦਿਰ ਬਣਵਾਏ। ਬਨਾਰਸ ਦੀ ਮੁੱਖ ਪਛਾਣ ਇਸ ਦੀ ਸਭਿਅਤਾ ਸਦਕਾ ਹੀ ਰਹੀ ਹੈ।

ਇਥੇ ਬਣੇ ਹੋਏ ਘਾਟ ਖਿੱਚ ਦਾ ਕੇਂਦਰ ਹਨ ਜਿਥੇ ਦੇਸ਼ ਵਿਦੇਸ਼ ਦੇ ਸੈਲਾਨੀ ਘੰਟਿਆਂ ਬੱਧੀ ਆਪਣਾ ਵਕਤ ਗੁਜ਼ਾਰਦੇ ਹਨ। ਬਨਾਰਸ ਵਿਚ ਗੰਗਾ ਤਟ 'ਤੇ ਬਣੇ ਘਾਟਾਂ ਦੀ ਗਿਣਤੀ 84 ਹੈ, ਜਿਨ੍ਹਾਂ ਵਿਚ ਪਹਿਲਾ ਰਾਜਘਾਟ ਅਤੇ ਆਖਰੀ ਘਾਟ ਅਸੀ ਹੈ। ਹੁਣ ਇਹ ਗਿਣਤੀ 100 ਤੋਂ ਪਾਰ ਹੋ ਗਈ ਹੈ। ਇਨ੍ਹਾਂ ਘਾਟਾਂ ਦੀ ਉਸਾਰੀ ਦਾ ਕਾਲ 17-18ਵੀਂ ਸਦੀ ਹੀ ਹੈ। ਇਹ ਘਾਟ ਆਪਸ ਵਿਚ ਜੁੜੇ ਹੋਏ ਹਨ ਅਤੇ ਕੋਈ ਬਹੁਤੇ ਵੱਡੇ ਨਹੀਂ। ਕੁਝ ਘਾਟ ਵੱਧ ਮਸ਼ਹੂਰ ਹਨ, ਜਿਸ ਦਾ ਕਾਰਨ ਉਨ੍ਹਾਂ 'ਤੇ ਹੁੰਦੀਆਂ ਵੱਧ ਸਰਗਰਮੀਆਂ ਹਨ; ਜਿਵੇਂ ਦਸਾਸਵਮੇਧ ਘਾਟ, ਪੰਚਗੰਗਾ ਘਾਟ, ਤੁਲਸੀ ਘਾਟ, ਹਰੀਸ਼ਚੰਦਰ ਘਾਟ, ਮਨੀਕਰਣਿਕਾ ਘਾਟ ਅਤੇ ਅਸੀ ਘਾਟ। ਦਸਾਸਵਮੇਧ ਘਾਟ 'ਤੇ ਸਥਿਤ ਕਾਸ਼ੀ ਵਿਸ਼ਵਨਾਥ ਮੰਦਿਰ 12 ਜੋਤੀ ਲਿੰਗਾਂ ਵਿਚੋਂ ਇਕ ਹੋਣ ਕਾਰਨ ਵੱਧ ਮਾਨਤਾ ਰੱਖਦਾ ਹੈ। ਇਸ ਤੋਂ ਇਲਾਵਾ ਮੈਦਾਗਿਨ ਵਿਚ ਪੈਂਦਾ ਸ਼ਹਿਰ ਵਿਚਲਾ ਕਾਲ ਭੈਰੋਂ ਦਾ ਮੰਦਿਰ ਵਿਸ਼ੇਸ਼ ਹੈ, ਜਿਸ ਦੇ ਦਰਸ਼ਨਾਂ ਤੋਂ ਬਗੈਰ ਯਾਤਰਾ ਸਫਲ ਨਹੀਂ ਮੰਨੀ ਜਾਂਦੀ।

ਅਸੀ ਘਾਟ ਤੋਂ ਸੂਰਜ ਚੜ੍ਹਨ ਦਾ ਅਲੌਕਿਕ ਦ੍ਰਿਸ਼ ਨਜ਼ਰ ਆਉਂਦਾ ਹੈ। ਇਸ ਤੋਂ ਇਲਾਵਾ ਇਥੇ ਅਨੇਕਾਂ ਘਾਟ ਵੱਖ-ਵੱਖ ਰਾਜ ਘਰਾਣਿਆਂ ਨੇ ਬਣਵਾਏ ਅਤੇ ਉਨ੍ਹਾਂ ਦੇ ਨਾਮ ਨਾਲ ਹੀ ਜਾਣੇ ਜਾਂਦੇ ਹਨ। ਹਰੀਸ਼ਚੰਦਰ ਘਾਟ ਅਤੇ ਮਨੀਕਰਣਿਕਾ ਘਾਟ 'ਤੇ ਮੁਰਦਿਆਂ ਦਾ ਸਸਕਾਰ ਕੀਤਾ ਜਾਂਦਾ ਹੈ। ਇਥੇ ਸਸਕਾਰ ਕਰਨ ਦਾ ਖਰਚ ਵੀ ਮਨੁੱਖ ਨੂੰ ਨੀਵੇਂ ਲਿਆ ਖੜ੍ਹਾ ਕਰਦਾ ਹੈ। ਲੱਕੜਾਂ ਵੀ ਘਾਟਾਂ ਤੋਂ ਹੀ ਲੈਣੀਆਂ ਪੈਂਦੀਆਂ ਹਨ ਅਤੇ ਅੱਗ ਵੀ ਉਥੇ ਬਣੇ ਮੰਦਿਰਾਂ ਵਿਚੋਂ ਮੁੱਲ ਲੈਣੀ ਪੈਂਦੀ ਹੈ। ਕੁੱਲ ਖਰਚ 50-60 ਹਜ਼ਾਰ ਦੱਸਿਆ ਗਿਆ।

ਘਾਟਾਂ 'ਤੇ ਵੱਖ-ਵੱਖ ਕਿਸਮ ਦੀਆਂ ਮਾਨਤਾਵਾਂ, ਰਵਾਇਤਾਂ ਅਤੇ ਰਸਮਾਂ ਵੇਖਣ ਨੂੰ ਮਿਲਦੀਆਂ ਹਨ। ਇਕ ਥਾਂ ਵੇਖਿਆ ਕਿ ਮਿੱਟੀ ਦੀ ਲੇਟਵੀਂ ਮੂਰਤੀ ਬਣਾਈ ਗਈ ਹੈ। ਪਤਾ ਲੱਗਾ ਕਿ ਇਹ ਤੀਰਾਂ ਦੀ ਸੇਜ 'ਤੇ ਸੁੱਤਾ ਭੀਸ਼ਮ ਪਿਤਾਮਾ ਹੈ। ਗਾਂਵਾਂ, ਸਪੇਰੇ, ਮੰਗਦੇ ਬ੍ਰਾਹਮਣ, ਪਿੰਡ ਦਾਨ ਕਰਾਉਂਦੇ, ਗੰਗਾ ਨਹਾਉਂਦੇ ਲੋਕ ਆਮ ਵੇਖੇ ਜਾ ਸਕਦੇ ਹਨ। ਹਿੰਦੂ ਧਰਮ ਦੀ ਮਾਨਤਾ ਮੁਤਾਬਿਕ 33 ਕਰੋੜ ਦੇਵੀ ਦੇਵਤੇ ਹਨ। ਬਨਾਰਸ ਬਾਰੇ ਇਹ ਮਾਨਤਾ ਹੈ ਕਿ ਇਥੇ 33 ਕਰੋੜ ਮੰਦਿਰ ਹਨ। ਗੰਗਾ ਤੱਟ 'ਤੇ ਬਣੇ ਪੰਚਗੰਗਾ ਘਾਟ ਉਪਰ ਆਲਮਗੀਰ ਮਸੀਤ ਵੀ ਬਣੀ ਹੋਈ ਹੈ, ਜੋ ਔਰੰਗਜ਼ੇਬ ਨੇ ਬਣਵਾਈ ਸੀ। ਇਸ ਨੂੰ ਹੁਣ ਵਿਰਾਸਤੀ ਇਮਾਰਤ ਦਾ ਦਰਜਾ ਹਾਸਲ ਹੈ। ਇਸ ਦੇ ਮੀਨਾਰ 1982 ਵਿਚ ਆਏ ਭੂਚਾਲ ਦੌਰਾਨ ਡਿੱਗ ਗਏ, ਪਰ ਇਮਾਰਤ ਸਾਬਤ ਹੈ। ਸੈਰ ਸਪਾਟਾ ਵਿਭਾਗ ਮੁਤਾਬਿਕ ਸ਼ਹਿਰ ਵਿਚ 468 ਮਸੀਤਾਂ ਅਤੇ ਦਰਗਾਹਾਂ ਹਨ। ਮੁਸਲਮਾਨਾਂ ਦੀ ਗਿਣਤੀ ਕੁੱਲ ਆਬਾਦੀ ਦਾ ਵੱਡਾ ਹਿੱਸਾ ਹੈ।

ਬਨਾਰਸ ਵਿਚ ਨਰਾਇਣ ਰਾਜਾਸ਼ਾਹੀ ਦਾ ਰਾਜ ਸੀ, ਪਰ ਇਹ ਮਾਨਤਾ ਹੈ ਕਿ ਇਸ ਸ਼ਹਿਰ ਦਾ ਸਿਰਫ ਇਕੋ ਰਾਜਾ ਹੋ ਸਕਦਾ ਹੈ, ਜੋ ਭਗਵਾਨ ਸ਼ਿਵ ਨੂੰ ਮੰਨਿਆ ਜਾਂਦਾ ਹੈ। ਬ੍ਰਿਟਿਸ਼ ਰਾਜ ਦੌਰਾਨ ਇਸ ਨੂੰ ਵੱਖਰੀ ਸਟੇਟ ਬਣਾ ਰਾਮਨਗਰ ਨੂੰ ਇਸ ਦੀ ਰਾਜਧਾਨੀ ਬਣਾਇਆ ਗਿਆ ਸੀ। ਰਾਮਨਗਰ ਦਾ ਕਿਲ੍ਹਾ ਹਾਲੇ ਵੀ ਸਥਿਤ ਹੈ ਅਤੇ ਸੈਰ-ਸਪਾਟਾ ਕੇਂਦਰ ਵਜੋਂ ਵਿਕਸਿਤ ਕੀਤਾ ਗਿਆ ਹੈ।

ਸ਼ਹਿਰ ਵਿਚ ਹੀ ਸਥਿਤ ਭਾਰਤ ਮਾਤਾ ਮੰਦਿਰ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ। ਇਸ ਦਾ ਨਿਰਮਾਣ ਸ਼ਿਵ ਪ੍ਰਸਾਦ ਗੁਪਤਾ ਨਗਵਾਂ ਨੇ 1918 ਵਿਚ ਕਰਵਾਇਆ। ਇਸ ਮੰਦਿਰ ਵਿਚ ਜ਼ਮੀਨ ਉਤੇ ਸੰਗਮਰਮਰ ਦਾ ਬਣਿਆ ਭਾਰਤ ਦਾ ਨਕਸ਼ਾ ਹੈ। ਇਸ ਨਕਸ਼ੇ ਵਿਚ ਸੰਗਮਰਮਰੀ ਉਭਾਰਾਂ ਨਾਲ ਭਾਰਤ ਦੇ ਧਰਾਤਲ ਤੇ ਪਹਾੜ ਬਣਾਏ ਗਏ ਹਨ।

ਬਨਾਰਸ ਹਿੰਦੂ ਯੂਨੀਵਰਸਿਟੀ ਸਿੱਖਿਆ ਦੇ ਕੇਂਦਰ ਪੱਖੋਂ ਦੇਸ਼ ਭਰ 'ਚ ਮਸ਼ਹੂਰ ਹੈ। ਇਥੋਂ ਦੀ ਸੈਂਟਰਲ ਲਾਇਬਰੇਰੀ ਬਹੁਤ ਅਮੀਰ ਹੈ। ਯੂਨੀਵਰਸਿਟੀ ਦੀ ਕਨਵੋਕੇਸ਼ਨ ਦੌਰਾਨ ਵਿਦਿਆਰਥੀਆਂ ਨੂੰ ਰਵਾਇਤੀ ਪਹਿਰਾਵੇ ਪਹਿਨਣਾ ਲਾਜ਼ਮੀ ਹੁੰਦਾ ਹੈ। ਲੜਕੀਆਂ ਲਈ ਲਾਲ ਤੇ ਸਫੈਦ ਸਾੜੀ ਅਤੇ ਲੜਕਿਆਂ ਲਈ ਸਫੈਦ ਕੁੜਤਾ ਪਜਾਮਾ ਜਾਂ ਧੋਤੀ ਅਤੇ ਲਾਲ/ਗੁਲਾਬੀ ਗੋਲ ਲੜ-ਛੱਡਵੀਂ ਪੱਗ।

ਯੂਨੀਵਰਸਿਟੀ ਕੈਂਪਸ 'ਚ ਹੀ ਵਿਸ਼ਵਨਾਥ ਮੰਦਿਰ ਸਥਿਤ ਹੈ, ਜਿਸ ਨੂੰ ਵਿਦਿਆਰਥੀ ਵੀ.ਟੀ. ਆਖਦੇ ਹਨ। ਯੂਨੀਵਰਸਿਟੀ ਵਿਚ ਸਥਿਤ 'ਭਾਰਤ ਕਲਾ ਭਵਨ' ਅਜਾਇਬਘਰ ਦੇਖਣ ਯੋਗ ਹੈ। ਇਥੇ ਬਨਾਰਸ ਦੀ ਖੁਦਾਈ ਦੌਰਾਨ ਮਿਲੀਆਂ ਅਨੇਕਾਂ ਵਸਤਾਂ ਵੇਖੀਆਂ ਜਾ ਸਕਦੀਆਂ ਹਨ। ਇਥੇ ਇਮਾਰਤਸਾਜ਼ੀ, ਮੂਰਤੀਆਂ, ਸਿੱਕੇ, ਚਿੱਤਰਕਾਰੀ ਤੇ ਸ਼ਾਹੀ ਪਰਿਵਾਰ ਨਾਲ ਜੁੜੀਆਂ ਯਾਦਾਂ ਆਦਿ ਮੌਜੂਦ ਹਨ।

ਇਹ ਸ਼ਹਿਰ ਕਈ ਵੱਡੀਆਂ ਸ਼ਖਸੀਅਤਾਂ ਦੀ ਕਰਮ ਭੂਮੀ ਰਿਹਾ ਹੈ। ਭਗਤ ਕਬੀਰ ਅਤੇ ਭਗਤ ਰਵਿਦਾਸ ਇਸੇ ਸ਼ਹਿਰ ਤੋਂ ਸਨ। ਇਹ ਉਨ੍ਹਾਂ ਦੀ ਕਰਮ ਭੂਮੀ ਸੀ। ਉਨ੍ਹਾਂ ਦੇ ਗੁਰੂ ਰਾਮਾਨੰਦ ਪੰਚਗੰਗਾ ਘਾਟ 'ਤੇ ਰਹਿੰਦੇ ਸਨ ਅਤੇ ਇਥੇ ਹੀ ਭਗਤ ਕਬੀਰ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ। ਲੋਕ ਬੋਲੀ ਅਵਧੀ ਦੀ ਪਹਿਲੀ ਰਾਮਾਇਣ ਲਿਖਣ ਵਾਲੇ ਤੁਲਸੀਦਾਸ ਗੋਸਵਾਮੀ ਦਾ ਘਰ ਵੀ ਇਥੇ ਹੀ ਘਾਟ ਉਪਰ ਮੌਜੂਦ ਹੈ, ਜਿਥੇ ਬੈਠ ਕੇ ਉਨ੍ਹਾਂ ਰਾਮਚਰਿਤ ਮਾਨਸ ਦੀ ਰਚਨਾ ਕੀਤੀ। ਪੂਰਬੀ ਧਰਮ ਅਤੇ ਦਰਸ਼ਨ ਦੀ ਅਜਿਹੀ ਕੋਈ ਵੱਡੀ ਅਜ਼ਮਤ ਨਹੀਂ, ਜੋ ਇਥੇ ਨਾ ਆਈ ਹੋਵੇ। ਗੁਰੂ ਨਾਨਕ ਸਾਹਿਬ ਵੀ ਬਨਾਰਸ ਆਏ ਸਨ। ਮਹਾਤਮਾ ਬੁੱਧ ਵੀ ਇਥੇ ਆਏ।

ਬਨਾਰਸ ਤੋਂ 12-13 ਕਿਲੋਮੀਟਰ ਦੂਰ ਸਥਿਤ ਸ਼ਹਿਰ ਸਾਰਨਾਥ ਬੁੱਧ ਧਰਮ ਦਾ ਵੱਡਾ ਕੇਂਦਰ ਹੈ। ਮਹਾਤਮਾ ਬੁੱਧ ਨੇ ਗਿਆਨ ਪ੍ਰਾਪਤੀ ਪਿਛੋਂ ਆਪਣੇ ਪਹਿਲੇ ਪੰਜ ਸ਼ਿਸ਼ਾਂ ਨੂੰ ਸਾਰਨਾਥ ਵਿਖੇ ਹੀ ਉਪਦੇਸ਼ ਦਿੱਤਾ ਸੀ। ਉਹ ਜਿਸ ਥੜ੍ਹੇ 'ਤੇ ਬੈਠੇ ਸਨ, ਉਹ ਅੱਜ ਵੀ ਮੌਜੂਦ ਹੈ। ਇਸ ਨੂੰ ਰਾਜਾ ਅਸ਼ੋਕ ਨੇ ਮਹਾਤਮਾ ਬੁੱਧ ਦੀ ਯਾਦ ਵਿਚ ਉਚੇ ਸਤੂਪ ਦੀ ਸ਼ਕਲ ਦੇ ਦਿੱਤੀ ਸੀ, ਜਿਸ ਨੂੰ ਧਾਮੇਖ ਸਤੂਪ ਆਖਿਆ ਜਾਂਦਾ ਹੈ। ਸਾਰਨਾਥ ਵਿਖੇ ਹੀ ਇਕ ਅਜਾਇਬਘਰ, ਚੌਖੰਡੀ ਸਤੂਪ ਅਤੇ ਅਸ਼ੋਕ ਸਤੰਭ ਮੌਜੂਦ ਹਨ, ਜੋ ਹੁਣ ਕਾਫੀ ਨੁਕਸਾਨੇ ਜਾ ਚੁਕੇ ਹਨ।

ਜੈਨ ਧਰਮ ਲਈ ਵੀ ਬਨਾਰਸ ਅਤੇ ਸਾਰਨਾਥ ਖਾਸ ਅਹਿਮੀਅਤ ਰੱਖਦੇ ਹਨ। ਜੈਨ ਧਰਮ ਦੇ 24 ਤੀਰਥਾਂਕਰਾਂ ਵਿਚੋਂ ਤਿੰਨ ਦਾ ਜਨਮ ਬਨਾਰਸ ਵਿਚ ਹੋਇਆ ਅਤੇ ਚਾਰ ਤੀਰਥਾਂਕਰ ਇਥੇ ਆਏ। ਸਾਰਨਾਥ ਅਤੇ ਬਨਾਰਸ ਵਿਚ ਕਈ ਜੈਨ ਮੰਦਿਰ ਸਥਿਤ ਹਨ। ਮੰਨਿਆ ਜਾਂਦਾ ਹੈ ਕਿ ਈਸਾ ਮਸੀਹ ਦੇ 12 ਚੇਲਿਆਂ ਵਿਚੋਂ ਇਕ ਨੇ ਬਨਾਰਸ ਦੀ ਯਾਤਰਾ ਕੀਤੀ। ਉਸ ਦੀ ਯਾਦ ਵਿਚ ਸ਼ਹਿਰ ਵਿਚ ਸੇਂਟ ਥਾਮਸ ਚਰਚ ਬਣਾਈ ਗਈ।

ਹਿੰਦੀ ਸਾਹਿਤ ਦੇ ਪਿਤਾਮਾ ਆਖੇ ਜਾਂਦੇ ਭਾਰਤੇਂਦੂ ਹਰੀਸ਼ਚੰਦਰ ਵੀ ਬਨਾਰਸ ਦੇ ਹੀ ਸਨ। ਉਨ੍ਹਾਂ ਦੇ ਘਰ ਨੂੰ ਅਜਾਇਬਘਰ ਬਣਾ ਕੇ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਹੈ। ਬਨਾਰਸ ਹਿੰਦੀ ਸਾਹਿਤ ਦਾ ਵੱਡਾ ਕੇਂਦਰ ਰਿਹਾ ਹੈ। ਅਚਾਰਿਆ ਸ਼ੁਕਲ, ਬਲਦੇਵ ਉਪਾਧਿਆਏ, ਹਜ਼ਾਰੀ ਪ੍ਰਸਾਦ ਦਿਵੇਦੀ, ਜੈਸ਼ੰਕਰ ਪ੍ਰਸਾਦ ਜਿਹੇ ਹਿੰਦੀ ਦੇ ਅਨੇਕਾਂ ਵੱਡੇ ਲੇਖਕ ਬਨਾਰਸ ਦੀ ਸ਼ਾਨ ਸਨ। ਇਨ੍ਹਾਂ ਤੋਂ ਇਲਾਵਾ ਸੰਗੀਤ ਅਤੇ ਨ੍ਰਿਤ ਦੀਆਂ ਪ੍ਰਸਿਧ ਹਸਤੀਆਂ ਬਿਸਮਿੱਲਾ ਖਾਨ, ਪੰਡਿਤ ਰਵੀ ਸ਼ੰਕਰ ਤੇ ਗਿਰਿਜਾ ਦੇਵੀ ਵੀ ਬਨਾਰਸ ਦੀ ਸ਼ਾਨ ਹਨ।

ਇਹ ਸ਼ਹਿਰ ਰਾਣੀ ਲਕਸ਼ਮੀ ਬਾਈ ਦੀ ਜਨਮਭੂਮੀ ਸੀ। ਉਸ ਦੀ ਯਾਦ ਵਿਚ ਉਸ ਦਾ ਘੋੜਸਵਾਰੀ ਵਾਲਾ ਬੁੱਤ ਅਤੇ ਪਾਰਕ ਬਣਵਾਇਆ ਗਿਆ ਹੈ। ਉਨ੍ਹਾਂ ਦੇ ਘਰ ਦਾ ਇਕ ਹਿੱਸਾ ਡਿੱਗ ਗਿਆ ਹੈ ਅਤੇ ਬਾਕੀ ਬਚੇ ਹਿੱਸੇ ਵਿਚ ਹੁਣ ਬਟੂਕ (ਬੱਚੇ) ਵੇਦ ਅਭਿਆਸ ਕਰਦੇ ਹਨ। ਸਰਦ ਰੁੱਤ ਦੌਰਾਨ ਸਾਇਬੇਰੀਅਨ ਪੰਛੀ ਵੀ ਇਸ ਸ਼ਹਿਰ ਵਿਚ ਪਹੁੰਚ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਦੇ ਹਨ, ਜੋ ਰੁੱਤ ਬਦਲਣ 'ਤੇ ਰਾਜਸਥਾਨ ਦੇ ਭਰਤਪੁਰ ਨੂੰ ਰਵਾਨਾ ਹੋ ਜਾਂਦੇ ਹਨ।


ਬਨਾਰਸ ਦਾ ਜ਼ਿਕਰ ਕਰਦਿਆਂ ਜੇ ਉਥੋਂ ਦੇ ਖਾਣੇ ਦੀ ਗੱਲ ਨਾ ਹੋਵੇ ਤਾਂ ਸਭ ਅਧੂਰਾ ਜਾਪੇਗਾ। ਬਨਾਰਸ ਵਿਚ ਖਾਣੇ ਦੀ ਵੰਨ-ਸਵੰਨਤਾ ਹੈਰਾਨ ਕਰਦੀ ਹੈ। ਬਨਾਰਸੀ ਪਾਨ ਤੋਂ ਇਲਾਵਾ ਵੀ ਇਥੋਂ ਦੇ ਖਾਣੇ ਵਿਚ ਬਹੁਤ ਕੁਝ ਵਿਲੱਖਣ ਹੈ। ਖਾਸ ਤੌਰ 'ਤੇ ਆਲੂ ਕਚੌਰੀ, ਮਲਈਓ, ਛੋਟੀ ਗੋਲ ਕਚੌਰੀ, ਵੱਡੀ ਗੋਲ ਕਚੌਰੀ, ਕੀਮਾ, ਬਾਟੀ ਚੋਖਾ, ਚੂਰਮਾ, ਟਮਾਟਰ ਚਾਟ, ਚੂਰਾ ਚਾਟ, ਆਲੂ ਟਿਕੀਆਂ ਚਾਟ, ਆਲੂ ਵਾਲੇ ਗੋਲਗੱਪੇ, ਦਹੀਂ ਵਾਲੇ ਗੋਲਗੱਲੇ, ਫਲੂਦਾ, ਲਾਲ ਪੇੜਾ, ਮਗਦਲ, ਪਰਵਲ, ਖੀਰਕਦਮ, ਮਲਾਈ ਅਤੇ ਰਬੜੀ ਵਾਲੀ ਲੱਸੀ, ਠੰਡਈ ਆਦਿ ਮੂੰਹ ਵਿਚ ਪਾਣੀ ਲਿਆ ਦਿੰਦੇ ਹਨ।

ਘਾਟ 'ਤੇ ਘੁੰਮਣ ਸਮੇਂ ਉਥੋਂ ਦੀ ਨਿੰਬੂ ਵਾਲੀ ਚਾਹ ਪੀਣ ਦਾ ਆਪਣਾ ਵੱਖਰਾ ਸੁਆਦ ਹੈ। ਆਮ ਬਾਲਟੀਆਂ ਚੁੱਕੀ ਚਾਹ ਵਾਲੇ ਵੇਚਦੇ ਹਨ। ਚਾਹ/ਕੌਫੀ ਕਸੋਰਿਆਂ ਵਿਚ ਮਿਲਦੀ ਹੈ, ਜਿਨ੍ਹਾਂ ਨੂੰ ਇਥੇ ਪੁਰਵਾ ਜਾਂ ਕੁੱਲ੍ਹੜ ਆਖਦੇ ਹਨ। ਮਾਸਾਹਾਰੀ ਖਾਣੇ ਦੇ ਸ਼ੌਕੀਨ ਛਾਉਣੀ ਖੇਤਰ ਜਾ ਕੇ ਸਸਤੇ ਅਤੇ ਚੰਗੇ ਖਾਣੇ ਦਾ ਲੁਤਫ ਲੈ ਸਕਦੇ ਹਨ।

ਘੁੰਮਣ ਲਈ ਲੰਮੇ ਬਾਜ਼ਾਰ ਹਨ, ਪਰ ਬਨਾਰਸ ਦਾ ਪੁਰਾਣਾ ਅਤੇ ਭੀੜੀਆਂ ਗਲੀਆਂ ਵਾਲਾ ਮਸ਼ਹੂਰ ਬਾਜ਼ਾਰ ਹੈ-ਠਠੇਰੀ ਬਾਜ਼ਾਰ ਚੌਕ। ਇਸ ਵਿਚ ਹਰ ਕਿਸਮ ਦੀ ਚੀਜ਼ ਮਿਲਦੀ ਹੈ। ਬਨਾਰਸੀ ਰੇਸ਼ਮੀ ਸਾੜ੍ਹੀਆਂ, ਚੂੜੀਆਂ ਅਤੇ ਇਥੋਂ ਦੇ ਮਸਾਲੇ ਕਾਫੀ ਮਸ਼ਹੂਰ ਹਨ। ਇਸ ਦੇ ਨਾਲ ਹੀ ਪੁਸਤਕ ਪ੍ਰੇਮੀਆਂ ਲਈ ਠਠੇਰੀ ਬਾਜ਼ਾਰ ਚੌਕ ਨਾਲ ਹੀ ਚੌਖੰਭਾ ਸੰਸਕ੍ਰਿਤ ਭਵਨ, ਮੋਤੀਲਾਲ ਬਨਾਰਸੀ ਦਾਸ ਪਬਲਿਸ਼ਰਜ਼ ਅਤੇ ਗੀਤਾ ਪ੍ਰੈੱਸ ਮੌਜੂਦ ਹਨ। ਇਨ੍ਹਾਂ ਤੋਂ ਵਿਭਿੰਨ ਭਾਸ਼ਾਵਾਂ ਵਿਚ ਕਿਤਾਬਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਦੀਵਾਲੀ ਵੇਲੇ ਘਾਟਾਂ 'ਤੇ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿਚ ਦੀਵੇ ਬਾਲੇ ਜਾਂਦੇ ਹਨ। ਇਸ ਦਾ ਨਜ਼ਾਰਾ ਵੇਖਿਆਂ ਹੀ ਬਣਦਾ ਹੈ। ਇਸ ਮੌਕੇ ਕਿਸ਼ਤੀਆਂ ਦੀ ਮੰਗ ਅਸਮਾਨ ਛੂੰਹਦੀ ਹੈ।

ਇਥੋਂ ਦੇ ਗੁਰਦੁਆਰੇ ਦਾ ਨਾਂ 'ਗੁਰਦੁਆਰਾ ਗੁਰੂ ਨਾਨਕ ਦੇਵ ਜੀ - ਗੁਰੂ ਬਾਗ' ਹੈ। ਇਸ ਗੁਰਦੁਆਰੇ ਦੀ ਨੀਂਹ 23 ਨਵੰਬਰ 1969 ਨੂੰ ਰੱਖੀ ਗਈ ਸੀ। ਇਹ ਗੁਰਦੁਆਰਾ ਗੁਰੂ ਨਾਨਕ ਦੀ ਸ਼ਿਵਰਾਤਰੀ ਮੌਕੇ ਕੀਤੀ ਬਨਾਰਸ ਫੇਰੀ ਦੀ ਯਾਦ ਵਿਚ ਉਸਾਰਿਆ ਗਿਆ ਹੈ। ਉਨ੍ਹਾਂ ਨੇ ਇਥੇ ਬਾਗ ਵਿਚ ਪੰਡਿਤਾਂ ਨਾਲ ਆਪਣੇ ਵਿਸ਼ਵਾਸ ਬਾਰੇ ਸੰਵਾਦ ਕੀਤਾ ਸੀ।

ਸੱਚਮੁੱਚ, ਬਨਾਰਸ ਹਰ ਕਿਸਮ ਦੇ ਰਸ ਨਾਲ ਲਬਰੇਜ਼ ਨਗਰ ਹੈ। ਬਨਾਰਸ ਦੇ ਲੋਕ ਸੱਚ ਕਹਿੰਦੇ ਹਨ ਕਿ ਜੋ ਬਨਾਰਸ ਆਉਂਦਾ ਹੈ, ਉਹ 4 ਦਿਨ ਦਾ ਆਇਆ 40 ਦਿਨ ਰਹਿ ਕੇ ਜਾਂਦਾ ਹੈ। ਗੰਗਾ ਕੰਢੇ ਭਾਵੇਂ ਅਨੇਕਾਂ ਕਰਮ-ਕਾਂਡ, ਅੰਨ੍ਹੇ ਵਿਸ਼ਵਾਸ ਰਾਹੀਂ ਹੁੰਦੀ ਸ਼ਰਧਾਲੂਆਂ ਦੀ ਲੁੱਟ ਦੇਖ ਮਨ ਉਦਾਸ ਹੁੰਦਾ ਹੈ ਪਰ ਗੰਗਾ ਕੰਢੇ ਮਹਿਸੂਸ ਹੁੰਦੀ ਸ਼ਾਂਤੀ, ਅਲੌਕਿਕਤਾ ਅਤੇ ਦੈਵੀ ਅਨੁਭਵ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।



*ਬਨਾਰਸ ਹਿੰਦੂ ਯੂਨੀਵਰਸਿਟੀ ਸਿੱਖਿਆ ਦੇ ਕੇਂਦਰ ਪੱਖੋਂ ਦੇਸ਼ ਭਰ ਵਿਚ ਮਸ਼ਹੂਰ ਹੈ*

# ਅਸਲ ਸੰਦੇਸ਼ ਕੀ ਸੀ 'ਧਰਤਿ ਲੋਕਾਈ' ਸੋਧਣ ਵਾਲੇ 'ਜਗਤੁ ਗੁਰੂ ਬਾਬੇ' ਦਾ

ਜਿਨ੍ਹਾਂ ਲੋਕਾਂ ਨੇ ਸਿੱਖੀ ਦਾ ਬੂਟਾ ਲਾਉਣ ਵਾਲੇ ਗੁਰੂ ਦਾ 500ਵਾਂ ਪ੍ਰਕਾਸ਼ ਉਤਸਵ ਮਨਾਏ ਜਾਣ ਨੂੰ ਪੰਜਾਹ ਸਾਲ ਪਹਿਲਾਂ ਵੇਖਿਆ ਤੇ ਇਸ ਵਿਚ ਸ਼ਾਮਲ ਹੋਏ ਸਨ, ਅਸੀਂ ਉਨ੍ਹਾਂ ਲੋਕਾਂ ਵਿਚੋਂ ਹਾਂ। ਸਾਨੂੰ ਛੋਟੀ ਉਮਰੇ ਇਹ ਕਹਿ ਕੇ ਉਦੋਂ ਅੰਮ੍ਰਿਤ ਵੇਲੇ ਲਿਆ ਕੇ ਸੜਕਾਂ 'ਤੇ ਖੜੇ ਕਰ ਦਿੱਤਾ ਗਿਆ ਸੀ ਕਿ ਨਗਰ ਕੀਰਤਨ ਲੰਘਣਾ ਹੈ, ਜੋ ਦਰਸ਼ਨ ਕਰ ਲਵੇਗਾ, ਉਸ ਦਾ ਭਲਾ ਹੋ ਜਾਵੇਗਾ। ਸਾਰੇ ਲੋਕ ਗਏ ਅਤੇ ਅਸੀਂ ਵੀ ਗਏ ਸਾਂ।



ਜਤਿੰਦਰ ਪਨੂੰ
ਫੋਨ: 91-98140-68455

ਕਈ ਸਾਲਾਂ ਪਿੱਛੋਂ ਸਾਨੂੰ ਸਮਝ ਆਈ ਕਿ ਸਿਰਫ ਦਰਸ਼ਨ ਕਰਨ ਨਾਲ ਭਲਾ ਨਹੀਂ ਹੁੰਦਾ, ਅਸਲ ਵਿਚ ਗੁਰੂ ਸਾਹਿਬ ਦਾ ਸੰਦੇਸ਼ ਸਮਝਣ ਦੀ ਲੋੜ ਹੈ ਤੇ ਗੁਰੂ ਸਾਹਿਬ ਜਦੋਂ ਮੱਕੇ, ਬਗਦਾਦ ਜਾਂ ਹੋਰ ਥਾਂਵਾਂ ਦੇ ਲੋਕਾਂ ਕੋਲ ਗਏ ਸਨ, ਉਹ ਦਰਸ਼ਨ ਦੇਣ ਨਹੀਂ ਸਨ ਗਏ, ਇੱਕ ਸੁੱਚੇ ਸਿਧਾਂਤ ਦਾ ਸੰਦੇਸ਼ ਵੰਡਣ ਗਏ ਸਨ। ਅੱਜ ਜਦੋਂ ਇੱਕ ਵਾਰ ਫਿਰ ਓਹੀ ਮਾਹੌਲ ਬਣ ਗਿਆ ਹੈ ਤੇ ਬਾਬੇ ਦੇ ਸਿਧਾਂਤ ਨੂੰ ਸੋਚ ਦਾ ਵਿਸ਼ਾ ਬਣਾਉਣ ਦੀ ਥਾਂ ਫਿਰ ਨਗਰ ਕੀਰਤਨਾਂ ਤੇ ਦਰਸ਼ਨਾਂ ਦੀ ਚਰਚਾ ਹਰ ਪਾਸੇ ਚੱਲ ਰਹੀ ਹੈ ਤਾਂ ਖਿਆਲ ਆਉਂਦਾ ਹੈ ਕਿ ਪੰਜਾਹ ਸਾਲਾਂ ਵਿਚ ਕਿਸੇ ਤਰ੍ਹਾਂ ਦਾ ਫਰਕ ਹੀ ਨਹੀਂ ਪਿਆ। ਜਿਹੜੇ ਪਾਸੇ ਲੋਕਾਂ ਨੂੰ ਓਦੋਂ ਲਾਇਆ ਜਾ ਰਿਹਾ ਸੀ, ਅੱਜ ਵੀ ਲਾਇਆ ਜਾ ਰਿਹਾ ਹੈ, ਬਾਬੇ ਦੇ ਸੰਦੇਸ਼ ਦੀ ਚਰਚਾ ਹੀ ਨਹੀਂ ਹੋ ਰਹੀ।

ਚੰਗੇ ਚੱਲਦੇ ਗੁਜ਼ਾਰੇ ਵਾਲੇ ਪਰਿਵਾਰ ਵਿਚ ਪੈਦਾ ਹੋਏ ਗੁਰੂ ਨਾਨਕ ਸਾਹਿਬ ਨੇ ਬਾਲ ਉਮਰ ਤੋਂ ਨਿਕਲਦੇ ਸਾਰ ਹੀ ਜਦੋਂ ਸਮਾਜ ਦੀ ਹਾਲਤ ਵੇਖੀ ਤਾਂ ਉਨ੍ਹਾਂ ਨੇ ਇਹ ਉਚਾਰਿਆ ਸੀ,

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥

ਭਾਵ ਇਹ ਕਲਿਯੁਗੀ ਦੌਰ ਹੈ, ਜਿੱਥੇ ਰਾਜੇ ਬੁੱਚੜ ਬਣੇ ਹੋਏ ਹਨ ਤੇ ਧਰਮ ਖੰਭ ਲਾ ਕੇ ਉਡ ਜਾਣ ਪਿੱਛੋਂ ਝੂਠ ਦੇ ਪਰਪੰਚ ਵਾਲੀ ਮੱਸਿਆ ਦੀ ਰਾਤ ਵਾਲੀ ਹਾਲਤ ਵਿਚ ਸੱਚ ਦਾ ਚੰਦ ਚੜ੍ਹਿਆ ਕਿਤੇ ਨਹੀਂ ਦਿੱਸਦਾ। ਉਨ੍ਹਾਂ ਕਿਹਾ ਸੀ ਕਿ ਇਸ (ਸੱਚ) ਦੀ ਭਾਲ ਕਰਨ ਵਾਲਾ ਉਲਝਦਾ ਜਾਂਦਾ ਹੈ, ਹਨੇਰੇ ਵਿਚ ਕੋਈ ਰਾਹ ਨਹੀਂ ਦਿੱਸਦਾ, ਹੰਕਾਰ ਨਾਲ ਭਰੇ ਹੋਏ ਲੋਕ ਅੰਦਰੂਨੀ ਪੀੜ ਨਾਲ ਤੜਫਦੇ ਰੋ ਰਹੇ ਹਨ, ਹੇ ਨਾਨਕ ਇਨ੍ਹਾਂ ਦਾ ਬਚਾਅ ਕਿੱਦਾਂ ਹੋਵੇਗਾ?

ਇਸ ਹਾਲਤ ਵਿਚ ਆਪਣੇ ਪਰਿਵਾਰ ਦੀਆਂ ਜਿੰਮੇਵਾਰੀਆਂ ਤੱਕ ਸੀਮਤ ਰਹਿਣ ਦੀ ਥਾਂ ਸੰਸਾਰ ਨੂੰ ਸੱਚ ਚੰਦਰਮਾ ਵੱਲ ਵੇਖਣ ਦਾ ਰਾਹ ਦੱਸਣ ਲਈ ਉਨ੍ਹਾਂ ਉਪਰਾਲਾ ਸ਼ੁਰੂ ਕੀਤਾ ਅਤੇ ਚਾਰ ਉਦਾਸੀਆਂ ਵਿਚ ਹਜ਼ਾਰਾਂ ਮੀਲ ਪੈਂਡਾ ਪੈਦਲ ਗਾਹ ਕੇ ਇੱਕ ਸੰਦੇਸ਼ ਦਿੱਤਾ ਸੀ। ਉਨ੍ਹਾਂ ਦੇ ਇਸ ਉਪਰਾਲੇ ਬਾਰੇ ਭਾਈ ਗੁਰਦਾਸ ਨੇ 'ਚੜਿਆ ਸੋਧਣਿ ਧਰਤਿ ਲੋਕਾਈ' ਵਾਲੀ ਗੱਲ ਆਪਣੀ ਸਭ ਤੋਂ ਪਹਿਲੀ ਵਾਰ ਵਿਚ ਜਦੋਂ ਕਹੀ ਤਾਂ ਐਵੇਂ ਨਹੀਂ ਸੀ ਕਹੀ। ਇਸ ਯਤਨ ਵਿਚ ਜਦੋਂ ਗੁਰੂ ਸਾਹਿਬ ਦਾ ਵਾਸਤਾ ਇੱਕ ਵਾਰੀ ਇਸਲਾਮ ਦੇ ਪ੍ਰਚਾਰਕਾਂ ਅਤੇ ਹਾਜੀਆਂ ਨਾਲ ਹੋਇਆ ਤਾਂ ਉਨ੍ਹਾਂ ਨੇ ਸਿੱਧਾ ਸਵਾਲ ਪੁੱਛਿਆ ਸੀ ਕਿ ਬਾਕੀ ਸਭ ਵਿਵਾਦ ਛੱਡ ਕੇ ਤੁਸੀਂ ਸਿਰਫ ਇਹ ਦੱਸੋ ਕਿ ਹਿੰਦੂ ਵੱਡਾ ਹੈ ਕਿ ਮੁਸਲਮਾਨ, ਕਿਉਂਕਿ ਉਦੋਂ ਤੱਕ ਸੰਸਾਰ ਦੇ ਇਸ ਪਾਸੇ ਦੋ ਧਰਮ ਹਿੰਦੂਆਂ ਤੇ ਮੁਸਲਮਾਨਾਂ ਦੇ ਹੀ ਸਨ।

ਜਵਾਬ ਵਿਚ ਜੋ ਕੁਝ ਗੁਰੂ ਸਾਹਿਬ ਨੇ ਕਿਹਾ, ਉਹ ਭਾਈ ਗੁਰਦਾਸ ਇਨ੍ਹਾਂ ਸ਼ਬਦਾਂ ਵਿਚ ਲਿਖਦੇ ਹਨ ਕਿ 'ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।' ਕਿਸੇ ਇੱਕ ਜਾਂ ਦੂਸਰੇ ਧਰਮ ਦੇ ਹੋਣ ਨੂੰ ਵੱਡਾ ਜਾਂ ਛੋਟਾ ਕਹਿਣ ਦੀ ਥਾਂ ਜਿਹੜੇ ਗੁਰੂ ਬਾਬੇ ਨੇ ਇਹ ਕਿਹਾ ਕਿ ਜੇ ਅਮਲ ਸੁਭ ਨਹੀਂ ਤਾਂ ਦੋਹਾਂ ਨੂੰ ਰੋਣਾ ਪੈਣਾ ਹੈ ਤਾਂ ਇਹ ਯਕੀਨੀ ਸਮਝਣਾ ਚਾਹੀਦਾ ਹੈ ਕਿ ਜੇ ਅਮਲ ਸੁਭ ਨਾ ਹੋਏ ਤਾਂ ਅੱਜ ਵਾਲੇ ਦੌਰ ਵਿਚ ਸਿਰਫ ਸਿੱਖ ਅਖਵਾਉਣ ਨਾਲ ਵੀ ਗੱਲ ਨਹੀਂ ਬਣਨੀ, ਅਮਲਾਂ ਨਾਲ ਨਿਬੇੜਾ ਹੋਣਾ ਹੈ। ਜਿਨ੍ਹਾਂ ਅਮਲਾਂ ਨਾਲ ਨਿਬੇੜਾ ਹੋਣਾ ਹੈ, ਉਹ ਕਿਤੋਂ ਪੁੱਛਣ ਦੀ ਲੋੜ ਨਹੀਂ, ਗੁਰੂ ਬਾਬੇ ਦੀ ਰਚਨਾ ਅਤੇ ਜੀਵਨ ਦੇ ਅਮਲ ਵਿਚੋਂ ਮਿਲ ਜਾਂਦੇ ਹਨ।

ਗੁਰੂ ਬਾਬੇ ਨੇ ਸਮਾਜ ਵਿਚ ਚੱਲਦੇ ਜਾਤ-ਪਾਤ ਦੇ ਵਿਤਕਰੇ ਦਾ ਸਖਤ ਵਿਰੋਧ ਕੀਤਾ ਤੇ ਆਖਿਆ,

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ ਮਰੀਐ ਚਖੀਐ॥

ਭਾਵ ਜਾਤ ਨਾਲ ਕਿਸੇ ਤਰ੍ਹਾਂ ਦਾ ਫਰਕ ਨਹੀਂ ਪੈਂਦਾ, ਪਰਖ ਸੱਚ ਨਾਲ ਹੋਣੀ ਹੁੰਦੀ ਹੈ ਤੇ ਪਰਖ ਇਹ ਹੈ ਕਿ ਜ਼ਹਿਰ ਭਾਵੇਂ ਦੋਹਾਂ ਵਿਚੋਂ ਕਿਸੇ ਦੇ ਹੱਥ ਉਤੇ ਰੱਖ ਲਓ, ਖਾ ਲਿਆ ਤਾਂ ਜਾਤ ਦੇ ਵਖਰੇਵੇਂ ਹੁੰਦਿਆਂ ਵੀ ਮੌਤ ਦੋਹਾਂ ਦੀ ਹੋ ਜਾਂਦੀ ਹੈ। ਇਸ ਕਾਰਨ ਹੀ ਉਨ੍ਹਾਂ ਨੇ ਜਾਤ-ਪਾਤ ਦਾ ਸਖਤ ਵਿਰੋਧ ਕਰਨ ਵਾਸਤੇ ਅਗਲੀ ਗੱਲ ਕਹੀ ਸੀ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥

ਗੁਰੂ ਬਾਬਾ ਸਾਨੂੰ ਇਹ ਕਹਿੰਦੇ ਰਹੇ ਕਿ ਨੀਵੀਂ ਤੋਂ ਨੀਵੀਂ ਜਾਤ ਤੇ ਅੱਤ ਦੀ ਨੀਵੀਂ ਜਾਤ ਵੀ ਹੋਵੇ ਤਾਂ ਨਾਨਕ ਉਨ੍ਹਾਂ ਦੇ ਨਾਲ ਖੜਾ ਹੋਵੇਗਾ, ਵਡਿਆਂ ਨਾਲ ਅਸੀਂ ਨਹੀਂ ਖੜੇ ਹੋਣਾ, ਪਰ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਮਨਾਉਣ ਵੇਲੇ ਵੀ ਪੰਜਾਬ ਵਿਚ ਗੁਰੂ ਸਾਹਿਬ ਦੇ ਸੰਦੇਸ਼ ਦੇ ਉਲਟ ਜਾਤ-ਪਾਤ ਦੇ ਆਧਾਰ ਉਤੇ ਗੁਰਦੁਆਰੇ ਚੱਲਦੇ ਸਨ ਤੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਪੁਰਬ ਦੇ ਵਕਤ ਵੀ ਜਾਤ ਦਾ ਵਿਤਕਰਾ ਗੁਰੂ ਸਾਹਿਬ ਦੇ ਨਾਮ ਲੇਵਿਆਂ ਦਾ ਖਹਿੜਾ ਨਹੀਂ ਛੱਡਦਾ ਜਾਪਦਾ।

ਇਹੋ ਨਹੀਂ, ਗੁਰੂ ਬਾਬੇ ਨੇ ਲੋਕਾਂ ਨੂੰ ਗ੍ਰਹਿਸਥ ਦਾ ਜੀਵਨ ਜਿਉਣ ਅਤੇ ਜੀਵਨ ਵਿਚ ਚੰਗੇ ਅਮਲ ਕਰਨ ਦੇ ਨਾਲ ਕਿਰਦਾਰ ਦੇ ਸੰਤ ਬਣਨ ਲਈ ਕਿਹਾ ਸੀ, ਪਰ ਅੱਜ ਉਸੇ ਗੁਰੂ ਬਾਬੇ ਦੇ ਨਾਂ 'ਤੇ ਬਣੇ ਹੋਏ ਡੇਰਿਆਂ ਵਿਚ ਬੈਠੇ ਸੰਤ ਕਹਾਉਂਦੇ ਲੋਕ ਉਲਟ ਵਿਹਾਰ ਕਰਦੇ ਨਜ਼ਰ ਆਉਂਦੇ ਹਨ। ਗੁਰੂ ਬਾਬਾ ਜੀ ਨੇ ਕਰਤਾਰਪੁਰ ਵਿਚ ਹਲ ਵਾਹਿਆ ਅਤੇ ਕਿਸਾਨ ਦੇ ਜੀਵਨ ਨਾਲ ਜੁੜੇ ਤਾਂ ਇਸ ਦਾ ਅਮਲ ਖੁਦ ਪੇਸ਼ ਕਰਨ ਪਿੱਛੋਂ ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਸੀ,

ਮਨੁ ਹਾਲੀ ਕਿਰਸਾਣੀ ਕਰਣੀ
ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ
ਰਖੁ ਗਰੀਬੀ ਵੇਸੁ॥

ਭਾਵ ਮਨ ਦੇ ਹਲ ਨਾਲ ਚੰਗੇ ਕੰਮਾਂ ਦੀ ਕਿਸਾਨੀ ਕਰ, ਸ਼ਰਮ ਦਾ ਪਾਣੀ ਦੇ ਕੇ ਆਪਣੇ ਤਨ ਦੇ ਖੇਤ ਅੰਦਰ ਨਾਮ ਦਾ ਬੀਜ ਬੀਜਣ ਪਿੱਛੋਂ (ਮਨ ਵਿਚ ਸੰਤ-ਗਿਰੀ ਦਾ ਹੰਕਾਰ ਨਾ ਆ ਜਾਵੇ), ਉਸ 'ਤੇ ਸਬਰ-ਸੰਤੋਖ ਦਾ ਸੁਹਾਗਾ ਫੇਰ ਕੇ ਗਰੀਬੀ (ਨਿਰਮਾਣਤਾ) ਦੀ ਭਾਵਨਾ ਨਾਲ ਜੀਵਨ ਬਤੀਤ ਕਰਿਆ ਕਰਿਓ। ਸਾਡੇ ਅਜੋਕੇ ਸੰਤ ਜਦੋਂ ਕਰੋੜਾਂ ਦੀ ਕੀਮਤ ਵਾਲੀਆਂ ਕਾਰਾਂ 'ਤੇ ਘੁੰਮਦੇ ਹਨ ਤਾਂ ਇਸ ਸ਼ਬਦ ਦਾ ਅਰਥ ਲੋਕਾਂ ਨੂੰ ਨਹੀਂ ਦੱਸ ਸਕਦੇ।

ਕਿਉਂਕਿ ਗੁਰੂ ਬਾਬਾ 'ਵਡਿਆ ਸਿਉ ਕਿਆ ਰੀਸ' ਦਾ ਉਪਦੇਸ਼ ਦੇ ਕੇ ਗਏ ਸਨ, ਗੁਰੂ ਸਾਹਿਬ ਨੇ ਕਿਰਤ ਕਰ ਕੇ ਖਾਣ ਵਾਲੇ ਭਾਈ ਲਾਲੋ ਨੂੰ ਪਹਿਲ ਦਿੱਤੀ ਸੀ, ਇਸ ਲਈ ਅੱਜ ਜਦੋਂ ਉਸੇ ਗੁਰੂ ਸਾਹਿਬ ਦਾ 550ਵਾਂ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਹੈ, ਉਸ ਦੇ ਸੰਦੇਸ਼ ਦੀ ਮਹਿਮਾ ਪਛਾਨਣੀ ਵੀ ਭਾਈ ਲਾਲੋਆਂ ਦਾ ਫਰਜ਼ ਹੈ। ਜਿਹੋ ਜਿਹਾ ਮਾਹੌਲ ਬਣੀ ਜਾਂਦਾ ਹੈ, ਸਾਨੂੰ ਲੱਗਦਾ ਹੈ ਕਿ ਇੱਕ ਵਾਰ ਫਿਰ ਗੁਰੂ ਦਾ ਸੰਦੇਸ਼ ਲਾਂਭੇ ਰੱਖ ਕੇ ਵੱਡੇ ਪੰਡਾਲਾਂ ਦੇ ਸਮਾਗਮਾਂ ਦੀ ਮੁਕਾਬਲੇਬਾਜ਼ੀ ਹੀ ਲੋਕਾਂ ਦੇ ਪੱਲੇ ਪਵੇਗੀ। ਇਹ ਉਸ ਗੁਰੂ ਬਾਬੇ ਨੂੰ ਯਾਦ ਕਰਨ ਦਾ ਅਸਲ ਤਰੀਕਾ ਨਹੀਂ ਕਿਹਾ ਜਾ ਸਕਦਾ, ਜਿਸ ਗੁਰੂ ਬਾਰੇ ਭਾਈ ਗੁਰਦਾਸ ਨੇ 'ਚੜਿਆ ਸੋਧਣਿ ਧਰਤਿ ਲੋਕਾਈ' ਕਿਹਾ ਸੀ ਅਤੇ ਜਿਸ ਗੁਰੂ ਸਾਹਿਬ ਨੇ ਲੋਕਾਂ ਦੀ ਕਿਰਤ ਕਮਾਈ 'ਤੇ ਐਸ਼ ਕਰਨ ਵਾਲਿਆਂ ਬਾਰੇ ਕਿਹਾ ਸੀ, 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥' ਸੰਦੇਸ਼ ਤਾਂ ਸੁੱਚਾ ਹੈ ਗੁਰੂ ਬਾਬੇ ਦਾ, ਪਰ ਇਸ ਦਾ ਚੇਤਾ ਭੁਲਾ ਦਿੱਤਾ ਗਿਆ ਜਾਪਦਾ ਹੈ।

# ਕਸ਼ਮੀਰ: ਕੇਸਰ ਵੀ ਰੁਲ ਗਿਆ ਕੇਸੂਆਂ ਦੇ ਭਾਅ

ਯਾਦਾਂ ਦੀ ਪਟਾਰੀ

ਬਚਪਨ ਬਹੁਤ ਕੁਝ ਤੁਹਾਡੇ ਅੰਦਰ ਧਰ ਜਾਂਦੈ। ਮੇਰਾ ਬਾਪ ਪੰਜਾਬ ਦੇ ਆਵਾਜਾਈ ਵਿਭਾਗ 'ਚ ਮੱਧ ਵਰਗੀ ਮੁਲਾਜ਼ਮ ਸੀ। ਪੰਜਾਬ ਰੋਡਵੇਜ਼ ਦੀਆਂ ਜੰਮੂ-ਕਸ਼ਮੀਰ ਜਾਂਦੀਆਂ ਬੱਸਾਂ ਦਾ ਕੰਮ-ਕਾਜ ਦੇਖਣ ਜੰਮੂ ਕਸ਼ਮੀਰ ਜਾਂਦੇ। ਮੁੜਦੇ ਵਕਤ ਸੁਰਖ ਰਾਜ ਮਾਂਹ, ਸੁੱਕੇ ਮੇਵੇ ਅਤੇ ਲੀਚੀਆਂ ਲੈ ਕੇ ਆਉਂਦੇ। ਮੈਂ ਖੁਰਦਰੀਆਂ ਭੂਰੇ ਰੰਗੀਆਂ ਲੀਚੀਆਂ ਛਿੱਲਦਾ, ਵਿਚੋਂ ਦੁੱਧ ਰੰਗੀਆਂ ਗੁੱਦੇਦਾਰ


ਹਰਜਿੰਦਰ ਦੋਸਾਂਝ

ਲੀਚੀਆਂ ਨਿਕਲਦੀਆਂ। ਮੇਰਾ ਬਾਪ ਕਹਿੰਦਾ, ਇਹ ਨਿਰੀਆਂ ਕਸ਼ਮੀਰ ਦੀ ਬਰਫ ਰੰਗੀਆਂ ਨੇ।

ਮੈਂ ਕਸ਼ਮੀਰ ਨਹੀਂ ਦੇਖਿਆ, ਮੇਰੇ ਲਈ ਅੱਜ ਵੀ ਖਾਕੀ ਰੰਗੀ ਖੋਲ 'ਚ ਲਿਪਟਿਆ ਹੰਸ ਰੰਗਾ ਲੀਚੀ ਵਰਗਾ ਗੁਦਗੁਦਾ ਜਾਂ ਰਾਜ ਮਾਂਹ ਵਰਗਾ ਕਸ਼ਮੀਰ ਹੈ ਤੇ ਲਗਦੈ। ਕਸ਼ਮੀਰ ਮੇਰੇ ਖਿਆਲਾਂ 'ਚ ਹਮੇਸ਼ਾ ਚੜ੍ਹਦੇ- ਲਹਿੰਦੇ ਸੂਰਜ ਦੇ ਰੰਗ ਵਰਗਾ ਰਾਜ ਮਾਂਹ ਹੈ ਜਾਂ ਬਰਫ ਲੱਦੇ ਪਹਾੜ ਦੀ ਦੁਪਹਿਰ ਵਾਂਗ ਛਿੱਲੀ ਲੀਚੀ ਜਿਹਾ ਦੁੱਧ ਚਿੱਟਾ।

ਧੁੰਦਲੀ ਜਿਹੀ ਯਾਦ ਹੈ। ਇੱਕ ਵਾਰ ਬਾਪੂ ਨੇ ਮੇਰੇ ਲਈ ਖਰਗੋਸ਼ ਦੀ ਅਸਲੀ ਜੱਤ ਵਾਲੇ ਬਹੁਤ ਨਰਮ ਜਿਹੇ ਮੌਜੇ ਲਿਆਂਦੇ। ਅਸਲੀ ਖੱਲ ਤੇ ਜੱਤ ਦੇ ਮੌਜਿਆਂ ਤੋਂ ਹਮ ਉਮਰ ਡਰਦੇ। ਮੈਂ ਹਾਣੀਆਂ ਨੂੰ ਡਰਾਉਣ 'ਚ ਸੁਆਦ ਲੈਂਦਾ। ਮੇਰੇ ਤੋਂ ਕੁਝ ਵੱਡੀ ਮਾਂ ਬਾਹਰੀ ਮੇਰੇ ਪਿਉ ਦੀ ਮਸੇਰ ਭੈਣ ਜਸਵਿੰਦਰ ਭੋਲੀ ਸ਼ੇਰਗਿੱਲ ਡਰਦੀ ਸਹੇ ਦੀ ਜੱਤ ਵਾਲੇ ਮੌਜੇ ਚਿਮਟੇ ਨਾਲ ਚੁੱਕਦੀ। ਮੇਰੀ ਮਾਂ ਬਹੁਤ ਮਾਣ ਕਰਦੀ ਜਦੋਂ ਖੀਰ 'ਚ ਪਾਉਣ ਲਈ ਗੁਆਂਢਣਾਂ ਬਾਪੂ ਦਾ ਲਿਆਂਦਾ ਕਸ਼ਮੀਰੀ ਕੇਸਰ ਮੰਗਣ ਆਉਂਦੀਆਂ। ਨਾਲੇ ਮਾਣ ਨਾਲ ਦੱਸਦੀ, ਕਸ਼ਮੀਰੀ ਉਨ ਦਾ ਹੱਥੀਂ ਬੁਣਿਆ ਸ਼ਾਲ ਕਿੰਨਾ ਹਲਕਾ ਤੇ ਨਿੱਘਾ ਹੈ। ਸੁਣ ਕੇ ਮੈਂ ਕਸ਼ਮੀਰੀ ਕੇਸਰ ਵਾਂਗ ਮਹਿਸੂਸ ਕਰਦਾ।

ਸਰਦ ਰੁੱਤੇ ਕੰਮੀਂ ਕਸ਼ਮੀਰੀ ਪੰਜਾਬ ਆਉਂਦੇ; ਪਿੰਡਾਂ 'ਚ ਹੋਕੇ ਦਿੰਦੇ ਰੁੱਖ ਵੱਢਣ ਜਾਂ ਲੱਕੜਾਂ ਪਾੜਨ ਦੇ। ਲੰਮ-ਸਲੰਮੇ ਦਰਸ਼ਨੀ ਜੁੱਸੇ,



ਇਕ ਕਸ਼ਮੀਰੀ ਰਾਸ਼ਾ ਆਪਣੇ ਸੰਦ ਸੰਦੇੜੇ ਨਾਲ

ਖੁੱਲ੍ਹੇ ਪਹਿਰਾਵੇ 'ਚ ਉਹ ਸਭ ਮੈਨੂੰ ਹਿੰਦੂ ਤਸਵੀਰਾਂ 'ਚ ਦਿਖਾਏ ਪਰਸ ਰਾਮ ਜਿਹੇ ਲੱਗਦੇ, ਪਰ ਅਪਣੱਤ, ਪਿਆਰ ਤੇ ਹਲੀਮੀ ਦੇ ਮੁੱਦਸਮੇ, ਵਾਅਦੇ ਦੇ ਪੱਕੇ ਇਨਸਾਨ। ਲੱਕੜਹਾਰੇ ਮੈਨੂੰ ਕੱਠਫੋੜੇ ਪੰਛੀ ਵਰਗੇ ਸੁੰਦਰ ਮਨੁੱਖ ਲੱਗਦੇ।

ਸਰਦ ਰੁੱਤੇ ਹੀ ਨਰਮ ਤੇ ਲਿੱਸੇ ਜੁੱਸੇ ਵਾਲੇ ਕਸ਼ਮੀਰੀ ਰਾਸ਼ੇ ਪਿੰਡ ਹੋਕਾ ਲਾਉਂਦੇ-ਕਸ਼ਮੀਰੀ ਸ਼ਾਲ, ਕੰਬਲ ਤੇ ਅਖਰੋਟ ਵਗੈਰਾ ਵੇਚਣ ਦਾ। ਕਸ਼ਮੀਰ ਘੁੰਮਿਆ ਮੇਰਾ ਬਾਪ ਉਨ੍ਹਾਂ ਨੂੰ ਬੈਠਾ ਲੈਂਦਾ ਤੇ ਮਾਂ ਨੂੰ ਚਾਹ ਬਣਾਉਣ ਲਈ ਆਖਦਾ। ਖੁਦ ਕਸ਼ਮੀਰ ਬਾਰੇ ਗੱਲਾਂ ਕਰਦਾ, ਉਥੋਂ ਦੇ ਰੀਤੀ ਰਿਵਾਜਾਂ ਦੀਆਂ ਗੱਲਾਂ ਸਾਂਝੀਆਂ ਕਰਦਾ। ਕਸ਼ਮੀਰ ਦੀਆਂ ਸਿਫਤਾਂ ਕਰਦਾ ਕਰਦਾ ਉਨ੍ਹਾਂ ਨਾਲ ਉਲਝ ਪੈਂਦਾ ਕਿ ਤੁਸੀਂ ਲੁਧਿਆਣੇ ਤੇ ਧਾਰੀਵਾਲ ਦੇ ਬਣੇ ਨਕਲੀ ਉਨ ਦੇ ਕੰਬਲ ਕਸ਼ਮੀਰੀ ਕਹਿ ਕੇ ਵੇਚ ਰਹੇ ਹੋ, ਕੁੱਲੂ ਦੇ ਅਖਰੋਟਾਂ ਨੂੰ ਕਸ਼ਮੀਰੀ ਕਹਿ ਕੇ ਵੇਚਦੇ ਹੋ। ਉਹ ਹਲੀਮੀ ਨਾਲ ਇਹੋ ਆਖਦੇ, ਜਨਾਬ ਬਾਰਡਰ 'ਤੇ ਬਹੁਤ ਸਖਤੀ ਹੈ, ਅਸੀਂ ਆਪਣੇ ਲਈ ਕਸ਼ਮੀਰੀ ਕੰਬਲ ਅਤੇ ਹੋਰ ਗਜ਼ਾ ਲਿਆਉਂਦੇ ਹਾਂ ਤੇ ਮੌਸਮ ਪਿਘਲਣ 'ਤੇ ਮੁੜਨ ਵੇਲੇ ਹੀ ਅਸਲੀ ਵੇਚਦੇ ਹਾਂ।

ਸੱਚ ਬੋਲਦਿਆਂ ਉਹ ਮੈਨੂੰ ਬਹੁਤ ਚੰਗੇ ਲੱਗਦੇ, ਹੋਰ ਵੀ ਜਦੋਂ ਮੇਰੇ ਬਾਪ ਨੂੰ ਕਹਿੰਦੇ, ਸਰਦਾਰਾ ਲੈ ਲਾ ਜੋ ਲੈਣਾ, ਮਾਲ ਅਸਲੀ ਤੇ ਭਾਅ ਸਿਰ ਦੇਵਾਂਗੇ। ਗੁੱਸਾ ਆਉਂਦਾ ਜਦੋਂ ਮੇਰਾ ਬਾਪ ਬਹਿਸ ਕਰਦਾ। ਸਰਦ ਰੁੱਤੇ ਕੁਝ ਕਸ਼ਮੀਰੀ ਗੱਭਰੂਆਂ ਨਾਲ ਹਾਕੋ ਬਾਬਾ ਹਰ ਸਾਲ ਆਉਂਦਾ। ਮੇਰਾ ਬਾਬਾ ਉਨ੍ਹਾਂ ਨੂੰ ਵਾੜੇ 'ਚ ਮੁਫਤ ਕਮਰਾ ਦੇ ਦਿੰਦਾ। ਬਾਬਾ ਦੱਸਦੈ, ਜਦੋਂ ਦੇ ਕਸ਼ਮੀਰ ਦੇ ਹਾਲਾਤ ਖਰਾਬ ਹੋਏ, ਉਹ ਪੰਜਾਬ ਆਉਣੋਂ ਹਟ ਗਏ। ਮੈਂ ਜਦ ਵੀ ਅਮਰੀਕਾ ਤੋਂ ਦੇਸ਼ ਗਿਆਂ, ਦੱਸੇ ਟਿਕਾਣਿਆਂ 'ਤੇ ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਾ ਮਿਲੇ। ਹੁਣ ਮੇਰੇ ਕੋਲ ਭਾਰਤ ਦਾ ਵੀਜ਼ਾ ਹੈ, ਪਰ ਕਸ਼ਮੀਰ ਜਾਣ ਦੀ ਮਨਾਹੀ ਹੈ। ਮੈਂ ਕਸ਼ਮੀਰੀ ਬਾਬੇ ਹਾਕੋ ਨੂੰ ਯਾਦ ਕਰਦਾ ਹਾਂ। ਹਾਕਮ ਸੂਫੀ ਦਾ ਗਾਇਆ ਲੋਕ ਗੀਤ ਯਾਦ ਆਉਂਦਾ, "ਸਾਡਾ ਕੇਸਰ ਵੀ ਤੁਲ (ਰੁਲ) ਗਿਆ, ਕੇਸੂਆਂ ਦੇ ਭਾਅ।"

# ਹੋਂਦ

ਚਿਰਾਂ ਪਿੱਛੋਂ ਹੋਈ ਤੇਜ ਬਰਸਾਤ ਨੇ ਅੱਜ ਮੁੜ ਉਸ ਬੰਜਰ ਜਮੀਨ ਨੂੰ ਹਰੀ ਕਰਨ ਦਾ ਯਤਨ ਕੀਤਾ, ਜੋ ਕਈ ਥਾਂਵਾਂ ਤੋਂ ਖੋਖਲੀ ਹੋ ਗਈ ਸੀ। ਜਮੀਨ ਨੂੰ ਜਿਵੇਂ ਅੰਤਾਂ ਦੀ ਉਡੀਕ ਸੀ, ਇਸ ਅਣਕਿਆਸੇ ਪਲ ਦੀ ਕਿ ਕਦੋਂ ਮੀਂਹ ਪਵੇ ਤੇ ਕਦੋਂ ਉਹ ਘੁੱਟਾਂ ਭਰ-ਭਰ ਰੱਜ-ਰੱਜ ਪਾਣੀ ਪੀਵੇ। ਉਮਰੋਂ ਲੰਬੀ ਆਸ ਨੂੰ ਅੱਜ ਸਬਰ ਨਾਲ ਧਰਤੀ ਦੀ ਹਿੱਕ 'ਤੇ ਖੁਸ਼ਹਾਲ ਹੁੰਦੇ ਦੇਖਿਆ ਕਿ ਕਿੰਜ ਕਈ ਵਰ੍ਹੇ ਬੰਜਰ ਰਹਿ ਕੇ ਵੀ ਧਰਤੀ ਨੇ ਆਪਣਾ

ਦਵਿੰਦਰ ਕੌਰ
davindergkaur@gmail.com

ਇਕ ਵੀ ਗੁਣ ਨਹੀਂ ਗਵਾਇਆ।

ਜਦੋਂ ਬੰਜਰ ਸੀ, ਉਦੋਂ ਆਪਣੀ ਕੁੱਖ 'ਚ ਅੱਕ, ਕੰਡੇ, ਸੱਪ, ਚੂਹੇ, ਅਰਿੰਡ, ਸੋਕਾ ਤੇ ਹੋਰ ਪਤਾ ਨਹੀਂ ਕੀ ਕੁਝ ਪਾਲਿਆ। ਤੇ ਅੱਜ ਜਦੋਂ ਮੁੜ ਖੁਸ਼ਹਾਲ ਹੋਣ ਦਾ ਮੌਕਾ ਮਿਲਿਆ ਤਾਂ ਠੀਕ ਉਸੇ ਤਰ੍ਹਾਂ ਸਬਰ, ਸੰਤੋਖ ਨਾਲ ਆਪੇ 'ਚ ਰਲ ਨਵੀਂ ਨਕੋਰ ਹੋਣ ਲੱਗੀ। ਆਪਣੇ ਅੰਦਰ ਸਾਰੇ ਭੇਦ ਲੁਕਾ ਅਭੇਦ ਬਣ, ਉਹਨੇ ਸਭ ਕੁਝ ਅੰਦਰੋਂ ਅੰਦਰੀਂ ਭਰਨਾ ਸ਼ੁਰੂ ਕੀਤਾ।

ਆਪਣਾ ਆਪ ਭਰਨਾ ਕੋਈ ਸੁਖਾਲਾ ਤਾਂ ਨਹੀਂ ਸੀ, ਪਰ ਨਾਮੁਮਕਿਨ ਵੀ ਨਹੀਂ ਸੀ। ਯਤਨ ਕਰਨਾ ਹੋਂਦ ਦਾ ਹੀ ਹਿੱਸਾ ਹੈ ਤੇ ਕੁੱਲ ਸ੍ਰਿਸ਼ਟੀ ਇਸ ਯਤਨਸ਼ੀਲ ਪ੍ਰਕ੍ਰਿਆ ਦਾ ਨਿਵੇਕਲਾ ਅੰਸ਼ ਹੈ। ਆਪੇ 'ਚ ਰਲਦੀ ਮਿੱਟੀ ਨਾਲ ਮਿੱਟੀ ਹੁੰਦੀ ਧਰਤੀ ਮੁੜ ਮਹਿਕਣ ਲੱਗੀ। ਕੰਡਿਆਲੀਆਂ ਵੇਲਾਂ ਤੇ ਫੁੱਲ ਪੱਤੇ ਖਿੜ ਆਏ, ਬੰਜਰ ਜਮੀਨ ਆਪਣੀ ਹਿੱਕ 'ਚ ਲੁਕੇ ਹਰ ਖੁਸ਼ਨੁਮਾ ਅਹਿਸਾਸ ਨੂੰ ਦਰਸਾਉਂਦੀ ਨਿੱਕੇ-ਨਿੱਕੇ ਹਰੇ-ਹਰੇ ਪੱਤੇ ਫੁੱਟਦੇ ਵੇਖ ਮੁਸਕਰਾਈ ਤੇ ਅਸਮਾਨ ਵੱਲ ਗਹੁ ਨਾਲ ਤੱਕਦੀ ਨੀਲੀ ਛਤਰੀ ਵਾਲੇ ਦੇ ਸ਼ੁਕਰਾਨੇ ਲਈ ਮੁੜ ਉਪਜਾਊ ਤੇ ਖੁਸ਼ਹਾਲੀ ਦੇ ਰਾਹ ਤੁਰ ਪਈ।

ਠੀਕ, ਹਰ ਉਸ ਇਨਸਾਨ ਦੀ ਮਿਹਨਤ ਦਾ ਨਤੀਜਾ ਬਣ ਸਾਹਮਣੇ ਆ ਖੜੀ ਹੋਈ, ਜੋ ਆਪਣੇ ਨੇਕ ਇਰਾਦਿਆਂ ਦੀ ਜਮੀਨ ਨੂੰ, ਜ਼ਿੰਦਗੀ ਨਾਮੀਂ ਬਲਦ ਨਾਲ ਸਹੀ ਢੰਗ ਤੇ ਚਾਲ ਨਾਲ ਮੁੜ ਤੋਂ ਉਪਜਾਊ ਬਣਾਉਣ 'ਚ ਯਕੀਨ ਰੱਖਦਾ।

ਜ਼ਿੰਦਗੀ ਤੁਰਦੀ ਤੁਰਦੀ ਕਈ ਵਾਰ ਆਪਣੀ ਰਫਤਾਰ ਗੁਆ ਬੈਠਦੀ ਹੈ। ਕਦੀ ਹੌਲੀ, ਕਦੀ ਤੇਜ ਤੇ ਕਦੀ ਕਦਾਈਂ ਲੀਹੋਂ ਲਹਿ ਜਾਂਦੀ ਹੈ; ਪਰ ਕੀ ਇਹ ਰਫਤਾਰ ਸਾਡੀ ਜ਼ਿੰਦਗੀ ਦਾ ਅਸਲ ਫੈਸਲਾ ਕਰਦੀ ਹੈ; ਜਾਂ ਸਾਡੇ ਦ੍ਰਿੜ ਇਰਾਦੇ?

ਹਰ ਘੜੀ ਮਾੜਾ ਸੋਚਣਾ ਤੇ ਆਪਣੇ ਆਪ ਨੂੰ ਮਾੜਾ ਬੋਲਣਾ ਤਾਂ ਕੋਈ ਹੱਲ ਨਹੀਂ। ਲੀਹੋਂ ਉਤਰੀ ਗੱਡੀ ਪਟੜੀ 'ਤੇ ਚੜ੍ਹਾਉਣੀ ਉਨੀ ਹੀ ਸੌਖੀ ਹੈ, ਜਿੰਨਾ ਸੌਖਾ ਮਨ ਨੂੰ ਸਮਝਾਉਣਾ ਕਿ ਮੈਂ ਇਕ ਕਾਰਜਸ਼ੀਲ ਯਤਨ ਦਾ ਹਿੱਸਾ ਹਾਂ ਤੇ ਮੈਂ ਆਪਣੇ ਹਾਲਾਤ ਤੋਂ ਡਰ ਕੇ ਭੱਜ ਨਹੀਂ ਸਕਦਾ।

ਇਸ ਸਮੇਂ ਦੌਰਾਨ ਦੁੱਖ ਤਕਲੀਫਾਂ ਦੇ ਹਾਲਾਤ ਤੋਂ ਗੁਜ਼ਰਦਾ ਇਨਸਾਨ ਆਪਣੇ ਆਪ ਵਿਚ ਇਸ ਕਦਰ ਭੈ ਭੀਤ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਫੈਲ ਚੁਕੀ ਰਿਸ਼ਤਿਆਂ ਦੀ ਕੰਡਿਆਲੀ ਵੇਲ ਸੱਪ ਵਾਂਗ ਉਹਦੇ ਸਾਹੀਂ ਜ਼ਹਿਰ ਭਰਦੀ ਚਲੀ ਜਾਂਦੀ ਹੈ। ਇਕਲਾਪੇ ਤੇ ਕੁਤਿੱਤਣ ਨਾਲ ਭਰਿਆ ਇਨਸਾਨ ਲੁਕਦਾ ਫਿਰਦਾ ਇਸ ਸੱਚ ਤੋਂ ਕਿ ਕਿਵੇਂ ਰਾਤੋ ਰਾਤ ਰਿਸ਼ਤਿਆਂ ਦੇ ਖੁਸ਼ਹਾਲ ਜੰਗਲ 'ਚੋਂ ਉਸ ਨੂੰ ਬੰਜਰ ਤੇ ਖੋਖਲੀ ਜਮੀਨ 'ਤੇ ਲਿਆ ਸੁੱਟਿਆ ਗਿਆ। ਉਹ ਰੋਂਦਾ ਕੁਰਲਾਉਂਦਾ ਨਸ਼ਿਆਂ ਦਾ ਸੱਪ ਗਲ 'ਚ ਪਾ ਕੇ ਰੋਜ਼ ਕੰਡਿਆਂ 'ਤੇ ਤੁਰਦਾ ਸਫਰ ਤੈਅ ਕਰਨ ਲੱਗਦਾ।

ਉਹਨੂੰ ਇਹ ਸਜ਼ਾ ਉਹਦੇ ਆਪਣਿਆਂ ਨੇ ਹੀ ਦਿੱਤੀ ਸੀ, ਸ਼ਾਇਦ ਇਸੇ ਲਈ ਉਹ ਮੁੜ ਮੁੜ ਪਰਛਾਵਿਆਂ ਨੂੰ ਫੜਨ ਦਾ ਯਤਨ ਕਰਦਾ! ਪਰ ਪਰਛਾਵੇਂ ਤਾਂ ਮੁੱਢ ਤੋਂ ਹੀ ਢਲਦੇ-ਛਿਪਦੇ ਰਿਸ਼ਤਿਆਂ ਦੇ ਸੂਰਜ ਨਾਲ ਆਉਂਦੇ ਤੇ ਸਦਾ ਲਈ ਹਨੇਰਿਆਂ 'ਚ ਇਕੱਲੇ ਛੱਡ ਤੁਰ ਜਾਂਦੇ।

ਉਹਨੂੰ ਇਕਲਾਪੇ ਦੀ ਜ਼ਿੰਦਗੀ ਜਿਉਂਦੇ ਦੇਖ ਸ਼ਾਇਦ ਰੱਬ ਨੂੰ ਉਸ 'ਤੇ ਤਰਸ ਆਇਆ ਤੇ ਸ਼ਾਹ ਕਾਲੇ ਬੱਦਲ ਉਚੀ ਉਚੀ ਤੇਜ਼ ਹਵਾ ਨਾਲ ਦੂਰ ਅਸਮਾਨੀਂ ਉਡਦੇ ਉਹਨੂੰ ਨਜ਼ਰ ਆਏ।

ਪਰ! ਉਹ ਆਪਣਿਆਂ ਹੱਥੋਂ ਲਤਾੜਿਆ ਗਿਆ ਇਨਸਾਨ ਸੀ, ਜਿਹਦੀ ਹੋਂਦ 'ਤੇ ਉਹਨੂੰ ਖੁਦ ਨੂੰ ਸ਼ੱਕ ਸੀ! ਹੋਂਦ ਤਾਂ ਹੋਂਦ ਹੀ ਹੁੰਦੀ ਹੈ, ਉਹਨੂੰ ਕੋਈ ਨਹੀਂ ਨਕਾਰ ਸਕਦਾ। ਉਹਨੂੰ ਕਾਇਮ ਰੱਖਣ ਵਾਸਤੇ ਰੱਬ ਹਰ ਤਰ੍ਹਾਂ ਦੇ ਅੱਡ ਕਾਰਜ ਸਿਰਜਦਾ; ਉਹ ਸਿਰਜਣਹਾਰ ਬੜਾ ਹੀ ਬੇਅੰਤ ਹੈ, ਉਸ ਲਈ ਕੁਝ ਵੀ ਨਾਮੁਮਕਿਨ ਨਹੀਂ। ਸ਼ਾਇਦ ਇਹੀ ਕਾਰਨ ਸੀ ਉਨ੍ਹਾਂ ਦੇ ਮਿਲਣ ਦਾ।

ਉਹ ਕੌਣ ਸੀ? ਕਦੋਂ, ਕਿਵੇਂ ਤੇ ਕਿਥੋਂ ਆਈ?

ਕਿੰਨੇ ਹੀ ਸਵਾਲਾਂ 'ਚ ਘਿਰਿਆ ਸੀ, ਉਹ ਕਾਲੇ ਸ਼ਾਹ ਬੱਦਲਾਂ ਤੇ ਠੰਡੀ ਹਵਾ 'ਚ ਲੁਕਿਆ ਨਿੱਘਾ ਮੀਂਹ! ਜਿਹਦੀ ਇੱਕ ਇੱਕ ਕਣੀ ਉਸ ਬੰਜਰ ਜਮੀਨ ਨੂੰ ਮੁੜ ਖੁਸ਼ਹਾਲ ਕਰਨ ਦੇ ਯਤਨ 'ਚ ਕਾਰਜਸ਼ੀਲ ਸਾਬਿਤ ਹੋਣ ਲੱਗੀ; ਮੀਂਹ ਪੈਂਦਾ ਗਿਆ, ਮਿੱਟੀ 'ਚੋਂ ਆਉਂਦੀ ਸੋਂਧੀ ਸੋਂਧੀ ਮਹਿਕ ਹਵਾ 'ਚ ਘੁਲਦੀ ਉਨ੍ਹਾਂ ਦੇ ਸਾਹੀਂ ਘੁਲਣ ਲੱਗੀ। ਮਿੱਟੀ, ਪਾਣੀ ਤੇ ਮਹਿਕ ਜਦੋਂ ਇੱਕ ਹੋਏ ਤਾਂ ਵਕਤ ਦੇ ਅੱਲੇ ਜ਼ਖਮ ਵੀ ਭਰ ਗਏ।

ਉਹ ਮੁੜ ਖੁਸ਼ਹਾਲ ਹੋਣ ਲਈ ਉਹਨੂੰ ਆਪਣੀ ਹੋਂਦ 'ਚ ਵਸਾ ਵਕਤ ਦੇ ਹਰ ਇਮਤਿਹਾਨ ਲਈ ਤਿਆਰ ਬਰ ਤਿਆਰ ਸੀ। ਇਹ ਉਹਦੇ ਸਵੈ ਅੰਦਰ ਸਬਰ, ਸਹਿਜ, ਪਿਆਰ, ਸਨਮਾਨ ਤੇ ਵਿਸ਼ਵਾਸ ਦੀ ਜੋਤ ਦਾ ਚਾਨਣ ਸੀ, ਜਿਹਨੂੰ ਹੁਣ ਕੋਈ ਤੂਫਾਨ ਨਹੀਂ ਸੀ ਬੁਝਾ ਸਕਦਾ।

ਦੋਵੇਂ ਰੂਹਾਂ ਮੋਹ ਦੇ ਜੁਗਨੂੰਆਂ ਵਾਂਗ ਆਸਾਂ ਤੇ ਉਮੀਦਾਂ ਵਾਲੇ ਸ਼ੰਮ੍ਹਾ ਨੂੰ ਚਾਨਣ ਮੁਨਾਰੇ ਵਾਂਗ ਰੁਸ਼ਨਾਉਣ ਲੱਗੀਆਂ।

ਪੰਜਾਬ ਟਾਈਮਜ਼

*ਸਨਿਚਰਵਾਰ, 28 ਸਤੰਬਰ 2019*

## ਢਾਈ ਸਾਲ ਦੀ 'ਛਾਲ'

ਆਪਣੀ ਸਰਕਾਰ ਦੇ ਢਾਈ ਸਾਲ ਮੁਕੰਮਲ ਹੋਣ 'ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਹੈ, ਜੋ ਤੁਰੰਤ ਚਰਚਾ ਦਾ ਵਿਸ਼ਾ ਬਣ ਗਈ। ਪਿਛਲੇ ਢਾਈ ਸਾਲਾਂ ਦੌਰਾਨ ਵੱਖ-ਵੱਖ ਹਲਕਿਆਂ ਵਲੋਂ ਕੈਪਟਨ ਸਰਕਾਰ ਦੀ ਇਸ ਗੱਲੋਂ ਤਿੱਖੀ ਆਲੋਚਨਾ ਹੁੰਦੀ ਆ ਰਹੀ ਹੈ ਕਿ ਇਸ ਸਰਕਾਰ ਨੇ ਕੋਈ ਵੀ ਕੰਮ ਨਹੀਂ ਕੀਤਾ। ਆਪਣੀ ਸਰਕਾਰ ਦਾ ਪਹਿਲਾ ਸਾਲ ਤਾਂ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਦਸ ਸਾਲ ਚੱਲੀ ਅਕਾਲੀ-ਭਾਜਪਾ ਸਰਕਾਰ ਦੀ ਨੁਕਤਾਚੀਨੀ ਕਰਦਿਆਂ ਹੀ ਲੰਘਾ ਦਿੱਤਾ। 'ਪਿਛਲੀ ਸਰਕਾਰ ਖਜਾਨਾ ਖਾਲੀ ਕਰ ਗਈ' ਕਹਿ-ਕਹਿ ਕੇ ਆਪਣਾ ਬਚਾਓ ਕਰਦੇ ਗਏ, ਪਰ ਇਕ ਸਾਲ ਲੰਘਣ ਪਿਛੋਂ ਲੋਕਾਂ ਨੇ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਹੁਣ ਤਾਂ ਸਰਕਾਰ ਬਣੀ ਨੂੰ ਇਕ ਸਾਲ ਲੰਘ ਗਿਆ ਹੈ, ਇਕ ਸਾਲ ਵਿਚ ਤਾਂ ਖਜਾਨਾ ਭਰਨਾ ਚਾਹੀਦਾ ਸੀ। ਇਸ ਤੋਂ ਬਾਅਦ ਸਰਕਾਰੀ ਪੱਖ ਬਿਲਕੁੱਲ ਖਾਮੋਸ਼ੀ ਧਾਰ ਗਿਆ। ਅਸਲ ਵਿਚ ਲੋਕ ਕੈਪਟਨ ਅਮਰਿੰਦਰ ਸਿੰਘ ਵਿਚੋਂ ਉਹ ਮੁੱਖ ਮੰਤਰੀ ਲੱਭ ਰਹੇ ਸਨ, ਜਿਸ ਨੇ ਵਿਧਾਨ ਸਭਾ ਵਿਚ ਪੰਜਾਬ ਦੇ ਪਾਣੀਆਂ ਬਾਰੇ ਪਹਿਲਾਂ ਕੀਤੇ ਸਭ ਸਮਝੌਤੇ ਇਹ ਕਹਿ ਕੇ ਰੱਦ ਕਰਵਾ ਦਿੱਤੇ ਸਨ ਕਿ ਇਹ ਪੰਜਾਬ ਨਾਲ ਇਨਸਾਫ ਨਹੀਂ ਕਰਦੇ। ਇਸੇ ਕਰਕੇ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਦੇ ਦਸ ਸਾਲਾਂ ਦੇ ਰਾਜ ਤੋਂ ਅੱਕੇ ਲੋਕਾਂ ਨੇ ਉਨ੍ਹਾਂ ਨੂੰ ਸੂਬੇ ਦਾ ਮੁੱਖ ਮੰਤਰੀ ਬਣਾਇਆ, ਹਾਲਾਂਕਿ ਵਿਧਾਨ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਦੀ ਬਹੁਤ ਚੜ੍ਹਤ ਬਣੀ ਹੋਈ ਸੀ ਅਤੇ ਸਿਆਸੀ ਮਾਹਿਰ ਭਵਿੱਖਬਾਣੀ ਕਰ ਰਹੇ ਸਨ ਕਿ ਪੰਜਾਬ ਵਿਚ ਅਗਲੀ ਸਰਕਾਰ ਆਮ ਆਦਮੀ ਪਾਰਟੀ ਦੀ ਹੀ ਬਣੇਗੀ। ਖੈਰ, ਸਿਆਸਤ ਅਕਸਰ ਕਈ ਮੋੜਾਂ ਵਿਚੋਂ ਲੰਘਦੀ ਹੈ ਅਤੇ ਸਿੱਟੇ ਵਜੋਂ ਪੰਜਾਬ ਦੀ ਕਮਾਨ ਕੈਪਟਨ ਅਮਰਿੰਦਰ ਸਿੰਘ ਕੋਲ ਆ ਗਈ।

ਚੋਣ ਪ੍ਰਚਾਰ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਚਾਰ ਹਫਤਿਆਂ ਵਿਚ ਨਸ਼ਾ ਬੰਦ ਕਰਨ, ਘਰ-ਘਰ ਨੌਕਰੀ ਦੇਣ, ਬੇਅਦਬੀ ਕਾਂਡ ਲਈ ਜ਼ਿੰਮੇਵਾਰ ਲੋਕਾਂ ਨੂੰ ਸੀਖਾਂ ਪਿੱਛੇ ਡੱਕਣ ਸਮੇਤ ਕਈ ਵਾਅਦੇ ਕੀਤੇ ਸਨ, ਪਰ ਸਰਕਾਰ ਬਣਨ ਤੋਂ ਬਾਅਦ ਇਕ ਵੀ ਵਾਅਦਾ ਨਿਭਾਇਆ ਨਹੀਂ। ਹੁਣ ਤਾਂ ਉਹ ਨਸ਼ਿਆਂ ਬਾਰੇ ਆਪਣੇ ਬਿਆਨ ਤੋਂ ਹੀ ਮੁੱਕਰ ਗਏ ਹਨ। ਉਨ੍ਹਾਂ ਗੁਟਕੇ ਉਤੇ ਹੱਥ ਰੱਖ ਕੇ ਸਹੁੰ ਖਾਧੀ ਸੀ ਕਿ ਸਰਕਾਰ ਬਣਨ ਤੋਂ ਚਾਰ ਹਫਤਿਆਂ ਦੇ ਅੰਦਰ-ਅੰਦਰ ਪੰਜਾਬ ਵਿਚੋਂ ਨਸ਼ਿਆਂ ਦਾ ਸਫਾਇਆ ਕਰ ਦਿੱਤਾ ਜਾਵੇਗਾ, ਪਰ ਹੁਣ ਉਹ ਕਹਿ ਰਹੇ ਹਨ ਕਿ ਉਨ੍ਹਾਂ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਦਾ ਲੱਕ ਤੋੜਨ ਬਾਰੇ ਕਿਹਾ ਸੀ ਅਤੇ ਇਹ ਕਾਰਜ ਉਹ ਪੂਰਾ ਕਰ ਚੁੱਕੇ ਹਨ। ਇਸ ਸਬੰਧੀ ਉਨ੍ਹਾਂ ਅੰਕੜੇ ਵੀ ਪੇਸ਼ ਕੀਤੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਨਸ਼ਾ ਸਮਗਲਰਾਂ ਖਿਲਾਫ 31 ਹਜ਼ਾਰ ਕੇਸ ਦਰਜ ਹੋ ਚੁਕੇ ਹਨ ਅਤੇ 38 ਹਜ਼ਾਰ ਤੋਂ ਵੱਧ ਲੋਕਾਂ ਨੂੰ ਫੜਿਆ ਜਾ ਚੁੱਕਾ ਹੈ, ਪਰ ਹਕੀਕਤ ਇਹ ਹੈ ਕਿ ਨਸ਼ਿਆਂ ਦਾ ਕਹਿਰ ਪੰਜਾਬ ਦੀ ਨੌਜਵਾਨੀ ਨੂੰ ਅੱਜ ਵੀ ਨਿਗਲ ਰਿਹਾ ਹੈ। ਤੱਥ ਦੱਸਦੇ ਹਨ ਕਿ ਜਿਹੜੇ ਲੋਕ ਫੜੇ ਗਏ ਹਨ, ਉਨ੍ਹਾਂ ਵਿਚੋਂ ਬਹੁਤੇ ਨਸ਼ਾ ਕਰਨ ਵਾਲੇ ਜਾਂ ਹੇਠਲੇ ਪੱਧਰ 'ਤੇ ਸਪਲਾਈ ਕਰਨ ਵਾਲੇ ਹਨ। ਵੱਡੇ ਸਮਗਲਰਾਂ ਨੂੰ ਤਾਂ ਹੱਥ ਪਾਇਆ ਹੀ ਨਹੀਂ ਗਿਆ, ਹਾਲਾਂਕਿ ਪਿੰਡਾਂ ਦੇ ਪਿੰਡ ਨਸ਼ਾ ਸਪਲਾਈ ਕਰਨ ਵਾਲਿਆਂ ਦੀਆਂ ਸੂਚੀਆਂ ਪੁਲਿਸ ਨੂੰ ਦੇ ਰਹੇ ਹਨ, ਪਰ ਕਾਰਵਾਈ ਕਿਤੇ ਵੀ ਨਹੀਂ ਹੋ ਰਹੀ। ਨਸ਼ੇ ਦੀ ਓਵਰਡੋਜ਼ ਨਾਲ ਮੌਤ ਦੇ ਮੂੰਹ ਜਾ ਰਹੇ ਨੌਜਵਾਨਾਂ ਦੀਆਂ ਖਬਰਾਂ ਨਿੱਤ ਦਿਨ ਆ ਰਹੀਆਂ ਹਨ।

ਇਹੀ ਹਾਲ ਬੇਅਦਬੀ ਦੀਆਂ ਘਟਨਾਵਾਂ ਬਾਰੇ ਕੇਸਾਂ ਦਾ ਹੈ। ਇਸ ਸਬੰਧੀ ਦੋ ਕਮਿਸ਼ਨਾਂ ਦੀਆਂ ਰਿਪੋਰਟਾਂ ਆ ਚੁੱਕੀਆਂ ਹਨ। ਇਨ੍ਹਾਂ ਵਿਚੋਂ ਇਕ ਕਮਿਸ਼ਨ ਅਕਾਲੀ-ਭਾਜਪਾ ਸਰਕਾਰ ਦੌਰਾਨ ਅਤੇ ਦੂਜਾ ਅਮਰਿੰਦਰ ਸਿੰਘ ਸਰਕਾਰ ਨੇ ਬਣਾਇਆ ਸੀ। ਦੋਹਾਂ ਕਮਿਸ਼ਨਾਂ ਦੀਆਂ ਰਿਪੋਰਟਾਂ ਵਿਚ ਬਹੁਤ ਸਾਰੇ ਅਜਿਹੇ ਤੱਥ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਦੀ ਪੁਣ-ਛਾਣ ਅਤੇ ਜਾਂਚ ਦੱਸਦੀ ਹੈ ਕਿ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰੀ ਕਿਸ ਦੀ ਹੈ, ਪਰ ਕਿਸੇ ਨਾ ਕਿਸੇ ਬਹਾਨੇ ਇਹ ਕਾਰਜ ਮੁਕੰਮਲ ਨਹੀਂ ਕੀਤਾ ਜਾ ਰਿਹਾ। ਜਾਣ-ਬੁੱਝ ਕੇ ਮਸਲੇ ਨੂੰ ਲਟਕਾਇਆ ਜਾ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਤਾਂ ਇਹ ਤੱਥ ਵੀ ਸਿਰ ਚੜ੍ਹ ਕੇ ਬੋਲੇ ਸਨ ਕਿ ਇਸ ਮਸਲੇ 'ਤੇ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਦੀਆਂ ਲੜੀਆਂ ਜੁੜੀਆਂ ਹੋਈਆਂ ਹਨ। ਇਸ ਤੋਂ ਪਹਿਲਾਂ ਬਰਗਾੜੀ ਮੋਰਚੇ ਨੇ ਵੀ ਕਈ ਅਹਿਮ ਤੱਥ ਸੰਗਤ ਦੇ ਸਾਹਮਣੇ ਲਿਆਂਦੇ ਸਨ ਪਰ ਮੰਦੇਭਾਗੀਂ ਉਹ ਮੋਰਚਾ ਸਿਰੇ ਨਹੀਂ ਚੜ੍ਹ ਸਕਿਆ, ਹਾਲਾਂਕਿ ਇਸ ਮੋਰਚੇ ਨੂੰ ਲੋਕਾਂ ਨੇ ਭਰਪੂਰ ਹੁੰਗਾਰਾ ਭਰਿਆ ਸੀ ਅਤੇ ਉਹ ਚਾਹੁੰਦੇ ਸਨ ਕਿ ਦੋਸ਼ੀਆਂ ਨੂੰ ਹਰ ਹਾਲ ਅਤੇ ਹਰ ਹੀਲੇ ਸਜ਼ਾ ਮਿਲਣੀ ਚਾਹੀਦੀ ਹੈ। ਇਸ ਮਸਲੇ ਬਾਰੇ ਵੀ ਕੈਪਟਨ ਅਮਰਿੰਦਰ ਸਿੰਘ ਨੇ ਹੁਣ ਗੋਲ-ਮੋਲ ਜਵਾਬ ਦਿੱਤਾ ਹੈ। ਪੰਜਾਬ ਵਿਚ ਰੁਜ਼ਗਾਰ ਦਾ ਮਸਲਾ ਪਿਛਲੇ ਸਾਲਾਂ ਦੌਰਾਨ ਵਿਕਰਾਲ ਰੂਪ ਧਾਰ ਗਿਆ ਹੈ। ਸਰਕਾਰੀ ਵਿਭਾਗਾਂ ਵਿਚ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਲੋੜੀਂਦੀ ਭਰਤੀ ਨਹੀਂ ਕੀਤੀ ਜਾ ਰਹੀ। ਇਸੇ ਕਰਕੇ ਨੌਜਵਾਨ ਪੀੜ੍ਹੀ ਨੇ ਆਪਣਾ ਮੂੰਹ ਪਰਦੇਸਾਂ ਵੱਲ ਕਰ ਲਿਆ ਹੈ ਅਤੇ ਹਰ ਸਾਲ ਡੇਢ-ਦੋ ਲੱਖ ਬੱਚੇ ਪੰਜਾਬ ਛੱਡ ਕੇ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ। ਪੰਜਾਬ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੈਸਾ ਪਰਦੇਸਾਂ ਵਿਚੋਂ ਪੰਜਾਬ ਆਉਣ ਦੀ ਥਾਂ ਪੰਜਾਬ ਤੋਂ ਬਾਹਰ ਜਾ ਰਿਹਾ ਹੈ। ਇੰਨੀ ਵੱਡੀ ਪਛਾੜ ਪੈਣ ਦੇ ਬਾਵਜੂਦ ਪੰਜਾਬ ਦੀ ਸਿਆਸੀ ਜਮਾਤ ਕੁਝ ਵੀ ਨਹੀਂ ਕਰ ਰਹੀ ਸਗੋਂ ਇਹ ਤਾਂ ਪਰਦੇਸ ਜਾਣ ਲਈ ਲੋੜੀਂਦਾ 'ਆਈਲੈਟਸ' ਕਰਵਾਉਣ ਦੇ ਪ੍ਰਬੰਧ ਕਰ ਰਹੀ ਹੈ। ਕੈਪਟਨ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਣ ਲਈ ਮੀਡੀਆ ਦਾ ਸਹਾਰਾ ਲਿਆ ਹੈ, ਇਸ ਲਈ ਮੀਡੀਆ ਵੀ ਹੁਣ ਸਵਾਲਾਂ ਦੇ ਘੇਰੇ ਵਿਚ ਹੈ ਕਿ ਕਿ ਇਸ ਨੇ ਸਰਕਾਰ ਦਾ ਧੁਤੂ ਬਣਨਾ ਹੈ ਜਾਂ ਪੀੜਤ ਲੋਕਾਂ ਦੇ ਮਸਲਿਆਂ ਨੂੰ ਉਭਾਰ ਕੇ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੇਈਮਾਨ!

ਸੁਣਦੇ ਆਏ ਹਾਂ ਕਿਹਾ ਸਿਆਣਿਆਂ ਦਾ, ਪੁਤਲਾ ਗਲਤੀਆਂ ਦਾ ਇਨਸਾਨ ਹੁੰਦਾ।
ਮੰਗੇ ਖਿਮਾ ਨਾ ਭੁੱਲਾਂ ਦੀ ਜਦੋਂ ਕੋਈ, ਸਮਝ ਲਓ ਉਹ ਬੰਦਾ ਹੈਵਾਨ ਹੁੰਦਾ।
ਗਿਣ ਮਿਥ ਕੇ ਪੁੱਠੀਆਂ ਕਰੇ ਗੱਲਾਂ, ਉਸ ਇਨਸਾਨ ਦੇ ਅੰਦਰ ਸ਼ੈਤਾਨ ਹੁੰਦਾ।
ਖਾਵੇ ਮਾਂ ਤੋਂ, ਹੇਜਲਾ ਮਾਸੀਆਂ ਦਾ, ਦੁਨੀਆਂ ਵਾਸਤੇ ਉਹ ਬੇਈਮਾਨ ਹੁੰਦਾ।

# ਮਾਂ-ਬੋਲੀ ਪੰਜਾਬੀ ਦਾ ਮਾਣ

***ਪਿਛਲੇ ਦਿਨੀਂ ਹਿੰਦੀ ਅਤੇ ਪੰਜਾਬੀ ਬਾਰੇ ਰੱਫੜ ਇਕ ਵਾਰ ਫਿਰ ਭਖਿਆ ਹੈ। ਇਹ ਦਰਅਸਲ ਸਿਆਸਤ ਦਾ ਮਸਲਾ ਹੈ ਜਿਸ ਤਹਿਤ ਕੇਂਦਰ ਵਿਚ ਸੱਤਾਧਾਰੀ ਧਿਰ ਹਿੰਦੀ ਨੂੰ ਪੂਰੇ ਭਾਰਤ ਦੀ ਭਾਸ਼ਾ ਬਣਾਉਣ 'ਤੇ ਤੁਲੀ ਹੋਈ ਹੈ। ਉਘੇ ਲੇਖਕ ਸਵਰਾਜਬੀਰ ਨੇ ਆਪਣੇ ਇਸ ਲੇਖ ਵਿਚ ਭਾਸ਼ਾਵਾਂ ਦੇ ਆਪਸੀ ਰਿਸ਼ਤਿਆਂ ਬਾਰੇ ਗੱਲ ਕੀਤੀ ਹੈ। ਜਾਹਰ ਹੈ ਕਿ ਕਿਸੇ ਭਾਸ਼ਾ ਦਾ ਦੂਜੀ ਭਾਸ਼ਾ ਨਾਲ ਕੋਈ ਝਗੜਾ ਨਹੀਂ ਹੁੰਦਾ। ਅਸਲ ਮਸਲਾ ਹਿੰਦੂਤਵੀ ਸਿਆਸਤ ਨੂੰ ਸਮਝਣ ਦਾ ਹੈ, ਜੋ ਅਜਿਹੇ ਮਸਲਿਆਂ 'ਤੇ ਆਪਣੇ ਏਜੰਡੇ ਮੁਤਾਬਕ ਸਿਆਸੀ ਗੋਟੀਆਂ ਸੁੱਟਦੀ ਰਹਿੰਦੀ ਹੈ। -ਸੰਪਾਦਕ***

ਕਿਸੇ ਬੋਲੀ ਦਾ ਦੂਸਰੀ ਬੋਲੀ ਨਾਲ ਕੋਈ ਝਗੜਾ ਨਹੀਂ ਹੁੰਦਾ। ਪੁਰਾਣੇ ਸਮਿਆਂ ਤੋਂ ਮੱਧ ਏਸ਼ੀਆ, ਯੂਨਾਨ, ਇਰਾਨ, ਇਰਾਕ, ਅਫਗਾਨਿਸਤਾਨ ਅਤੇ ਹੋਰ ਖਿੱਤਿਆਂ ਤੋਂ ਲੋਕ ਪੰਜਾਬ ਵਿਚ ਆ ਕੇ ਵੱਸਦੇ ਰਹੇ। ਅਜੋਕੇ ਸਮਿਆਂ ਵਿਚ ਕਸ਼ਮੀਰ, ਬਿਹਾਰ, ਉਤਰ ਪ੍ਰਦੇਸ਼ ਤੇ ਹੋਰ ਪ੍ਰਾਂਤਾਂ ਦੇ ਲੋਕ ਪੰਜਾਬ ਵਿਚ ਆ ਵੱਸੇ। ਇਨ੍ਹਾਂ ਲੋਕਾਂ ਨੇ ਪੰਜਾਬੀ ਭਾਸ਼ਾ ਨੂੰ ਅਪਣਾਇਆ। ਪੰਜਾਬੀ ਅਸਾਮ, ਬੰਗਾਲ, ਬਿਹਾਰ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਬਾਹਰਲੇ ਦੇਸ਼ਾਂ ਵਿਚ ਜਾ ਵੱਸੇ ਤੇ ਉਨ੍ਹਾਂ ਨੇ ਉਨ੍ਹਾਂ ਇਲਾਕਿਆਂ ਤੇ ਦੇਸ਼ਾਂ ਦੀਆਂ ਭਾਸ਼ਾਵਾਂ ਸਿੱਖ ਲਈਆਂ। ਇਸ ਤਰ੍ਹਾਂ ਲੋਕਾਂ ਦਾ ਇਕ ਥਾਂ ਤੋਂ ਦੂਸਰੀ ਥਾਂ 'ਤੇ ਜਾ ਵੱਸਣਾ ਅਤੇ ਉਸ ਖਿੱਤੇ ਦੀ ਭਾਸ਼ਾ ਸਿੱਖ ਲੈਣਾ ਇਤਿਹਾਸਕ ਵਰਤਾਰਾ ਹੈ ਅਤੇ ਇਸ ਸਬੰਧ ਵਿਚ ਕਦੇ ਵੀ ਜ਼ੋਰ-ਜ਼ਬਰਦਸਤੀ ਨਹੀਂ ਕੀਤੀ ਗਈ।



**ਸਵਰਾਜਬੀਰ**

ਬੋਲੀ/ਭਾਸ਼ਾ ਇਕ ਦਿਨ ਵਿਚ ਨਹੀਂ ਬਣ ਜਾਂਦੀ। ਇਹ ਕਿਸੇ ਖਿੱਤੇ ਵਿਚ ਵਸਦੇ ਲੋਕਾਂ ਦੀ ਸਦੀਆਂ ਦੀ ਸਮੂਹਿਕ ਮਾਨਸਿਕ ਸਾਧਨਾ ਰਾਹੀਂ ਹੋਂਦ ਵਿਚ ਆਉਂਦੀ ਹੈ। ਇਹ ਸਿਰਫ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਗੱਲਬਾਤ ਕਰਨ ਦਾ ਸਾਧਨ ਹੀ ਨਹੀਂ ਹੁੰਦੀ ਸਗੋਂ ਲੋਕਗੀਤਾਂ, ਬਾਤਾਂ ਤੇ ਸਾਹਿਤਕ ਕਿਰਤਾਂ ਰਾਹੀਂ ਉਸ ਇਲਾਕੇ ਦੇ ਜਨ-ਜੀਵਨ ਨੂੰ ਨਵੀਂ ਊਰਜਾ ਵੀ ਦਿੰਦੀ ਹੈ। ਸ਼ਬਦ ਅਰਸ਼ਾਂ ਤੋਂ ਨਹੀਂ ਉਤਰਦੇ ਸਗੋਂ ਕਿਰਤ ਕਰਦੇ ਔਰਤਾਂ ਤੇ ਮਰਦਾਂ ਵਿਚ ਆਪਸੀ ਸੰਚਾਰ ਦੀ ਲੋੜ 'ਚੋਂ ਪੈਦਾ ਹੁੰਦੇ ਹਨ। ਮਰਦ ਤੇ ਔਰਤ ਵਿਚਲੇ ਆਪਸੀ ਰਿਸ਼ਤੇ, ਬਿਰਹਾ ਤੇ ਮਿਲਣ ਦੀਆਂ ਘੜੀਆਂ, ਪਿਆਰਿਆਂ ਦੀਆਂ ਉਡੀਕਾਂ ਤੇ ਤਾਂਘਾਂ, ਭੈਣਾਂ-ਭਰਾਵਾਂ ਵਿਚਲਾ ਪਿਆਰ, ਮਾਵਾਂ ਤੇ ਧੀਆਂ-ਪੁੱਤਾਂ ਵਿਚਲਾ ਮੋਹ, ਦਾਦਿਆਂ/ਪਿਓਆਂ ਤੇ ਸੰਤਾਨ ਵਿਚਲੇ ਡੂੰਘੇ ਸਨੇਹ ਦੇ ਨਾਤੇ ਬੋਲੀ ਦੀ ਨੁਹਾਰ ਘੜਦੇ ਹਨ। ਜ਼ੁਲਮ ਵਿਰੁਧ ਲੜਦੇ ਹੋਏ ਲੋਕ, ਆਪਣੇ ਦੁੱਖਾਂ, ਸੰਘਰਸ਼ਾਂ ਤੇ ਜਿੱਤਾਂ-ਹਾਰਾਂ ਦੀਆਂ ਵਾਰਾਂ ਲਿਖਦੇ ਹਨ। ਕਵੀ, ਢਾਡੀ, ਅਫਸਾਨਾਨਿਗਾਰ, ਨਾਵਲਕਾਰ, ਗਲਪ ਲੇਖਕ, ਨਾਟਕਕਾਰ, ਭਾਸ਼ਾ ਮਾਹਿਰ ਆਦਿ ਉਸ ਦੇ ਨੈਣ-ਨਕਸ਼ਾਂ ਨੂੰ ਤਿੱਖਾ ਕਰਦੇ ਹਨ। ਪੰਜਾਬੀ ਬੋਲੀ ਵੀ ਇੰਦਾਂ ਹੀ ਹੋਂਦ ਵਿਚ ਆਈ ਹੈ।

ਮੱਧਕਾਲੀਨ ਸਮਿਆਂ ਦੇ ਉਘੇ ਵਿਦਵਾਨ, ਹਿਸਾਬਦਾਨ ਤੇ ਤਾਰਾ ਵਿਗਿਆਨੀ ਅਲਬਰੂਨੀ ਨੇ 11ਵੀਂ ਸਦੀ ਵਿਚ ਆਪਣੀ ਯਾਤਰਾ ਦੌਰਾਨ ਪੰਜਾਬ ਵਿਚ ਬੋਲੀਆਂ ਜਾ ਰਹੀਆਂ ਭਾਸ਼ਾਵਾਂ ਨੂੰ ਮੁੱਖ ਸ਼ਹਿਰਾਂ ਦੇ ਨਾਂ ਉਤੇ ਲਾਹੌਰੀ ਤੇ ਮੁਲਤਾਨੀ ਆਖਿਆ ਤੇ ਤਿੰਨ ਲਿਪੀਆਂ- ਅਰਧ-ਨਾਗਰੀ, ਸਿੱਧ ਮਾਤ੍ਰਕਾ ਤੇ ਭੱਟ-ਅੱਛਰੀ ਦਾ ਜ਼ਿਕਰ ਕੀਤਾ। ਡਾ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ ਅਨੁਸਾਰ ਸਿੱਧ ਮਾਤ੍ਰਕਾ ਤੇ ਭੱਟ-ਅੱਛਰੀ ਗੁਰਮੁਖੀ ਤੋਂ ਪਹਿਲਾਂ ਦੀਆਂ ਲਿਪੀਆਂ ਹਨ ਅਤੇ ਵਿਦਵਾਨਾਂ ਅਨੁਸਾਰ ਸਿੱਧਮ ਜਾਂ ਸਿੱਧ ਮਾਤ੍ਰਕਾ ਗੁਰਮੁਖੀ ਦਾ ਪੁਰਾਣਾ ਨਾਂ ਹੈ ਜਿਸ ਨੂੰ ਗੁਰੂ ਅੰਗਦ ਦੇਵ ਜੀ ਨੇ ਸੋਧ ਕੇ ਵਰਤੋਂ ਵਿਚ ਲਿਆਂਦਾ। ਪੁਰਾਣੇ ਸਮਿਆਂ ਵਿਚ ਬੋਲਚਾਲ ਦੀ ਭਾਸ਼ਾ ਨੂੰ ਪ੍ਰਾਕ੍ਰਿਤ ਕਿਹਾ ਜਾਂਦਾ ਸੀ ਅਤੇ ਜਦ ਆਮ ਲੋਕਾਂ ਦੁਆਰਾ ਬੋਲੀ ਜਾਂਦੀ ਬੋਲੀ ਵਿਚ ਸਾਹਿਤ ਦੀ ਰਚਨਾ ਹੋਣ ਲੱਗੀ ਤਾਂ ਉਸ ਵੇਲੇ ਵੱਖ-ਵੱਖ ਤਰ੍ਹਾਂ ਦੀਆਂ ਅਪਭ੍ਰੰਸ਼ਾਂ (ਸ਼ੌਰਸੇਨੀ, ਕੈਕਈ, ਪਿਸ਼ਾਚੀ, ਵ੍ਰਾਚਡ ਆਦਿ) ਦਾ ਜ਼ਿਕਰ ਮਿਲਦਾ ਹੈ। ਸ਼ੇਖ ਫਰੀਦ ਟਕਸਾਲੀ ਪੰਜਾਬੀ ਵਿਚ ਸਲੋਕ ਕਹਿਣ ਵਾਲੇ ਪਹਿਲੇ ਸ਼ਾਇਰ ਮੰਨੇ ਜਾਂਦੇ ਹਨ ਪਰ ਉਨ੍ਹਾਂ ਤੋਂ ਪਹਿਲਾਂ ਮਸੂਦ, ਮੁੱਲਾ ਦਾਊਦ, ਅਦਹਮਾਨ, ਗੋਰਖ ਨਾਥ, ਚਰਪਟ ਨਾਥ, ਚੌਰੰਗੀ ਨਾਥ ਤੇ ਹੋਰ ਨਾਥ ਜੋਗੀਆਂ ਦਾ ਜ਼ਿਕਰ ਆਉਂਦਾ ਹੈ।

ਪੁਰਾਣੇ ਸਮਿਆਂ ਵਿਚ ਪੰਜਾਬ ਨੂੰ 'ਸਪਤ ਸਿੰਧੂ' ਤੇ 'ਪੰਚ ਨਦ' ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਇਸ ਦੇ ਵੱਖ-ਵੱਖ ਇਲਾਕੇ ਸਿੰਧੂ, ਸੌਵੀਰ, ਮਦਰ ਦੇਸ, ਕੈਕਈ ਪ੍ਰਦੇਸ਼, ਉਸ਼ੀਨਰ, ਤ੍ਰਿਗਰਤ ਆਦਿ ਵਜੋਂ ਮਸ਼ਹੂਰ ਹੋਏ। ਲਿਖਤ ਸਾਹਿਤ ਵਿਚ 'ਪੰਜਾਬ' ਸ਼ਬਦ ਪਹਿਲੀ ਵਾਰ ਅਮੀਰ ਖੁਸਰੋ ਨੇ ਵਰਤਿਆ ਅਤੇ ਬਾਅਦ ਵਿਚ ਭਾਈ ਗੁਰਦਾਸ ਨੇ। ਪਹਿਲਾਂ ਸਾਡੇ ਸ਼ਾਇਰ ਆਪਣੀ ਬੋਲੀ ਨੂੰ ਹਿੰਦੀ, ਹਿੰਦਕੀ ਜਾਂ ਹਿੰਦਵੀ ਕਹਿੰਦੇ ਸਨ। ਹਾਫਿਜ਼ ਬਰਖੁਰਦਾਰ ਪਹਿਲਾ ਕਿੱਸਾਕਾਰ ਹੈ ਜੋ ਆਪਣੀ ਬੋਲੀ ਨੂੰ ਪੰਜਾਬੀ ਬੋਲੀ ਕਹਿ ਕੇ ਪਛਾਣ ਕਰਾਉਂਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਗੁਰੂਆਂ, ਸ਼ਾਹ ਹੁਸੈਨ, ਸੁਲਤਾਨ ਬਾਹੂ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਦਮੋਦਰ ਆਦਿ ਨੇ ਬੋਲੀ ਦੇ ਨੈਣ-ਨਕਸ਼ ਘੜੇ ਅਤੇ ਇਸ ਨੂੰ ਉਚ ਦਰਜੇ ਦੀ ਸਾਹਿਤਕ ਬੋਲੀ ਬਣਾ ਦਿੱਤਾ।

ਇਤਿਹਾਸਕ ਤੌਰ 'ਤੇ ਪੰਜਾਬ ਬਹੁ-ਭਾਸ਼ੀ ਖਿੱਤਾ ਰਿਹਾ ਹੈ। ਇਥੋਂ ਦੇ ਲੇਖਕ ਤੇ ਚਿੰਤਕ ਸੰਸਕ੍ਰਿਤ, ਬ੍ਰਿਜ, ਫਾਰਸੀ, ਖੜ੍ਹੀ ਬੋਲੀ, ਉਰਦੂ ਤੇ ਪੰਜਾਬੀ ਵਿਚ ਲਿਖਦੇ ਰਹੇ। ਸ਼ੇਖ ਫਰੀਦ ਨੇ ਫਾਰਸੀ ਤੇ ਪੰਜਾਬੀ ਵਿਚ ਕਲਾਮ ਕਿਹਾ। ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਦੇ ਨਾਲ ਸਾਧ ਭਾਸ਼ਾ,



ਫਾਰਸੀ, ਅਰਬੀ, ਬ੍ਰਿਜ ਤੇ ਖੜ੍ਹੀ ਬੋਲੀ ਦੀ ਵਰਤੋਂ ਕੀਤੀ। ਗੁਰੂ ਗੋਬਿੰਦ ਸਿੰਘ ਨੇ ਪੰਜਾਬੀ, ਬ੍ਰਿਜ ਤੇ ਫਾਰਸੀ ਵਿਚ ਰਚਨਾ ਕੀਤੀ। ਸੁਲਤਾਨ ਬਾਹੂ, ਸ਼ਾਹ ਹੁਸੈਨ, ਹਾਫਿਜ਼ ਬਰਖੁਰਦਾਰ ਅਤੇ ਹੋਰ ਸ਼ਾਇਰ ਪੰਜਾਬੀ ਦੇ ਨਾਲ ਫਾਰਸੀ ਤੇ ਅਰਬੀ ਭਾਸ਼ਾ ਦੇ ਵਿਦਵਾਨ ਵੀ ਸਨ। ਪੰਜਾਬ ਵਿਚ ਬ੍ਰਿਜ ਵਿਚ ਕਵਿਤਾ ਤੇ ਗਲਪ ਲਿਖਣ ਦੀ ਪਰੰਪਰਾ ਲੰਮੀ ਦੇਰ ਤਕ ਰਹੀ। ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀਆਂ ਵਿਚੋਂ ਭਾਈ ਵੀਰ ਸਿੰਘ, ਪੂਰਨ ਸਿੰਘ, ਪ੍ਰੋਫੈਸਰ ਮੋਹਨ ਸਿੰਘ, ਫੀਰੋਜ਼ਦੀਨ ਸ਼ਰਫ, ਧਨੀ ਰਾਮ ਚਾਤ੍ਰਿਕ, ਸੰਤ ਸਿੰਘ ਸੇਖੋਂ, ਗੁਰਬਖਸ਼ ਸਿੰਘ ਅਤੇ ਹੋਰ ਲੇਖਕ ਪੰਜਾਬੀ ਤੋਂ ਇਲਾਵਾ ਦੂਸਰੀਆਂ ਭਾਸ਼ਾਵਾਂ ਦੇ ਵਿਦਵਾਨ ਵੀ ਸਨ।

ਪਿਛਲੇ ਦਿਨਾਂ ਵਿਚ ਹਿੰਦੀ ਅਤੇ ਪੰਜਾਬੀ ਭਾਸ਼ਾ ਦੇ ਵਿਦਵਾਨਾਂ ਦਾ ਆਪਸੀ ਟਕਰਾਓ ਚਰਚਾ ਦਾ ਵਿਸ਼ਾ ਰਿਹਾ ਹੈ। ਅੱਜ ਹਿੰਦੀ ਨੂੰ ਸੱਤਾ ਦੀ ਹਮਾਇਤ ਹਾਸਲ ਹੈ ਅਤੇ ਇਸ ਨੂੰ ਰਾਸ਼ਟਰ ਭਾਸ਼ਾ ਵਜੋਂ ਪੇਸ਼ ਕੀਤਾ ਜਾਂਦਾ ਹੈ ਜੋ ਸੰਵਿਧਾਨਕ ਤੌਰ 'ਤੇ ਗਲਤ ਹੈ। ਸੰਵਿਧਾਨ ਵਿਚ ਰਾਸ਼ਟਰ ਭਾਸ਼ਾ ਦਾ ਕੋਈ ਸੰਕਲਪ ਨਹੀਂ। ਸੰਵਿਧਾਨ ਦੇ ਅੱਠਵੇਂ ਅਧਿਆਏ (ਸ਼ਡਿਊਲ) ਵਿਚ ਹੁਣ 22 ਭਾਸ਼ਾਵਾਂ ਹਨ ਜਿਨ੍ਹਾਂ ਨੂੰ ਸਰਕਾਰੀ ਭਾਸ਼ਾਵਾਂ ਕਿਹਾ ਗਿਆ ਹੈ। ਸਾਰੀਆਂ ਭਾਸ਼ਾਵਾਂ ਬਰਾਬਰ ਹਨ। ਪੰਜਾਬੀ ਦੇ ਮੁਕਾਬਲੇ ਹਿੰਦੀ ਨੂੰ ਉਚਾ ਵਿਖਾਉਣ ਵਾਲੇ ਵਿਦਵਾਨਾਂ ਦੀ ਮਾਨਸਿਕਤਾ ਉਸ ਵਿਰਕਪ੍ਰਸਤੀ ਨੂੰ ਪੇਸ਼ ਕਰਦੀ ਹੈ ਜਿਸ ਦੇ ਬੀਜ ਅੰਗਰੇਜ਼ ਬਸਤੀਵਾਦੀਆਂ ਨੇ ਸਾਡੇ ਮਨਾਂ ਵਿਚ ਬੀਜੇ। ਉਨ੍ਹਾਂ ਦੀ ਯਾਦਦਾਸ਼ਤ ਨੂੰ ਤਰੋ-ਤਾਜ਼ਾ ਕਰਨ ਲਈ ਕੁਝ ਵਿਦਵਾਨਾਂ ਦੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ।

ਮਸ਼ਹੂਰ ਭਾਸ਼ਾ ਵਿਗਿਆਨੀ ਡਾਕਟਰ ਸੁਨੀਤੀ ਕੁਮਾਰ ਚੈਟਰਜੀ ਨੇ ਪੰਜਾਬੀ ਭਾਸ਼ਾ ਦੀ ਪੁਰਾਤਨਤਾ ਬਾਰੇ ਲਿਖਦਿਆਂ ਕਿਹਾ ਹੈ: "ਕੁਝ ਗੱਲਾਂ ਵਿਚ ਹਿੰਦੀ ਪੰਜਾਬੀ ਤੋਂ ਪ੍ਰਭਾਵਿਤ ਹੈ... ਇਸ (ਉਚਾਰਨ ਦੇ) ਪੱਖ ਤੋਂ ਪੰਜਾਬੀ ਦੀ ਅਗਵਾਈ ਤੇ ਸ੍ਰੇਸ਼ਟਤਾ ਸੁੱਤੇ-ਸਿੱਧ ਹੀ ਮੰਨੀ ਜਾਂਦੀ ਰਹੀ ਹੈ; ਇਸੇ ਲਈ ਹੀ ਪੰਜਾਬੀ ਢੰਗ ਦਾ ਉਚਾਰਨ ਸ਼ੋਭਨੀਕ ਸਮਝਿਆ ਜਾਂਦਾ ਰਿਹਾ ਹੈ।" ਡਾਕਟਰ ਵਿਦਿਆ ਭਾਸਕਰ ਅਨੁਸਾਰ: "ਹਿੰਦੀ ਦਾ ਅਜੋਕਾ ਰੂਪ ਬਣਾਉਣ ਵਿਚ ਪੰਜਾਬੀ ਦਾ ਹੱਥ ਪ੍ਰਤੱਖ ਦਿਸਦਾ ਹੈ। ਹਿੰਦੀ ਦੇ ਆਮ ਵਰਤੋਂ ਦੇ ਅਨੇਕਾਂ ਸ਼ਬਦ ਸਬ, ਕਲ, ਸਚ, ਲਗਨਾ, ਲੰਬਾ, ਬਿੱਛੂ, ਬਿਜਲੀ, ਪੱਕਾ, ਅੱਛਾ ਆਦਿ ਜਾਂ ਤਾਂ ਪੰਜਾਬੀ ਦੇ ਪ੍ਰਭਾਵ ਥੱਲੇ ਬਣੇ ਹਨ, ਜਾਂ ਪੰਜਾਬੀ ਰੂਪ ਹੀ ਹਿੰਦੀ ਉਤੇ ਥੋਪੇ ਗਏ ਹਨ।... ਮੁੱਕਦੀ ਗੱਲ ਹਿੰਦੀ ਨੇ ਕਈ ਵਿਸ਼ੇਸ਼ਤਾਵਾਂ ਪੰਜਾਬੀ ਤੋਂ ਹੀ ਲਈਆਂ ਹਨ।" ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੇ ਉਘੇ ਵਿਦਵਾਨ ਡਾਕਟਰ ਏ.ਸੀ. ਵੂਲਨਰ ਅਨੁਸਾਰ: "ਪੰਜਾਬੀ ਕਵਿਤਾ ਦੀ ਆਪਣੀ ਛਬ ਤੇ ਸੁੰਦਰਤਾ ਹੈ। ਇਸ ਦੀ ਭਾਸ਼ਾ ਹਿੰਦੀ ਤੇ ਉਰਦੂ ਨਾਲੋਂ ਵਧੇਰੇ ਪੁਰਾਤਨ ਹੈ।"

ਪ੍ਰਸਿਧ ਹਿੰਦੀ ਵਿਦਵਾਨ ਤੇ ਭਾਸ਼ਾ ਵਿਗਿਆਨੀ ਬਾਬੂ ਸ਼ਿਆਮ ਸੁੰਦਰ ਦਾਸ ਨੇ ਲਿਖਿਆ ਹੈ: "ਮੱਧ ਦੇਸ਼ ਨਾਲ ਸਬੰਧਿਤ ਭਾਸ਼ਾਵਾਂ ਵਿਚੋਂ ਪੰਜਾਬੀ ਹੀ ਅਜਿਹੀ ਭਾਸ਼ਾ ਹੈ ਜਿਸ ਵਿਚ ਸੰਸਕ੍ਰਿਤ ਤੇ ਫਾਰਸੀ ਸ਼ਬਦਾਂ ਦੀ ਭਰਤੀ ਨਹੀਂ। ਇਸ ਭਾਸ਼ਾ ਵਿਚ ਵੈਦਿਕ-ਸੰਸਕ੍ਰਿਤ ਵਾਲਾ ਰਸ ਭਰਿਆ ਹੋਇਆ ਹੈ। ਪੰਜਾਬੀ ਵਿਚ ਇਸ ਭਾਸ਼ਾ ਦੇ ਬੋਲਣ ਵਾਲੇ ਬਲਵਾਨ ਤੇ ਕਰਤੇ ਕਿਸਾਨਾਂ ਦੀ ਕਠੋਰਤਾ ਤੇ ਸਾਦਗੀ ਭਰੀ ਹੋਈ ਹੈ।" ਉਰਦੂ ਦੇ ਮਸ਼ਹੂਰ ਲੇਖਕ ਖਵਾਜਾ ਅਹਿਮਦ ਅੱਬਾਸ ਨੇ ਕਿਹਾ ਸੀ, "ਹਿੰਦੀ ਆਪਣੀ ਹੁਣ ਵਾਲੀ ਸ਼ਕਲ ਵਿਚ ਪੰਜ ਸੌ ਸਾਲ ਤੋਂ ਪੁਰਾਣੀ ਨਹੀਂ ਪਰ ਪੰਜਾਬੀ ਨਿਸ਼ਚੇ ਹੀ ਇਸ ਤੋਂ ਬਹੁਤ ਪੁਰਾਣੀ ਹੈ।"

ਪ੍ਰੋਫੈਸਰ ਓਮ ਪ੍ਰਕਾਸ਼ ਕਹੋਲ ਅਨੁਸਾਰ: "ਪੰਜਾਬੀ ਪ੍ਰਾਚੀਨ ਭਾਰਤ-ਯੂਰਪੀ ਭਾਸ਼ਾ ਦੀ ਬੜੀ ਵਫਾਦਾਰ ਪ੍ਰਤੀਨਿਧੀ ਹੈ... ਤੇ ਜੇ ਸੰਸਕ੍ਰਿਤ ਨੂੰ ਇਸ ਕਲਪਿਤ ਬੋਲੀ ਦੀ ਨਿਕਟਤਮ ਭਾਸ਼ਾ ਮੰਨ ਲਿਆ ਜਾਵੇ ਤਾਂ ਪੰਜਾਬੀ ਤੇ ਸੰਸਕ੍ਰਿਤ ਦੇ ਤੁਲਨਾਤਮਕ ਅਧਿਐਨ ਨਾਲ ਸਿੱਧ ਹੁੰਦਾ ਹੈ ਕਿ ਪੰਜਾਬੀ ਨੇ ਪੁਰਾਣੀ ਪੀੜ੍ਹੀ ਦੀਆਂ ਭਾਸ਼ਾਵਾਂ ਦੀਆਂ ਕਈ ਅਨੂਠੀਆਂ ਵਿਸ਼ੇਸ਼ਤਾਵਾਂ ਨੂੰ ਕਿੰਵ ਸੰਭਾਲ ਕੇ ਰੱਖਿਆ ਹੋਇਆ ਹੈ, ਜਦੋਂਕਿ ਇਸੇ ਬਰਾਦਰੀ ਦੀਆਂ ਵਧੇਰੇ ਭਾਸ਼ਾਵਾਂ, ਵਿਕਾਸ ਦੇ ਪੜਾਵਾਂ ਵਿਚੋਂ ਲੰਘਦੀਆਂ, ਅਜਿਹੀਆਂ ਵਿਸ਼ੇਸ਼ਤਾਵਾਂ ਨੂੰ ਗੁਆ ਚੁੱਕੀਆਂ ਹਨ।" ਡਾਕਟਰ ਫਕੀਰ ਅਹਿਮਦ ਫਕੀਰ ਅਨੁਸਾਰ: "ਪੰਜਾਬੀ ਹੀ ਅਸਲ ਵਿਚ ਉਰਦੂ ਦੀ ਮਾਂ ਏ ਤੇ ਇਹਨੇ (ਉਰਦੂ ਨੇ) ਆਪਣਾ ਬਹੁਤਾ ਵਰਤਾਰਾ ਤੇ ਆਪਣੀ ਬਣਾਵਟ ਦੀਆਂ ਤਰਕੀਬਾਂ ਪੰਜਾਬੀ ਕੋਲੋਂ ਈ ਲੈ ਕੇ ਆਪਣੇ ਆਪ ਨੂੰ ਬਣਾਇਆ ਸੰਵਾਰਿਆ ਏ।" ਪ੍ਰੋਫੈਸਰ ਹਾਫਿਜ਼ ਮਹਿਮੂਦ ਸ਼ੀਰਾਨੀ ਦਾ ਵੀ ਇਹੋ ਮੱਤ ਹੈ।

ਉਪਰਲੀਆਂ ਟੂਕਾਂ ਦਾ ਅਰਥ ਹਿੰਦੀ ਅਤੇ ਉਰਦੂ ਦੇ ਮੁਕਾਬਲੇ ਪੰਜਾਬੀ ਨੂੰ ਉਚਿਆਉਣਾ ਨਹੀਂ, ਸਿਰਫ ਇਹ ਦੱਸਣਾ ਹੈ ਕਿ ਪੰਜਾਬੀ ਸੈਂਕੜੇ ਵਰ੍ਹੇ ਸੱਤਾ ਅਤੇ ਦਰਬਾਰਾਂ ਦੀ ਸਰਪ੍ਰਸਤੀ ਤੋਂ ਬਿਨਾ ਵਧੀ-ਫੁੱਲੀ ਤੇ ਪ੍ਰਫੁੱਲਿਤ ਹੋਈ ਲੋਕਾਂ ਦੀ ਜ਼ਬਾਨ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਬੋਲੀ ਰਾਹੀਂ ਰਾਜਿਆਂ ਤੇ ਮੁਕੱਦਮਾਂ ਦਾ ਵਿਰੋਧ ਕੀਤਾ, ਜਾਤ-ਪਾਤ ਅਤੇ ਵਰਣ-ਆਸ਼ਰਮ ਵਿਰੁਧ ਆਵਾਜ਼ ਉਠਾਈ, ਕੁਦਰਤ ਦਾ ਅਦਭੁੱਤ ਵਰਣਨ ਕੀਤਾ। ਬੁੱਲ੍ਹੇ ਸ਼ਾਹ ਦਾ ਧਾਰਮਿਕ ਅਤੇ ਸਮਾਜਿਕ ਕੱਟੜਤਾ ਵਿਰੁਧ ਵਿਦਰੋਹ ਇਸ ਬੋਲੀ ਵਿਚ ਗੂੰਜਿਆ। ਬਸਤੀਵਾਦ ਵਿਰੁੱਧ ਉਠੀ ਗਦਰ ਲਹਿਰ ਅਤੇ ਜੱਲ੍ਹਿਆਂਵਾਲੇ ਬਾਗ ਅਤੇ ਹੋਰ ਸਾਕਿਆਂ ਦੀ ਬਗਾਵਤ ਤੇ ਰੋਹ ਇਸੇ ਬੋਲੀ ਵਿਚ ਪ੍ਰਗਟ ਹੋਏ। ਇਸ ਤਰ੍ਹਾਂ ਪੰਜਾਬੀ ਵਿਚ ਸਦੀਆਂ ਤੋਂ ਚੱਲਦੀ ਉਹ ਪਰੰਪਰਾ ਮੌਜੂਦ ਹੈ ਜੋ ਪੰਜਾਬੀ ਬੋਲਣ ਵਾਲਿਆਂ ਨੂੰ ਦਰਬਾਰੀਆਂ, ਚਾਪਲੂਸਾਂ, ਸਾਜ਼ਿਸ਼ਕਾਰਾਂ, ਹਾਕਮਾਂ ਤੇ ਅਹਿਲਕਾਰਾਂ ਵਿਰੁਧ ਬੋਲਣ ਲਈ ਸ਼ਬਦ ਤੇ ਹੌਸਲਾ ਬਖਸ਼ਦੀ ਹੈ। ਅੱਜ ਵੀ ਪੰਜਾਬੀ ਬੋਲਣ ਵਾਲਿਆਂ ਨੂੰ ਕਿਸੇ ਸਰਕਾਰ ਜਾਂ ਸੰਸਥਾ ਸਾਹਮਣੇ ਝੋਲੀ ਫੈਲਾਉਣ ਦੀ ਜ਼ਰੂਰਤ ਨਹੀਂ, ਪੰਜਾਬੀ ਆਪਣੇ ਬੋਲਣ ਵਾਲਿਆਂ ਦੇ ਮਨਾਂ ਵਿਚਲੀ ਜੀਰਾਂਦ, ਪੰਜਾਬੀ ਸੁਭਾਅ ਦੇ ਸਿਰੜ ਤੇ ਕਿਰਤੀਆਂ ਦੇ ਮਨੋਭਾਵਾਂ ਨੂੰ ਪ੍ਰਗਟ ਕਰਨ ਦੀ ਆਪਣੀ ਸਮਰੱਥਾ ਸਦਕਾ ਜਿਊਂਦੀ ਆਈ ਹੈ, ਜਿਊਂਦੀ ਹੈ ਅਤੇ ਜਿਊਂਦੀ ਰਹੇਗੀ।

# ਕਸ਼ਮੀਰੀਆਂ ਦਾ ਸੰਤਾਪ ਅਤੇ 'ਨਵੇਂ ਕਸ਼ਮੀਰ' ਦੇ ਨਕਸ਼

ਜਦੋਂ ਸੱਤਾ ਉਪਰ ਅਤਿ-ਸੱਜੇਪੱਖੀ ਕਬਜ਼ੇ ਦਾ ਦੌਰ ਹੋਵੇ ਅਤੇ ਬੇਪ੍ਰਤੀਤੀ ਦੇ ਸੰਕਟ ਵਿਚ ਘਿਰੀ ਪਾਰਲੀਮਾਨੀ ਵਿਰੋਧੀ ਧਿਰ ਦੀ ਨਾਮਨਿਹਾਦ ਮੁਖਾਲਫਤ ਵੀ ਆਖਰੀ ਘੜੀਆਂ ਗਿਣ ਰਹੀ ਹੋਵੇ, ਉਦੋਂ ਸਥਾਪਤੀ ਦੇ ਛਲ ਅਤੇ ਝੂਠ ਦਾ ਬੋਲਬਾਲਾ ਹੋਣਾ ਸੁਭਾਵਿਕ ਹੈ। ਕਸ਼ਮੀਰ ਦੀ ਜੇਲ੍ਹਬੰਦੀ 50ਵੇਂ ਦਿਨ ਵਿਚ ਦਾਖਲ ਹੋਣ 'ਤੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੌਰੇ ਦੌਰਾਨ ਹਿੱਕ ਠੋਕ ਕੇ ਦਾਅਵਾ ਕਰਦਾ ਹੈ: 'ਕਸ਼ਮੀਰ ਮੇਂ ਨਈ ਹਵਾ ਵਹਿ ਰਹੀ ਹੈ'। ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਟਰੰਪ ਨੂੰ ਭਾਰਤੀ-ਅਮਰੀਕੀਆਂ ਦੀ ਵੋਟ ਦੀ ਲੋੜ ਅਤੇ ਇਧਰ ਮੋਦੀ ਸਰਕਾਰ ਦੇ ਕਸ਼ਮੀਰ ਅਤੇ ਨੈਸ਼ਨਲ ਸਿਟੀਜ਼ਨ ਰਜਿਸਟਰ ਨੂੰ ਲੈ ਕੇ ਥੋਪੇ ਫੈਸਲਿਆਂ ਦੇ ਹੱਕ

**ਬੂਟਾ ਸਿੰਘ**
ਫੋਨ: +91-94634-74342

ਵਿਚ ਕੌਮਾਂਤਰੀ ਹਮਾਇਤ ਜੁਟਾਉਣ ਦੇ ਦੁਵੱਲੇ ਹਿੱਤ ਹਿਊਸਟਨ ਚੋਣ ਰੈਲੀ ਦੇ ਰੂਪ 'ਚ ਉਘੜ ਕੇ ਸਾਹਮਣੇ ਆਏ ਤਾਂ ਕਾਰਪੋਰੇਟ ਮੀਡੀਆ ਮੰਡੀ 'ਚ ਝੂਠ ਦੀ ਵੁਕਤ ਦੂਣ-ਸਵਾਈ ਹੋ ਗਈ।

ਨਵਾਂ ਕਸ਼ਮੀਰ ਬਣਾਉਣ ਦਾ ਸ਼ੋਰ ਇੰਨਾ ਕੰਨ-ਪਾੜਵਾਂ ਹੈ ਕਿ ਮਜ਼ਲੂਮਾਂ ਦੀਆਂ ਖਬਰਾਂ ਨੂੰ ਮੁੱਖਧਾਰਾ ਮੀਡੀਆ ਅੰਦਰ ਹਾਸ਼ੀਏ ਉਤੇ ਵੀ ਥਾਂ ਲੱਭਣੀ ਵੀ ਮੁਸ਼ਕਿਲ ਹੋ ਗਈ ਹੈ। ਕਿੰਨਿਆਂ ਕੁ ਨੂੰ ਚੇਤੇ ਹੈ ਕਿ ਚਾਰ ਕਸ਼ਮੀਰੀਆਂ ਨੂੰ ਖੁਦ ਨੂੰ ਬੇਕਸੂਰ ਸਾਬਤ ਕਰਨ ਲਈ ਭਾਰਤੀ ਨਿਆਂ ਪ੍ਰਣਾਲੀ ਵਿਚ 23 ਸਾਲ ਲੱਗੇ। ਇੰਨੀ ਲੰਮੀ ਜੇਲ੍ਹਬੰਦੀ ਤੋਂ ਬਾਅਦ ਘਰ ਪਰਤਣ 'ਤੇ ਤਾਂ ਉਨ੍ਹਾਂ ਨੂੰ ਆਪਣੇ ਗਲੀ-ਮੁਹੱਲੇ ਦੀ ਪਛਾਣ ਹੀ ਭੁੱਲ ਗਈ ਹੋਵੇਗੀ। ਇਕ ਹੋਰ ਕਸ਼ਮੀਰੀ ਵੀ ਇਸੇ ਤਰ੍ਹਾਂ 16 ਸਾਲ ਜੇਲ੍ਹ ਦਾ ਨਰਕ ਭੋਗ ਕੇ ਮੁਕਤ ਹੋਇਆ ਹੈ। ਇਸ ਤੋਂ ਪਹਿਲਾਂ ਕਿ ਇਹ ਪੰਜ ਕਸ਼ਮੀਰੀ ਮੁੜ-ਵਸੇਬੇ ਨੂੰ ਲੈ ਕੇ ਕੋਈ ਸੋਚ-ਵਿਚਾਰ ਕਰ ਸਕਦੇ, ਅਗਲੇ ਦਿਨੀਂ ਪੂਰਾ ਜੰਮੂ ਕਸ਼ਮੀਰ ਨੂੰ ਹੀ ਖੁੱਲ੍ਹੀ ਜੇਲ੍ਹ ਬਣਾ ਦਿੱਤਾ ਗਿਆ। ਹੁਣ ਉਨ੍ਹਾਂ ਦੀ ਜ਼ਿੰਦਗੀ ਜੇਲ੍ਹ ਦੀ ਕਾਲ ਕੋਠੜੀ ਵਿਚੋਂ ਨਿਕਲ ਕੇ ਇਕ ਹੋਰ ਬੇਮਿਆਦੀ ਖੁੱਲ੍ਹੀ ਕੈਦ ਵਿਚ ਬਦਲ ਗਈ ਹੈ।

21 ਮਈ 1996 ਨੂੰ ਦਿੱਲੀ ਦੇ ਭੀੜ-ਭੜੱਕੇ ਵਾਲੇ ਲਾਜਪਤ ਨਗਰ ਵਿਚ ਹੋਏ ਭਿਆਨਕ ਕਾਰ ਬੰਬ ਕਾਂਡ ਵਿਚ 13 ਜਣੇ ਮਾਰੇ ਗਏ ਅਤੇ 39 ਜ਼ਖਮੀ ਹੋਏ ਸਨ। ਅਗਲੇ ਦਿਨ ਸ਼ਾਮ 4 ਵਜੇ ਰਾਜਸਥਾਨ ਵਿਚ ਆਗਰਾ ਤੋਂ ਬੀਕਾਨੇਰ ਜਾ ਰਹੀ ਬੱਸ ਵਿਚ ਇਸੇ ਤਰ੍ਹਾਂ ਬੰਬ ਫਟਿਆ ਜਿਸ ਵਿਚ 14 ਲੋਕ ਮਾਰੇ ਗਏ ਅਤੇ 37 ਜ਼ਖਮੀ ਹੋਏ। ਇਸ ਦੀ ਕਥਿਤ ਜ਼ਿੰਮੇਵਾਰੀ ਫੋਨ ਕਰਕੇ ਇਕ ਗੈਰ-ਸਰਗਰਮ ਦਹਿਸ਼ਤਵਾਦੀ ਜਥੇਬੰਦੀ ਨੇ ਲਈ। ਇਸ ਪਿੱਛੋਂ ਤਫਤੀਸ਼, ਗ੍ਰਿਫਤਾਰੀਆਂ, ਪੁੱਛ-ਪੜਤਾਲ ਅਤੇ ਮੁਕੱਦਮਿਆਂ ਦਾ ਲੰਮਾ ਸਿਲਸਿਲਾ ਚੱਲਿਆ।

26 ਅਗਸਤ 1996 ਨੂੰ ਦਿੱਲੀ ਪੁਲਿਸ ਨੇ ਚਾਰਜਸ਼ੀਟ ਪੇਸ਼ ਕੀਤੀ ਜਿਸ ਵਿਚ ਦਸ ਜਣਿਆਂ ਨੂੰ ਮੁਲਜ਼ਮ ਨਾਮਜ਼ਦ ਕੀਤਾ ਗਿਆ। ਚਾਰਜਸ਼ੀਟ ਨੇ 1996 'ਚ ਜੈਪੁਰ ਦੇ ਸਵਾਏ ਮਾਨ ਸਿੰਘ ਸਟੇਡੀਅਮ ਵਿਚ ਹੋਏ ਬੰਬ ਧਮਾਕੇ ਵਿਚ ਵੀ ਇਨ੍ਹਾਂ ਮੁਲਜ਼ਮਾਂ ਦਾ ਹੱਥ ਦੱਸਿਆ। ਇਕ ਹੋਰ ਐਫ.ਆਈ.ਆਰ. ਬੱਸ ਬੰਬ ਕਾਂਡ ਬਾਬਤ ਰਾਜਸਥਾਨ ਵਿਚ ਦਰਜ ਕੀਤੀ ਗਈ ਸੀ। ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਨ੍ਹਾਂ ਬੰਬ ਕਾਂਡਾਂ ਦੀ ਜ਼ਿੰਮੇਵਾਰੀ ਲੈਣ ਲਈ ਮੀਡੀਆ ਨੂੰ ਕੀਤੀਆਂ ਗਈਆਂ ਫੋਨ ਕਾਲਾਂ ਦੀ ਜਾਂਚ ਦੇ ਆਧਾਰ 'ਤੇ ਸਾਰੇ ਸ਼ੱਕੀ ਬੰਦਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦਸ ਮੁਲਜ਼ਮਾਂ ਵਿਚੋਂ ਨੌਂ ਜੰਮੂ ਕਸ਼ਮੀਰ ਤੋਂ ਸਨ।

ਫਿਰ ਇਨ੍ਹਾਂ ਸਾਰਿਆਂ ਨੂੰ ਦੋਸ਼ੀ ਸਾਬਤ ਕਰਨ ਦੀ ਲੰਮੀ-ਚੌੜੀ ਕਵਾਇਦ ਸ਼ੁਰੂ ਹੋ ਗਈ। ਇਨ੍ਹਾਂ ਵਿਚ ਸ੍ਰੀਨਗਰ ਤੋਂ ਲਤੀਫ ਅਹਿਮਦ, ਅਲੀ ਭੱਟ ਅਤੇ ਮਿਰਜ਼ਾ ਨਿਸਾਰ, ਭੱਦਰਵਾਹ (ਜੰਮੂ ਡਿਵੀਜ਼ਨ) ਤੋਂ ਅਬਦੁਲ ਗਨੀ ਅਤੇ ਆਗਰਾ ਤੋਂ ਰਈਸ ਬੇਗ ਵੀ ਸਨ। ਦਾਅਵਾ ਕੀਤਾ ਗਿਆ ਕਿ ਇਨ੍ਹਾਂ ਦਾ ਸਬੰਧ ਅਤਿਵਾਦੀ ਧੜੇ ਜੰਮੂ ਕਸ਼ਮੀਰ ਇਸਲਾਮਿਕ ਫਰੰਟ ਨਾਲ ਸੀ। ਆਗਰਾ ਨਿਵਾਸੀ ਨੂੰ 8 ਜੂਨ 1997 ਨੂੰ ਜਦਕਿ ਬਾਕੀਆਂ ਨੂੰ 17 ਜੂਨ-27 ਜੁਲਾਈ 1996 ਦਰਮਿਆਨ ਹਿਰਾਸਤ ਵਿਚ ਲੈ ਕੇ ਜੇਲ੍ਹ ਭੇਜਿਆ ਗਿਆ। ਅਲੀ ਗਲੀਚੇ ਵੇਚਦਾ ਸੀ, ਲਤੀਫ ਦਿੱਲੀ ਤੇ ਕਠਮੰਡੂ ਵਿਚ ਕਸ਼ਮੀਰੀ ਦਸਤਕਾਰੀ ਦਾ ਸਮਾਨ ਵੇਚਦਾ ਸੀ, ਨਿਸਾਰ ਨੌਵੀਂ ਜਮਾਤ ਵਿਚ ਪੜ੍ਹਦਾ ਸੀ ਅਤੇ ਗਨੀ ਸਕੂਲ ਚਲਾਉਂਦਾ ਸੀ।

ਅਦਾਲਤ ਨੇ ਨਵੰਬਰ 2000 ਵਿਚ ਉਨ੍ਹਾਂ ਵਿਰੁਧ ਕਤਲ, ਰਾਸ਼ਟਰ ਵਿਰੋਧੀ ਸਰਗਰਮੀਆਂ ਅਤੇ ਵਿਸਫੋਟਕ ਸਮੱਗਰੀ ਐਕਟ ਤਹਿਤ ਦੋਸ਼ ਤੈਅ ਕੀਤੇ। ਵਧੀਕ ਸੈਸ਼ਨਜ਼ ਅਦਾਲਤ ਵਿਚ ਸੁਣਵਾਈ ਤੋਂ ਬਾਅਦ ਨਵੰਬਰ 2012 ਵਿਚ ਚਾਰ ਕਸ਼ਮੀਰੀਆਂ ਵਿਰੁਧ ਸਿਰਫ ਬੱਸ ਬੰਬ ਕਾਂਡ ਵਿਚ ਦੋਸ਼ਾਂ ਦੀ ਪੁਸ਼ਟੀ ਕੀਤੀ ਗਈ। ਦੂਜੇ ਪਾਸੇ, ਬਾਂਦੀਕੁਈ ਟਰਾਇਲ ਕੋਰਟ ਨੇ ਸਤੰਬਰ 2014 ਵਿਚ ਜਿਨ੍ਹਾਂ ਅੱਠ ਮੁਸਲਮਾਨਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ, ਜੈਪੁਰ ਹਾਈ ਕੋਰਟ ਨੇ 23 ਜੁਲਾਈ 2019 ਵਿਚ ਉਨ੍ਹਾਂ ਵਿਚੋਂ ਸਿਰਫ ਕਥਿਤ ਮੁੱਖ ਯੋਜਨਾਘਾੜੇ ਅਤੇ ਕਥਿਤ ਵਿਸਫੋਟਕ ਸਪਲਾਈ ਕਰਨ ਵਾਲੇ ਨੂੰ ਛੱਡ ਕੇ ਬਾਕੀ ਛੇਆਂ ਨੂੰ ਬੇਕਸੂਰ ਕਰਾਰ ਦੇ ਕੇ ਬਰੀ ਕਰ ਦਿੱਤਾ।

ਇਸ ਦੌਰਾਨ ਇਹ ਸਾਰੇ ਦਿੱਲੀ ਅਤੇ ਅਹਿਮਦਾਬਾਦ ਦੀਆਂ ਉਚ ਸੁਰੱਖਿਆ ਜੇਲ੍ਹਾਂ ਵਿਚ ਸੜਦੇ ਰਹੇ। ਉਨ੍ਹਾਂ ਨੂੰ ਕਦੇ ਵੀ ਜ਼ਮਾਨਤ ਉਪਰ ਜਾਂ ਪੈਰੋਲ ਦੀ ਰਾਹਤ ਨਹੀਂ ਦਿੱਤੀ ਗਈ। ਇਸ ਦੌਰਾਨ ਰਈਸ ਬੇਗ ਦੇ ਮਾਂ-ਬਾਪ ਸਮੇਤ ਪਰਿਵਾਰ ਦੇ ਚਾਰ ਜੀਅ ਚਲਾਣਾ ਕਰ ਗਏ। ਉਸ ਨੂੰ ਆਪਣੇ ਮਾਂ-ਬਾਪ ਨੂੰ ਆਖਰੀ ਵਾਰ ਦੇਖਣਾ ਵੀ ਨਸੀਬ ਨਹੀਂ ਹੋਇਆ। ਬਾਕੀ ਸਾਰਿਆਂ ਨੇ ਵੀ ਆਪਣੇ ਪਰਿਵਾਰਾਂ ਅਤੇ ਆਮ ਸਮਾਜੀ ਜ਼ਿੰਦਗੀ ਤੋਂ ਇੰਨੀ ਲੰਮੀ ਜੁਦਾਈ ਅਤੇ ਪਰਿਵਾਰਾਂ ਦੀ ਬਰਬਾਦੀ ਦਾ ਸੰਤਾਪ ਝੱਲਿਆ।

ਕੁਝ ਇਸੇ ਤਰ੍ਹਾਂ ਦੀ ਕਹਾਣੀ ਸ਼ੇਖ ਇਮਰਾਨ ਦੀ ਹੈ ਜਿਸ ਨੂੰ 4 ਜੁਲਾਈ 2019 ਨੂੰ ਤਕਰੀਬਨ 16 ਸਾਲ ਬਾਅਦ ਕਲਕੱਤਾ ਹਾਈਕੋਰਟ ਨੇ ਦੋਸ਼ ਮੁਕਤ ਕਹਿ ਕੇ ਰਿਹਾਅ ਕਰ ਦਿੱਤਾ। ਉਸ ਨੂੰ ਦਸੰਬਰ 2003 'ਚ ਗ੍ਰਿਫਤਾਰ ਕੀਤਾ ਗਿਆ ਸੀ। ਪੱਛਮੀ ਬੰਗਾਲ ਪੁਲਿਸ ਨੂੰ ਕਲਕੱਤਾ ਦੇ



ਧੋਬੀ ਤਲਾਓ ਇਲਾਕੇ ਵਿਚ ਵੱਡੀ ਮਾਤਰਾ ਵਿਚ ਵਿਸਫੋਟਕ ਸਮੱਗਰੀ ਮਿਲੀ ਸੀ। ਪੁਲਿਸ ਨੇ ਸ਼ੇਖ ਫਰਹਤ ਅਤੇ ਚਾਰ ਹੋਰਾਂ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫਤਾਰ ਕਰ ਲਿਆ। ਕਲਕੱਤਾ ਪੁਲਿਸ ਦੇ ਕਹਿਣ 'ਤੇ ਜੰਮੂ ਕਸ਼ਮੀਰ ਪੁਲਿਸ ਨੇ ਇਸ ਮਾਮਲੇ ਵਿਚ ਇਮਰਾਨ ਨੂੰ ਉਸ ਦੇ ਘਰੋਂ ਕਰਫਲੀ ਮੁਹੱਲਾ ਸ੍ਰੀਨਗਰ ਤੋਂ ਗ੍ਰਿਫਤਾਰ ਕੀਤਾ। ਫਰਹਤ ਉਸ ਦਾ ਰਿਸ਼ਤੇਦਾਰ ਸੀ ਅਤੇ ਇਮਰਾਨ ਛੁੱਟੀਆਂ ਦੌਰਾਨ ਕਲਕੱਤੇ ਉਸ ਕੋਲ ਰਿਹਾ ਸੀ।

ਅਦਾਲਤ ਵਿਚ ਦਸ ਸਾਲ ਮੁਕੱਦਮਾ ਚੱਲਿਆ। ਹੇਠਲੀ ਅਦਾਲਤ ਨੇ 15 ਜੁਲਾਈ 2013 ਨੂੰ ਆਰਮਜ਼ ਐਕਟ ਤਹਿਤ ਫਰਹਤ ਅਤੇ ਇਮਰਾਨ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ। ਇਸ ਤੋਂ ਬਾਅਦ ਫਰਹਤ ਨੇ ਆਈ.ਜੀ. ਜੇਲ੍ਹ ਨੂੰ ਚਿੱਠੀ ਲਿਖ ਕੇ ਆਪਣਾ ਤਬਾਦਲਾ ਸ੍ਰੀਨਗਰ ਸੈਂਟਰਲ ਜੇਲ੍ਹ ਵਿਚ ਕਰਨ ਦੀ ਬੇਨਤੀ ਕੀਤੀ। ਫਰਹਤ ਅਤੇ ਇਮਰਾਨ ਨੇ ਆਪਣੀ ਮੰਗ ਲਈ ਭੁੱਖ ਹੜਤਾਲ ਵੀ ਕੀਤੀ। ਜੰਮੂ ਕਸ਼ਮੀਰ ਸਰਕਾਰ ਨੇ ਦੋਹਾਂ ਕਸ਼ਮੀਰੀ ਕੈਦੀਆਂ ਦੇ ਤਬਾਦਲੇ ਦੀ ਸਹਿਮਤੀ ਦੇ ਦਿੱਤੀ ਅਤੇ ਉਨ੍ਹਾਂ ਨੂੰ ਸ੍ਰੀਨਗਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਪਰਿਵਾਰ ਨੇ ਹਾਈ ਕੋਰਟ ਵਿਚ ਉਨ੍ਹਾਂ ਦਾ ਕੇਸ ਲੜਿਆ ਅਤੇ ਆਖਿਰਕਾਰ 4 ਜੁਲਾਈ 2019 ਨੂੰ ਅਦਾਲਤ ਵਲੋਂ ਰਿਹਾਅ ਕੀਤੇ ਜਾਣ 'ਤੇ ਹੀ ਉਹ ਆਪਣੇ ਘਰ ਪਰਤ ਸਕੇ।

ਇਨ੍ਹਾਂ ਪੰਜ ਕਸ਼ਮੀਰੀਆਂ ਦੀ ਕਹਾਣੀ ਸਟੇਟ ਦੇ ਢਾਂਚੇ ਅੰਦਰ ਡੂੰਘੀਆਂ ਜੜ੍ਹਾਂ ਜਮਾਈ ਬੈਠੀ ਘੱਟ ਗਿਣਤੀਆਂ ਵਿਰੋਧੀ ਤੁਅੱਸਬੀ ਸੋਚ ਨੂੰ ਦਰਸਾਉਂਦੀ ਹੈ। ਜਦੋਂ ਵੀ ਕੋਈ ਕਥਿਤ ਦਹਿਸ਼ਤਵਾਦੀ ਘਟਨਾ ਵਾਪਰਦੀ ਹੈ, ਪੁਲਿਸ ਅਤੇ ਹੋਰ ਜਾਂਚ ਏਜੰਸੀਆਂ ਬਿਨਾ ਕੋਈ ਜਾਂਚ ਕੀਤੇ ਤੁਰੰਤ ਇਨ੍ਹਾਂ ਵਾਰਦਾਤਾਂ ਨੂੰ ਕਥਿਤ ਮੁਸਲਿਮ ਦਹਿਸ਼ਤਵਾਦੀ ਜਥੇਬੰਦੀਆਂ ਦੇ ਖਾਤੇ ਪਾ ਦਿੰਦੀਆਂ ਹਨ ਅਤੇ ਘੱਟ ਗਿਣਤੀਆਂ ਨੂੰ ਦੋਸ਼ੀ ਮੰਨ ਕੇ ਗ੍ਰਿਫਤਾਰੀਆਂ ਸ਼ੁਰੂ ਕਰ ਦਿੰਦੀਆਂ ਹਨ। ਮੁੱਖਧਾਰਾ ਮੀਡੀਆ ਵੀ ਬਿਨਾ ਕੋਈ ਸਵਾਲ ਉਠਾਏ ਇਨ੍ਹਾਂ ਕਹਾਣੀਆਂ ਨੂੰ ਪ੍ਰਚਾਰਨਾ ਸ਼ੁਰੂ ਕਰ ਦਿੰਦਾ ਹੈ। ਪੰਜਾਬ ਵਿਚ 1980ਵਿਆਂ ਤੋਂ ਲੈ ਕੇ ਬੇਸ਼ੁਮਾਰ ਸਿੱਖ ਨੌਜਵਾਨ ਇਸੇ ਤਰ੍ਹਾਂ ਨਿਸ਼ਾਨਾ ਬਣ ਚੁੱਕੇ ਹਨ। ਪਿਛਲੇ ਦੋ ਦਹਾਕਿਆਂ ਵਿਚ ਮੁਸਲਮਾਨ ਨੌਜਵਾਨਾਂ ਨੂੰ ਕਥਿਤ ਦਹਿਸ਼ਤਵਾਦੀ ਕਾਂਡਾਂ ਲਈ ਧੜਾਧੜ ਗ੍ਰਿਫਤਾਰ ਕਰਨ ਦੇ ਦਰਜਨਾਂ ਮਾਮਲੇ ਸਾਹਮਣੇ ਆ ਚੁੱਕੇ ਹਨ। ਹਿਰਾਸਤ ਵਿਚ ਉਨ੍ਹਾਂ ਨੂੰ ਬੇਰਹਿਮੀ ਨਾਲ ਤਸੀਹੇ ਦੇ ਕੇ ਇਕਬਾਲੀਆ ਬਿਆਨ ਲਏ ਗਏ ਅਤੇ ਇਸੇ ਆਧਾਰ 'ਤੇ ਚਾਰਜਸ਼ੀਟਾਂ ਪੇਸ਼ ਕੀਤੀਆਂ ਗਈਆਂ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਅਤੇ ਮਹਾਂਰਾਸ਼ਟਰ ਪੁਲਿਸ ਦੀ ਇਸ ਮਾਮਲੇ ਵਿਚ ਖਾਸ ਮੁਹਾਰਤ ਹੈ।

ਮਹਾਂਰਾਸ਼ਟਰ ਪੁਲਿਸ ਦੇ ਸਾਬਕਾ ਇੰਸਪੈਕਟਰ ਜਨਰਲ ਐਸ.ਐਮ. ਮੁਸ਼ਰਿਫ ਨੇ ਇਸ ਤਰ੍ਹਾਂ ਦੇ ਮਾਮਲਿਆਂ ਦੀ ਬਾਰੀਕੀ ਨਾਲ ਛਾਣਬੀਣ ਕਰਕੇ ਵੱਡੇ ਖੁਲਾਸੇ ਕੀਤੇ ਹਨ। ਪਿੱਛੇ ਜਿਹੇ ਛਪੀ 'ਬ੍ਰਾਹਮਨਿਸਟਸ ਬੌਂਬਡ, ਮੁਸਲਿਮ ਹੈਂਗਡ' (ਖੁੱਲ੍ਹਾ ਅਨੁਵਾਦ: ਬ੍ਰਾਹਮਣਾਂ ਦੇ ਕਾਰਿਆਂ ਦੀ ਸਜ਼ਾ ਮੁਸਲਮਾਨਾਂ ਨੂੰ ਦਿੱਤੀ) ਨਾਂ ਦੀ ਕਿਤਾਬ ਵਿਚ ਇਸ ਸਾਬਕਾ ਪੁਲਿਸ ਅਧਿਕਾਰੀ ਨੇ ਦੋਸ਼ ਲਾਇਆ ਹੈ ਕਿ ਜ਼ਿਆਦਾਤਰ ਬੰਬ ਕਾਂਡ ਆਰ.ਐਸ.ਐਸ. ਨਾਲ ਸਬੰਧਤ ਜਥੇਬੰਦੀਆਂ- ਸਨਾਤਨ ਸੰਸਥਾ, ਅਭਿਨਵ ਭਾਰਤ, ਬਜਰੰਗ ਦਲ, ਸ੍ਰੀਰਾਮ ਸੈਨਾ ਵਗੈਰਾ ਦੀ ਗਿਣੀ-ਮਿਥੀ ਸਾਜ਼ਿਸ਼ ਦਾ ਹਿੱਸਾ ਸਨ। ਉਸ ਦੀ ਛਾਣਬੀਣ ਅਨੁਸਾਰ ਆਰ.ਐਸ.ਐਸ. ਦਾ ਨਾਂ 14 ਕੇਸਾਂ ਨਾਲ ਜੁੜਿਆ ਹੈ ਜਦਕਿ ਸਨਾਤਨ ਸੰਸਥਾ ਸਮੇਤ ਹਿੰਦੂਤਵ ਜਥੇਬੰਦੀਆਂ ਦੀ ਕੁਲ 18 ਬੰਬ ਕਾਂਡਾਂ ਵਿਚ ਸ਼ਮੂਲੀਅਤ ਜ਼ਾਹਰ ਹੋ ਚੁੱਕੀ ਹੈ (ਨਰਿੰਦਰ ਡਭੋਲਕਰ, ਗੌਰੀ ਲੰਕੇਸ਼ ਸਮੇਤ ਬੁੱਧੀਜੀਵੀਆਂ ਦੇ ਕਤਲਾਂ ਦੇ ਮਾਮਲੇ ਇਸ ਤੋਂ ਵੱਖਰੇ ਹਨ)। ਉਸ ਨੇ ਤਾਂ ਇਹ ਦਾਅਵਾ ਵੀ ਕੀਤਾ ਹੈ ਕਿ ਇੰਟੈਲੀਜੈਂਸ ਬਿਊਰੋ, ਕੌਮੀ ਜਾਂਚ ਏਜੰਸੀ ਆਦਿ ਮੁੱਖ ਏਜੰਸੀਆਂ ਵਿਚ ਵੀ ਹਿੰਦੂਤਵੀ ਬ੍ਰਾਹਮਣਵਾਦੀ ਅਨਸਰਾਂ ਦਾ ਸਿੱਕਾ ਚੱਲਦਾ ਹੈ ਜਿਨ੍ਹਾਂ ਦੀ ਕਹਿਣ 'ਤੇ ਅਸਲ ਦੋਸ਼ੀਆਂ (ਹਿੰਦੂਤਵ ਦਹਿਸ਼ਤਵਾਦੀ ਗੁੱਟਾਂ) ਤੋਂ ਧਿਆਨ ਹਟਾਉਣ ਲਈ ਮੁਸਲਿਮ ਜਥੇਬੰਦੀਆਂ ਦਾ ਹੱਥ ਹੋਣ ਦੀ ਕਹਾਣੀ ਪ੍ਰਚਾਰ ਕੇ ਬੇਕਸੂਰ ਮੁਸਲਮਾਨਾਂ ਨੂੰ ਫਸਾਇਆ ਜਾਂਦਾ ਹੈ।

ਇਨ੍ਹਾਂ ਏਜੰਸੀਆਂ ਦੇ ਦਬਾਓ ਹੇਠ ਪੁਲਿਸ ਦੇ ਵਿਸ਼ੇਸ਼ ਵਿੰਗ ਅਤੇ ਸੂਬਿਆਂ ਦੇ ਦਹਿਸ਼ਤਵਾਦ ਵਿਰੋਧੀ ਦਸਤੇ ਜਾਂਚ ਦੌਰਾਨ ਠੋਸ ਸੁਰਾਗ ਅਤੇ ਸਬੂਤ ਦਬਾ ਦਿੰਦੇ ਹਨ। ਉਸ ਅਨੁਸਾਰ ਸ੍ਰੀ ਹੇਮੰਤ ਕਰਕਰੇ ਹੀ ਇਕੋ-ਇਕ ਐਸੇ ਅਧਿਕਾਰੀ ਸਨ ਜਿਸ ਨੇ ਇਮਾਨਦਾਰੀ ਨਾਲ ਇਨ੍ਹਾਂ ਦਹਿਸ਼ਤਵਾਦੀ ਕਾਂਡਾਂ ਦੀ ਜਾਂਚ ਕਰਕੇ ਹਿੰਦੂਤਵ ਜਥੇਬੰਦੀਆਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ। ਇਸੇ ਕਾਰਨ ਮੁੰਬਈ ਦੇ 26/11 ਦੇ ਦਹਿਸ਼ਤਗਰਦ ਹਮਲੇ ਦੀ ਆੜ ਵਿਚ ਉਸ ਦੀ ਹੱਤਿਆ ਕਰਵਾ ਦਿੱਤੀ ਗਈ। ਇਉਂ 10-15 ਸਾਲ ਜੇਲ੍ਹਾਂ ਵਿਚ ਸੜਨ ਅਤੇ ਮੁਕੱਦਮੇ ਲੜਨ ਤੋਂ ਬਾਅਦ ਬੇਕਸੂਰ ਮੁਸਲਮਾਨ ਰਿਹਾਅ ਤਾਂ ਹੋ ਜਾਂਦੇ ਹਨ ਲੇਕਿਨ ਮਾਮਲਾ ਇਥੇ ਹੀ ਖਤਮ ਹੋ ਜਾਂਦਾ ਹੈ; ਇਨ੍ਹਾਂ ਦਹਿਸ਼ਤਗਰਦ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਕੌਣ ਸਨ, ਇਹ ਕਦੇ ਵੀ ਸਾਹਮਣੇ ਨਹੀਂ ਆਉਂਦਾ।

ਉਂਜ ਇਕ ਵਾਰ ਜਿਸ 'ਤੇ ਦਹਿਸ਼ਤਗਰਦ ਦਾ ਠੱਪਾ ਲੱਗ ਗਿਆ, ਉਸ ਨੂੰ ਅਦਾਲਤ ਵਲੋਂ ਬੇਕਸੂਰ ਕਰਾਰ ਦੇਣ ਤੋਂ ਬਾਅਦ ਵੀ ਇਸ ਦਾਗ ਤੋਂ ਛੁਟਕਾਰਾ ਨਹੀਂ ਮਿਲਦਾ। ਸਮਾਜ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ ਅਤੇ ਉਸ ਦੀ ਜ਼ਿੰਦਗੀ ਕਦੇ ਵੀ ਸਹਿਜ ਨਹੀਂ ਹੁੰਦੀ। ਇਸ ਮੁਲਕ ਵਿਚ ਕਸ਼ਮੀਰੀ, ਮੁਸਲਮਾਨ, ਦਲਿਤ ਜਾਂ ਆਦਿਵਾਸੀ ਹੋਣ ਅਤੇ ਉਚ ਜਾਤੀ ਹਿੰਦੂ ਹੋਣ ਦਰਮਿਆਨ ਜ਼ਮੀਨ-ਆਸਮਾਨ ਦਾ ਫਰਕ ਹੈ। ਮਾਲੇਗਾਓਂ ਬੰਬ ਧਮਾਕਿਆਂ ਵਿਚ ਨਾਮਜ਼ਦ ਹਿੰਦੂਤਵੀ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਨੂੰ ਚੋਣ ਲੜ ਕੇ ਪਾਰਲੀਮੈਂਟ ਵਿਚ ਬੈਠਣ ਦੀ ਖੁੱਲ੍ਹ ਹੈ ਪਰ ਕਿਸੇ ਕਸ਼ਮੀਰੀ ਜਾਂ ਮੁਸਲਮਾਨ ਨੂੰ ਆਪਣੇ ਸਕੇ-ਸਬੰਧੀ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਵੀ ਨਹੀਂ।

ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਇਹ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ ਕਿ ਜਿਨ੍ਹਾਂ ਹਜ਼ਾਰਾਂ ਕਸ਼ਮੀਰੀ ਨੌਜਵਾਨਾਂ ਅਤੇ ਨਾਬਾਲਗ ਬੱਚਿਆਂ ਨੂੰ ਪਿਛਲੇ ਪੰਜਾਹ ਦਿਨਾਂ ਵਿਚ ਗ੍ਰਿਫਤਾਰ ਕਰਕੇ ਗੈਰ-ਕਾਨੂੰਨੀ ਹਿਰਾਸਤ, ਜੇਲ੍ਹਾਂ ਜਾਂ ਤਸੀਹਾ ਕੇਂਦਰਾਂ ਵਿਚ ਰੱਖਿਆ ਗਿਆ ਹੈ, ਆਰ.ਐਸ.ਐਸ.-ਭਾਜਪਾ ਵਲੋਂ ਦਿਖਾਏ ਜਾ ਰਹੇ ਨਵੇਂ ਕਸ਼ਮੀਰ ਦੇ ਸੁਪਨੇ ਵਿਚ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ!

# ਟੈਕਸ ਰਿਆਇਤਾਂ ਦੀ ਹਕੀਕਤ ਅਤੇ ਆਰਥਿਕ ਮੰਦੀ

ਆਰਥਿਕਤਾ ਬਾਰੇ ਲਿਖਣ ਵਾਲੇ ਇਕ ਚੰਗੇ ਸਮੀਖਿਅਕ ਨੇ ਹਾਲ ਹੀ ਵਿਚ ਸਾਨੂੰ ਬਚਪਨ ਵਿਚ ਸੁਣੀ ਕਹਾਣੀ ਦੁਬਾਰਾ ਸੁਣਾਈ ਹੈ। ਕਹਾਣੀ ਇਸ ਤਰ੍ਹਾਂ ਹੈ: ਇਕ ਭੇੜੀਆ ਸੀ ਜਿਸ ਦੇ ਗਲੇ ਵਿਚ ਹੱਡੀ ਫਸ ਗਈ। ਕਾਫੀ ਕੋਸ਼ਿਸ਼ ਤੋਂ ਬਾਅਦ ਵੀ ਹੱਡੀ ਨਿਕਲਣ ਦਾ ਨਾਂ ਨਹੀਂ ਲੈ ਰਹੀ ਸੀ।

**ਅਭੈ ਕੁਮਾਰ ਦੂਬੇ**

ਆਖਰਕਾਰ ਹਾਰ ਕੇ ਭੇੜੀਏ ਨੇ ਮਦਦ ਮੰਗੀ। ਉਸ ਦੀ ਮਦਦ ਲਈ ਸਾਰਸ ਆਇਆ। ਉਸ ਨੇ ਭੇੜੀਏ ਨੂੰ ਕਿਹਾ ਕਿ ਆਪਣਾ ਮੂੰਹ ਖੋਲ੍ਹੇ। ਫਿਰ ਸਾਰਸ ਨੇ ਆਪਣੀ ਲੰਮੀ ਚੁੰਝ ਉਸ ਦੇ ਗਲੇ ਦੇ ਅੰਦਰ ਤੱਕ ਪਾਈ ਅਤੇ ਫਸੀ ਹੋਈ ਹੱਡੀ ਕੱਢ ਦਿੱਤੀ। ਹੱਡੀ ਕੱਢਦਿਆਂ ਹੀ ਭੇੜੀਆ ਸਾਰਸ ਵਲ ਦੇਖੇ ਬਿਨਾ ਆਪਣੇ ਰਾਹ ਤੁਰ ਪਿਆ। ਸਾਰਸ ਨੂੰ ਉਸ ਦੀ ਇਹ ਅਹਿਸਾਨ-ਫਰਾਮੋਸ਼ੀ ਬਹੁਤ ਬੁਰੀ ਲੱਗੀ। ਉਸ ਨੇ ਭੇੜੀਏ ਨੂੰ ਕਿਹਾ ਕਿ ਇਨਾਮ ਦੇਣਾ ਤਾਂ ਦੂਰ ਦੀ ਗੱਲ ਹੈ, ਉਸ ਨੇ ਤਾਂ ਉਸ ਦਾ ਧੰਨਵਾਦ ਵੀ ਨਹੀਂ ਕੀਤਾ। ਇਸ 'ਤੇ ਭੇੜੀਏ ਨੇ ਕਿਹਾ ਕਿ ਤੂੰ ਆਪਣੀ ਲੰਮੀ ਚੁੰਝ ਸਣੇ ਆਪਣਾ ਸਾਰਾ ਸਿਰ ਮੇਰੇ ਮੂੰਹ ਵਿਚ ਪਾ ਦਿੱਤਾ ਸੀ। ਧੰਨਵਾਦ ਤਾਂ ਤੈਨੂੰ ਮੇਰਾ ਕਰਨਾ ਚਾਹੀਦਾ ਹੈ ਕਿ ਮੈਂ ਤੇਰਾ ਸਿਰ ਨਹੀਂ ਖਾਧਾ। ਦਰਅਸਲ, ਇਸ ਕਹਾਣੀ ਵਿਚ ਇਕ ਸਿੱਖਿਆ ਹੈ ਜਿਸ ਦੇ ਸ਼ੀਸ਼ੇ ਵਿਚੋਂ ਸਰਕਾਰ, ਕਾਰਪੋਰੇਟ ਖੇਤਰ ਅਤੇ ਕਾਰਪੋਰੇਟ ਟੈਕਸ ਵਿਚ ਹਾਲ ਹੀ ਵਿਚ ਕੀਤੀ ਕਟੌਤੀ ਦੇ ਆਪਸੀ ਸਬੰਧਾਂ ਨੂੰ ਦੇਖਣਾ ਚਾਹੀਦਾ ਹੈ।

ਹੁਣ ਸਵਾਲ ਇਹ ਹੈ ਕਿ ਵੱਡੇ ਪੱਧਰ 'ਤੇ ਕਾਰਪੋਰੇਟ ਟੈਕਸ ਵਿਚ ਹੋਈ ਕਟੌਤੀ ਨਾਲ ਭਾਰਤ ਦੇ ਉਦਯੋਗਪਤੀ ਸਰਕਾਰ ਲਈ ਧੰਨਵਾਦ ਮਹਿਸੂਸ ਕਰਨਗੇ? ਜੇ ਕਰਨਗੇ ਤਾਂ ਸਰਕਾਰ ਦੇ ਇਸ ਅਹਿਸਾਨ ਬਦਲੇ ਉਹ ਸਰਕਾਰ ਨੂੰ ਕੀ ਦੇਣਗੇ? ਇਨ੍ਹਾਂ ਉਦਯੋਗਪਤੀਆਂ ਦੀਆਂ ਤਿਜੌਰੀਆਂ ਵਿਚ ਡੇਢ ਲੱਖ ਕਰੋੜ ਦੀ ਰਾਖਵੀਂ ਨਕਦੀ ਪਿਛਲੇ 7-8 ਸਾਲ ਤੋਂ ਰੱਖੀ ਹੋਈ ਹੈ ਪਰ ਉਸ ਵਿਚੋਂ ਇਕ ਕੌਡੀ ਵੀ ਉਨ੍ਹਾਂ ਨੇ ਨਿਵੇਸ਼ ਵਿਚ ਨਹੀਂ ਲਗਾਈ। ਇਸੇ ਤਰ੍ਹਾਂ ਸਰਕਾਰੀ ਖੇਤਰ ਦੀਆਂ ਪ੍ਰਸਿਧ ਕੰਪਨੀਆਂ ਕੋਲ ਵੀ ਤਕਰੀਬਨ ਇਕ ਲੱਖ ਕਰੋੜ ਦੀ ਰਾਖਵੀਂ ਨਕਦੀ ਹੈ। ਉਨ੍ਹਾਂ ਨੇ ਵੀ ਨਿਵੇਸ਼ ਵਿਚ ਇਕ ਪੈਸੇ ਦਾ ਯੋਗਦਾਨ ਨਹੀਂ ਦਿੱਤਾ।

ਨਤੀਜਾ ਇਹ ਨਿਕਲਿਆ ਕਿ ਅਰਥਚਾਰੇ ਵਿਚ ਨਿਵੇਸ਼ ਦੀ ਪ੍ਰਕਿਰਿਆ ਸੁਸਤ ਹੁੰਦੇ-ਹੁੰਦੇ ਲਗਪਗ ਖਤਮ ਹੋ ਗਈ। ਹੌਲੀ-ਹੌਲੀ ਇਹ ਨਿਵੇਸ਼ਹੀਣਤਾ ਹੋਰ ਮਹੱਤਵਪੂਰਨ ਕਾਰਕਾਂ ਨਾਲ ਮਿਲ ਕੇ ਡੂੰਘੀ ਮੰਦੀ ਵਿਚ ਬਦਲ ਗਈ। ਅੱਜ ਹਾਲ ਇਹ ਹੈ ਕਿ ਨਾ ਤਾਂ ਲੱਖ ਰੁਪਏ ਵਿਚ ਆਉਣ ਵਾਲੀ ਕਾਰ ਵਿਕ ਰਹੀ ਹੈ (ਖਾਸ ਗੱਲ ਇਹ ਹੈ ਕਿ ਜਿਸ ਰਾਖਵੀਂ ਨਕਦੀ ਦਾ ਜ਼ਿਕਰ ਕੀਤਾ ਗਿਆ ਹੈ, ਉਸ ਦਾ ਸਭ ਤੋਂ ਵੱਡਾ ਹਿੱਸਾ ਕਾਰ ਬਣਾਉਣ ਵਾਲੀਆਂ ਕੰਪਨੀਆਂ ਕੋਲ ਹੈ) ਅਤੇ ਨਾ ਹੀ ਪੰਜ ਰੁਪਏ ਵਿਚ ਵਿਕਣ ਵਾਲਾ ਗਲੂਕੋਜ਼ ਬਿਸਕੁਟਾਂ ਦਾ ਪੈਕੇਟ। ਜਦੋਂ ਆਰਥਿਕ ਮਾਹਰ ਖਪਤ ਵਿਚ ਆਈ ਇਸ ਗਿਰਾਵਟ 'ਤੇ ਹੈਰਾਨੀ ਪ੍ਰਗਟ ਕਰਦੇ ਹਨ (ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਵੀ ਅਜਿਹਾ ਹੀ ਕੀਤਾ ਹੈ) ਤਾਂ ਹੈਰਾਨੀ ਹੁੰਦੀ ਹੈ। ਕੀ ਇਹ ਲੋਕ ਅਜੇ ਤੱਕ ਸੌਂ ਰਹੇ ਸਨ? ਅੱਜ ਅਰਵਿੰਦ ਪਨਗੜੀਆ ਅਮਰੀਕਾ ਵਿਚ ਬੈਠੇ ਹਨ ਅਤੇ ਉਥੋਂ ਅਖਬਾਰਾਂ ਵਿਚ ਭਾਰਤੀ ਅਰਥਚਾਰੇ ਦੀ ਮੰਦੀ ਬਾਰੇ ਲੇਖ ਲਿਖ ਰਹੇ ਹਨ। ਕੀ ਐਨ.ਆਈ.ਟੀ.ਆਈ. ਆਯੋਗ (ਨੀਤੀ ਆਯੋਗ) ਦੇ ਕਰਤਾ ਧਰਤਾ ਦੇ ਰੂਪ ਵਿਚ ਮੰਦੀ ਆਉਂਦਿਆਂ ਦੇਖ ਕੇ ਸਰਕਾਰ ਨੂੰ ਚਿਤਾਵਨੀ ਦੇਣ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਨਹੀਂ ਸੀ? ਜੇ ਉਹ ਅਜਿਹਾ ਨਹੀਂ ਕਰ ਸਕੇ ਤਾਂ ਉਨ੍ਹਾਂ ਦੀ ਆਰਥਿਕ ਮੁਹਾਰਤ ਕਿਸ ਕੰਮ ਦੀ ਸੀ?

ਕੀ ਭਾਰਤੀ ਉਦਯੋਗਪਤੀ ਅਰਥਚਾਰੇ ਵਿਚ ਹੁਣ ਨਿਵੇਸ਼ ਕਰਨਗੇ? ਜਿਥੋਂ ਤੱਕ ਸਰਕਾਰ ਲਈ ਧੰਨਵਾਦ ਦੀ ਗੱਲ ਹੈ, ਅੰਕੜਿਆਂ ਨੂੰ ਦੇਖ ਕੇ ਅਜਿਹਾ ਨਹੀਂ ਲਗਦਾ ਕਿ ਦੇਸ਼ ਦੇ ਵੱਡੇ ਕਾਰਪੋਰੇਟ ਘਰਾਣੇ ਸਰਕਾਰ ਦੇ ਇਸ ਕਦਮ ਨਾਲ ਖੁਸ਼ੀ ਨਾਲ ਪਾਗਲ ਹੋ ਗਏ ਹੋਣਗੇ। ਧਿਆਨ ਰਹੇ ਕਿ ਨਿਰਮਲਾ ਸੀਤਾਰਾਮਨ ਨੇ ਕਾਰਪੋਰੇਟ ਟੈਕਸ ਦੀ ਦਰ ਘਟਾ ਕੇ 25.17 ਫੀਸਦੀ ਕਰ ਦਿੱਤੀ ਹੈ ਪਰ ਸਨਸੈਕਸ ਵਿਚ ਦਰਜ ਕੰਪਨੀਆਂ ਵਲੋਂ ਦਿੱਤੇ ਜਾਣ ਵਾਲੇ ਕਾਰਪੋਰੇਟ ਟੈਕਸ 'ਤੇ ਨਿਗ੍ਹਾ ਮਾਰਨ ਨਾਲ ਜੋ ਤੱਥ ਸਾਹਮਣੇ ਆਉਂਦੇ ਹਨ, ਉਹ ਕੁਝ ਹੋਰ ਕਹਾਣੀ ਪੇਸ਼ ਕਰਦੇ ਹਨ। ਦੇਸ਼ ਦੀ ਸਭ ਤੋਂ ਵੱਡੀ ਕੰਪਨੀ ਰਿਲਾਇੰਸ ਸਿਰਫ 20 ਫੀਸਦੀ ਟੈਕਸ ਦਿੰਦੀ ਹੈ। ਟਾਟਾ ਮੋਟਰਜ਼ ਤੋਂ ਤਾਂ 16 ਫੀਸਦੀ ਤੋਂ ਵੀ ਘੱਟ ਟੈਕਸ ਮਿਲਦਾ ਹੈ। ਐਚ.ਸੀ.ਐਲ. ਟੈਕਨਾਲੋਜੀ ਨੇ 17.6 ਫੀਸਦੀ ਟੈਕਸ ਦਿੱਤਾ ਹੈ। ਖਾਸ ਗੱਲ ਇਹ ਹੈ ਕਿ ਸੂਚਨਾ ਪ੍ਰੋਸੈਸਿੰਗ ਨਾਲ ਜੁੜੀਆਂ ਸਾਰੀਆਂ ਫਰਮਾਂ 25 ਫੀਸਦੀ ਤੋਂ ਘੱਟ ਟੈਕਸ ਦਿੰਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਟੈਕਸ ਸਬੰਧੀ ਰਿਆਇਤਾਂ ਮਿਲੀਆਂ ਹੋਈਆਂ ਹਨ। ਜ਼ਾਹਰ ਹੈ ਕਿ ਉਹ ਨਿਵੇਸ਼ ਵਧਾ ਕੇ ਸਰਕਾਰ ਦੀ ਇਸ 'ਕ੍ਰਿਪਾ' ਦਾ ਫਾਇਦਾ ਨਹੀਂ ਦੇਣਗੀਆਂ।

ਪੰਜ ਖਰਬ ਦਾ ਅਰਥਚਾਰਾ ਬਣਾਉਣ ਲਈ ਹਰ ਸਾਲ 13-14 ਫੀਸਦੀ ਦੀ ਵਾਧਾ ਦਰ ਚਾਹੀਦੀ ਹੈ। ਇਸ ਸਮੇਂ ਤਾਂ ਸਰਕਾਰੀ ਅੰਕੜੇ ਸਿਰਫ 5 ਫੀਸਦੀ ਦੀ ਵਾਧਾ ਦਰ ਹੀ ਦੱਸ ਰਹੇ ਹਨ ਜੋ ਅਸਲੀਅਤ ਵਿਚ ਸਾਢੇ 3 ਫੀਸਦੀ ਹੀ ਹੈ। ਵਿਤ ਮੰਤਰੀ ਸੀਤਾਰਾਮਨ ਦੀਆਂ ਰਿਆਇਤਾਂ ਕਾਰਨ ਕਈ ਲੋਕ ਇਹ ਸੁਪਨਾ ਦਿਖਾ ਰਹੇ ਹਨ ਕਿ ਹੁਣ ਭਾਰਤ ਵਿਚ ਵਿਦੇਸ਼ੀ ਕੰਪਨੀਆਂ ਚੀਨ ਨੂੰ ਛੱਡ ਕੇ ਆ ਜਾਣਗੀਆਂ (ਕਿਉਂਕਿ ਨਵੀਆਂ ਕੰਪਨੀਆਂ ਦੀ ਟੈਕਸ ਦਰ 15 ਫੀਸਦੀ ਕਰ ਦਿੱਤੀ ਗਈ ਹੈ)। ਇਨ੍ਹਾਂ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਵਿਦੇਸ਼ੀ ਪੂੰਜੀ ਕਿਸੇ ਵੀ ਅਰਥਚਾਰੇ ਦੀ ਚਾਲਕ ਸ਼ਕਤੀ ਨਹੀਂ ਬਣ ਸਕਦੀ। ਅਸਲੀ ਪਹਿਲਕਦਮੀ ਤਾਂ ਦੇਸੀ ਪੂੰਜੀ ਨੂੰ ਹੀ ਕਰਨੀ ਪਵੇਗੀ।

# ਕਲੋਜ਼ਰ ਰਿਪੋਰਟ: ਅਦਾਲਤ ਨੇ ਮੰਗਿਆ ਸੀ. ਬੀ. ਆਈ. ਤੋਂ ਜਵਾਬ

**ਮੁਹਾਲੀ:** ਬੇਅਦਬੀ ਮਾਮਲਿਆਂ ਸਬੰਧੀ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਤੇ ਪੰਜਾਬ ਸਰਕਾਰ ਵੱਲੋਂ ਦਾਇਰ ਪ੍ਰੋਟੈਸਟ ਪਟੀਸ਼ਨ ਸਬੰਧੀ ਕੇਸ ਦੀ ਸੁਣਵਾਈ ਮੁਹਾਲੀ ਸਥਿਤ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ (ਸੀਨੀਅਰ ਡਿਵੀਜ਼ਨ) ਐਨ.ਐਸ. ਗਿੱਲ ਦੀ ਅਦਾਲਤ ਵਿਚ ਹੋਈ।




ਇਸ ਮੌਕੇ ਪੰਜਾਬ ਸਰਕਾਰ ਨੇ ਸਰਕਾਰੀ ਵਕੀਲ ਰਾਹੀਂ ਅਰਜ਼ੀ ਦਾਇਰ ਕਰ ਕੇ ਸੀ.ਬੀ.ਆਈ. ਦੀ ਕਾਰਗੁਜ਼ਾਰੀ ਉਤੇ ਪ੍ਰਸ਼ਨ-ਚਿੰਨ੍ਹ ਲਾਉਂਦਿਆਂ ਜਾਂਚ ਟੀਮ ਉਤੇ ਗੁਮਰਾਹ ਕਰਨ ਦਾ ਦੋਸ਼ ਲਾਇਆ। ਸਰਕਾਰੀ ਵਕੀਲ ਸੰਜੀਵ ਬੱਤਰਾ ਨੇ ਕਿਹਾ ਕਿ ਸੀ.ਬੀ.ਆਈ. ਦੇ ਅਧਿਕਾਰੀ ਵਿਧਾਨ ਸਭਾ ਵਿਚ ਪਾਸ ਕੀਤੇ ਮਤੇ ਅਤੇ ਸਰਕਾਰ ਵੱਲੋਂ ਲਿਖੀਆਂ ਚਿੱਠੀਆਂ ਬਾਰੇ ਝੂਠ ਬੋਲ ਰਹੇ ਹਨ। ਸਰਕਾਰ ਦਾ ਕਹਿਣਾ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਇਹ ਮਾਮਲਾ ਸੀ.ਬੀ.ਆਈ. ਦੇ ਸਪੁਰਦ ਸੀ ਪਰ ਹਾਲੇ ਤੱਕ ਜਾਂਚ ਏਜੰਸੀ ਨੇ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ। ਸਿੱਟੇ ਵਜੋਂ ਪਿਛਲੇ ਸਾਲ 28 ਅਗਸਤ ਨੂੰ ਪੰਜਾਬ ਵਿਧਾਨ ਸਭਾ ਵੱਲੋਂ ਇਸ ਮਾਮਲੇ ਵਿਚ ਸੀ.ਬੀ.ਆਈ. ਤੋਂ ਜਾਂਚ ਵਾਪਸ ਲੈਣ ਸਬੰਧੀ ਮਤਾ ਪਾਸ ਕਰਨ ਮਗਰੋਂ ਅਗਲੇ ਹੀ ਦਿਨ ਕੇਂਦਰ ਸਰਕਾਰ ਦੇ ਪ੍ਰਸੋਨਲ ਵਿਭਾਗ ਰਾਹੀਂ ਸੀ.ਬੀ.ਆਈ. ਨੂੰ ਪੱਤਰ ਭੇਜਿਆ ਗਿਆ ਸੀ।

ਇਸ ਮਗਰੋਂ ਥਾਣਾ ਬਾਜਾਖਾਨਾ ਵਿਚ ਬੇਅਦਬੀ ਮਾਮਲੇ ਨਾਲ ਸਬੰਧਤ ਦਰਜ ਕੀਤੇ ਕੇਸਾਂ ਦੀ ਜਾਂਚ ਕਰਨ ਦੀ ਸੀ.ਬੀ.ਆਈ. ਨੂੰ ਦਿੱਤੀ ਸਹਿਮਤੀ ਵਾਪਸ ਲੈਣ ਬਾਰੇ 6 ਸਤੰਬਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਇਸ ਸਬੰਧੀ ਸੀ.ਬੀ.ਆਈ. ਨੂੰ ਦੋ ਹੋਰ ਚਿੱਠੀਆਂ (ਯਾਦ ਪੱਤਰ) ਵੀ ਲਿਖੀਆਂ ਗਈਆਂ ਸਨ ਪਰ ਜਾਂਚ ਏਜੰਸੀ ਨੇ ਸਰਕਾਰ ਨੂੰ ਕੇਸ ਵਾਪਸ ਨਹੀਂ ਕੀਤਾ ਅਤੇ ਨਾ ਹੀ ਕੋਈ ਦਸਤਾਵੇਜ਼ ਦਿੱਤਾ, ਸਗੋਂ ਚੁੱਪ-ਚੁਪੀਤੇ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ ਅਤੇ ਹੁਣ ਸੀ.ਬੀ.ਆਈ. ਮੁੜ ਜਾਂਚ ਕਰਨ ਲਈ ਕਹਿ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਸੀ.ਬੀ.ਆਈ. ਦੱਸੇ ਕਿ ਉਨ੍ਹਾਂ ਨੂੰ ਨੋਟੀਫਿਕੇਸ਼ਨ ਦੀ ਕਾਪੀ ਅਤੇ ਪੰਜਾਬ ਸਰਕਾਰ ਦਾ ਪੱਤਰ ਅਤੇ ਦੋ ਯਾਦ ਪੱਤਰ ਮਿਲੇ ਹਨ ਜਾਂ ਨਹੀਂ।

ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਸੀ.ਬੀ.ਆਈ. ਨੂੰ 30 ਸਤੰਬਰ ਨੂੰ ਲਿਖਤੀ ਰੂਪ ਵਿਚ ਆਪਣਾ ਪੱਖ ਰੱਖਣ ਲਈ ਆਖਿਆ ਹੈ। ਉਧਰ, ਰਾਮਪੁਰਾ ਫੂਲ ਦੇ ਸਾਬਕਾ ਵਿਧਾਇਕ ਤੇ ਐਂਟੀ ਕੁਰੱਪਸ਼ਨ ਪਾਰਟੀ ਪੰਜਾਬ ਦੇ ਕਨਵੀਨਰ ਹਰਬੰਸ ਸਿੰਘ ਜਲਾਲ ਦੁਬਾਰਾ ਨਿੱਜੀ ਤੌਰ ਉਤੇ ਅਦਾਲਤ ਵਿਚ ਪੇਸ਼ ਹੋਏ ਅਤੇ 24 ਪੰਨਿਆਂ ਦੀ ਅਰਜ਼ੀ ਦਾਇਰ ਕਰਨ ਦੀ ਕੋਸ਼ਿਸ਼ ਕੀਤੀ ਪਰ ਅਦਾਲਤ ਨੇ ਉਨ੍ਹਾਂ ਦੀ ਅਰਜ਼ੀ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਪਹਿਲਾਂ ਹੇਠਲੀ ਅਦਾਲਤ ਵਿਚ ਪਹੁੰਚ ਕੀਤੀ ਜਾਵੇ। ਜੱਜ ਨੇ ਸਾਬਕਾ ਵਿਧਾਇਕ ਨੂੰ ਇਹ ਵੀ ਕਿਹਾ ਕਿ ਉਹ ਅਗਲੀ ਤਰੀਕ 'ਤੇ 30 ਸਤੰਬਰ ਨੂੰ ਜੋ ਕੁਝ ਕਹਿਣਾ ਚਾਹੁੰਦੇ ਹਨ, ਲਿਖਤੀ ਰੂਪ ਵਿਚ ਪੇਸ਼ ਕਰਨ।

# ਖਾਲਸਾ ਏਡ ਹੜ੍ਹ ਪੀੜਤਾਂ ਦੀ ਮਦਦ ਲਈ 11 ਕਰੋੜ ਖਰਚੇਗੀ

**ਚੰਡੀਗੜ੍ਹ:** ਖਾਲਸਾ ਏਡ ਸੂਬੇ ਦੇ ਹੜ੍ਹ ਪੀੜਤ ਇਲਾਕਿਆਂ ਦੇ ਲੋਕਾਂ ਦੀ ਮਦਦ ਲਈ ਗਿਆਰਾਂ ਕਰੋੜ ਰੁਪਏ ਖਰਚ ਕਰੇਗੀ ਤੇ ਪੀੜਤ ਪਿੰਡਾਂ ਦੇ ਕਿਸਾਨਾਂ ਨੂੰ ਖੇਤੀ ਲਈ ਸਾਜ਼ੋ-ਸਾਮਾਨ ਦੇਵੇਗੀ। ਸੰਸਥਾ ਵੱਲੋਂ ਚਾਰ ਪਿੰਡਾਂ ਦੀਆਂ ਸੁਸਾਇਟੀਆਂ ਨੂੰ ਟਰੈਕਟਰ, ਤਵੀਆਂ ਅਤੇ ਮਸ਼ੀਨ ਸਮੇਤ ਰੋਟਾਵੇਟਰ ਦਿੱਤੇ ਗਏ ਹਨ।




ਖਾਲਸਾ ਏਡ ਨੇ ਪੀੜਤਾਂ ਨੂੰ ਮਦਦ ਦੇਣ ਲਈ ਸੂਬੇ ਦੇ ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਕੋਲੋਂ ਸਹਿਯੋਗ ਮੰਗਿਆ ਹੈ। ਮੰਤਰੀ ਨੇ ਸਹਿਯੋਗ ਦੇਣ ਲਈ ਸਹਿਮਤੀ ਦੇ ਦਿੱਤੀ ਹੈ।

ਖਾਲਸਾ ਏਡ ਏਸ਼ੀਆ ਪੈਸੇਫਿਕ ਦੇ ਡਾਇਰੈਕਟਰ ਅਮਰਪ੍ਰੀਤ ਸਿੰਘ ਦੀ ਅਗਵਾਈ ਹੇਠ ਵਫਦ ਸਹਿਕਾਰਤਾ ਮੰਤਰੀ ਨੂੰ ਮਿਲਿਆ। ਉਨ੍ਹਾਂ ਦੱਸਿਆ ਕਿ ਹੜ੍ਹ ਪੀੜਤਾਂ ਦੀ ਮਦਦ ਵਾਸਤੇ ਸ਼ੁਰੂ ਕੀਤੇ ਪ੍ਰੋਜੈਕਟ ਵਿਚ ਸਹਿਕਾਰੀ ਸਭਾਵਾਂ ਕਾਫੀ ਮਦਦ ਕਰ ਸਕਦੀਆਂ ਹਨ ਕਿਉਂਕਿ ਸੁਸਾਇਟੀਆਂ ਕੋਲ ਪਿੰਡਾਂ ਦੀ ਵਿਆਪਕ ਜਾਣਕਾਰੀ ਹੈ। ਉਨ੍ਹਾਂ ਕਿਹਾ ਕਿ ਖਾਲਸਾ ਏਡ ਨੇ ਹੜ੍ਹ ਪੀੜਤ ਪਿੰਡਾਂ ਦੀ ਜਾਣਕਾਰੀ ਇਕੱਤਰ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਚਾਰ ਪਿੰਡਾਂ ਦੀਆਂ ਸੁਸਾਇਟੀਆਂ ਮਾਣਕ, ਨਲ, ਕਾਕੜ ਕਲਾਂ, ਕੰਗ ਖੁਰਦ ਨੂੰ ਇਕ-ਇਕ ਟਰੈਕਟਰ, ਰੋਟਾਵੇਟਰ ਤੇ ਤਵੀਆਂ ਦਿੱਤੀਆਂ ਗਈਆਂ ਹਨ ਤੇ ਜਿਨ੍ਹਾਂ ਪਿੰਡਾਂ ਦੇ ਕਿਸਾਨਾਂ ਦੀ ਵੱਧ ਤਬਾਹੀ ਹੋਈ ਹੈ, ਉਨ੍ਹਾਂ ਪਿੰਡਾਂ ਦੇ ਛੋਟੇ ਕਿਸਾਨਾਂ ਨੂੰ ਡੀ.ਏ.ਪੀ. ਖਾਦ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਰੋਪੜ ਦੀਆਂ ਤਿੰਨ, ਸ਼ਾਹਕੋਟ ਦੀਆਂ ਛੇ ਅਤੇ ਫਿਲੌਰ ਦੀਆਂ ਦੋ ਸੁਸਾਇਟੀਆਂ ਦੀ ਮਦਦ ਲਈ ਚੋਣ ਕੀਤੀ ਗਈ ਹੈ।

# ਝੂਠੇ ਪੁਲਿਸ ਮੁਕਾਬਲੇ: ਮੁੱਖ ਮੰਤਰੀ ਦੇ ਸੁਰੱਖਿਆ ਸਲਾਹਕਾਰ ਨੂੰ ਕਲੀਨ ਚਿੱਟ

**ਮੁਹਾਲੀ:** ਤਰਨ ਤਾਰਨ ਵਿਚ 26 ਸਾਲ ਪਹਿਲਾਂ ਪੰਜਾਬ ਪੁਲਿਸ ਵੱਲੋਂ ਇਕ ਪਰਿਵਾਰ ਦੇ ਛੇ ਜੀਆਂ ਨੂੰ ਚੁੱਕ ਕੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਮੁਕਾਉਣ ਦੇ ਬਹੁ-ਚਰਚਿਤ ਮਾਮਲੇ ਦੀ ਸੁਣਵਾਈ ਮੁਹਾਲੀ ਸਥਿਤ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਕਰੁਨੇਸ਼ ਕੁਮਾਰ ਦੀ ਅਦਾਲਤ ਵਿਚ ਹੋਈ।

ਇਸ ਦੌਰਾਨ ਸੀ.ਬੀ.ਆਈ. ਨੇ ਤਿੰਨ ਪੰਨਿਆਂ ਦੀ ਅਰਜ਼ੀ ਦਾਇਰ ਕਰਕੇ ਪੰਜਾਬ ਦੇ ਮੁੱਖ ਮੰਤਰੀ ਦੇ ਸੁਰੱਖਿਆ ਸਲਾਹਕਾਰ ਖੂਬੀ ਰਾਮ ਨੂੰ ਕਲੀਨ ਚਿੱਟ ਦੇ ਦਿੱਤੀ।

ਬਚਾਅ ਪੱਖ ਦੇ ਅਹਿਮ ਗਵਾਹ ਅਤੇ ਗਰਮਖਿਆਲੀ ਆਗੂ ਕੰਵਰ ਸਿੰਘ ਧਾਮੀ ਨੇ ਸੀ.ਬੀ.ਆਈ. ਅਦਾਲਤ ਵਿਚ ਦਰਜ ਕਰਵਾਏ ਆਪਣੇ ਬਿਆਨਾਂ ਅਤੇ ਧਾਰਾ 319 ਅਧੀਨ ਵਕੀਲ ਪੁਸ਼ਪਿੰਦਰ ਸਿੰਘ ਰਾਹੀਂ ਅਰਜ਼ੀ ਦਾਇਰ ਕਰਕੇ ਮੁੱਖ ਮੰਤਰੀ ਦੇ ਸੁਰੱਖਿਆ ਸਲਾਹਕਾਰ ਖੂਬੀ ਰਾਮ ਨੂੰ ਮੁਲਜ਼ਮ ਬਣਾਉਣ ਦੀ ਗੁਹਾਰ ਲਗਾਈ ਸੀ। ਧਾਮੀ ਨੇ ਦਾਅਵਾ ਕੀਤਾ ਸੀ ਕਿ ਜਦੋਂ 1993 ਵਿਚ ਬਾਬਾ ਚਰਨ ਸਿੰਘ ਅਤੇ ਉਸ ਦੇ ਪਰਿਵਾਰ ਦੇ ਜੀਆਂ ਨੂੰ ਕਤਲ ਕੀਤਾ ਗਿਆ ਸੀ ਤਾਂ ਉਸ ਸਮੇਂ ਉਕਤ ਪੁਲਿਸ ਅਧਿਕਾਰੀ ਤਰਨ ਤਾਰਨ ਵਿਚ ਐਸ.ਪੀ. (ਅਪਰੇਸ਼ਨ) ਦੇ ਅਹੁਦੇ 'ਤੇ ਤਾਇਨਾਤ ਸੀ।

ਗਵਾਹ ਦਾ ਕਹਿਣਾ ਹੈ ਕਿ ਉਹ ਝੂਠੇ ਪੁਲਿਸ ਮੁਕਾਬਲੇ ਦਾ ਚਸ਼ਮਦੀਦ ਹੈ। ਇਸ ਸਬੰਧੀ ਅਦਾਲਤ ਨੇ ਸੀ.ਬੀ.ਆਈ. ਨੂੰ ਆਪਣਾ ਪੱਖ ਰੱਖਣ ਲਈ ਆਖਿਆ ਸੀ। ਸੀ.ਬੀ.ਆਈ. ਨੇ ਲਿਖਤੀ ਰੂਪ ਵਿਚ ਅਦਾਲਤ ਨੂੰ ਦੱਸਿਆ ਕਿ ਹੁਣ ਤੱਕ ਦੀ ਮੁੱਢਲੀ ਜਾਂਚ ਵਿਚ ਕਿਤੇ ਵੀ ਖੂਬੀ ਰਾਮ ਦੀ ਸ਼ੱਕੀ ਭੂਮਿਕਾ ਸਾਹਮਣੇ ਨਹੀਂ ਆਈ ਹੈ ਅਤੇ ਨਾ ਹੀ ਸੀ.ਬੀ.ਆਈ. ਵੱਲੋਂ ਆਪਣੀ ਚਾਰਜਸ਼ੀਟ ਵਿਚ ਖੂਬੀ ਰਾਮ ਨੂੰ ਨਾਮਜ਼ਦ ਕੀਤਾ ਗਿਆ ਹੈ। ਉਂਜ ਵੀ ਕਿਸੇ ਵੀ ਵਿਅਕਤੀ ਵੱਲੋਂ ਉਕਤ ਅਧਿਕਾਰੀ ਖਿਲਾਫ ਇਤਰਾਜ਼ ਨਹੀਂ ਕੀਤੇ ਗਏ ਸਨ।

ਸੀ.ਬੀ.ਆਈ. ਨੇ ਦਾਅਵਾ ਕੀਤਾ ਕਿ ਮੁਲਜ਼ਮ ਪੁਲਿਸ ਅਧਿਕਾਰੀਆਂ ਖਿਲਾਫ ਚਾਰਜਸ਼ੀਟ ਅਤੇ ਸਮੁੱਚੇ ਮਾਮਲੇ ਦੀ ਜਾਂਚ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ।

ਹਾਈ ਕੋਰਟ ਦੇ ਹੁਕਮਾਂ 'ਤੇ 30 ਮਈ 1997 ਨੂੰ ਤਰਨ ਤਾਰਨ ਦੇ ਸਾਬਕਾ ਐਸ.ਐਸ.ਪੀ. ਮਰਹੂਮ ਅਜੀਤ ਸਿੰਘ ਸੰਧੂ, ਤਤਕਾਲੀ ਐਸ.ਪੀ. (ਅਪਰੇਸ਼ਨ) ਖੂਬੀ ਰਾਮ, ਡੀ.ਐਸ.ਪੀ. ਗੁਰਮੀਤ ਸਿੰਘ ਰੰਧਾਵਾ ਤੇ ਕਸ਼ਮੀਰ ਸਿੰਘ ਗਿੱਲ, ਇੰਸਪੈਕਟਰ ਸੂਬਾ ਸਿੰਘ ਸਮੇਤ ਕਰੀਬ 10 ਪੁਲਿਸ ਮੁਲਾਜ਼ਮਾਂ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਇਹ ਕਾਰਵਾਈ ਸੁਰਜੀਤ ਕੌਰ ਪਤਨੀ ਬਾਬਾ ਚਰਨ ਸਿੰਘ ਵਾਸੀ ਪਿੰਡ ਪੰਡੋਰੀ (ਤਰਨ ਤਾਰਨ) ਦੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਕੀਤੀ ਗਈ ਸੀ।

ਸੀ.ਬੀ.ਆਈ. ਨੇ ਕਿਹਾ ਕਿ ਮੁੱਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਅਪਰੈਲ 1993 ਵਿਚ ਸੀ.ਆਈ.ਏ. ਸਟਾਫ ਤਰਨ ਤਾਰਨ ਦੇ ਮੁਖੀ ਸੂਬਾ ਸਿੰਘ ਦੀ ਅਗਵਾਈ ਵਾਲੀ ਟੀਮ ਵੱਲੋਂ ਬਾਬਾ ਚਰਨ ਸਿੰਘ ਨੂੰ ਉਦੋਂ ਅਗਵਾ ਕੀਤਾ ਗਿਆ ਜਦੋਂ ਉਹ ਤਤਕਾਲੀ ਐਸ.ਐਸ.ਪੀ. ਅਜੀਤ ਸਿੰਘ ਸੰਧੂ ਕੋਲ ਆਤਮ ਸਮਰਪਣ ਕਰਨ ਜਾ ਰਹੇ ਸਨ। ਬਾਅਦ ਵਿਚ ਐਸ.ਐਸ.ਪੀ. ਅਜੀਤ ਸਿੰਘ ਸੰਧੂ, ਡੀ.ਐਸ.ਪੀ. ਗੁਰਮੀਤ ਸਿੰਘ, ਇੰਸਪੈਕਟਰ ਸੂਬਾ ਸਿੰਘ ਨੇ ਮਹੰਤ ਸੇਵਾਦਾਸ ਸਿੰਘ, ਜਗਬੀਰ ਸਿੰਘ ਦੀ ਮੌਜੂਦਗੀ ਵਿਚ ਬਾਬਾ ਚਰਨ ਸਿੰਘ ਤੋਂ ਪੁੱਛਗਿੱਛ ਕੀਤੀ ਸੀ।

ਜਾਂਚ ਵਿਚ ਪਤਾ ਲੱਗਾ ਕਿ ਬਾਬਾ ਚਰਨ ਸਿੰਘ ਨੂੰ ਡੀ.ਐਸ.ਪੀ. ਕਸ਼ਮੀਰ ਸਿੰਘ ਗਿੱਲ ਜੁਲਾਈ 1993 ਵਿਚ ਬੜੌਦਾ ਲੈ ਗਿਆ ਅਤੇ ਬਾਬੇ ਦੇ ਖਾਤੇ 'ਚੋਂ 4.17 ਲੱਖ ਰੁਪਏ ਕਢਵਾਏ ਗਏ। 1993 ਵਿਚ ਬਾਬਾ ਚਰਨ ਸਿੰਘ ਸਮੇਤ ਉਸ ਦੇ ਤਿੰਨ ਭਰਾਵਾਂ ਮੇਜਾ ਸਿੰਘ, ਕੇਸਰ ਸਿੰਘ, ਗੁਰਦੇਵ ਸਿੰਘ ਤੇ ਸਾਲੇ ਗੁਰਮੀਤ ਸਿੰਘ, ਉਸ ਦੇ ਬੇਟੇ ਬਲਵਿੰਦਰ ਸਿੰਘ ਨੂੰ ਝੂਠੇ ਪੁਲਿਸ ਮੁਕਾਬਲੇ 'ਚ ਮਾਰ ਦਿੱਤਾ ਗਿਆ।

# ਰਾਖਵੇਂਕਰਨ ਦਾ ਚੱਕਰਵਿਊ ਅਤੇ ਦਲਿਤ ਸਮਾਜ

**ਭਖਦੇ ਮਸਲੇ**

ਹਰਜਿੰਦਰ ਸਿੰਘ ਗੁਲਪੁਰ
ਫੋਨ: 0061411218801

ਆਰਥਕ ਮੰਦੀ ਨੂੰ ਅਣਗੌਲਿਆ ਕਰਕੇ ਭਾਜਪਾ ਸਰਕਾਰ ਸਮਾਜਕ ਵੰਡੀਆਂ ਦੇ ਸਹਾਰੇ ਸੱਤਾ ਵਿਚ ਬਣੇ ਰਹਿਣ ਲਈ ਯਤਨਸ਼ੀਲ ਹੈ। ਨੋਟਬੰਦੀ ਅਤੇ ਜੀ. ਐਸ. ਟੀ. ਦੇ ਮਾਮਲੇ ਵਿਚ ਅਸਫਲ ਹੋਣ ਪਿਛੋਂ ਵਿਰੋਧੀਆਂ ਨੂੰ ਚਿੱਤ ਕਰਨ ਲਈ ਸਰਕਾਰ ਆਪਣੇ ਭੱਥੇ ਵਿਚੋਂ ਨਵੇਂ ਤੋਂ ਨਵੇਂ ਤੀਰ ਕੱਢ ਰਹੀ ਹੈ। 'ਇੱਕ ਦੇਸ਼, ਇੱਕ ਟੈਕਸ', 'ਇੱਕ ਦੇਸ਼, ਇੱਕ ਕਾਨੂੰਨ', 'ਇੱਕ ਦੇਸ਼, ਇੱਕ ਬੋਲੀ' ਵਰਗੇ ਨਾਅਰਿਆਂ ਪਿਛੋਂ ਵੱਡੀ ਗੱਲ ਨਹੀਂ ਕਿ ਉਹ 'ਇੱਕ ਦੇਸ਼, ਇੱਕ ਪਾਰਟੀ' ਦਾ ਨਾਅਰਾ ਬੁਲੰਦ ਕਰਨ ਵੱਲ ਤੁਰ ਪਵੇ। ਸਰਕਾਰ ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਹਲਕੇ ਪੱਧਰ ਦੀ ਸਿਆਸਤ ਕਰਨ ਦੇ ਰੌਂਅ ਵਿਚ ਹੈ। ਇਸ ਸਮੇਂ ਦਲਿਤਾਂ ਦੇ ਸਿਰ 'ਤੇ ਰਾਖਵਾਂਕਰਨ ਖਤਮ ਕੀਤੇ ਜਾਣ ਦੀ ਤਲਵਾਰ ਲਟਕ ਰਹੀ ਹੈ। ਧਾਰਾ 370 ਅਤੇ 'ਤੀਨ ਤਲਾਕ' ਪਿਛੋਂ ਭਾਜਪਾ ਸਰਕਰ ਜੋ ਅਗਲਾ ਕਦਮ ਉਠਾਏਗੀ, ਉਹ ਉਸ ਦੇ ਹਿੰਦੂਤਵੀ ਏਜੰਡੇ ਦਾ ਅਹਿਮ ਹਿੱਸਾ ਹੋਵੇਗਾ।

ਰਾਜਸੀ ਮਾਹਿਰਾਂ ਅਨੁਸਾਰ ਪਹਿਲਾਂ ਸਰਕਾਰ ਰਾਖਵਾਂਕਰਣ ਖਤਮ ਕਰੇਗੀ ਅਤੇ ਉਸ ਤੋਂ ਫੌਰੀ ਬਾਅਦ ਰਾਮ ਮੰਦਿਰ ਦਾ ਮੁੱਦਾ ਉਛਾਲੇਗੀ ਤਾਂ ਕਿ ਸੰਭਾਵਿਤ ਦਲਿਤ ਵਿਦਰੋਹ ਅਤੇ ਹਿੰਸਾ ਨੂੰ ਮੰਦਿਰ ਦੇ ਰਾਮ ਰੌਲੇ ਨਾਲ ਠੰਢਾ ਕੀਤਾ ਜਾ ਸਕੇ। ਸੁਪਰੀਮ ਕੋਰਟ ਵਿਚ ਵੀ ਮੰਦਿਰ ਕੇਸ ਨਾਲ ਸਬੰਧਿਤ ਗਤੀਵਿਧੀਆਂ ਤੇਜ ਹੋ ਗਈਆਂ ਹਨ। ਪਿਛਲੇ ਦਿਨੀਂ ਆਰ. ਐਸ. ਐਸ. ਸੁਪਰੀਮੋ ਮੋਹਨ ਭਾਗਵਤ ਨੇ ਆਪਣੇ ਮਨਸੂਬੇ ਇਹ ਕਹਿ ਕੇ ਜਾਹਰ ਕਰ ਦਿੱਤੇ ਕਿ ਰਾਖਵਾਂਕਰਣ ਵਿਰੋਧੀ ਅਤੇ ਸਮਰਥਕ ਧਿਰਾਂ ਨੂੰ ਸੁਖਾਵੇਂ ਮਾਹੌਲ ਵਿਚ ਬੈਠ ਕੇ ਇਸ ਮਸਲੇ 'ਤੇ ਵਿਚਾਰ ਕਰਨੀ ਚਾਹੀਦੀ ਹੈ। ਇਹ ਬਿਆਨ ਭਾਜਪਾ ਦੀ ਸੋਚੀ ਸਮਝੀ ਚਾਲ ਦਾ ਹਿੱਸਾ ਹੈ। ਸਪਸ਼ਟ ਹੈ ਕਿ ਇਸ ਚਰਚਾ ਨੁਮਾ ਬਹਿਸ ਨਾਲ ਪੂਰੇ ਦੇਸ਼ ਅੰਦਰ ਬਵਾਲ ਮਚੇਗਾ। ਸੰਘ ਪਰਿਵਾਰ ਇਹੀ ਚਾਹੁੰਦਾ ਹੈ। ਸੋਸ਼ਲ ਮੀਡੀਆ 'ਤੇ ਇਹ ਮਾਮਲਾ ਲਗਾਤਾਰ ਤੂਲ ਫੜ ਰਿਹਾ ਹੈ, ਜਿਸ ਵਿਚ ਰਾਖਵਾਂਕਰਣ ਵਿਰੋਧੀਆਂ ਦਾ ਹੱਥ ਉਤੇ ਨਜ਼ਰ ਆ ਰਿਹਾ ਹੈ, ਜਿਸ ਦੇ ਕਈ ਕਾਰਨ ਹਨ।

ਸੰਨ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਪਹਿਲੀ ਵਾਰ ਦਲਿਤ ਵੱਡੀ ਪੱਧਰ 'ਤੇ ਭਾਜਪਾ ਵੱਲ ਝੁਕੇ ਸਨ। ਵੱਡੀ ਵਜ੍ਹਾ ਬਤੌਰ ਪ੍ਰਧਾਨ ਮੰਤਰੀ ਉਮੀਦਵਾਰ ਪੇਸ਼ ਕੀਤੇ ਗਏ ਨਰਿੰਦਰ ਮੋਦੀ ਦਾ ਉਸ ਤੇਲੀ ਸਾਹੂ ਜਾਤ ਨਾਲ ਸਬੰਧਿਤ ਹੋਣਾ ਸੀ, ਜਿਸ ਦੀ ਗਿਣਤੀ ਅੱਜ ਵੀ ਹੇਠਲੇ ਦਲਿਤਾਂ ਵਿਚ ਕੀਤੀ ਜਾਂਦੀ ਹੈ। ਦਲਿਤਾਂ ਦੇ ਨਰਿੰਦਰ ਮੋਦੀ ਦੇ ਪੱਖ ਵਿਚ ਭੁਗਤਣ ਦਾ ਵੱਡਾ ਕਾਰਨ ਇਹ ਸੀ ਕਿ ਦਲਿਤ ਜਗਤ ਨੂੰ ਮੋਦੀ ਵਿਚੋਂ ਆਪਣੀ ਪਛਾਣ ਨਜ਼ਰ ਆਉਣ ਲੱਗ ਪਈ ਸੀ। ਉਸ ਸਮੇ ਲੋਕਾਂ, ਖਾਸ ਕਰ ਦਲਿਤਾਂ ਨੂੰ ਲੱਗਾ ਕਿ ਭਾਜਪਾ ਕੇਵਲ ਸਵਰਣਾਂ ਦੀ ਹੀ ਨਹੀਂ, ਸਗੋਂ ਉਨ੍ਹਾਂ ਦੀ ਪਾਰਟੀ ਵੀ ਹੈ, ਜਿਸ ਨੇ ਪ੍ਰਧਾਨ ਮੰਤਰੀ ਲਈ ਉਮੀਦਵਾਰ ਵਜੋਂ ਇੱਕ ਦਲਿਤ ਚਿਹਰਾ ਪੇਸ਼ ਕੀਤਾ ਹੈ। ਉਸ ਪਿਛੋਂ ਵੀ ਭਾਜਪਾ ਨੇ ਦਲਿਤ ਪ੍ਰੇਮ ਵਾਲਾ ਵਿਖਾਵਾ ਜਾਰੀ ਰੱਖਿਆ ਅਤੇ ਤਰ੍ਹਾਂ ਤਰ੍ਹਾਂ ਦੇ ਡਰਾਮੇ ਕੀਤੇ, ਜਿਨ੍ਹਾਂ ਵਿਚ ਭਾਜਪਾ ਦੇ ਵੱਡੇ ਨੇਤਾਵਾਂ ਵਲੋਂ ਦਲਿਤਾਂ ਦੇ ਘਰ ਜਾ ਕੇ ਉਨ੍ਹਾਂ ਨਾਲ ਭੋਜਨ ਖਾਣਾ, ਦਲਿਤ ਸੰਤਾਂ ਨਾਲ ਕੁੰਭ ਇਸ਼ਨਾਨ ਕਰਨਾ ਅਤੇ ਨਰਿੰਦਰ ਮੋਦੀ ਵਲੋਂ ਖੁਦ ਦਲਿਤਾਂ ਅਤੇ ਗਰੀਬ ਲੋਕਾਂ ਦੇ ਪੈਰ ਸਾਫ ਕਰਨੇ ਸ਼ਾਮਲ ਹਨ। ਇਨ੍ਹਾਂ ਵਿਖਾਵਿਆਂ ਦਾ ਅਸਰ ਹੋਇਆ ਤੇ ਦਲਿਤ ਵੋਟ ਭਾਜਪਾ ਨੂੰ ਭੁਗਤੀ।

2019 ਦੀਆਂ ਚੋਣਾਂ ਵਿਚ ਰਾਖਵਾਂਕਰਣ ਮੁੱਦਾ ਬਣ ਸਕਦਾ ਸੀ, ਪਰ ਪੁਲਵਾਮਾ ਅਤੇ ਬਾਲਾਕੋਟ ਏਅਰ ਸਟਰਾਈਕ ਦੀ ਹਨੇਰੀ ਉਸ ਨੂੰ ਉਡਾ ਕੇ ਲੈ ਗਈ। ਰਾਸ਼ਟਰਵਾਦ ਦੇ ਨਾਂ 'ਤੇ ਲੋਕਾਂ ਨੇ ਇੱਕ ਵਾਰ ਫੇਰ ਨਰਿੰਦਰ ਮੋਦੀ ਨੂੰ ਚੁਣ ਲਿਆ। ਜਦੋਂ ਤੋਂ ਮੋਹਨ ਭਾਗਵਤ ਦਾ ਉਪਰੋਕਤ ਬਿਆਨ ਆਇਆ ਹੈ, ਦਲਿਤ ਸਮਾਜ ਬੇਚੈਨ ਹੈ ਕਿ ਹੁਣ ਰਾਜਨੀਤੀ ਵਿਚ ਉਸ ਦਾ ਕੋਈ ਮਾਈ ਬਾਪ ਨਹੀਂ ਹੈ। ਬਸਪਾ ਸੁਪਰੀਮੋ ਮਾਇਆਵਤੀ ਭਾਜਪਾ ਦੀ ਹਾਂ ਵਿਚ ਹਾਂ ਮਿਲਾ ਰਹੀ ਹੈ।

ਭਾਜਪਾ ਤਕਨੀਕੀ ਤੌਰ 'ਤੇ ਦਲਿਤਾਂ ਨੂੰ ਦੋਫਾੜ ਕਰ ਚੁਕੀ ਹੈ। ਕਈ ਨਾਮੀ ਦਲਿਤ ਨੇਤਾ ਭਾਜਪਾ ਦੇ ਖੇਮੇ ਵਿਚ ਜਾ ਚੁਕੇ ਹਨ। ਹਾਲ ਹੀ ਵਿਚ ਰਾਜਸਥਾਨ ਦੇ 6 ਬਸਪਾ ਵਿਧਾਇਕਾਂ ਨੇ ਕਾਂਗਰਸ ਵਿਚ ਸ਼ਾਮਿਲ ਹੋ ਕੇ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ ਹੈ। ਮਾਇਆਵਤੀ ਬੇਚੈਨ ਹੈ। ਜਿਨ੍ਹਾਂ ਬਸਪਾ ਆਗੂਆਂ ਨੇ ਭਾਜਪਾ ਦੇ ਸਾਜਿਸ਼ੀ ਜਾਲ ਵਿਚ ਫਸਣ ਤੋਂ ਨਾਂਹ ਕਰ ਦਿੱਤੀ, ਉਨ੍ਹਾਂ ਨੂੰ ਭਾਜਪਾ ਨੇ ਮੱਖਣ 'ਚੋਂ ਵਾਲ ਵਾਂਗ ਬਾਹਰ ਕੱਢ ਦਿੱਤਾ। ਇਨ੍ਹਾਂ ਦਲਿਤ ਨੇਤਾਵਾਂ ਵਿਚ ਸਵਿਤਰੀ ਫੂਲੇ ਤੇ ਉਦਿਤ ਰਾਜ ਵਰਗੇ ਨੇਤਾ ਸ਼ਾਮਿਲ ਹਨ।

ਦੂਜੇ ਪਾਸੇ ਕਾਂਗਰਸੀ ਖੇਮੇ ਨੂੰ ਸਮਝ ਆ ਰਹੀ ਹੈ ਕਿ ਉਸ ਦੇ ਪੈਰਾਂ ਥੱਲਿਉਂ ਜਮੀਨ ਖਿਸਕਣ ਦੀ ਵਜ੍ਹਾ ਪਰੰਪਰਾਗਤ ਵੋਟ ਬੈਂਕ ਦਾ ਉਸ ਤੋਂ ਦੂਰ ਚਲੇ ਜਾਣਾ ਹੈ। ਇਸ ਵੋਟ ਬੈਂਕ ਵਿਚ ਮੁਸਲਮਾਨਾਂ ਨਾਲੋਂ ਦਲਿਤਾਂ ਦਾ ਮਹੱਤਵ ਵੱਧ ਹੈ। ਇਸ ਭੁੱਲ ਨੂੰ ਸੁਧਾਰਨ ਲਈ ਅਤੇ ਫਿਰ ਤੋਂ ਦਲਿਤਾਂ ਨੂੰ ਆਪਣੇ ਪਾਲੇ ਵਿਚ ਸ਼ਾਮਲ ਕਰਨ ਵਾਸਤੇ ਕਾਂਗਰਸ 'ਸਵੈ-ਅਭਿਮਾਨ ਤੋਂ ਸੰਵਿਧਾਨ' ਨਾਂ ਹੇਠ ਦੇਸ਼ ਵਿਆਪੀ ਯਾਤਰਾ ਕੱਢ ਰਹੀ ਹੈ, ਜਿਸ ਨੂੰ ਦਲਿਤ ਨੇਤਾਵਾਂ ਨਾਲ ਬੈਠਕ ਕਰਨ ਪਿਛੋਂ ਸੋਨੀਆ ਗਾਂਧੀ ਨੇ ਬਕਾਇਦਾ ਹਰੀ ਝੰਡੀ ਦੇ ਦਿੱਤੀ ਹੈ। ਇਸ ਯਾਤਰਾ ਦਾ ਫੋਕਸ ਹਾਲ ਦੀ ਘੜੀ ਹਰਿਆਣਾ, ਮਹਾਂਰਾਸ਼ਟਰ ਅਤੇ ਝਾਰਖੰਡ ਦੀਆਂ ਵਿਧਾਨ ਸਭਾ ਚੋਣਾਂ ਹਨ। ਕਾਂਗਰਸ ਦੇ ਅਨੁਸੂਚਿਤ ਵਰਗ ਸੈਲ ਦੇ ਮੁਖੀ ਨਿਤਿਨ ਰਾਊਤ ਅਨੁਸਾਰ ਇਸ ਯਾਤਰਾ ਤਹਿਤ ਹਰ ਇੱਕ ਵਿਧਾਨ ਸਭਾ ਵਿਚ ਇੱਕ ਕੋਆਰਡੀਨੇਟਰ ਨਿਯੁਕਤ ਕੀਤਾ ਜਾਵੇਗਾ, ਜੋ ਆਪਣੀ ਵਿਧਾਨ ਸਭਾ ਵਿਚ ਇਸ ਯਾਤਰਾ ਦਾ ਪ੍ਰਬੰਧ ਕਰੇਗਾ। ਕਾਂਗਰਸ ਦੀ ਪ੍ਰੇਸ਼ਾਨੀ ਇਹ ਹੈ ਕਿ ਉਸ ਕੋਲ ਜਮੀਨ ਨਾਲ ਜੁੜੇ ਦਲਿਤ ਨੇਤਾਵਾਂ ਦੀ ਘਾਟ ਹੈ।

ਕਾਂਗਰਸ ਇਸ ਯਾਤਰਾ ਦੌਰਾਨ ਖੁੱਲ੍ਹੇਆਮ ਰਾਖਵੇਂਕਰਣ ਦਾ ਸਮਰਥਨ ਕਰਨ ਦੇ ਮਾਮਲੇ ਨੂੰ ਲੈ ਕੇ ਦੁਚਿਤੀ ਵਿਚ ਹੈ। ਖਦਸ਼ਾ ਹੈ ਕਿ ਅਜਿਹਾ ਕਰਨ ਨਾਲ ਕਿਤੇ ਰਾਖਵਾਂਕਰਣ ਵਿਰੋਧੀ ਲੋਕ ਕਾਂਗਰਸ ਨਾਲ ਨਾਰਾਜ਼ ਨਾ ਹੋ ਜਾਣ। ਮੋਹਨ ਭਾਗਵਤ ਸਮੇਤ ਨਿਤਿਨ ਗਡਕਰੀ ਅਤੇ ਸੀ. ਪੀ. ਠਾਕੁਰ ਵਰਗੇ ਕਈ ਭਾਜਪਾ ਨੇਤਾ ਜਾਤੀਗਤ ਰਾਖਵਾਂਕਰਣ ਖਤਮ ਕਰਨ ਦੀ ਗੱਲ ਕਹਿ ਚੁਕੇ ਹਨ। ਜੇ ਕਾਂਗਰਸ ਇਸ ਨੂੰ ਚੋਣ ਮੁੱਦਾ ਨਾ ਬਣਾਉਣ ਦੀ ਗਲਤੀ ਕਰੇਗੀ ਤਾਂ ਇਸ ਯਾਤਰਾ ਦਾ ਕਾਂਗਰਸ ਨੂੰ ਕੋਈ ਲਾਭ ਨਹੀਂ ਮਿਲੇਗਾ। ਭਾਜਪਾ ਨੇ ਦਲਿਤਾਂ ਨੂੰ ਧਰਮ ਕਰਮ ਦੇ ਨਾਂ 'ਤੇ ਇੱਕ ਐਸੇ ਚੱਕਰਵਿਊ ਵਿਚ ਫਸਾ ਲਿਆ ਹੈ, ਜਿਸ ਵਿਚੋਂ ਨਿਕਲਣ ਲਈ ਉਹ ਹੱਥ-ਪੱਲਾ ਮਾਰ ਰਹੇ ਹਨ।

ਉਧਰ ਸੋਸ਼ਲ ਮੀਡੀਆ ਦੇ ਜ਼ਰੀਏ ਭਾਜਪਾ ਖੇਮਾ ਲਗਾਤਾਰ ਕਹਿ ਰਿਹਾ ਹੈ ਕਿ "ਛੂਤਛਾਤ ਅਤੇ ਦਲਿਤ ਭੇਦਭਾਵ ਦੇ ਮਾਮਲੇ ਹੁਣ ਨਾਂਮਾਤਰ ਹੀ ਹੁੰਦੇ ਹਨ। ਫਸਾਦ ਅਤੇ ਵੈਰ ਵਿਰੋਧ ਦੀ ਅਸਲ ਜੜ੍ਹ ਤਾਂ ਰਾਖਵਾਂਕਰਣ ਹੈ, ਜਿਸ ਦੇ ਚਲਦੇ ਦਲਿਤ ਨੌਜਵਾਨਾਂ ਨੂੰ ਆਪਣੀ ਯੋਗਤਾ ਦਿਖਾਉਣ ਦੇ ਮੌਕੇ ਨਹੀਂ ਮਿਲਦੇ। ਭਾਜਪਾ ਤਾਂ ਚਾਹੁੰਦੀ ਹੈ ਕਿ ਦਲਿਤ ਨੌਜਵਾਨ ਆਪਣੀ ਯੋਗਤਾ ਦੇ ਸਹਾਰੇ ਅੱਗੇ ਆ ਕੇ ਹਿੰਦੂਤਵ ਦੀ ਮੁੱਖ ਧਾਰਾ ਨਾਲ ਜੁੜਨ।"

ਬਹੁਤ ਸਾਰੇ ਸਾਧਨ ਸੰਪੰਨ ਦਲਿਤ ਨੌਜਵਾਨ ਭਾਜਪਾ ਦੇ ਟੇਟੇ ਚੜ੍ਹੇ ਹੋਏ ਹਨ। ਉਨ੍ਹਾਂ ਨੂੰ ਆਪਣੇ ਹੀ ਸਮਾਜ ਦੀ ਬਦਹਾਲੀ ਅਤੇ ਅਸਲੀਅਤ ਦਾ ਨਹੀਂ ਪਤਾ। ਇਸ ਲਈ ਉਹ ਰਾਖਵੇਂਕਰਣ ਨੂੰ ਵਿਸਾਖੀ ਸਮਝ ਕੇ ਸੁੱਟਣ ਦਾ ਹੋਕਾ ਦਿੰਦੇ ਹਨ। ਅਜਿਹੇ ਲੋਕ ਹੀ ਦਲਿਤਾਂ ਵਿਚ ਭਾਜਪਾ ਦੀ ਤਾਕਤ ਬਣੇ ਹੋਏ ਹਨ। ਭਾਜਪਾ ਦਲਿਤਾਂ ਨੂੰ ਰਾਖਵਾਂਕਰਣ ਛੱਡਣ ਲਈ ਰਾਜ਼ੀ ਕਰਨ ਦੇ ਯਤਨ ਵੀ ਕਰ ਰਹੀ ਹੈ ਤੇ ਧੌਂਸ ਵੀ ਦੇ ਰਹੀ ਹੈ, ਜਿਸ ਤਰ੍ਹਾਂ 370 ਅਤੇ ਤੀਨ ਤਲਾਕ ਦੇ ਮੁੱਦੇ 'ਤੇ ਮੁਸਲਮਾਨਾਂ ਨੂੰ ਦਿੱਤੀ ਗਈ ਸੀ। ਮੁਸਲਮਾਨਾਂ ਨੂੰ ਹੁਣ ਤੱਕ ਕਿਹਾ ਜਾ ਰਿਹਾ ਹੈ ਕਿ ਇਹ ਕੋਈ ਬਦਲਾ ਜਾਂ ਜ਼ਿਆਦਤੀ ਨਹੀਂ, ਇਹ ਤਾਂ ਤੁਹਾਡੇ ਭਲੇ ਦੀ ਗੱਲ ਹੈ, ਜੇ ਸਿਧੀ ਤਰ੍ਹਾਂ ਨਹੀਂ ਮੰਨੋਗੇ ਤਾਂ ਹੋਰ ਤਰੀਕੇ ਬਹੁਤ ਹਨ। ਭਲਾਈ ਇਸ ਵਿਚ ਹੀ ਹੈ ਕਿ ਸਹਿਮਤ ਹੋ ਜਾਓ। ਇਸ ਹਾਲਤ ਵਿਚ ਜੇ ਕਾਂਗਰਸ ਦੀ ਯਾਤਰਾ ਰਾਖਵੇਂਕਰਨ ਦੇ ਮੁੱਦੇ ਤੋਂ ਲਾਂਭੇ ਰਹਿੰਦੀ ਹੈ ਤਾਂ ਆਪਣਾ ਟੀਚਾ ਹਾਸਲ ਨਹੀਂ ਕਰ ਸਕੇਗੀ। ਭਾਜਪਾ ਦੇ ਸਾਜਿਸ਼ੀ ਦਲਿਤ ਪ੍ਰੇਮ ਦਾ ਪਰਦਾ ਫਾਸ਼ ਕਰ ਕੇ ਹੀ ਉਹ ਦਲਿਤਾਂ ਦੇ ਮਨਾਂ ਵਿਚ ਆਪਣੀ ਥਾਂ ਬਣਾ ਸਕੇਗੀ।

## ਭਾਈ ਸੱਜਣ ਸਿੰਘ ਜੀ ਦੀ ਰਹਿਨੁਮਾਈ ਹੇਠ

## ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਨਿਸ਼ਕਾਮ ਸੇਵਾ ਸੁਸਾਇਟੀ ਵਲੋਂ

# ਸ੍ਰੀ ਅੰਮ੍ਰਿਤਸਰ ਸਾਹਿਬ 'ਚ 50 ਕਮਰਿਆਂ ਦੀ ਇਮਾਰਤ ਉਸਾਰੀ ਅਧੀਨ !

## ਸਥਾਨ: ਟੈਂਪਲ ਕਾਲੋਨੀ, ਸ੍ਰੀ ਅੰਮ੍ਰਿਤਸਰ ਸਾਹਿਬ (ਤਾਰਾਂ ਵਾਲਾ ਪੁਲ ਦੇ ਕੋਲ)

**ਮਕਸਦ**

*ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਰਿਹਾਇਸ਼ ਮੁਹੱਈਆ ਕਰਨਾ।
*ਇਨ੍ਹਾਂ ਬੱਚਿਆਂ ਨੂੰ 12ਵੀਂ ਤੱਕ ਦੀ ਵਿੱਦਿਆ ਮੁਫਤ ਮੁਹੱਈਆ ਕਰਨਾ।
*ਇਨ੍ਹਾਂ ਬੱਚਿਆਂ ਨੂੰ ਧਾਰਮਿਕ ਵਿੱਦਿਆ ਮੁਹੱਈਆ ਕਰਨੀ।
*ਪੰਗਤ ਵਿਚ ਸੰਗਤ ਦੇ ਸਿਧਾਂਤ ਅਨੁਸਾਰ ਲੰਗਰ ਉਪਲਬਧ ਹੋਵੇਗਾ।
*ਇਸ ਇਮਾਰਤ ਦੇ ਅੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੋਵੇਗਾ।





ਗੁਰੂ ਪਿਆਰੀ ਸਾਧ ਸੰਗਤ ਜੀ,

ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿਚ ਹਰ ਕਿਸੇ ਨੂੰ ਆਪੋਧਾਪ ਪਈ ਹੋਈ ਹੈ, ਗੁਰੂ ਸਾਹਿਬਾਨ ਦੇ ਸਿਧਾਂਤ 'ਤੇ ਕੋਈ ਵਿਰਲਾ ਹੀ ਪਹਿਰਾ ਦੇ ਰਿਹਾ ਹੈ। ਗਰੀਬ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣਾ ਅਤੇ ਉਨ੍ਹਾਂ ਨੂੰ ਸਮੇਂ ਦੇ ਨਾਲ ਤੋਰਨ ਦੀ ਕਿਸੇ ਕੋਲ ਵਿਹਲ ਨਹੀਂ। ਅਸੀਂ ਆਪ ਸਭ ਦੇ ਸਹਿਯੋਗ ਨਾਲ ਇਕ ਇਹੋ ਜਿਹਾ ਓਟ ਆਸਰਾ ਬਣਾਉਣ ਜਾ ਰਹੇ ਹਾਂ, ਜਿੱਥੋਂ ਗਰੀਬ ਗੁਰਬਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ। ਇਹ ਜੀਵਨ ਨਾਸ਼ਵਾਨ ਹੈ, ਇਸ ਲਈ ਗੁਰੂ ਦੀ ਬਖਸ਼ੀ ਮਾਇਆ ਵਿਚੋਂ ਜੇ ਅਸੀਂ ਦੂਜਿਆਂ ਦੇ ਜੀਵਨ ਨੂੰ ਸੁਧਾਰਨ ਵਿਚ ਦਾਨ ਕਰਦੇ ਹਾਂ ਤਾਂ ਬਿਨਾ ਸ਼ੱਕ ਪਰਮਾਤਮਾ ਉਸ ਦਾਨ ਦੇ ਬਦਲੇ ਸੰਤੁਸ਼ਟੀ ਜ਼ਰੂਰ ਬਖਸ਼ੇਗਾ।

ਮੇਰੀ ਆਪ ਸਭ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਇਸ ਪ੍ਰਾਜੈਕਟ ਵਿਚ ਆਪਣਾ ਹਿੱਸਾ ਪਾਓ ਅਤੇ ਗਰੀਬ ਗੁਰਬਿਆਂ ਦੇ ਜੀਵਨ ਨੂੰ ਉਚਾ ਚੁੱਕਣ ਵਿਚ ਸਹਿਯੋਗ ਦੇਣ ਦਾ ਮਾਣ ਹਾਸਲ ਕਰੋ।

–ਭਾਈ ਸੱਜਣ ਸਿੰਘ



ਭਾਈ ਸੱਜਣ ਸਿੰਘ

**ਦਾਨੀ ਸੱਜਣ ਹੇਠ ਲਿਖੇ ਅਕਾਊਂਟ ਵਿਚ ਦਾਨ ਭੇਜ ਸਕਦੇ ਹਨ:**

**Account Name: SHRI GURU RAMDAS GURMAT SOCIETY INC.**
**Bank: CAPITAL ONE**
**Routing Number: 021407912**
**Account Number: 7528899346**

# ਹਰਫਨ ਮੌਲਾ ਕਲਾਕਾਰ ਹਰਜੀਤ ਸਿੰਘ ਸੰਧੂ

**ਸ਼ਖਸੀਅਤਾਂ**

ਸਾਲਾਂਬੱਧੀ ਸੰਘਰਸ਼ ਦਾ ਨਾਂ ਹੈ, ਹਰਜੀਤ ਸਿੰਘ ਸੰਧੂ। ਕਦੇ ਉਹ ਚੋਟੀ ਦਾ ਫੁੱਟਬਾਲ ਖਿਡਾਰੀ ਸੀ, ਫਿਰ ਪੀ. ਟੀ. ਮਾਸਟਰ ਬਣਿਆ ਤੇ ਹੁਣ ਹਰਫਨ ਮੌਲਾ ਮੋਜ਼ੇਕ ਕਲਾਕਾਰ ਹੈ, ਕੱਚ ਦੇ ਬਾਰੀਕ ਟੁਕੜਿਆਂ ਨਾਲ ਕਲਾਤਮਕ ਚਿੱਤਰ ਚਿੱਤਰਨ ਵਾਲਾ ਕਲਾਕਾਰ। ਲਲਿਤ ਕਲਾ ਅਕੈਡਮੀ, ਚੰਡੀਗੜ੍ਹ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਤੋਂ ਲੈ ਕੇ ਟੋਰਾਂਟੋ ਤੇ ਨਿਊ ਯਾਰਕ ਦੇ ਕਲਾ ਕਦਰਦਾਨਾਂ ਵੱਲੋਂ ਉਸ ਨੂੰ ਅਨੇਕਾਂ ਅਵਾਰਡ ਮਿਲੇ ਹਨ। ਉਸ ਨੂੰ ਕਲਾ ਦੀ ਚੇਟਕ ਰੌਕ ਗਾਰਡਨ, ਚੰਡੀਗੜ੍ਹ ਵਾਲੇ ਨੇਕ ਚੰਦ ਨੂੰ ਵੇਖ ਕੇ ਲੱਗੀ। ਲੱਗਦੈ ਉਹ ਵੀ ਨੇਕ ਚੰਦ ਵਾਂਗ ਨਿਵੇਕਲੀਆਂ ਪੈੜਾਂ ਛੱਡੇਗਾ।



ਉਹਦੀਆਂ ਗੱਲਾਂ ਹੁਣ ਮੋਗੇ ਤੋਂ ਨਿਊ ਯਾਰਕ ਤਕ ਹੁੰਦੀਆਂ ਹਨ। ਦੇਸ਼ ਵਿਦੇਸ਼ ਵਿਚ ਉਹਦੇ ਮੋਜ਼ੇਕ ਚਿੱਤਰਾਂ ਦੀਆਂ ਨੁਮਾਇਸ਼ਾਂ ਲੱਗਦੀਆਂ ਹਨ। ਮਾਣ ਸਨਮਾਨ ਮਿਲਦੇ ਹਨ। ਵੇਖਣ ਨੂੰ ਉਹ ਸਿੱਧੜ ਜਿਹਾ ਜਾਪਦੈ। ਪੱਕਾ ਰੰਗ, ਕਰੜ ਬਰੜੀ ਦਾੜ੍ਹੀ, ਸੰਘਣੀਆਂ ਸਿਹਲੀਆਂ, ਤਿੱਖੀਆਂ ਬਾਰੀਕ ਅੱਖਾਂ, ਫੁੱਲੀਆਂ ਹੋਈਆਂ ਗੰਨੀਆਂ, ਢਾਲੂ ਮੁੱਛਾਂ ਤੇ ਅੱਟਣਾਂ ਵਾਲੇ ਹੱਥ। ਚੁੱਪ ਰਹੇ ਤਾਂ ਚੁੱਪ, ਪਰ ਜਦੋਂ ਬੋਲਦੈ ਤਾਂ ਵਾਰੀ ਨਹੀਂ ਲੈਣ ਦਿੰਦਾ। ਤਿੱਖੀ ਆਵਾਜ਼ ਵਿਚ ਤੇਜ਼ ਤਰਾਰ ਗੱਲਾਂ ਕਰਦਾ ਕੁਝ ਬੜਬੋਲਾ ਵੀ ਲੱਗਦੈ, ਪਰ ਹੈ ਨਿਰਾ ਅਫਲਾਤੂਨ। ਸੱਤਰ ਸਾਲਾਂ ਦਾ ਹੋ ਕੇ ਵੀ ਜੁਆਨ ਦਿਸਦਾ ਹੈ ਅਤੇ ਜੁਆਨਾਂ ਵਰਗੇ ਜੋਸ਼ ਨਾਲ ਹੀ ਭਰਿਆ ਹੋਇਆ ਹੈ।


ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਉਹਦੇ ਬਾਰੇ ਬਲਦੇਵ ਸਿੰਘ ਸੜਕਨਾਮਾ ਨੇ ਪੁਸਤਕ ਲਿਖੀ ਹੈ, ਜੋ ਮੋਮੀ ਕਾਗਜ਼ ਉਤੇ ਉਹਦੀਆਂ ਕਲਾ ਕਿਰਤਾਂ ਨਾਲ ਸ਼ਿੰਗਾਰੀ ਹੋਈ ਹੈ। ਲਿਖਿਆ ਹੈ ਕਿ ਬਚਪਨ ਤੋਂ ਹੀ ਹਰਜੀਤ ਦੇ ਹੱਥ ਕਦੇ ਨਿਚੱਲੇ ਨਹੀਂ ਰਹੇ। ਸ਼ਾਇਦ ਹੀ ਕੋਈ ਸ਼ਰਾਰਤ ਹੋਵੇ, ਜੋ ਉਸ ਨੇ ਬਚਪਨ ਵਿਚ ਨਾ ਕੀਤੀ ਹੋਵੇ ਤੇ ਮਾਂ ਪਿਉ ਤੋਂ ਕੁੱਟ ਨਾ ਖਾਧੀ ਹੋਵੇ। ਕੌਡੀਆਂ-ਬਾਂਟੇ ਖੇਡਣ, ਪਤੰਗਾਂ ਦੇ ਪੇਚੇ ਪਾਉਣ ਤੇ ਘਰ ਦੇ ਨੌਕਰ ਦੀ ਬੋਦੀ ਪੁੱਟਣ ਦੀਆਂ ਇੱਲਤਾਂ ਨਾ ਕੀਤੀਆਂ ਹੋਣ। ਪੇਂਟਿੰਗ ਤੇ ਕਲੇਅ ਮਾਡਲਿੰਗ ਤੋਂ ਲੈ ਕੇ ਸ਼ੀਸ਼ਾਕਾਰੀ ਤਕ ਸ਼ਾਇਦ ਹੀ ਕੋਈ ਕਲਾ ਹੋਵੇ, ਜਿਸ ਨਾਲ ਉਹਦੇ ਪੋਟਿਆਂ ਨੇ ਪੰਗੇ ਨਾ ਲਏ ਹੋਣ। ਤਦੇ ਬਲਦੇਵ ਸਿੰਘ ਨੇ ਉਹਦੇ ਜੀਵਨ ਤੇ ਕਲਾ ਬਾਰੇ ਲਿਖੀ ਪੁਸਤਕ ਦਾ ਨਾਂ ਰੱਖਿਆ: 'ਪੋਟੇ ਬੋਲ ਪਏ।'

ਬਲਦੇਵ ਸਿੰਘ ਲਿਖਦਾ ਹੈ, "ਕੀ ਕੋਈ ਸੋਚ ਸਕਦਾ ਹੈ, ਦਸਵੀਂ ਵਿਚੋਂ ਦੋ ਵਾਰ ਫੇਲ੍ਹ ਹੋਣ ਵਾਲਾ ਵਿਦਿਆਰਥੀ, ਛੱਪੜਾਂ ਦੀ ਚੀਕਣੀ ਮਿੱਟੀ ਨਾਲ ਬਲਦ, ਘੋੜੇ ਬਣਾਉਂਦਾ ਫਾਈਨ ਆਰਟਸ ਦੀ ਐਮ. ਏ. ਕਰ ਸਕਦਾ ਹੈ ਤੇ ਆਪਣੀ ਵਿਸ਼ੇਸ਼ ਕਲਾ 'ਮੋਜ਼ੇਕ ਆਰਟ' ਵਿਚ ਅਜਿਹੀਆਂ ਕਲਾ-ਕਿਰਤਾਂ ਤਿਆਰ ਕਰਦਾ ਹੈ ਕਿ ਵਿਸ਼ਵ ਭਰ ਦੇ ਕਲਾਕਾਰ, ਉਸ ਦੀ ਕਲਾ ਦਾ ਲੋਹਾ ਮੰਨਦੇ ਹਨ।"

ਗੱਲ ਉਦੋਂ ਦੀ ਹੈ, ਜਦੋਂ ਮੈਂ ਢੁੱਡੀਕੇ ਕਾਲਜ ਵਿਚ ਲੈਕਚਰਾਰ ਸਾਂ। ਭਿੰਦਰ ਸਿੰਘ ਸੋਹੀ ਡੀ. ਪੀ. ਈ. ਸੀ। ਅਸੀਂ ਕਾਲਜ ਦੀਆਂ ਕਬੱਡੀ, ਹਾਕੀ ਤੇ ਫੁੱਟਬਾਲ ਦੀਆਂ ਟੀਮਾਂ ਬਣਾਉਣੀਆਂ ਅਤੇ ਪੰਜਾਬ ਯੂਨੀਵਰਸਿਟੀ ਦੇ ਇੰਟਰ ਕਾਲਜ ਮੈਚ ਜਿੱਤਣੇ ਸ਼ੁਰੂ ਕਰ ਲਏ ਸਨ। ਦੋ-ਤਿੰਨ ਸਾਲਾਂ ਵਿਚ ਹੀ ਅਸੀਂ ਕਬੱਡੀ ਤੇ ਹਾਕੀ ਦੇ ਯੂਨੀਵਰਸਿਟੀ ਚੈਂਪੀਅਨ ਬਣਨ ਲੱਗ ਪਏ ਸਾਂ। ਆਏ ਸਾਲ ਲਾਜਪਤ ਰਾਏ ਖੇਡ ਮੇਲਾ ਖੂਬ ਭਰਦਾ। ਕਬੱਡੀ, ਹਾਕੀ ਤੇ ਫੁੱਟਬਾਲ ਦੀਆਂ ਟੀਮਾਂ ਦੂਰੋਂ ਦੂਰੋਂ ਢੁੱਡੀਕੇ ਦੇ ਖੇਡ ਮੇਲੇ ਵਿਚ ਹਿੱਸਾ ਲੈਣ ਆਉਂਦੀਆਂ। ਉਥੇ ਰੰਗ ਬਰੰਗੇ ਝੰਡੇ ਝੂਲਦੇ, ਖਿਡਾਰੀਆਂ ਦੇ ਭਖੇ ਹੋਏ ਜੁੱਸੇ ਲਿਸ਼ਕਦੇ, ਖੇਡ ਮੈਦਾਨ ਵਿਚ ਵੱਜਦੀਆਂ ਵਿਸਲਾਂ ਅਤੇ ਦਰਸ਼ਕਾਂ ਦੀਆਂ ਤਾੜੀਆਂ ਨਾਲ ਆਲਾ-ਦੁਆਲਾ ਗੂੰਜ ਉਠਦਾ। ਕਿਧਰੇ ਕਬੱਡੀਆਂ ਪੈਂਦੀਆਂ, ਕਿਧਰੇ ਹਾਕੀ ਦੀਆਂ ਗੇਂਦਾਂ ਨਾਲ ਫੱਟੇ ਖੜਕਦੇ ਤੇ ਕਿਧਰੇ ਫੁੱਟਬਾਲ ਦੀਆਂ ਕਿੱਕਾਂ ਲੱਗਦੀਆਂ।

ਉਦੋਂ ਕੁ ਹੀ ਮੈਂ ਇਕ ਸਕੂਲ ਦੇ ਪੀ. ਟੀ. ਨੂੰ ਫੁੱਟਬਾਲ ਖੇਡਦੇ ਵੇਖਿਆ। ਉਹਦਾ ਨਾਂ ਹਰਜੀਤ ਸਿੰਘ ਸੀ। ਉਹਦੀਆਂ ਕਿੱਕਾਂ ਵਿਚ ਜਾਨ ਸੀ। ਤੇਜ਼ ਦੌੜਦਾ ਹੋਇਆ ਪਾਸ ਦਿੰਦਾ ਤੇ ਲੈਂਦਾ। ਉਦੋਂ ਉਹ ਪੈਰਾਂ ਦੀ ਕਲਾਕਾਰੀ ਵਿਖਾਉਂਦਾ ਸੀ ਜਦ ਕਿ ਹੁਣ ਹੱਥਾਂ ਦੀ ਕਲਾਕਾਰੀ ਵਿਖਾ ਰਿਹੈ। ਹੈਰਾਨ ਹੋਈਦੈ ਕਿ ਉਹ ਰੰਗੀਨ ਸ਼ੀਸ਼ਿਆਂ ਨੂੰ ਕੱਟ ਤਰਾਸ਼ ਕੇ ਉਨ੍ਹਾਂ ਦੇ ਨਿੱਕੇ ਨਿੱਕੇ ਟੁਕੜਿਆਂ ਨੂੰ ਕਿਵੇਂ ਜੋੜ ਲੈਂਦੈ ਕਿ ਕਦੇ ਉਹ ਬਾਬਾ ਫਰੀਦ ਦੇ ਦੁਆਵਾਂ ਮੰਗਦੇ ਹੱਥ ਤੇ ਮਿਹਰਬਾਨ ਚਿਹਰਾ ਮੁਹਰਾ ਬਣ ਜਾਂਦੀਆਂ ਹਨ ਤੇ ਕਦੇ ਮਦਰ ਟੈਰੇਸਾ ਦੇ ਸੇਵਾ ਭਾਵ ਦਾ ਬਿੰਬ ਬਣਦੀਆਂ ਹਨ। ਕਦੇ ਬਾਰੀਕ ਟੁਕੜਿਆਂ ਨਾਲ ਬਣਾਏ ਦਰਬਾਰ ਸਾਹਿਬ ਦੀ ਸੁਨਹਿਰੀ ਝਲਕ ਸਰੋਵਰ ਵਿਚ ਲਹਿਰਾਉਂਦੀ ਦਿਸਦੀ ਹੈ। ਸ਼ੀਸ਼ੇ ਦੇ ਟੁਕੜਿਆਂ ਵਿਚ ਦੀ ਪਾਣੀ 'ਚ ਪੈਂਦੀ ਝਲਕ ਨੂੰ ਠੋਸ ਕਲਾਕ੍ਰਿਤੀ ਰਾਹੀਂ ਵਿਖਾਉਣਾ ਸੌਖਾ ਕਾਰਜ ਨਹੀਂ। ਇਕ ਦੋ ਦਿਨ ਨਹੀਂ, ਮਹੀਨੇ ਲੱਗ ਜਾਂਦੇ ਹਨ ਅਜਿਹੇ ਕਾਰਜ ਨੂੰ ਨੇਪਰੇ ਚਾੜ੍ਹਦਿਆਂ। ਅਜਿਹੀ ਕਲਾ ਦੀ ਕਦਰ ਮੋਜ਼ੇਕ ਕਲਾ ਦੇ ਜੌਹਰੀ ਹੀ ਪਾ ਸਕਦੇ ਹਨ।




ਹਰਜੀਤ ਸੰਧੂ ਦੇ ਵਡੇਰੇ ਮਾਝੇ ਦੇ ਵਸਨੀਕ ਸਨ। ਉਹਦਾ ਦਾਦਾ ਕਲਕੱਤੇ ਟੈਕਸੀ ਚਲਾਉਂਦਾ ਰਿਹਾ। ਉਹਦੇ ਘਰ ਹਰਜੀਤ ਦਾ ਪਿਤਾ ਬਣਨ ਵਾਲਾ ਮੇਲਾ ਸਿੰਘ 1908 ਵਿਚ ਜੰਮਿਆ, ਜੋ ਬੀ. ਏ. ਕਰ ਕੇ ਰੇਲਵੇ ਦਾ ਅਫਸਰ ਬਣ ਗਿਆ। ਉਹ ਮੋਗੇ ਦੇ ਪਿੰਡ ਕਾਲੀਏ ਵਾਲੇ ਵਿਆਹਿਆ ਗਿਆ ਤੇ ਤਰੱਕੀ ਕਰਦਾ ਦੇਸ਼ ਵੰਡ ਸਮੇਂ ਯੂ. ਪੀ. ਵਿਚ ਮੁਗਲ ਸਰਾਏ ਸਟੇਸ਼ਨ ਦਾ ਸਭ ਤੋਂ ਵੱਡਾ ਅਫਸਰ ਬਣ ਗਿਆ। ਉਥੇ ਵੱਡਾ ਬੰਗਲਾ ਤੇ ਨੌਕਰ ਚਾਕਰ ਮਿਲ ਗਏ। ਮੇਲਾ ਸਿੰਘ ਦੇ ਤਿੰਨ ਪੁੱਤਰ ਹੋਏ ਤੇ ਦੋ ਧੀਆਂ।


ਹਰਜੀਤ ਦਾ ਜਨਮ 7 ਜਨਵਰੀ 1949 ਨੂੰ ਭਾਵੇਂ ਮੋਗੇ 'ਚ ਹੋਇਆ, ਪਰ ਬਚਪਨ ਮੁਗਲ ਸਰਾਏ ਦੇ ਬੰਗਲੇ, ਵਧੀਆ ਸਕੂਲਾਂ ਤੇ ਵਧੀਆ ਗਰਾਊਂਡਾਂ ਵਿਚ ਖੇਡਦਿਆਂ ਬੀਤਿਆ। ਬਾਪ ਅਸੂਲਾਂ ਦਾ ਪੱਕਾ ਤੇ ਅਨੁਸ਼ਾਸਨ ਦਾ ਪਾਬੰਦ ਸੀ ਤੇ ਬੱਚਿਆਂ ਨੂੰ ਖਿੱਚ ਕੇ ਰੱਖਦਾ। ਉਹ ਚਾਹੁੰਦਾ ਸੀ, ਉਹਦੇ ਬੱਚੇ ਕਿਸੇ ਕਲਾਕਾਰੀ ਵੱਲ ਜਾਣ ਦੀ ਥਾਂ ਵਧੀਆ ਵਿਦਿਆਰਥੀ, ਵਧੀਆ ਖਿਡਾਰੀ ਤੇ ਵੱਡੇ ਅਫਸਰ ਬਣਨ; ਪਰ ਹੋਣੀ ਨੂੰ ਕੌਣ ਮੋੜੇ?

ਹਰਜੀਤ ਬਾਰਾਂ ਕੁ ਸਾਲਾਂ ਦਾ ਸੀ ਕਿ ਬਾਪ ਦਾ ਸਾਇਆ ਸਿਰ ਤੋਂ ਉਠ ਗਿਆ। ਵਿਧਵਾ ਮਾਂ ਪੰਜਾਂ ਬੱਚਿਆਂ ਨੂੰ ਲੈ ਕੇ ਮੋਗੇ ਬਿਰਧ ਬਾਪ ਦੇ ਬੂਹੇ ਆ ਬੈਠੀ। ਬਾਪ ਦੇ ਚਾਰ ਧੀਆਂ ਹੀ ਧੀਆਂ ਸਨ, ਪੁੱਤਰ ਕੋਈ ਨਹੀਂ ਸੀ। ਦੋ ਧੀਆਂ ਵਿਧਵਾ ਹੋ ਗਈਆਂ ਸਨ। ਉਨ੍ਹਾਂ ਦੇ ਸਾਰੇ ਬੱਚੇ ਵਿਦਿਆਰਥੀ ਸਨ। ਪਰਿਵਾਰ ਦੀ ਆਮਦਨ ਕੋਈ ਹੈ ਨਹੀਂ ਸੀ। ਨਾਨੇ ਦੀ ਜ਼ਮੀਨ ਦੇ ਠੇਕੇ ਨਾਲ ਹੀ ਪਰਿਵਾਰ ਦੀ ਗੱਡੀ ਰਿੜ੍ਹਨੀ ਸ਼ੁਰੂ ਹੋਈ। ਹਰਜੀਤ ਮੋਗੇ ਦੇ ਆਰੀਆ ਸਕੂਲ ਵਿਚ ਦਾਖਲ ਹੋ ਗਿਆ। ਅਰਜ਼ੀ ਦੇ ਕੇ ਫੀਸ ਮੁਆਫ ਕਰਾਈ, ਪਰ ਉਹ ਪੜ੍ਹਨ ਦੀ ਥਾਂ ਮਿੱਟੀ ਦੇ ਬਲਦ-ਘੋੜੇ ਬਣਾਉਂਦਾ ਰਹਿੰਦਾ, ਸਿੱਟੇ ਵਜੋਂ ਦਸਵੀਂ 'ਚੋਂ ਦੋ ਵਾਰ ਫੇਲ੍ਹ ਹੋ ਗਿਆ। ਫਿਰ ਕਰੇ ਤਾਂ ਕੀ ਕਰੇ?

ਹਾਰ ਕੇ ਹਰਜੀਤ ਨੂੰ ਮੋਗੇ ਦੀ ਨੈਸਲੇ ਡੇਅਰੀ ਵਿਚ ਚੌਥਾ ਦਰਜਾ ਮੁਲਾਜ਼ਮ ਬਣਨਾ ਪਿਆ। ਜਦੋਂ ਚਾਰ ਪੈਸੇ ਹੱਥ ਆਏ ਤਾਂ ਮੁੜ ਮਿਸ਼ਨ ਸਕੂਲ ਵਿਚ ਪੜ੍ਹਨ ਲੱਗ ਪਿਆ। ਹਮਦਰਦ ਅਧਿਆਪਕਾਂ ਦੀ ਹੱਲਾਸ਼ੇਰੀ ਨਾਲ ਦਸਵੀਂ ਪਾਸ ਕਰ ਗਿਆ। ਮਿਸ਼ਨ ਸਕੂਲ ਵਿਚ ਪੜ੍ਹਦਿਆਂ ਉਹ ਪੰਜਾਬ ਪੱਧਰ 'ਤੇ ਫੁੱਟਬਾਲ ਖੇਡਿਆ ਅਤੇ ਡਰਾਇੰਗ ਵਿਚ ਸਭ ਤੋਂ ਵਧੀਆ ਵਿਦਿਆਰਥੀ ਸਾਬਤ ਹੋਇਆ। ਮਾਸਟਰ ਨਿਰਮਲ ਸਿੰਘ ਗਿੱਲ ਨੇ ਉਸ ਨੂੰ ਬੀ. ਐਡ ਕਾਲਜ ਦੇ ਆਰਟ ਪ੍ਰੋਫੈਸਰ ਡੀ. ਐਸ. ਰਾਠੌਰ ਦੇ ਲੜ ਲਾ ਦਿਤਾ। ਰਾਠੌਰ ਦੀ ਸੰਗਤ ਵਿਚ ਹਰਜੀਤ ਦੀ ਪ੍ਰਤਿਭਾ ਨੂੰ ਸੇਧ ਮਿਲ ਗਈ। ਉਹ ਕਿਸੇ ਆਰਟ ਕਾਲਜ ਵਿਚ ਦਾਖਲਾ ਲੈਣਾ ਚਾਹੁੰਦਾ ਸੀ, ਪਰ ਗੇੜ ਅਜਿਹਾ ਬਣਿਆ ਕਿ ਪਟਿਆਲੇ ਦੇ ਸਰੀਰਕ ਸਿੱਖਿਆ ਕਾਲਜ ਵਿਚ ਜਾ ਦਾਖਲ ਹੋਇਆ। ਉਥੇ ਉਹਦੀ ਕਲਾ ਪ੍ਰਤਿਭਾ ਵੀ ਚਮਕਣੀ ਸ਼ੁਰੂ ਹੋ ਗਈ। ਖਿਡਾਰੀ ਵੀ ਤਕੜਾ ਬਣ ਗਿਆ, ਪਰ ਨਾ ਕਲਾ ਵਿਚ ਰੁਜ਼ਗਾਰ ਸੀ, ਨਾ ਖੇਡ ਵਿਚ।



ਫਿਰ ਰੁਜ਼ਗਾਰ ਦਫਤਰਾਂ ਦੇ ਧੱਕੇ ਖਾਂਦਾ ਕਦੇ ਕਿਸੇ ਸਕੂਲ 'ਚ ਪੀ. ਟੀ. ਕਰਾਉਣ ਲੱਗਦਾ, ਕਦੇ ਕਿਸੇ ਸਕੂਲ ਵਿਚ। ਉਹ ਜਿਸ ਸਕੂਲ ਵਿਚ ਵੀ ਪੀ. ਟੀ. ਲੱਗਦਾ, ਉਹਦੀਆਂ ਹੀ ਟੀਮਾਂ ਜਿੱਤਣ ਲੱਗਦੀਆਂ। ਅੱਜ ਵੀ ਉਹਦੇ ਸਮਕਾਲੀ ਅਧਿਆਪਕ ਦੱਸਦੇ ਹਨ, "ਹਰਜੀਤ ਬਣਨਾ ਬਹੁਤ ਔਖਾ ਹੈ। ਉਹ ਤਾਂ ਦੂਜੇ ਅਧਿਆਪਕਾਂ ਦੇ ਖਾਲੀ ਪੀਰੀਅਡ ਵਿਚ ਵੀ ਕਲਾਸਾਂ ਵਿਚ ਜਾ ਵੜਦਾ। ਬੱਚਿਆਂ ਨੂੰ ਗਰਾਊਂਡ ਵਿਚ ਲੈ ਜਾਂਦਾ। ਕਦੇ ਗਿੱਲੀ ਮਿੱਟੀ ਨਾਲ ਜਾਨਵਰ ਬਣਾਉਣੇ ਸਿਖਾਉਂਦਾ, ਕਦੇ ਪੇਂਟਿੰਗ ਸਿਖਾਉਂਦਾ, ਕਦੇ ਲੱਕੜ ਤਰਾਸ਼ੀ। ਹਰਜੀਤ ਦੇ ਸਕੂਲ ਵਿਚ ਹੁੰਦਿਆਂ, ਮਜਾਲ ਹੈ ਕੋਈ ਕਲਾਸ ਵਿਹਲੀ ਹੋਵੇ ਤੇ ਬੱਚੇ ਰੌਲਾ ਪਾਉਂਦੇ ਹੋਣ। ਪੂਰਾ ਸਕੂਲ ਕੰਟਰੋਲ ਵਿਚ ਹੁੰਦਾ ਸੀ। ਸੱਚ ਆਖੀਏ, ਹਰਜੀਤ ਦਾ ਰੰਗ ਗਰਾਊਂਡਾਂ ਵਿਚ ਬੱਚਿਆਂ ਨੂੰ ਪ੍ਰੈਕਟਿਸ ਕਰਵਾਉਂਦਿਆਂ ਹੀ ਧੁੱਪਾਂ 'ਚ ਕਾਲਾ ਹੋਇਆ। ਉਹ ਤਾਂ ਛੁੱਟੀ ਵਾਲੇ ਦਿਨ ਵੀ ਬੱਚਿਆਂ ਨੂੰ ਸਕੂਲ ਵਿਚ ਬੁਲਾ ਲੈਂਦਾ ਤੇ ਆਪ ਮੋਗਿਓਂ ਸਵੇਰੇ ਹੀ ਸਾਈਕਲ 'ਤੇ ਨਿਕਲ ਜਾਂਦਾ, ਕਦੇ ਡਾਲੇ, ਕਦੇ ਮਹਿਣੇ, ਕਦੇ ਘੱਲ ਕਲਾਂ, ਕਦੇ ਦੀਨਾ ਸਾਹਿਬ ਤੇ ਕਦੇ ਦੌਲਤਪੁਰੇ...। ਅੱਜ ਕੱਲ੍ਹ ਤਾਂ ਮਾਸਟਰ ਕੰਮ ਵਾਲੇ ਦਿਨ ਨੀਂ ਬੱਚਿਆਂ ਨੂੰ ਪੜ੍ਹਾਉਂਦੇ, ਛੁੱਟੀ ਵਾਲੇ ਦਿਨ ਕੌਣ ਜਾਂਦੈ? ਹਰਜੀਤ ਬਣਨਾ ਬਹੁਤ ਔਖਾ ਹੈ।"




ਪੀ. ਟੀ. ਹੁੰਦਿਆਂ ਉਸ ਨੇ ਪ੍ਰਾਈਵੇਟ ਤੌਰ 'ਤੇ ਬੀ. ਏ. ਕਰ ਲਈ, ਉਹ ਵੀ ਫਸਟ ਕਲਾਸ ਵਿਚ। ਫਿਰ ਸਕੂਲੋਂ ਛੁੱਟੀ ਲੈ ਕੇ ਹੁਸ਼ਿਆਰਪੁਰ ਦੇ ਸਰਕਾਰੀ ਕਾਲਜ ਤੋਂ ਫਾਈਨ ਆਰਟਸ ਦੀ ਐਮ. ਏ. ਕੀਤੀ। 1983 ਵਿਚ ਉਸ ਨੂੰ ਸਟੇਟ ਪੱਧਰ ਦਾ ਕਲਾ ਅਵਾਰਡ ਮਿਲਿਆ। ਪੰਜਾਬ ਦੇ ਗਵਰਨਰ ਨੇ ਉਚੇਚਾ ਪ੍ਰਸ਼ੰਸਾ ਪੱਤਰ ਦਿੱਤਾ। ਬਾਬਾ ਫਰੀਦ ਮੇਲੇ ਵਿਚ ਡੀ. ਸੀ. ਫਰੀਦਕੋਟ ਅਤੇ ਲਾਜਪਤ ਰਾਏ ਮੇਲਾ ਢੁੱਡੀਕੇ ਵਿਚ ਮੁੱਖ ਸਕੱਤਰ ਨੇ ਅਵਾਰਡ ਦਿੱਤੇ। ਫਿਰ ਉਹ ਆਪਣੀ ਭੈਣ ਕੋਲ ਨਿਊ ਯਾਰਕ ਚਲਾ ਗਿਆ। ਉਥੇ ਸਾਈਨ ਬੋਰਡ ਲਿਖਣ ਦੀ ਮਜ਼ਦੂਰੀ ਕਰਦਾ ਰਿਹਾ। ਆਖਰ 2010 ਤੋਂ ਉਹਦੀ ਮੋਜ਼ੇਕੀ ਦਾ ਮੁੱਲ ਪੈਣ ਲੱਗਾ। ਚਿੱਤਰਾਂ ਦੀ ਮਾਣ ਭੇਟਾ ਹਜ਼ਾਰਾਂ ਡਾਲਰਾਂ ਤਕ ਚਲੀ ਗਈ। ਉਥੋਂ ਦੇ ਕਲਾ ਪਾਰਖੂਆਂ ਨੇ ਕਿਹਾ, "ਇਹ ਤਾਂ ਛੁਪਿਆ ਰੁਸਤਮ ਨਿਕਲਿਆ!"

ਉਸ ਨੇ ਕੱਚ ਦੇ ਬਾਰੀਕ ਟੁਕੜੇ ਜੋੜ ਕੇ ਬਾਬਾ ਫਰੀਦ ਦਾ ਚਿੱਤਰ ਬਣਾਇਆ, ਜਿਸ ਵਿਚ ਚਿਹਰੇ ਦੀ ਰੂਹਾਨੀਅਤ ਵੀ ਉਜਾਗਰ ਕੀਤੀ। ਮੋਜ਼ੇਕ ਸ਼ੈਲੀ ਵਿਚ 'ਆਸਕਰ ਅਵਾਰਡ' ਦੇ ਘੁੰਮਦੇ ਹੋਣ ਦਾ ਪ੍ਰਭਾਵ ਪੂਰੀ ਪ੍ਰਵੀਨਤਾ ਨਾਲ ਸਿਰਜਿਆ। ਹਰਿਮੰਦਰ ਸਾਹਿਬ ਦਾ ਚਿੱਤਰ ਇਕ ਸਾਲ ਦੀ ਮਿਹਨਤ ਨਾਲ ਤਿਆਰ ਕੀਤਾ। ਉਸ ਵਿਚ ਸਰੋਵਰ 'ਤੇ ਪੈਂਦਾ ਅਕਸ ਚਮਤਕਾਰੀ ਮਹਿਸੂਸ ਹੁੰਦਾ ਹੈ। ਨੀਲੇ ਤੇ ਸੁਨਹਿਰੀ ਰੰਗ ਅਧਿਆਤਮਕ ਰੂਪ ਨੂੰ ਨਿਖਾਰਦੇ ਹਨ। ਕਲਾ ਪਾਰਖੂ ਮੋਨਿਕਾ 'ਨਾਰਥ ਅਮੈਰੀਕਨ ਸਿੱਖ ਰੀਵਿਊ' ਵਿਚ ਲਿਖਦੀ ਹੈ, "ਹਰਜੀਤ ਦਾ ਆਰਟ ਵਰਕ ਆਪਣੇ ਮੂੰਹੋਂ ਆਪ ਬੋਲਦਾ ਹੈ, ਜੋ ਉਹਦੇ ਸਬਰ ਸੰਤੋਖ, ਸਖਤ ਮਿਹਨਤ, ਲਗਨ, ਦ੍ਰਿੜਤਾ

(ਬਾਕੀ ਅਗਲੇ ਸਫੇ 'ਤੇ)

# ਨੀਲੇ ਰੰਗ ਦੇ ਰੰਗ: ਗੁਲਾਮ ਮਾਨਸਿਕਤਾ ਤੋਂ ਨਾਬਰੀ ਤਕ

ਸਮੁੱਚੀ ਗੁਰਬਾਣੀ ਬੇਸ਼ੱਕ ਰੱਬੀ ਰਮਜ਼ਾਂ ਅਤੇ ਰਹੱਸ ਖੋਲ੍ਹਦੀ ਹੈ, ਪਰ ਇਸ ਦਾ ਸਮਾਜਕ ਅਤੇ ਸਭਿਆਚਾਰਕ ਮਹੱਤਵ ਵੀ ਘੱਟ ਨਹੀਂ। ਕਾਰਨ ਇਹ ਹੈ ਕਿ ਹਰ ਲੇਖਕ ਆਪਣੇ ਯੁੱਗ ਦੀ ਪੈਦਾਵਾਰ ਹੁੰਦਾ ਹੈ ਅਤੇ ਤਤਕਾਲੀ ਸਮਾਜਕ ਤੇ ਸਭਿਆਚਾਰਕ ਸਰੋਕਾਰਾਂ ਵਲੋਂ ਉਸ ਦਾ ਅਭਿੱਜ ਰਹਿਣਾ ਸੰਭਵ ਨਹੀਂ। ਇਸ ਲਈ ਗੁਰਬਾਣੀ ਵਿਚੋਂ ਜੋ ਸਮਾਜਕ ਤੇ ਸਭਿਆਚਾਰਕ ਪ੍ਰਮਾਣ ਮਿਲਦੇ ਹਨ, ਉਹ ਤਤਕਾਲ ਨੂੰ ਸਮਝਣ ਵਿਚ ਬਹੁਤ ਸਹਾਈ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਦੀਆਂ ਲਮੇਰੀਆਂ ਬਾਣੀਆਂ ਵਿਚੋਂ ਇਕ 'ਆਸਾ ਦੀ ਵਾਰ' ਹੈ। ਇਸ ਵਾਰ ਵਿਚ ਸਮਾਜਕ ਅਤੇ ਸਭਿਆਚਾਰਕ ਸੰਕਟਾਂ ਦਾ ਜੋ ਨਿਰੂਪਣ ਗੁਰੂ ਸਾਹਿਬ ਨੇ ਕੀਤਾ ਹੈ, ਉਹ ਬਹੁ-ਪਰਤੀ ਹੈ। ਇਨ੍ਹਾਂ ਵਿਚੋਂ ਇਕ ਹੈ, ਉਸ ਸਮੇਂ ਦੇ ਭਾਰਤੀ ਸਮਾਜ ਦੀ ਗੁਲਾਮ ਮਾਨਸਿਕਤਾ। ਗੁਰੂ

**ਡਾ. ਧਰਮ ਸਿੰਘ**
ਫੋਨ: 91-98889-69808

ਜੀ ਤਕ ਇਸ ਗੁਲਾਮ ਮਾਨਸਿਕਤਾ ਦੀ ਉਮਰ ਕੋਈ ਸੱਤ ਸਦੀਆਂ ਦੀ ਹੋ ਚੁਕੀ ਸੀ, ਜਿਸ ਕਰਕੇ ਲੋਕਾਂ ਨੇ ਆਤਮ-ਪਛਾਣ ਭੁੱਲ ਕੇ ਹੁਕਮਰਾਨਾਂ ਦਾ ਲਿਬਾਸ, ਖਾਣ-ਪੀਣ ਅਤੇ ਉਨ੍ਹਾਂ ਦੀ ਜੀਵਨ-ਸ਼ੈਲੀ ਆਪਨਾ ਲਈ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਚੋਂ ਪ੍ਰਮਾਣ ਹਨ:

ਆਦਿ ਪੁਰਖ ਕਉ ਅਲਹੁ ਕਹੀਐ
ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ
ਐਸੀ ਕੀਰਤਿ ਚਾਲੀ॥
ਕੂਜਾ ਬਾਂਗ ਨਿਵਾਜ ਮੁਸਲਾ
ਨੀਲ ਰੂਪ ਬਨਵਾਰੀ॥ (ਗੁਰੂ ਗ੍ਰੰਥ ਸਾਹਿਬ, ਪੰਨਾ 1191)

ਅੱਜ ਅਸੀਂ ਸਿਰਫ 'ਨੀਲ ਰੂਪ ਬਨਵਾਰੀ' ਦੀ ਹੀ ਗੱਲ ਕਰਨੀ ਹੈ। ਉਸ ਵੇਲੇ ਦੇ ਬ੍ਰਾਹਮਣੀ ਵਿਹਾਰ ਨੂੰ ਗੁਰੂ ਜੀ ਪਖੰਡ ਕਹਿ ਕੇ ਇਸ ਨੂੰ ਛੱਡਣ ਦੀ ਨਸੀਹਤ ਕਰਦੇ ਹਨ। ਹੁਕਮਰਾਨਾਂ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹਨ ਲਈ ਜਾਂ ਉਨ੍ਹਾਂ ਦੀ ਖੁਸ਼ਨੂਦੀ ਲਈ ਬ੍ਰਾਹਮਣਾਂ ਨੇ ਉਨ੍ਹਾਂ ਵਰਗੇ ਹੀ ਨੀਲੇ ਕੱਪੜੇ ਪਹਿਨਣੇ ਸ਼ੁਰੂ ਕਰ ਦਿੱਤੇ। ਨੀਲਾ ਜਾਂ ਨੀਲ ਫਾਰਸੀ ਸ਼ਬਦ ਹੈ। ਨੀਲ ਇਕ ਪੌਦਾ ਹੈ, ਜਿਸ ਵਿਚੋਂ ਰੰਗ ਨਿਕਲਦਾ ਹੈ। ਲਾਜਵਰਦ ਨੂੰ ਵੀ ਨੀਲ ਕਹਿੰਦੇ ਹਨ। ਤੁਰਕ ਨੀਲੇ ਰੰਗ ਦੇ ਕੱਪੜੇ ਪਾਉਂਦੇ ਸਨ। ਬਾਬਰ ਤੁਰਕ (ਤੁਰਕੀ ਦਾ ਰਹਿਣ ਵਾਲਾ) ਸੀ। ਬਾਬਰ ਵੀ ਤੁਰਕੀ ਸ਼ਬਦ ਹੈ। ਨੀਲੇ ਕੱਪੜੇ ਪਹਿਨਣਾ ਮੁਸਲਮਾਨਾਂ ਲਈ ਫੈਸ਼ਨ ਬਣ ਚੁਕਾ ਸੀ। ਹਿੰਦੂ ਲੋਕ ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਲਈ ਇਸੇ ਰੰਗ ਦੇ ਕੱਪੜੇ ਪਹਿਨਣ ਲੱਗ ਪਏ। ਗੁਰੂ ਨਾਨਕ ਇਸ ਵਰਤਾਰੇ ਜਾਂ ਕਹਿ ਲਵੋ ਕਿ ਨੀਲੇ ਕੱਪੜਿਆਂ ਨੂੰ ਗੁਲਾਮੀ ਦਾ ਚਿੰਨ੍ਹ ਸਮਝ ਕੇ ਇਸ ਦੀ ਨਿੰਦਾ ਕਰਦੇ ਹਨ:

ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 871)

'ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼' ਦੇ ਕਰਤਾ ਡਾ. ਵਣਜਾਰਾ ਬੇਦੀ ਤਾਂ ਇਥੋਂ ਤੱਕ ਲਿਖਦੇ ਹਨ ਕਿ ਹਿੰਦੂ ਜਾਂ ਗੈਰ ਮੁਸਲਮਾਨ ਨੀਲੇ ਰੰਗ ਦੇ ਕੱਪੜੇ ਪਾ ਕੇ ਹੀ ਤੁਰਕ ਹਾਕਮਾਂ ਪਾਸ ਜਾਂਦੇ ਸਨ, ਤਾਂ ਹੀ ਉਨ੍ਹਾਂ ਨੂੰ ਮਿਲਣ ਦੀ ਆਗਿਆ ਦਿੱਤੀ ਜਾਂਦੀ ਸੀ (ਜਿਲਦ ਛੇਵੀਂ, ਪੰਨਾ 1824)। ਗੁਰੂ ਨਾਨਕ ਦੇਵ ਜੀ ਜਦ ਮੱਕੇ ਗਏ ਤਾਂ ਉਨ੍ਹਾਂ ਆਪਣੇ ਓਪਰੇਪਨ ਜਾਂ ਵਿਦੇਸ਼ੀਪਨ ਨੂੰ ਲੁਕਾਉਣ ਲਈ ਨੀਲੇ ਵਸਤਰ ਹੀ ਪਾਏ ਸਨ, ਜਿਸ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਦਿੱਤੀ ਹੈ:

ਫਿਰ ਬਾਬਾ ਮੱਕੇ ਗਇਆ,
ਨੀਲ ਬਸਤਰ ਧਾਰੇ ਬਨਵਾਰੀ। (ਵਾਰ ਪਹਿਲੀ, ਪਉੜੀ 32)

ਪੁਰਾਤਨ ਜਨਮ ਸਾਖੀ ਅਨੁਸਾਰ ਜਦ ਬਾਬਾ ਜੀ ਚੌਥੀ ਉਦਾਸੀ 'ਤੇ ਗਏ ਤਾਂ ਉਨ੍ਹਾਂ ਨੀਲੇ ਕੱਪੜੇ ਪਹਿਨੇ ਹੋਏ ਸਨ, 'ਤਬ ਨੀਲੇ ਬਸਤ੍ਰ ਥੇ, ਖੇਡਦਾ ਖੇਡਦਾ ਹੱਜ ਵਿਚ ਆਇ ਨਿਕਲਿਆ।' (ਪੰਨਾ 182)

ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੇ ਨੀਲੇ ਵਸਤਰ ਪਾਏ ਹਨ ਤਾਂ ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਉਹ ਇਨ੍ਹਾਂ ਨੂੰ ਮਾਨਤਾ ਦੇ ਰਹੇ ਹਨ। ਇਹ ਤਾਂ ਹਿਕਮਤ-ਏ-ਅਮਲੀ ਹੈ, ਜੋ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵਰਤੀ, ਜਦ ਉਹ ਮਾਛੀਵਾੜੇ ਵਿਚੋਂ ਨਬੀ ਖਾਂ ਅਤੇ ਗਨੀ ਖਾਂ ਦੀ ਮਦਦ ਨਾਲ ਉਚ ਦਾ ਪੀਰ ਬਣ ਕੇ ਮੁਗਲ ਸੈਨਾ ਦੇ ਘੇਰੇ ਵਿਚੋਂ ਨਿਕਲੇ ਸਨ। ਚਮਕੌਰ ਦੀ ਗੜ੍ਹੀ ਛੱਡਣ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਵਿਚ ਗੁਲਾਬ ਚੰਦ ਮਸੰਦ ਦੇ ਘਰ ਕੁਝ ਸਮਾਂ ਟਿਕੇ ਪਰ ਮੁਸਲਮਾਨ ਸੈਨਾ ਨੂੰ ਸੂਹ ਮਿਲ ਗਈ ਤੇ ਉਸ ਨੇ ਮਾਛੀਵਾੜੇ ਨੂੰ ਘੇਰਾ ਪਾ ਲਿਆ। ਪੁਰਾਣੀ ਵਫਾਦਾਰੀ ਨਿਭਾਉਣ ਖਾਤਰ ਦੋ ਪਠਾਣ ਨਬੀ ਖਾਂ ਅਤੇ ਗਨੀ ਖਾਂ ਅੱਗੇ ਆਏ। ਪਠਾਣਾਂ ਦੇ ਕੱਪੜੇ ਤਾਂ ਪਹਿਲਾਂ ਹੀ ਨੀਲੇ ਰੰਗ ਦੇ ਸਨ, ਪਰ ਉਨ੍ਹਾਂ ਨੇ ਗੁਰੂ ਜੀ ਅਤੇ ਉਨ੍ਹਾਂ ਨਾਲ ਆਏ ਸਿੱਖਾਂ ਦੇ ਵਸਤਰ ਵੀ ਨੀਲੇ ਰੰਗ ਵਿਚ ਰੰਗ ਦਿੱਤੇ ਅਤੇ ਗੁਰੂ ਜੀ ਨੂੰ ਉਚ (ਅੱਜ ਕੱਲ੍ਹ ਬਹਾਵਲਪੁਰ ਰਿਆਸਤ, ਪਾਕਿਸਤਾਨ) ਦਾ ਪੀਰ ਬਣਾ ਕੇ ਘੇਰੇ 'ਚੋਂ ਬਾਹਰ ਕੱਢ ਲਿਆਏ।

ਜਿਸ ਮੱਟ ਵਿਚ ਗੁਰੂ ਜੀ ਅਤੇ ਬਾਕੀ ਸਿੰਘਾਂ ਦੇ ਕੱਪੜੇ ਨੀਲੇ ਰੰਗ ਵਿਚ ਰੰਗੇ ਗਏ ਸਨ, ਉਹ ਮੱਟ ਅੱਜ ਵੀ ਮਾਛੀਵਾੜੇ ਦੇ ਗੁਰਦੁਆਰਾ ਚੌਬਾਰਾ ਸਾਹਿਬ ਵਿਚ ਸੁਰੱਖਿਅਤ ਹੈ। ਉਸ ਵੇਲੇ ਦਾ ਸਮਾਜ ਧਾਰਮਿਕ ਤੌਰ 'ਤੇ ਤਾਂ ਅਧੋਗਤੀ ਦਾ ਸ਼ਿਕਾਰ ਹੋਇਆ ਹੀ ਸੀ, ਉਨ੍ਹਾਂ ਦੀ ਸਭਿਆਚਾਰਕ ਸਭਿਆਚਾਰਕ ਚੇਤਨਾ ਜਾਂ ਜਾਗਰੂਕਤਾ ਦੇ ਲੈਂਦਾ ਹਾਂ, ਕਿਉਂਕਿ ਹਿੰਦੂਆਂ (ਵਿਸ਼ੇਸ਼ ਕਰਕੇ ਬ੍ਰਾਹਮਣਾਂ) ਨੂੰ ਵੇਦਾਂ, ਪੌਰਾਣਾਂ, ਉਪਨਿਸ਼ਦਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਗਿਆਨ ਤਾਂ ਪਹਿਲਾਂ ਹੀ ਸੀ, ਪਰ ਸਭਿਆਚਾਕ ਚੇਤਨਾ ਅਤੇ ਦ੍ਰਿੜ੍ਹਤਾ ਨਹੀਂ ਸੀ। ਗੁਰੂ ਨਾਨਕ ਦੇਵ ਜੀ ਇਸੇ ਚੇਤਨਾ ਵਲ ਹੀ ਸੰਕੇਤ ਕਰਦੇ ਹਨ:



ਅਧੋਗਤੀ ਦੀ ਜੋ ਤਸਵੀਰ ਆਸਾ ਦੀ ਵਾਰ ਵਿਚ ਮਿਲਦੀ ਹੈ, ਉਹ ਹੋਰ ਕਿਧਰੇ ਘੱਟ ਹੀ ਨਜ਼ਰ ਪੈਂਦੀ ਹੈ। ਹਿੰਦੂ ਪਰਜਾ ਸੀ, ਇਸੇ ਕਰਕੇ ਇਹ ਸੰਬੋਧਨ ਇਸ ਬਾਣੀ ਵਿਚ ਬਹੁਲਤਾ ਸਹਿਤ ਪ੍ਰਾਪਤ ਹੈ। ਪਰਜਾ ਨੂੰ ਅੰਨ੍ਹੀ ਤੱਕ ਕਹਿ ਕੇ ਗਿਆਨਵਾਨ (ਸੁਜਾਖੀ) ਬਣਨ ਦੀ ਨਸੀਹਤ ਕੀਤੀ ਗਈ ਹੈ।

ਮੈਂ ਇਥੇ 'ਗਿਆਨ' ਸ਼ਬਦ ਦੇ ਅਰਥ

ਅੰਧੀ ਰਯਤਿ ਗਿਆਨ ਵਿਹੂਣੀ
ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ
ਰੂਪ ਕਰਹਿ ਸੀਗਾਰੁ॥

ਹੁਣ ਥੋੜ੍ਹੀ ਜਿਹੀ ਗੱਲ ਨਿਹੰਗ ਸਿੰਘਾਂ ਦੇ ਨੀਲੇ ਬਾਣੇ ਬਾਰੇ। ਅਸੀਂ ਵਿਚਾਰਿਆ ਹੈ ਕਿ ਗੁਰੂ ਨਾਨਕ ਦੇਵ ਨੇ ਨੀਲੇ ਕੱਪੜਿਆਂ ਨੂੰ ਹੁਕਮਰਾਨੀ ਪੁਸ਼ਾਕ ਕਹਿ ਕੇ ਕਠੋਰ ਸ਼ਬਦਾਂ ਵਿਚ ਨਿੰਦਿਆ ਹੈ। ਸਵਾਲ ਉਠਦਾ ਹੈ ਕਿ ਗੁਰੂ ਨਾਨਕ ਦੀ ਹੀ ਗੱਦੀ ਦੇ ਇਕ ਵਾਰਿਸ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲਾਡਲੀਆਂ ਫੌਜਾਂ ਲਈ ਇਹੋ ਹੀ ਰੰਗ ਕਿਉਂ ਚੁਣਿਆ? ਦੂਜੇ ਸ਼ਬਦਾਂ ਵਿਚ ਕਹਿ ਲਓ ਕਿ ਇਸ ਤਬਦੀਲੀ ਪਿੱਛੇ ਕੀ ਦਲੀਲ ਹੈ?

ਗੁਰੂ ਗੋਬਿੰਦ ਸਿੰਘ ਜੀ ਨੇ ਜਦ ਅੰਮ੍ਰਿਤ ਛਕਾਇਆ ਤਾਂ ਸਿੱਖਾਂ ਦੇ ਮਨਾਂ ਵਿਚੋਂ ਹਕੂਮਤ ਦਾ ਡਰ, ਭੈਅ ਦੂਰ ਕਰਨ ਹਿੱਤ ਸੱਤਾ ਦੇ ਪ੍ਰਤੀਕ ਉਹ ਸਾਰੇ ਚਿੰਨ੍ਹ ਧਾਰਨ ਕਰਨਾ ਜ਼ਰੂਰੀ ਕਰਾਰ ਦਿੱਤੇ। ਅੰਮ੍ਰਿਤ ਸੰਚਾਰ ਸੰਸਕਾਰ ਦੇ ਪੁਰਾਣੇ ਚਿੱਤਰਾਂ ਵਿਚ ਪੰਜ ਪਿਆਰੇ ਅਤੇ ਖੁਦ ਗੁਰੂ ਗੋਬਿੰਦ ਸਿੰਘ ਜੀ ਵੀ ਨੀਲੇ ਬਾਣੇ ਵਿਚ ਦਰਸਾਏ ਗਏ ਹਨ, ਜਿਸ ਤੋਂ ਸਾਡੀ ਧਾਰਨਾ ਦੀ ਪੁਸ਼ਟੀ ਹੁੰਦੀ ਹੈ। ਇੰਜ ਨੀਲੇ ਵਸਤਰ ਜੋ ਗੁਰੂ ਨਾਨਕ ਦੇਵ ਜੀ ਦੇ ਸਮੇਂ ਹਕੂਮਤੀ ਲਿਬਾਸ ਸੀ, ਹੁਣ ਨਾਬਰੀ ਅਤੇ ਹਕੂਮਤੀ ਅਵੱਗਿਆ ਦਾ ਪ੍ਰਤੀਕ ਬਣ ਗਿਆ ਸੀ। ਭਾਈ ਗੁਰਦਾਸ (ਦੂਜਾ) ਦੀ ਵਾਰ ਦਾ ਇਹ ਬੰਦ ਵੀ ਇਸੇ ਤੱਥ ਦੀ ਪੁਸ਼ਟੀ ਕਰਦਾ ਹੈ:

ਜਿਨ ਪੰਥ ਚਲਾਯੋ ਖਾਲਸਾ ਧਰ ਤੇਜ ਕਰਾਰਾ।
ਸਿਰ ਕੇਸ ਧਾਰਿ ਗਹਿ ਖੜਗ ਕਉ ਸਭ ਦੁਸ਼ਟ ਪਛਾਰਾ।
ਇਉ ਉਪਜੇ ਸਿੰਘ ਭੁਜੰਗੀਏ, ਨੀਲੰਬਰ ਧਾਰਾ। (ਪਉੜੀ 15)

ਗੁਰੂ ਨਾਨਕ ਦੇਵ ਜੀ ਰਚਿਤ ਲੰਮੇਰੀਆਂ ਬਾਣੀਆਂ ਵਿਚ ਕਿਸੇ ਨਾ ਕਿਸੇ ਵਿਸ਼ੇਸ਼ ਪੱਖ 'ਤੇ ਵਧੇਰੇ ਜੋਰ ਦਿੱਤਾ ਗਿਆ ਮਿਲਦਾ ਹੈ; ਜਿਵੇਂ 'ਜਪੁ ਜੀ ਸਾਹਿਬ' ਵਧੇਰੇ ਦਾਰਸ਼ਨਿਕ ਹੈ, ਦੱਖਣੀ ਓਅੰਕਾਰ ਬੁੱਧੀਜੀਵੀ ਵਰਗ ਨੂੰ ਸੰਬੋਧਿਤ ਹੈ ਅਤੇ 'ਸਿੱਧ ਗੋਸਟਿ' ਨਾਥਾਂ ਜੋਗੀਆਂ ਨੂੰ; ਠੀਕ ਇਸੇ ਤਰ੍ਹਾਂ 'ਆਸਾ ਦੀ ਵਾਰ' ਦਾ ਮਹੱਤਵ ਗੁਰੂ ਜੀ ਦੇ ਤਤਕਾਲੀ ਸਭਿਆਚਾਰਕ ਵਰਤਾਰਿਆਂ ਨੂੰ ਉਜਾਗਰ ਕਰਨ ਵਿਚ ਵਧੇਰੇ ਹੈ। ਅਸੀਂ ਜਾਣਦੇ ਹਾਂ ਕਿ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੀ ਮਰਿਆਦਾ ਹੈ। ਸਵਾਲ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਬਾਈ ਵਾਰਾਂ ਵਿਚੋਂ ਇਹ ਮਾਣ ਕੇਵਲ ਆਸਾ ਦੀ ਵਾਰ ਨੂੰ ਹੀ ਕਿਉਂ ਮਿਲਿਆ? ਸਾਡਾ ਅੰਦਾਜ਼ਾ ਹੈ ਕਿ ਅਜਿਹਾ ਇਸ ਲਈ ਹੋਇਆ, ਕਿਉਂਕਿ ਇਹ ਵਾਰ ਬਾਰ-ਬਾਰ ਪੜ੍ਹਨ ਅਤੇ ਸੁਣਨ ਦਾ ਮਨੋਰਥ ਗੁਰੂ ਨਾਨਕ ਜਾਂ ਗੁਰੂ ਅੰਗਦ ਦੇਵ ਜੀ ਦੀ ਲੋਕਾਂ ਵਿਚ ਸਭਿਆਚਾਰਕ ਚੇਤਨਾ ਜਗਾਈ ਰੱਖਣਾ ਸੀ। ਸਭਿਆਚਾਰਕ ਅਧੋਗਤੀ ਹੀ ਕਿਸੇ ਸਮਾਜ ਦੇ ਪਤਨ ਦਾ ਕਾਰਨ ਬਣਦੀ ਹੈ, ਇਸ ਲਈ ਚੌਕੰਨੇ ਰਹਿਣ ਦੀ ਲੋੜ ਹੈ ਅਤੇ ਆਸਾ ਦੀ ਵਾਰ ਇਹ ਲੋੜ ਬੜੀ ਕੁਸ਼ਲਤਾ ਨਾਲ ਪੂਰਿਆਂ ਕਰਦੀ ਹੈ।

# ਹਰਫਨ ਮੌਲਾ ਕਲਾਕਾਰ ਹਰਜੀਤ ਸਿੰਘ ਸੰਧੂ

*(ਪਿਛਲੇ ਸਫੇ ਦੀ ਬਾਕੀ)*

ਤੇ ਤਿਆਗ ਦੀ ਗਵਾਹੀ ਦਿੰਦਾ ਹੈ।"

ਡਾ. ਸਰੋਦ ਪਾਂਡੇ ਨੇ ਲਿਖਿਆ, "ਹਰਜੀਤ ਮਿੱਟੀ, ਲੱਕੜ ਤੇ ਪੱਥਰਾਂ ਨਾਲ ਆਪਣੀ ਪਿਛਲੇ ਜਨਮ ਦੀ ਸਾਂਝ ਦੱਸਦਾ ਹੈ। ਉਹ ਮਿੱਟੀ ਵਿਚ ਸਿਰਜੇ ਚਿਹਰੇ ਤੇ ਪੰਜਾਂ ਇੰਦਰੀਆਂ ਦਾ ਮੇਲ ਇੰਜ ਮੇਲਦਾ ਹੈ ਜਿਵੇਂ ਖਾਸ ਮਿੱਟੀ, ਖਾਸ ਆਦਮੀ ਦੇ ਚਰਿਤਰ ਲਈ ਹੀ ਬਣੀ ਹੋਵੇ। ਹਰਜੀਤ ਟੋਭਿਆਂ ਦੀ ਮਿੱਟੀ ਨੂੰ ਸਾਕਾਰ ਰੂਪ ਦੇਣ ਵਾਲਾ ਕਲਾਕਾਰ ਹੈ।"

ਉਸ ਦੇ ਆਰਟ ਗੁਰੂ ਪ੍ਰੋ. ਡੀ. ਐਸ. ਰਾਠੌਰ, ਜੋ ਪੈਨਸਿਲ ਵਰਕ, ਵਾਟਰ-ਕਲਰ, ਆਇਲ ਕਲਰ ਤੇ ਬੁੱਤ ਤਰਾਸ਼ੀ ਵਿਚ ਮਾਹਿਰ ਸਨ, ਨੇ ਹਰਜੀਤ ਨੂੰ ਐਸਾ ਚੰਡਿਆ ਕਿ ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਹਰਜੀਤ ਆਪਣੀ ਮਿਹਨਤ ਤੇ ਲਗਨ ਬਾਰੇ ਦੱਸਦਾ ਹੈ, "ਇਕ ਵਾਰ ਮੈਂ ਰਾਠੌਰ ਸਾਹਿਬ ਕੋਲ ਬੈਠਾ ਸ਼ਹੀਦ ਭਗਤ ਸਿੰਘ ਦਾ ਮਿੱਟੀ ਦਾ ਬੁੱਤ ਰਿਹਾ ਸਾਂ। ਮੈਂ ਆਪਣੇ ਕੰਮ ਵਿਚ ਏਨਾ ਮਗਨ ਸਾਂ ਕਿ ਪਤਾ ਹੀ ਨਾ ਲੱਗਾ, ਕਿੰਨੇ ਘੰਟੇ ਮੈਂ ਪੈਰਾਂ ਭਾਰ ਬੈਠਾ ਆਪਣੀ ਧੁਨ ਵਿਚ ਲੱਗਾ ਰਿਹਾ? ਜਦੋਂ ਸ਼ਾਮ ਨੂੰ ਕੰਮ ਖਤਮ ਕਰ ਕੇ ਉਠਣ ਲੱਗਾ ਤਾਂ ਧੜੰਮ ਕਰ ਕੇ ਪਿੱਠ ਪਰਨੇ ਡਿੱਗ ਪਿਆ। ਪੈਰਾਂ ਨੇ ਭਾਰ ਹੀ ਨਾ ਝੱਲਿਆ। ਪੈਰ ਤਾਂ ਜਿਵੇਂ ਮੇਰੇ ਨਾਲ ਈ ਨਹੀਂ ਸਨ। ਸੁੰਨ ਮਸੁੰਨ, ਭਾਵੇਂ ਹੌਲੀ ਹੌਲੀ ਵੱਢ ਦਿਉ, ਮੈਨੂੰ ਭੋਰਾ ਪੀੜ ਨਾ ਹੋਵੇ। ਖੜਕਾ ਸੁਣ ਕੇ ਗੁਰੂ ਰਾਠੌਰ ਭੱਜੇ ਆਏ ਤੇ ਚੁੱਕਿਆ।"

ਦਰਅਸਲ ਸਿਰਜਣਾ ਵਿਚ ਲੀਨ ਹੋਏ ਨੇ ਮਹਿਸੂਸ ਹੀ ਨਾ ਕੀਤਾ ਕਿ ਪੈਰਾਂ ਨੂੰ ਉਸ ਦੀ ਬਲੱਡ ਸਰਕੂਲੇਸ਼ਨ ਰੁਕ ਚੁਕੀ ਹੈ। ਤਦੇ ਕਿਹਾ ਜਾਂਦਾ ਹੈ ਕਿ ਕਲਾਕਾਰ ਕਲਾ ਸਿਰਜਣਾ ਵਿਚ ਅਕਸਰ ਡੁੱਬ ਜਾਂਦੇ ਹਨ।

ਹਰਜੀਤ ਸੰਧੂ ਨੇ ਬਾਬਾ ਫਰੀਦ ਤੋਂ ਲੈ ਕੇ ਦਰਬਾਰ ਸਾਹਿਬ, ਮਦਰ ਟਰੀਸਾ, ਬਰਾਕ ਓਬਾਮਾ, ਆਸਕਰ ਅਵਾਰਡ, ਮੇਅਰ ਬਲੂਮ ਬਰਗ ਤੇ ਸ਼ਹੀਦ ਭਗਤ ਸਿੰਘ ਆਦਿ ਦੇ ਮੋਜ਼ੇਕ ਸਿਰਜੇ ਹਨ ਅਤੇ ਮਿੱਟੀ ਤੇ ਲੱਕੜ ਦੀਆਂ ਕਲਾ ਕਿਰਤਾਂ ਵੀ ਹਨ। ਉਹਦਾ ਇਹ ਸਫਰ ਜਾਰੀ ਹੈ, ਜੋ ਅੰਤਲੇ ਦਮ ਤਕ ਜਾਰੀ ਰਹੇਗਾ। ਕਿਸੇ ਕਵੀ ਦੀਆਂ ਸਤਰਾਂ ਹਨ,

ਜਦੋਂ ਵਾਰੀ ਆਈ ਤਾਂ ਜਹਾਨ ਛੱਡ ਜਾ
ਪਿੱਛੇ ਪਰ ਪੈੜਾਂ ਦੇ ਨਿਸ਼ਾਨ ਛੱਡ ਜਾ।
ਲੱਖਾਂ ਆਏ ਮੇਲਿਆਂ 'ਚ ਗੁੰਮ ਹੋ ਗਏ
ਵੱਖਰੀ ਕੋਈ ਆਪਣੀ ਪਛਾਣ ਛੱਡ ਜਾ।

###



ਕੱਚ ਦੇ ਬਾਰੀਕ ਟੁਕੜਿਆਂ ਨਾਲ ਬਣਾਏ ਚਿੱਤਰ (ਖੱਬਿਓਂ) ਭਗਤ ਸਿੰਘ, ਮਦਰ ਟੈਰੇਸਾ ਅਤੇ ਬਰਾਕ ਓਬਾਮਾ

# ਪੰਜਾਬੀ ਸਭਿਆਚਾਰ ਅਤੇ ਘੜਾ

*ਮਨੁੱਖੀ ਜੀਵਨ ਵਿਚ ਘੜੇ ਦਾ ਬੜਾ ਅਹਿਮ ਮੁਕਾਮ ਰਿਹਾ ਹੈ। ਪਹਿਲੇ ਜ਼ਮਾਨਿਆਂ ਵਿਚ ਜਦੋਂ ਮਨੁੱਖ ਪੈਦਲ ਸਫਰ 'ਤੇ ਨਿਕਲਦਾ ਸੀ ਤਾਂ ਰਾਹ ਵਿਚ ਦਰਖਤ ਦੀ ਛਾਂਵੇਂ ਰੱਖੇ ਘੜੇ ਨਾਲ ਰਾਹੀ ਨੂੰ ਜੋ ਆਸਰਾ ਮਿਲਦਾ ਸੀ, ਉਹ ਬਿਆਨ ਤੋਂ ਬਾਹਰਾ ਹੈ। ਹੁਣ ਫਰਿਜ ਬਗੈਰਾ ਆਉਣ ਨਾਲ ਭਾਵੇਂ ਘੜੇ ਦੀ ਅਹਿਮੀਅਤ ਘਟ ਗਈ ਹੈ ਪਰ ਇਹ ਅਜੇ ਵੀ ਸਾਡੇ ਸਭਿਆਚਾਰ ਦਾ ਅਨਿੱਖੜ ਅੰਗ ਬਣਿਆ ਹੋਇਆ ਹੈ। ਇਹ ਅੱਜਕੱਲ੍ਹ ਨਵੇਂ ਰੂਪ ਵਿਚ ਕਿਤੇ ਨਾ ਕਿਤੇ ਨਜ਼ਰੀਂ ਪੈ ਜਾਂਦਾ ਹੈ। -ਸੰਪਾਦਕ*



ਕਲਾ ਪਰਿਕਰਮਾ

ਘੜਾ ਮਨੁੱਖ ਦੀ ਸਿਰਜੀ ਗਈ ਮਹੱਤਵਪੂਰਨ ਵਸਤੂ ਹੈ। ਘੜੇ ਦੀ ਸਿਰਜਣਾ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚੋਂ ਕੁਝ ਅਹਿਮ ਲੋੜਾਂ ਦੀ ਪੂਰਤੀ ਕਰਨ ਲਈ ਸੰਦ ਵਜੋਂ ਕੀਤੀ ਗਈ ਹੋਵੇਗੀ। ਘੜੇ ਦਾ ਮਨੁੱਖੀ ਸਮਾਜ ਤੇ ਲੋਕ ਸਭਿਆਚਾਰ ਵਿਚ ਇਸ ਹੱਦ ਤਕ ਮਹੱਤਵ ਪਾਇਆ ਜਾਂਦਾ ਹੈ ਕਿ ਉਹ ਮਹਿਜ਼ ਵਸਤੂ ਨਾ ਰਹਿ ਕੇ ਆਪਣੀ ਕਾਇਆ ਅੰਦਰ, ਆਪਣੀ ਰੂਪ ਬਣਤਰ ਅੰਦਰ, ਆਪਣੇ ਵਜੂਦ

ਡਾ. ਪ੍ਰਿਤਪਾਲ ਸਿੰਘ ਮਹਿਰੋਕ

ਅੰਦਰ ਤੇ ਆਪਣੇ ਗੁਣਾਂ ਆਦਿ ਸਦਕਾ ਬਹੁਤ ਡੂੰਘੇ ਅਰਥ ਗ੍ਰਹਿਣ ਕਰ ਜਾਂਦਾ ਹੈ। ਇਸੇ ਲਈ ਮਨੁੱਖ ਉਸ ਨੂੰ ਬਹੁ-ਅਰਥੀ ਪ੍ਰਤੀਕ ਦੇ ਤੌਰ 'ਤੇ ਸਵੀਕਾਰ ਕਰ ਲੈਂਦਾ ਹੈ।

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ, 'ਮਿੱਟੀ ਦੇ ਸਾਧਾਰਨ ਜਿਹੇ ਘੜੇ ਨਾਲ ਪੰਜਾਬੀਆਂ ਦੀ ਵੰਨ-ਸਵੰਨੀ ਸੱਭਿਆਚਾਰਕ ਪਛਾਣ ਤੇ ਲੋਕਧਾਰਾ ਜੁੜੀ ਹੋਈ ਹੈ। ਵਿਆਹ ਦੇ ਸਮੇਂ ਜਦੋਂ ਕੰਨਿਆ ਨੂੰ ਛੰਦੜੀਆਂ 'ਤੇ ਬਿਠਾਇਆ ਜਾਂਦਾ ਹੈ ਤਾਂ ਉਸ ਕੋਲ ਤਿੰਨ ਘੜੋਲੀਆਂ ਰੱਖੀਆਂ ਜਾਂਦੀਆਂ ਹਨ। ਵਿਆਹ ਨਾਲ ਸਬੰਧਤ ਕੁਝ ਹੋਰ ਰੀਤਾਂ-ਰਸਮਾਂ ਜਿਹਾ ਕਿ ਘੜੋਲੀ ਭਰਨੀ, ਘੜਾ-ਘੜੋਲੀ ਖੇਡਣਾ ਆਦਿ ਵੇਲੇ ਘੜੇ ਤੇ ਜਲ ਦਾ ਹੀ ਸ਼ਗਨ ਕੀਤਾ ਜਾਂਦਾ ਹੈ। ਪੰਜਾਬੀ ਲੋਕਧਾਰਾ ਵਿਚ ਘੜਾ ਜੀਵ ਦੇ ਸਰੀਰ ਦਾ ਬੋਧ ਵੀ ਕਰਵਾਉਂਦਾ ਹੈ, ਟੁੱਟਾ ਘੜਾ ਕਾਲ ਦਾ ਚਿੰਨ੍ਹ ਹੈ।'

ਹੁਣ ਘੜਾ ਅਤੇ ਘੜੇ ਦਾ ਪਾਣੀ ਬਹੁਤੀਆਂ ਹਾਲਤਾਂ ਵਿਚ ਬੇਸ਼ੱਕ ਸਮਾਜ ਦੇ ਕੁਝ ਹਿੱਸੇ ਦੇ ਜੀਵਨ ਦਾ ਭਾਗ ਨਹੀਂ ਰਿਹਾ, ਫਿਰ ਵੀ ਘੜੇ ਦਾ ਮਹੱਤਵ ਇਸ ਸਮਾਜ ਅਤੇ ਸਭਿਆਚਾਰ ਦੇ ਚੇਤਿਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਵਸਿਆ ਹੋਇਆ ਹੈ। ਘੜੇ ਦੇ ਪਰਿਵਾਰ ਵਿਚ ਮਟਕਾ, ਮੱਟੀ, ਝਾਰੀ, ਘੜੋਲੀ, ਮੱਟ, ਸੁਰਾਹੀ, ਘੜੀ, ਮੱਘੀ, ਝੱਜਰ, ਝੱਕਰਾ, ਚਾਟੀ, ਤੌੜੀ, ਕੁੱਜਾ, ਕੁੱਜੀ ਆਦਿ ਵੀ ਪਾਣੀ ਰੱਖਣ/ ਸਾਂਭਣ ਵਾਲੇ ਮਿੱਟੀ ਦੇ ਬਰਤਨ ਹਨ। ਇਨ੍ਹਾਂ ਵਿਚੋਂ ਕਈ ਬਰਤਨਾਂ ਵਿਚ ਕੋਈ ਜਿਣਸ ਪਾ ਕੇ ਵੀ ਰੱਖ ਲਈ ਜਾਂਦੀ ਹੈ। ਘੜੇ ਦੇ ਬੋਲ-ਬਾਲੇ ਦਾ ਜ਼ਮਾਨਾ ਬੀਤ ਚੁੱਕਿਆ ਹੈ ਪਰ ਘੜਾ ਪੰਜਾਬੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਬਣਿਆ ਚਲਿਆ ਆ ਰਿਹਾ ਹੈ। ਪੰਜਾਬ ਦੀਆਂ ਲੋਕ ਗਾਥਾਵਾਂ ਵਿਚ ਘੜੇ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ ਆਇਆ ਹੈ। ਸੋਹਣੀ ਮਹੀਂਵਾਲ ਦੇ ਕਿੱਸੇ ਵਿਚ ਘੜਾ, ਪਾਤਰ ਵਜੋਂ ਪੇਸ਼ ਹੋਇਆ ਕਿਆਸਿਆ ਜਾਂਦਾ ਹੈ। ਕੱਚਾ ਘੜਾ ਆਪਣੇ ਨਾਲ ਡੂੰਘੇ ਅਰਥ ਜੋੜੀ ਬੈਠਾ ਹੈ:

ਘੜਿਆ ਵੇ ਮਿੱਟੀ ਦਿਆ ਘੜਿਆ
ਤੂੰ ਚੜ੍ਹਿਆ ਢਾਕ ਮਹਿਬੂਬ ਦੀ ਕਿਹੜੀ ਆਸੇ?...
ਘੜਾ ਵੱਜਦਾ ਘੜੋਲੀ ਵੱਜਦੀ
ਕਿਤੇ ਗਾਗਰ ਵੱਜਦੀ ਸੁਣ ਮੁੰਡਿਆ...
ਮੈਨੂੰ ਪਾਰ ਲੰਘਾ ਦੇ ਵੇ
ਘੜਿਆ ਮਿੰਨਤਾਂ ਤੇਰੀਆਂ ਕਰਦੀ...
ਨਦੀ ਆਰ ਸੋਹਣੀਏਂ ਨਦੀ ਪਾਰ ਸੋਹਣੀਏਂ
ਘੜਾ ਚੁੱਕ ਲੈ ਦੰਦਾਂ ਦੇ ਭਾਰ ਸੋਹਣੀਏਂ।

ਪੰਜਾਬੀ ਸਭਿਆਚਾਰ ਵਿਚ ਘੜਾ ਅਜਿਹੇ ਪ੍ਰਤੀਕ ਵਜੋਂ ਪੇਸ਼ ਹੁੰਦਾ ਆਇਆ ਹੈ ਜਿਸ ਤੋਂ ਕਈ ਤਰ੍ਹਾਂ ਦੇ ਅਰਥ ਪ੍ਰਗਟ ਹੁੰਦੇ ਹਨ। ਘੜਾ ਮਨੁੱਖ ਨੂੰ ਆਪਣੀ ਮਿੱਟੀ ਦੀ ਅਵਸਥਾ ਤੋਂ ਲੈ ਕੇ ਟੁੱਟਣ ਤਕ ਵੱਖ-ਵੱਖ ਅਰਥਾਂ ਦਾ ਬੋਧਕ ਬਣਦਾ ਹੈ। ਘੜਾ ਮਨੁੱਖ ਨੂੰ ਸੱਚੀ-ਸੁੱਚੀ ਜੀਵਨ ਜਾਚ ਨਾਲ ਜੁੜਨ ਦਾ ਸੰਕੇਤ ਦਿੰਦਾ ਹੈ। ਜੀਵਨ ਦੀ ਹਰ ਹਾਲਤ ਵਿਚ ਵਿਸ਼ੇਸ਼ ਕਰਕੇ ਦੁੱਖਾਂ ਦੇ ਸਮੇਂ ਕਸ਼ਟਦਾਇਕ ਹਾਲਤ ਵਿਚ ਵੀ ਹੌਸਲਾ ਨਾ ਹਾਰਨ





*ਘੜੇ ਦਾ ਇਕ ਰੂਪ (ਉਪਰ) ਅਤੇ (ਹੇਠਾਂ) ਮਿੱਟੀ ਦਾ ਵਾਟਰ ਕੂਲਰ।*

ਦਾ ਸੰਦੇਸ਼ ਦਿੰਦਾ ਹੈ। ਮਨੁੱਖਾ ਜੀਵਨ ਵੀ ਤਾਂ ਘੜੇ ਦੀ ਨਿਆਈਂ ਹੈ। ਘੜੇ ਵਾਂਗ ਮਨੁੱਖ ਵੀ ਤਪਦਾ ਹੈ, ਘੜੇ ਵਾਂਗ ਮਨੁੱਖੀ ਸਰੀਰ ਵੀ ਨਾਸ਼ਵਾਨ ਹੈ। ਮਨੁੱਖ ਦੀ ਅੰਤਿਮ ਯਾਤਰਾ ਸਮੇਂ ਵੀ ਘੜਾ ਮਨੁੱਖ ਦਾ ਸਾਥ ਨਿਭਾਉਂਦਾ ਹੈ। ਘੜਾ ਭੰਨ੍ਹਣ ਦੀ ਰਸਮ ਮਨੁੱਖੀ ਸਰੀਰ ਦੀ ਨਾਸ਼ਵਾਨਤਾ ਦੀ ਪ੍ਰਤੀਕ ਹੈ। ਕੱਚੇ ਘੜੇ ਨੇ ਸੋਹਣੀ ਨੂੰ ਅਮਰ ਬਣਾ ਦਿੱਤਾ। ਕੱਚਾ ਘੜਾ ਮਨੁੱਖ ਨੂੰ ਕਿਸੇ ਵਾਸਤੇ ਕੁਰਬਾਨੀ ਕਰਨ, ਨੇਕੀ ਕਮਾਉਣ, ਕਿਸੇ ਦੇ ਕੰਮ ਆਉਣ, ਕੀਤੇ ਕੌਲ-ਕਰਾਰ ਨਿਭਾਉਣ ਦਾ ਪ੍ਰਤੀਕ ਹੈ। ਕੱਚਾ ਘੜਾ ਦਗਾ ਕਮਾਉਣ, ਧੋਖਾ ਦੇਣ ਦਾ ਪ੍ਰਤੀਕ ਬਣ ਕੇ ਵੀ ਉਭਰਦਾ ਹੈ। ਪੰਜਾਬ ਦੀਆਂ ਕਈ ਲੋਕ ਕਹਾਣੀਆਂ ਵਿਚ ਘੜਾ ਅਹਿਮ ਤੇ ਉਪਯੋਗੀ ਵਸਤੂ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਸਮਾਜ ਅਤੇ ਲੋਕ ਸਾਹਿਤ ਵਿਚ ਮਿੱਟੀ, ਘੜਾ, ਕੱਚਾ ਘੜਾ, ਤਿੜਕਿਆ ਘੜਾ, ਟੁੱਟਿਆ ਘੜਾ ਵੱਖ-ਵੱਖ ਤਰ੍ਹਾਂ ਦੇ ਪ੍ਰਤੀਕਾਂ ਵਜੋਂ ਜਾਣਿਆ ਜਾਂਦਾ ਹੈ।

ਘੜਿਆਂ ਵਿਚ ਭਰ ਕੇ ਰੱਖੇ ਪਾਣੀ ਨੂੰ ਪੀਣ ਵਾਲੇ ਸਮੇਂ ਹੁਣ ਬੀਤੇ ਦੀ ਬਾਤ ਬਣ ਕੇ ਰਹਿ ਗਏ ਹਨ। ਪਿਛਲੇ ਕੁਝ ਸਾਲਾਂ ਤੋਂ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਕਰਨ ਵੱਲ ਲੋਕਾਂ ਦਾ ਰੁਝਾਨ ਮੁੜ ਵਧ ਰਿਹਾ ਹੈ। ਫਰਿੱਜ ਦੇ ਪਾਣੀ ਦੀ ਥਾਂ 'ਤੇ ਕੁਝ ਲੋਕ ਮਿੱਟੀ ਦੇ ਘੜੇ ਦਾ ਪਾਣੀ ਪੀਣ ਨੂੰ ਤਰਜੀਹ ਦੇਣ ਲੱਗੇ ਹਨ। ਕਈਆਂ ਨੂੰ ਡਾਕਟਰ ਮਿੱਟੀ ਦੇ ਘੜੇ ਦਾ ਪਾਣੀ ਪੀਣ ਦੀ ਸਲਾਹ ਦੇਣ ਲੱਗੇ ਹਨ। ਘੜੇ ਦੇ ਪਾਣੀ ਨੂੰ ਸਿਹਤ ਲਈ ਗੁਣਕਾਰੀ ਸਮਝਿਆ ਜਾਂਦਾ ਹੈ। ਵਿਗਿਆਨੀਆਂ ਅਨੁਸਾਰ ਜਦੋਂ ਮਿੱਟੀ ਪਾਣੀ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਪ੍ਰਦੂਸ਼ਿਤ ਪਾਣੀ ਵਿਚਲੇ ਨਾਇਟਰੇਟ ਅੰਸ਼ ਵੱਖ ਹੋ ਜਾਂਦੇ ਹਨ। ਇਹ ਕੁਦਰਤੀ ਕਿਰਿਆ ਸਿਰਫ਼ ਘੜੇ ਦੇ ਪਾਣੀ ਵਿਚ ਹੀ ਹੁੰਦੀ ਹੈ। ਇਸ ਪੱਖ ਤੋਂ ਘੜੇ ਦਾ ਪਾਣੀ ਪੀਣ ਵਾਸਤੇ ਸ਼ੁੱਧ ਸਮਝਿਆ ਜਾਂਦਾ ਹੈ। ਘੜੇ ਦੇ ਪਾਣੀ ਦੀ ਲਗਾਤਾਰ ਵਰਤੋਂ ਕਰਨ ਨਾਲ ਸਰੀਰ ਵਿਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਿਚ ਵਾਧਾ ਹੁੰਦਾ ਹੈ। ਘੜੇ ਦਾ ਪਾਣੀ ਪੀਣ ਨਾਲ ਪਾਚਣ ਪ੍ਰਣਾਲੀ ਵੀ ਠੀਕ ਤੇ ਚੁਸਤ-ਦਰੁਸਤ ਰਹਿੰਦੀ ਹੈ। ਘੜੇ ਦਾ ਪਾਣੀ ਗਲੇ 'ਤੇ ਮਾੜਾ ਪ੍ਰਭਾਵ ਨਹੀਂ ਪਾਉਂਦਾ। ਘੜੇ ਦਾ ਪਾਣੀ ਕੁਦਰਤੀ ਤੌਰ 'ਤੇ ਠੰਢਾ ਹੁੰਦਾ ਹੈ ਤੇ ਕੁਦਰਤੀ ਗੁਣਾਂ ਨਾਲ ਭਰਪੂਰ ਹੁੰਦਾ ਹੈ। ਸਮੇਂ ਦਾ ਗੇੜ ਅਤੇ ਵਕਤ ਦੀਆਂ ਲੋੜਾਂ ਕਾਰਨ ਹੁਣ ਮਿੱਟੀ ਦੇ ਭਾਂਡਿਆਂ ਦੀ ਥਾਂ 'ਤੇ ਰਸੋਈ ਵਿਚ ਸਟੀਲ, ਪਿੱਤਲ, ਨੌਨ-ਸਟਿੱਕ, ਅਲੂਮੀਨੀਅਮ ਤੇ ਹੋਰ ਧਾਤਾਂ ਦੇ ਬਰਤਨਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਕਹਿੰਦੇ ਹਨ, ਅਜੇ ਵੀ ਮਿੱਟੀ ਦੇ ਭਾਂਡੇ ਵਿਚ ਜਮਾਏ ਦਹੀਂ ਨੂੰ ਗੁਣਾਂ ਦੇ ਹਿਸਾਬ ਨਾਲ ਬਿਹਤਰ ਸਮਝਿਆ ਜਾਂਦਾ ਹੈ। ਲੋਕ ਜੀਵਨ ਤੇ ਲੋਕ ਸਾਹਿਤ ਵਿਚ ਘੜੇ ਬਣਾਉਣ ਵਾਲੇ ਕਾਰੀਗਰ ਨੂੰ ਬਹੁਤ ਉਚਾ ਦਰਜਾ ਦਿੱਤਾ ਗਿਆ ਹੈ। ਮਾਣ-ਸਤਿਕਾਰ ਵਜੋਂ ਉਸ ਨੂੰ ਸਿਰਜਕ ਕਿਹਾ ਜਾਂਦਾ ਹੈ। ਵਧੀਆ ਕਾਰੀਗਰ ਆਪਣੇ ਹੱਥੀਂ ਬਣਾਏ ਘੜਿਆਂ ਨੂੰ ਵੇਲ-ਬੂਟਿਆਂ, ਆਕ੍ਰਿਤੀਆਂ ਆਦਿ ਨਾਲ ਸਜਾਉਂਦੇ ਹਨ ਤੇ ਰੰਗਾਂ ਨਾਲ ਸ਼ਿੰਗਾਰਦੇ ਹਨ। ਹੁਣ ਘੜੇ ਤੇ ਮਿੱਟੀ ਦੇ ਹੋਰ ਭਾਂਡੇ ਬਣਾਉਣ ਵਾਲੇ ਕਾਰੀਗਰ ਘਟ ਰਹੇ ਹਨ। ਉਨ੍ਹਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਵਾਜਬ ਮੁੱਲ ਨਹੀਂ ਮਿਲਦਾ। ਇਸੇ ਕਰਕੇ ਹੀ ਇਸ ਪਿਤਾ-ਪੁਰਖੀ ਲੋਕ ਕਿੱਤੇ ਨੂੰ ਨਵੀਂ ਪੀੜ੍ਹੀ ਅਪਣਾਉਣ ਤੋਂ ਮੂੰਹ ਮੋੜ ਰਹੀ ਹੈ।

ਹੁਣ ਦੇ ਸਮਿਆਂ ਵਿਚ ਵੀ ਗਰਮੀ ਦੇ ਮੌਸਮ ਵਿਚ ਘੜਿਆਂ ਦੀ ਮੰਗ ਵਧ ਜਾਂਦੀ ਹੈ। ਕਾਰੀਗਰਾਂ ਨੇ ਤਾਂ ਹੁਣ ਮਿੱਟੀ ਦੇ ਵਾਟਰ ਕੂਲਰ ਵੀ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਘੜੇਨੁਮਾ ਵਾਟਰ ਕੂਲਰਾਂ ਵਿਚੋਂ ਪਾਣੀ ਦੀ ਨਿਕਾਸੀ ਲਈ ਅਗਲੇ ਪਾਸੇ ਇਕ ਟੂਟੀ ਲਗਾ ਦਿੱਤੀ ਗਈ ਹੈ। ਉਂਜ ਕਾਰੀਗਰਾਂ ਦੀ ਘਾਟ ਕਾਰਨ ਇਸ ਕਿੱਤੇ ਨੂੰ ਢਾਹ ਲੱਗੀ ਹੈ ਪਰ ਪੰਜਾਬੀ ਲੋਕ ਗੀਤਾਂ ਵਿਚ ਘੜੇ ਦੀ ਗੱਲ ਕਿਸੇ ਨਾ ਕਿਸੇ ਪ੍ਰਸੰਗ ਵਿਚ ਹੁੰਦੀ ਰਹਿਣੀ ਹੈ:

ਲੋਕਾਂ ਦੀਆਂ ਕੁੜੀਆਂ ਤਾਂ ਦੋ ਦੋ ਘੜੇ ਚੁੱਕਦੀਆਂ
ਮੇਰਾ ਘੜਾ ਕਿਉਂ ਡੋਲਦਾ ਨੀਂ
ਮੇਰਾ ਮਾਹੀ ਬੰਗਲੇ ਵਿਚ ਬੋਲਦਾ ਨੀਂ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਅਕਤੂਬਰ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-397



*ਚੁੰਨੀ ਦਾ ਬਣਾ ਝੂਲਾ ਬਾਹੀ ਨਾਲ ਬੰਨ੍ਹਿਆ, ਨਿੱਕੇ ਨੂੰ ਸੁਆ ਮਾਂ ਲੱਗ ਗਈ ਆਹਰ।*
*ਖੇਡਦਾ ਵੱਡਾ, ਅੱਖ ਬਚਾ ਕੇ ਲੱਗਾ ਛੇੜਨ, ਦੇਖ ਲਿਆ ਤਾਂ ਭੱਜ ਜਾਊਂ ਬਾਹਰ।*

## ਕੈਪਸ਼ਨ ਮੁਕਾਬਲਾ-395



ਹੱਡ ਭੰਨਵੀਂ ਕਰੀ ਕਮਾਈ
ਮਿਹਨਤਾਂ ਰੰਗ ਲਿਆਈਆਂ।
ਸੋਨੇ ਰੰਗੀਆਂ ਢੇਰ ਛੱਲੀਆਂ
ਵਿਚ ਵਿਹੜੇ ਦੇ ਆਈਆਂ।
ਸਾਰਾ ਟੱਬਰ ਸਾਂਭਣ ਜੁਟਿਆ
ਕਿਤੇ ਹੋ ਨਾ ਜਾਣ ਪਰਾਈਆਂ।

***-ਜਗਮੀਤ ਸਿੰਘ ਪੰਧੇਰ, ਕੈਨੇਡਾ***
***ਫੋਨ: 1-431-887-7222***

---

ਖੇਤੋਂ ਲਿਆ ਕੇ ਡੁੰਗ ਕੇ ਛੱਲੀਆਂ
ਟੋਕਰੇ ਭਰ ਭਰ ਖਿਲਾਰਨ ਵਿਹੜੇ।
ਸੁਕਾ ਕੇ ਭੋਰਨੇ ਨੇ ਫਿਰ ਦਾਣੇ,
ਜਾਣਨ ਘਾਲਾਂ ਘਾਲਦੇ ਜਿਹੜੇ।
ਅੰਨਦਾਤਾ ਦਿਨ-ਰਾਤ ਇੱਕ ਕਰਦਾ
ਜੀਅ, ਜੀਅ ਦਾ ਢਿੱਡ ਹੈ ਭਰਦਾ।

***-ਦਵਿੰਦਰ ਕੌਰ***

---

ਅੱਧੀ ਸਦੀ ਪਹਿਲਾਂ ਦਾ ਬਚਪਨ ਵਾਲਾ
ਨਜ਼ਾਰਾ ਚੇਤੇ ਆ ਗਿਆ।
ਖੇਤਾਂ 'ਚ ਹੀ ਛੱਲੀਆਂ ਭੁੰਨਣਾ
ਭੱਠੀ ਵਾਲੀਆਂ ਖਿੱਲ੍ਹਾਂ ਦਾ ਸੀਨ ਛਾ ਗਿਆ।
ਛੱਲੀਆਂ ਕੁੱਟ ਕੇ, ਗੁੱਲ ਚੁਗ ਕੇ
ਟੱਬਰ ਨੂੰ ਸਾਂਝੀਵਾਲਤਾ ਦੇ ਰਾਹ ਪਾ ਗਿਆ।

***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਭਾਦੋਂ ਵਿਚ ਆ ਘਟਾ ਘਨਘੋਰ ਛਾਈ ਹੈ।
ਕਿਸਾਨ ਦੀ ਮੁੱਠੀ ਵਿਚ ਜਾਨ ਆਈ ਹੈ।
ਆ ਗਿਆ ਥਰੈਸ਼ਰ ਕਟਾਉਣ ਛੱਲੀਆਂ।
ਚੁੱਕੇ ਜਦੋਂ ਟੋਕਰੇ ਤਾਂ ਬਾਹੀ ਪੈਣ ਖੱਲੀਆਂ।

***-ਸੇਵਾ ਸਿੰਘ ਨੂਰਪੁਰੀ***

---

ਗੋਡੇ-ਗੋਡੇ ਧੁੱਪ ਚੜ੍ਹੀ ਹੈ
ਸਿਖਰ ਦੁਪਹਿਰਾ ਹੋਇਆ।
ਮੁੜ੍ਹਕੋ-ਮੁੜਕੀ ਟੱਬਰ ਸਾਰਾ
ਖੂਨ ਪਸੀਨਾ ਚੋਇਆ।
ਰੇਹ ਕੂੜੇ ਤੇ ਕੀਟਨਾਸ਼ਕਾਂ
ਖਾਲੀ ਕਰ'ਤੀ ਝੋਲੀ,
ਲੁੱਟ ਦੇ ਭਾਅ ਵਪਾਰੀ ਲੈ ਗਏ
ਸਸਤੀ ਲਾ ਕੇ ਬੋਲੀ।
ਚੋਰਾਂ ਦੇ ਨਾਲ ਰਲ ਗਈ ਕੁੱਤੀ
ਪਹਿਰੂ ਸੌਂ ਗਏ ਸਾਰੇ,
ਲੁੱਟਿਆ ਗਿਆ ਕਿਸਾਨ ਵਿਚਾਰਾ
ਜੋੜ ਦੁਹੱਥੜਾ ਮਾਰੇ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਕਿਸਾਨ ਖੇਤਾਂ 'ਚ ਹੱਡ ਤੋੜ ਕੰਮ ਕਰਦਾ।
ਫਸਲ ਪੱਕੀ ਲੱਗ ਗਈਆਂ ਰੌਣਕਾਂ।
ਫਲਾਂ, ਸਬਜੀਆਂ ਦੇ ਭੰਡਾਰ
ਲਾਲ, ਪੀਲੇ, ਸੁਨਹਿਰੀ ਨਜ਼ਰ ਆਉਂਦੇ।
ਮੁੜ੍ਹਕਾ ਹੜਾ ਜੇਠ-ਹਾੜ ਦੀਆਂ ਧੁੱਪਾਂ 'ਚ
ਮਜਦੂਰ ਕਿਸਾਨ ਦਾ ਪਿੰਡਾ ਵੀ
ਸੁਰਖ ਹੋ ਹੋ ਸੁਨਹਿਰੀ ਹੋ ਜਾਂਦਾ।
ਇਹੀ ਅੰਨ-ਦਾਤਾ ਸਭ ਦਾ ਢਿੱਡ ਭਰਦਾ।
ਮੁੜਕਾ ਸੁੱਕਣ ਤੋਂ ਪਹਿਲਾਂ ਉਸ ਦਾ ਮੁੱਲ
ਉਸ ਨੂੰ ਮਿਲ ਜਾਣਾ ਚਾਹੀਦਾ।
ਨਿਰਾਸ਼ਾ 'ਚੋਂ ਚੰਗਿਆੜੀਆਂ ਫੁੱਟਦੀਆਂ
ਬਣ ਭਾਂਬੜ ਲੋਟੂਆਂ ਦਾ ਨਾਸ ਕਰ ਜਾਣ।

***-ਦਰਸ਼ਨਪਾਲ ਦੋਸਾਂਝ***

## ਕੈਪਸ਼ਨ ਮੁਕਾਬਲਾ-394

ਟਾਵਾਂ ਵਿਰਲਾ ਹੀ
ਕਾਨੂੰਨ ਦੀ ਕਦਰ ਹੈ ਕਰਦਾ।
ਤਾਂਹੀਓਂ ਹਰ ਦਿਨ
ਨਵਾਂ ਚੰਦ ਸੜਕਾਂ 'ਤੇ ਚੜ੍ਹਦਾ।
ਵਾਧੂ ਲੱਦ ਕੇ ਸੁਵਾਰੀਆਂ
ਹਰ ਕੋਈ ਖੁਸ਼ੀ ਦਿਖਾਵੇ
ਨਗਦ ਨਰਾਇਣ ਦੇ ਕੇ
ਨਾ ਕੋਈ ਚਲਾਨ ਕਰਾਵੇ।
ਰਿਸ਼ਵਤ ਮੇਰੇ ਦੇਸ ਲਈ
ਬਣ ਗਈ ਮੁਸੀਬਤ ਭਾਰੀ।
ਨਵਾਂ ਕਾਨੂੰਨ ਹੁਣ ਆ ਗਿਆ
ਚਲਾਨ ਕਰਦਾ ਮਹਿੰਗਾ।
ਜਿਵੇਂ ਵਿਆਹ ਵਾਲੀ ਦੁਲਹਨ ਲਈ
ਮਹਿੰਗਾ ਹੋ ਗਿਆ ਲਹਿੰਗਾ।
ਕਾਨੂੰਨ ਦੀ ਕਰੋ ਕਦਰ ਆਪ ਵੀ
ਨਾਲੇ ਹੋਰਾਂ ਨੂੰ ਸਮਝਾਓ।
ਆਪ ਸਿੱਧੇ ਪਓ ਰਸਤੇ
ਨਾ ਪੁੱਠੇ ਭੁਲ ਕੇ ਜਾਓ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-640-6660***

# ਪੰਜਾਬੀ ਭਾਸ਼ਾ ਅਤੇ ਪੰਜਾਬੀਅਤ



ਤਸਕੀਨ

ਅੱਜ ਪੰਜਾਬ ਆਪਣਾ ਇਤਿਹਾਸ ਦੁਹਰਾਉਂਦਿਆਂ ਆਪਣੇ ਆਪ ਨਾਲ ਤੇ ਹਾਕਮ ਹਿੰਦੁਤਵੀ ਵਿਚਾਰਧਾਰਾ ਦੇ ਪੈਂਤੜਿਆਂ ਨਾਲ ਜੂਝ ਰਿਹਾ ਹੈ। ਭਾਰਤ ਨੂੰ ਹਰ ਪਾਸੇ ਇਕਹਿਰੇ ਰੰਗ ਵਿਚ ਰੰਗਣ ਵਾਲੀ ਇਸ ਵਿਚਾਰਧਾਰਾ ਨੂੰ ਪੰਜਾਬ ਚੁਣੌਤੀ ਦੇ ਰਿਹਾ ਹੈ। ਮਜ਼ਲੂਮ ਬਣਾ ਦਿੱਤੀ ਗਈ ਕਸ਼ਮੀਰੀ ਕੌਮ ਦੇ ਹੱਕਾਂ ਲਈ ਡਟਿਆ ਖੜ੍ਹਾ ਹੈ। ਆਪਣੀ ਵਿਰਾਸਤ ਦੇ ਵਿਸਥਾਰ ਲਈ ਇਸ ਵੇਲੇ ਪੰਜਾਬੀਆਂ ਅੰਦਰ ਪੂਰਾ ਜੋਸ਼ ਹੈ। ਜੋਸ਼ ਨਾਲ ਹੋਸ਼ ਜਾਂ ਬੌਧਿਕ ਅਗਵਾਈ ਦੀ ਵੱਧ ਲੋੜ ਹੁੰਦੀ ਹੈ। ਇਸ ਲਈ ਜੋਸ਼ ਦੇ ਨਾਲ ਨਾਲ ਹੋਸ਼/ਚਿੰਤਨ ਦੇ ਵਿਰਸੇ ਨੂੰ ਫਰੋਲਣਾ ਵੀ ਜ਼ਰੂਰੀ ਹੈ, ਕਿਉਂਕਿ ਹੋਸ਼ ਤੋਂ ਬਿਨਾ ਜੋਸ਼ ਨੇ ਪੰਜਾਬ ਨੂੰ ਲੰਮਾ ਸਮਾਂ ਸੰਕਟ ਭੋਗਣ ਦੇ ਰਾਹ ਪਾਇਆ ਅਤੇ ਉਹ ਹੱਕੀ ਸਿਆਸੀ ਲੜਾਈ ਨੂੰ ਵੀ ਬਹਿਕਦੇ ਰੋਹ ਵਿਚ ਰੋੜ੍ਹਦਾ ਗਿਆ।

ਪੰਜਾਬੀ ਸਦੀਆਂ ਤੋਂ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਟੱਕਰ ਦੇਣ ਵਾਲੀ ਕੌਮ ਹਨ, ਇਸੇ ਲਈ ਮਨੂ ਸਮਰਿਤੀ ਇਸ ਨੂੰ 'ਮਲੇਸ਼ ਦੇਸ਼' ਵਜੋਂ ਸੰਬੋਧਿਤ ਹੁੰਦੀ ਹੈ। ਬਾਬਾ ਨਾਨਕ ਨੇ ਇਸ ਵਿਚਾਰਧਾਰਾ ਨਾਲ ਟੱਕਰਨ ਵਾਲੀ ਬਾਣੀ ਦੀ ਰਚਨਾ ਕੀਤੀ ਅਤੇ ਸਥਾਪਤੀ ਵਿਰੁਧ ਨੀਚਾਂ ਨਾਲ ਖੜ੍ਹੇ ਹੋਣ ਦਾ ਚਿੰਤਨ ਪੰਜਾਬੀਅਤ ਦੀਆਂ ਰਗਾਂ ਵਿਚ ਖੂਨ ਬਣ ਕੇ ਦੌੜਦਾ ਰਿਹਾ। ਗੁਰੂ ਗੋਬਿੰਦ ਸਿੰਘ ਸਾਹਮਣੇ ਅਜਿਹੀ ਹਾਲਤ ਆ ਗਈ ਕਿ ਸਥਾਪਤੀ ਵਿਰੁਧ ਕੇਵਲ ਕਲਮ ਹੀ ਨਹੀਂ ਸਗੋਂ ਹਥਿਆਰਾਂ ਦੀ ਲੋੜ ਵੀ ਮਹਿਸੂਸ ਹੋਈ। ਹੋਸ਼ ਪਹਿਲਾਂ ਅਤੇ ਉਸ ਦੀ ਰਾਖੀ ਲਈ ਜੋਸ਼ ਦੀ ਲੋੜ ਨੇ ਪੰਜਾਬੀਅਤ ਨੂੰ ਨਵਾਂ ਹੁਲਾਰਾ ਦਿੱਤਾ। ਬਾਬਾ ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਵਾਰਿਸ ਸ਼ਾਹ ਸਭ ਪੰਜਾਬੀਅਤ ਨੂੰ ਜੋਸ਼ ਨਾਲ ਹੋਸ਼ ਰਾਹੀਂ ਸਿੰਜਦੇ ਰਹੇ ਅਤੇ ਮੁੱਖਧਾਰਾ ਤੋਂ ਬੇਖੌਫ ਉਸ ਖਿਲਾਫ ਦਰਸ਼ਨ ਦਾ ਵਿਸਥਾਰ ਕਰਦੇ ਰਹੇ। ਉਨ੍ਹਾਂ ਦਾ ਚਿੰਤਨ ਸੰਸਾਰ ਨੂੰ ਸੰਬੋਧਨ ਕਰਦਾ ਹੈ, ਇਸੇ ਲਈ ਉਹ ਭਾਸ਼ਾਈ ਵਲਗਣਾਂ ਤੋਂ ਪਾਰ ਸਥਾਪਤੀ ਵਿਰੁਧ ਮਨੁੱਖ ਦੇ ਹੋਣ ਦੀ ਲੜਾਈ ਲੜਦੇ ਹਨ। ਭਗਤ ਸਿੰਘ ਨੇ ਬਸਤੀਵਾਦੀ ਤੇ ਬੁਰਜੂਆ ਵਿਚਾਰਧਾਰਾ ਦੇ ਖਿਲਾਫ ਜੋਸ਼ ਰਾਹੀਂ ਸਮਾਜਵਾਦੀ ਹੋਸ਼ (ਚਿੰਤਨ) ਨੂੰ ਅਗਲਾ ਵਿਸਥਾਰ ਦਿੱਤਾ; ਭਾਵ ਪੰਜਾਬੀਆਂ ਦਾ ਇਤਿਹਾਸ ਹਾਕਮ ਵਿਚਾਰਧਾਰਾ ਖਿਲਾਫ ਜੋਸ਼ ਅਤੇ ਹੋਸ਼ ਨਾਲ ਟੱਕਰਨ ਦਾ ਇਤਿਹਾਸ ਬਣ ਕੇ ਮਜ਼ਲੂਮ ਨੂੰ ਤਾਕਤ ਦੇਣ ਦਾ ਇਤਿਹਾਸ ਹੈ ਅਤੇ ਅੱਜ ਨਵੇਂ ਮੋੜ 'ਤੇ ਪਹੁੰਚਦਿਆਂ ਹਿੰਦੁਤਵ ਦੇ ਵਿਕਰਾਲ ਸੰਸਾਰ ਨਾਲ ਟੱਕਰਨ ਦੇ ਦੌਰ ਵਿਚੋਂ ਲੰਘ ਰਿਹਾ ਹੈ। ਪੰਜਾਬ ਇਸ ਨੂੰ ਹਰ ਪੱਧਰ ਤੇ ਟੱਕਰ ਦੇਣ ਦੀ ਕੋਸ਼ਿਸ਼ ਵਿਚ ਹੈ।

ਰੌਲਾ ਇਹ ਪੈ ਰਿਹਾ ਹੈ ਕਿ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਰੇਡੀਓ ਇੰਟਰਵਿਊ ਵਿਚ ਹਿੰਦੀ ਬਾਰੇ ਕਿਹਾ: 'ਇਹ ਸਾਰਿਆਂ ਨੂੰ ਬੋਲਣੀ ਚਾਹੀਦੀ ਹੈ। ਜੇ ਹਿੰਦੀ ਪੜ੍ਹਦੇ ਜਾਂ ਫਿਲਮਾਂ ਦੇਖਦੇ ਹਾਂ ਤਾਂ ਬੋਲਣ ਵਿਚ ਕੀ ਹਰਜ ਹੈ। ਜਦੋਂ ਜਰਮਨੀ ਵਿਚ ਸਾਰੇ ਜਰਮਨ ਬੋਲਦੇ ਹਨ ਅਤੇ ਫਰਾਂਸ ਵਿਚ ਸਾਰੇ ਫਰਾਂਸੀਸੀ ਤਾਂ ਹਿੰਦੋਸਤਾਨ ਵਿਚ ਹਿੰਦੀ ਕਿਉਂ ਨਹੀਂ।' ਬਦਕਿਸਮਤੀ ਨੂੰ ਇਹ ਬਿਆਨ ਉਦੋਂ ਆਇਆ ਹੈ ਜਦੋਂ 'ਹਿੰਦੂ-ਹਿੰਦੀ-ਹਿੰਦੋਸਤਾਨ' ਰਾਹੀਂ ਭਾਰਤ ਨੂੰ ਇਕਹਿਰੇ ਰੰਗ ਵਿਚ ਰੰਗਣ ਦਾ ਬੁਲਡੋਜ਼ਰ ਚੱਲ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਦੀ ਨੂੰ ਸਾਰੇ ਭਾਰਤੀਆਂ ਨੂੰ ਪਹਿਲੀ ਭਾਸ਼ਾ ਵਜੋਂ ਵਰਤਣ ਦੀ ਤਾਕੀਦ ਕਰ ਦਿੱਤੀ (ਹਾਲਾਂਕਿ ਬਾਅਦ ਵਿਚ ਉਸ ਨੇ ਇਹ ਬਿਆਨ ਵਾਪਿਸ ਲੈ ਲਿਆ) ਅਤੇ ਪੰਜਾਬ ਵਿਚ ਇਕ ਹੋਰ ਲਿਖਾਰੀ ਇਸ ਦੀ ਤਾਕੀਦ ਕਰਦਾ ਫਤਵਾ, ਪੰਜਾਬੀ ਲੇਖਕ ਤੇਜਵੰਤ ਮਾਨ ਨੂੰ ਧਮਕੀ ਰਾਹੀਂ ਦਿੰਦਾ ਹੈ ਕਿ 'ਦੋ ਸਾਲ ਠਹਿਰੋ, ਫਿਰ ਦੱਸਾਂਗੇ।'

ਅਜਿਹੇ ਮਾਹੌਲ ਵਿਚ ਪੰਜਾਬੀ ਅਤੇ ਪੰਜਾਬੀਅਤ ਨੂੰ ਮਿਲ ਰਹੀ ਚੁਣੌਤੀ ਦੇ ਐਨ ਮੌਕੇ ਗੁਰਦਾਸ ਮਾਨ ਦਾ ਬਿਆਨ ਪੰਜਾਬੀ ਦੇ ਪਰਵਾਨਿਆਂ ਲਈ ਰੋਹ ਦਾ ਕਾਰਨ ਬਣਿਆ ਹੋਇਆ ਹੈ। ਇਹ ਮੌਕਾ ਮੇਲ ਹੀ ਇਸ ਰੋਹ ਦਾ ਮੁੱਖ ਕਾਰਨ ਹੈ। ਦੁਨੀਆ ਵਿਚ ਥਾਂ-ਥਾਂ ਉਸ ਖਿਲਾਫ ਵਿਖਾਵੇ ਹੋ ਰਹੇ ਹਨ ਅਤੇ ਸੋਸ਼ਲ ਮੀਡੀਆ ਉਪਰ ਵੀ ਉਸ ਵਿਰੁਧ ਹਨੇਰੀ ਝੁੱਲ ਰਹੀ ਹੈ। ਉਸ ਖਿਲਾਫ ਅਜਿਹੀ ਸ਼ਬਦਾਵਲੀ ਵਰਤੀ ਜਾ ਰਹੀ ਹੈ ਜੋ ਸਭਿਅਕ ਸਮਾਜ ਨੂੰ ਸੋਭਾ ਨਹੀਂ ਦਿੰਦੀ। ਉਸ ਦੇ ਵਿਚਾਰਾਂ ਨਾਲ ਸੰਵਾਦ ਰਾਹੀਂ ਵਿਰੋਧ ਜਿਤਾਇਆ ਜਾ ਸਕਦਾ ਹੈ, ਕਿਉਂਕਿ ਉਸ ਦੀਆਂ ਹਿੰਦੀ ਦੇ ਹੱਕ ਵਿਚ ਦਲੀਲਾਂ ਬਹੁਤ ਕਮਜ਼ੋਰ ਅਤੇ ਇਤਿਹਾਸ ਵਿਰੋਧੀ ਹਨ, ਹਾਲਾਂਕਿ ਉਸ ਨੇ ਹਿੰਦੀ ਦੀ ਬਜਾਏ ਹਿੰਦੋਸਤਾਨੀ ਭਾਸ਼ਾ ਦੀ ਵਕਾਲਤ ਕੀਤੀ ਜੋ ਪਹਿਲਾਂ ਬੌਲੀਵੁੱਡ ਦੀ ਭਾਸ਼ਾ ਹੈ ਅਤੇ ਉਹ ਵੀ ਦੱਖਣ ਦੇ ਪ੍ਰਸੰਗ ਵਿਚ। ਉਸ ਨੇ ਹਿੰਦੋਸਤਾਨੀ ਨੂੰ ਮਾਂ ਨਹੀਂ, ਮਾਸੀ ਕਿਹਾ ਹੈ ਅਤੇ ਕਦੇ ਪੰਜਾਬੀਆਂ ਦੀ ਇਹ ਮਾਸੀ ਫਾਰਸੀ ਅਤੇ ਉਰਦੂ ਵੀ ਰਹੀਆਂ ਹਨ। ਗੁਰਦਾਸ ਮਾਨ ਦੀ ਸਮੁੱਚੀ ਹੋਂਦ ਅਤੇ ਪੰਜਾਬੀ ਜ਼ਬਾਨ, ਸਭਿਆਚਾਰ ਅਤੇ ਸਮਾਜ 'ਚ ਪਾਏ ਉਸ ਦੇ ਯੋਗਦਾਨ ਨੂੰ ਇਕ ਵਾਢਿਓਂ ਰੱਦ ਕਰਨਾ ਅਕ੍ਰਿਤਘਣਤਾ ਹੋਵੇਗੀ। ਪੰਜਾਬੀ ਸਮਾਜ ਅਜਿਹਾ ਨਹੀਂ ਕਰ ਸਕਦਾ। ਪੰਜਾਬੀਆਂ ਦਾ ਅਜਿਹੇ ਬਿਆਨ 'ਤੇ ਗੁੱਸਾ ਕਰਨਾ ਜਾਇਜ਼ ਹੋ ਸਕਦਾ ਹੈ ਅਤੇ ਜੋਸ਼ 'ਚ ਆਉਣਾ ਵੀ ਜਾਇਜ਼ ਹੈ, ਮਗਰ ਹੋਸ਼ ਦੇ ਮੰਤਰ ਤੋਂ ਬਿਨਾ ਜੋਸ਼ ਗਲਤ ਲੀਹੇ ਚੜ੍ਹ ਜਾਂਦਾ ਹੈ।

ਗੁਰਦਾਸ ਮਾਨ ਨਾਲ ਸੰਵਾਦ ਰਚਾਉਣ ਲਈ ਥੋੜ੍ਹਾ ਇਤਿਹਾਸ ਵੱਲ ਮੁੜਨਾ ਪਵੇਗਾ। ਪੰਜਾਬੀਆਂ ਕੋਲ ਹਮੇਸ਼ਾ ਇਕ ਸੰਪਰਕ ਭਾਸ਼ਾ ਰਹੀ ਹੈ ਜੋ ਉਸ ਨੂੰ ਪੂਰੇ ਭਾਰਤ ਜਾਂ ਸੰਸਾਰ ਨਾਲ ਜੋੜਦੀ ਰਹੀ ਹੈ। ਮਾਨ ਖੁਦ ਕਹਿੰਦਾ ਹੈ, "ਹਰ ਭਾਸ਼ਾ ਸਿੱਖੋ, ਸਿੱਖਣੀ ਵੀ ਚਾਹੀਦੀ ਪਰ ਪੱਕੀ




ਵੇਖ ਕੇ ਕੱਚੀ ਨਹੀਂ ਢਾਈਦੀ।" ਉਹ ਪੰਜਾਬੀ ਨੂੰ ਦੇਸ਼ ਦੀ 'ਰਕਾਨ' ਕਹਿਣ ਵਾਲਾ ਲੇਖਕ ਹੈ। ਜਿਸ ਨੂੰ ਰਕਾਨ ਦੇ ਅਰਥ ਨਹੀਂ ਪਤਾ, ਉਹ ਮਾਨ ਨੂੰ ਨਹੀਂ ਸਮਝ ਸਕਦਾ। ਭਾਰਤ ਵਿਚ ਲਿਖੀ ਜਾਣ ਵਾਲੀ ਕਿਤਾਬੀ ਹਿੰਦੀ ਹਿੰਦੋਸਤਾਨ ਦੇ ਕਿਸੇ ਵੀ ਖਿੱਤੇ ਦੀ ਭਾਸ਼ਾ ਨਹੀਂ। ਇਹ ਹਿੰਦੁਤਵ ਦੀ ਸਿਆਸਤ ਵਿਚੋਂ ਕੱਲ੍ਹ ਜੰਮੀ ਭਾਸ਼ਾ ਹੈ। ਫਿਲਮਾਂ ਦੀ ਭਾਸ਼ਾ ਹਿੰਦੀ ਨਹੀਂ, ਉਹ ਹਿੰਦੋਸਤਾਨੀ ਜਾਂ ਹਿੰਦਵੀ ਹੈ ਜੋ ਕਈ ਸਦੀਆਂ ਤੋਂ ਮੌਜੂਦ ਸੀ ਤੇ ਅੱਜ ਵੀ ਭਾਰਤ ਦੇ ਬਹੁਤ ਸਾਰੇ ਲੋਕ ਇਸ ਨੂੰ ਬੋਲ ਜਾਂ ਸਮਝ ਲੈਂਦੇ ਹਨ ਪਰ ਲਿਖੀ ਜਾਂ ਪੜ੍ਹੀ ਜਾਣ ਵਾਲੀ ਹਿੰਦੀ ਨੂੰ ਹਿੰਦੀ ਖੇਤਰ ਦੇ ਪੜ੍ਹੇ ਲੋਕ ਹੀ ਲਿਖ ਪੜ੍ਹ ਸਮਝ ਸਕਦੇ ਹਨ। ਮਾਨ ਦਾ ਜਰਮਨ ਦੀ ਭਾਸ਼ਾ ਜਰਮਨੀ ਅਤੇ ਫਰਾਂਸ ਦੀ ਭਾਸ਼ਾ ਫਰਾਂਸੀਸੀ ਵਾਲਾ ਨੁਕਤਾ ਯੂਰੋਪੀਅਨ ਇਤਿਹਾਸ ਬਾਰੇ ਨਾਸਮਝੀ ਵਿਚੋਂ ਪੈਦਾ ਹੋਇਆ ਹੈ। ਆਧੁਨਿਕ ਯੂਰੋਪ ਵਿਚ ਪੈਦਾ ਹੋਏ ਕੌਮੀਅਤ ਦੇ ਸਿਧਾਂਤ 'ਤੇ ਲੰਮੀ ਚੌੜੀ ਚਰਚਾ ਯੂਰੋਪ ਦੀਆਂ ਲਾਇਬਰੇਰੀਆਂ ਦੀ ਜ਼ੀਨਤ ਹੈ।

ਜੂਲੀਅਸ ਸੀਜ਼ਰ ਨੇ ਲੋਅਰ ਜਰਮਨ ਦੇ ਕਬੀਲਿਆਂ ਨੂੰ ਹਰਾ ਕੇ ਇਸ ਨੂੰ ਰੋਮਨ ਸਾਮਰਾਜ ਦਾ ਹਿੱਸਾ ਬਣਾ ਲਿਆ। ਇਹ ਚਾਰ ਕਬੀਲਿਆਂ ਜਰਮਨ, ਗਾਲ, ਇੰਗਲਿਸ਼ ਅਤੇ ਬੈਲਜੀਅਸ ਦਾ ਸਮੂਹ ਸੀ ਜਿਨ੍ਹਾਂ ਦੀ ਵੱਖ ਵੱਖ ਭਾਸ਼ਾ ਸੀ। ਰੋਮਨ ਸਾਮਰਾਜ ਦਾ ਉਪਰਲਾ ਵਰਗ ਲੈਟਿਨ ਬੋਲਦਾ ਸੀ, ਜਿਵੇਂ ਸਾਡੇ ਫਾਰਸੀ ਬੋਲੀ ਜਾਂਦੀ ਸੀ। ਇਨ੍ਹਾਂ ਕਬੀਲਿਆਂ ਦੀ ਜਨਤਾ ਆਪੋ-ਆਪਣੀ ਭਾਸ਼ਾ ਬੋਲਦੀ ਸੀ। ਇਸ ਆਮ ਜਨਤਾ ਨਾਲ ਉਪਰਲੇ ਵਰਗ ਨੂੰ ਸਥਾਨਕ ਸੰਪਰਕ ਭਾਸ਼ਾ ਸਿੱਖਣੀ ਪੈਂਦੀ, ਜਿਵੇਂ ਫਾਰਸੀਦਾਨਾਂ ਨੂੰ ਪੰਜਾਬੀ, ਗੁਜਰਾਤੀ, ਮਰਾਠੀ, ਬੰਗਾਲੀ ਆਦਿ। ਜਿਵੇਂ ਜਰਮਨੀ, ਫਰਾਂਸੀਸੀ, ਇੰਗਲਿਸ਼ ਕੌਮਾਂ ਆਧੁਨਿਕ ਯੁੱਗ ਦੀ ਦੇਣ ਹਨ ਅਤੇ ਉਨ੍ਹਾਂ ਦੀ ਇਕ ਕੌਮੀ ਭਾਸ਼ਾ ਹੈ, ਹਿੰਦੋਸਤਾਨ ਉਸ ਤਰ੍ਹਾਂ ਦਾ ਇਕ ਕੌਮੀ ਦੇਸ਼ ਨਹੀਂ। ਇਹ ਅਜਿਹੇ ਭੂਗੋਲਿਕ ਖਿੱਤੇ ਵਿਚ ਬੱਝਾ ਬਹੁਕੌਮੀ ਦੇਸ਼ ਹੈ ਜਿਥੇ ਪੰਜਾਬੀ, ਬੰਗਾਲੀ, ਮਰਾਠੀ, ਕਸ਼ਮੀਰੀ, ਤਮਿਲ, ਗੁਜਰਾਤੀ ਆਦਿ ਵੱਖ-ਵੱਖ ਕੌਮਾਂ ਹਨ ਅਤੇ ਵੱਖ-ਵੱਖ ਉਨ੍ਹਾਂ ਦੀ ਬੋਲੀ ਹੈ। ਸੰਪਰਕ ਭਾਸ਼ਾ ਹੋਣੀ ਚਾਹੀਦੀ ਪਰ ਹਿੰਦੀ ਹੀ ਕਿਉਂ? ਕਿਉਂਕਿ ਰਾਜ ਹਿੰਦੂਵਾਦੀ ਵਿਚਾਰਾਂ ਦੇ ਹੱਥ ਵਿਚ ਹੈ ਅਤੇ ਉਹ ਭਾਰਤ ਦੇ ਸੰਘੀ ਢਾਂਚੇ ਦੀ ਬਹੁਕੌਮੀ ਸਭਿਆਚਾਰਕ ਖੂਬਸੂਰਤੀ ਨੂੰ ਇਕੋ ਹਿੰਦੁਤਵੀ ਰੰਗ ਵਿਚ ਡੋਬਣ ਲਈ ਦ੍ਰਿੜ ਹਨ।

ਆਜ਼ਾਦੀ ਦਾ ਸੰਘਰਸ਼ ਆਜ਼ਾਦੀ ਦੇ ਨਾਲ ਨਾਲ ਫਿਰਕੂ ਰੰਗ ਗੂੜ੍ਹਾ ਕਰਨ ਦਾ ਇਤਿਹਾਸ ਵੀ ਹੈ। ਸਾਵਰਕਰ ਦੇ ਦੋ ਕੌਮਾਂ ਦੇ ਸਿਧਾਂਤ ਵਿਚੋਂ ਪਾਕਿਸਤਾਨ ਨੇ ਜਨਮ ਲਿਆ ਪਰ ਮਸਲਾ ਉਥੇ ਦਾ ਉਥੇ ਹੈ; ਭਾਵ ਧਰਮ ਕਦੇ ਕੌਮ ਨਹੀਂ ਹੋ ਸਕਦਾ। ਇਸ ਹਿਸਾਬ ਨਾਲ ਸਿੱਖ, ਬੋਧੀ, ਜੈਨ, ਪਾਰਸੀ, ਇਸਾਈ ਆਦਿ ਵੀ ਸਭ ਕੌਮਾਂ ਹਨ ਪਰ ਕੌਮ ਕਿਸੇ ਭਾਸ਼ਾ ਤੇ ਉਸ ਦੇ ਸਭਿਆਚਾਰ ਵਿਚੋਂ ਹੋਂਦ ਵਿਚ ਆਉਂਦੀ ਹੈ। ਧਰਮ ਨੂੰ ਕੌਮ ਮੰਨਿਆ ਜਾਵੇ ਤਾਂ ਇਸਾਈਆਂ, ਬੋਧੀਆਂ, ਮੁਸਲਮਾਨਾਂ ਦਾ ਇਕ ਇਕ ਦੇਸ਼ ਹੋਣਾ ਚਾਹੀਦਾ ਹੈ ਪਰ ਅਜਿਹਾ ਨਹੀਂ ਹੋ ਸਕਦਾ, ਕਿਉਂਕਿ ਕੌਮ ਨੂੰ ਕੌਮ ਬਣਾਉਣ ਲਈ ਭਾਸ਼ਾ ਅਤੇ ਉਸ ਦਾ ਸਭਿਆਚਾਰ ਲਾਜ਼ਮੀ ਹੈ। ਪੰਜਾਬੀ ਨੂੰ ਹਿੰਦੀ ਦੇ ਰੰਗ ਵਿਚ ਨਹੀਂ ਰੰਗਿਆ ਜਾ ਸਕਦਾ। ਇਹ ਉਸੇ ਤਰ੍ਹਾਂ ਦਾ ਯਤਨ ਹੈ, ਜਿਵੇਂ ਲਹਿੰਦੇ ਪੰਜਾਬ ਵਿਚ ਜਗੀਰੂ ਉਚ ਵਰਗ ਨੇ ਉਰਦੂ ਦਾ ਜੂਲਾ ਪੰਜਾਬੀ ਦੇ ਗਲ ਵਿਚ ਪਾਇਆ ਹੋਇਆ ਹੈ ਅਤੇ ਆਮ ਲੋਕਾਂ ਕੋਲੋਂ ਉਨ੍ਹਾਂ ਦੀ ਭਾਸ਼ਾ ਖੋਹਣ ਦਾ ਯਤਨ ਹੁੰਦਾ ਆ ਰਿਹਾ ਹੈ।

ਪੰਜਾਬੀ ਜ਼ਬਾਨ ਨਾਲ ਪਿਆਰ ਕਰਨ ਵਾਲੇ ਗੁਰਦਾਸ ਮਾਨ ਨੂੰ ਕਈ ਲੋਕ, ਭੱਦੇ ਵਿਸ਼ੇਸ਼ਣਾਂ ਨਾਲ ਨਵਾਜ਼ ਰਹੇ ਹਨ। ਇਸ ਬਿਆਨ ਨਾਲੋਂ ਵੱਧ ਮਾਰੂ ਕਾਰਜ ਉਸ ਨੇ ਡੇਰਾਵਾਦੀ ਬਣ ਕੇ ਡੇਰਿਆਂ ਦੀ ਤਰੱਕੀ ਵਿਚ ਚੋਖਾ 'ਯੋਗਦਾਨ' ਪਾਉਂਦਿਆਂ ਕੀਤਾ। ਉਸ ਵੇਲੇ ਉਸ ਦੇ ਖਿਲਾਫ ਕੋਈ ਨਹੀਂ ਬੋਲਿਆ, ਕਿਉਂਕਿ ਉਹ ਇਹ ਕੌੜੀ ਦਵਾਈ ਪੀਰਵਾਦੀ ਜਗੀਰੂ ਵਿਚਾਰਧਾਰਾ ਦੀ ਚਾਸ਼ਨੀ ਵਿਚ ਡੋਬ ਕੇ ਖੁਆ ਰਿਹਾ ਸੀ। ਗੁਰਦਾਸ ਮਾਨ ਨੇ ਸ਼ਬਦ ਦੇ ਪੱਧਰ ਤੇ ਜਗੀਰੂ ਵੈਲੀਪੁਣੇ ਅਤੇ ਫਿਰਕੂ ਜ਼ਹਿਰ ਖਿਲਾਫ ਲਗਾਤਾਰ ਚਾਰ ਦਹਾਕੇ ਕੰਮ ਕੀਤਾ ਹੈ ਅਤੇ ਆਪਣੇ ਨਿਵੇਕਲੇ ਵਿਚਾਰਾਂ ਨਾਲ ਪੰਜਾਬੀਅਤ ਦੀ ਫਸਲ ਨੂੰ ਸਿੰਜਿਆ ਹੈ। ਵੈਲੀ ਸਭਿਆਚਾਰ ਪੰਜਾਬ ਨੂੰ ਘੁਣ ਵਾਂਗ ਖਾ ਰਿਹਾ ਹੈ। ਗੁਰਦਾਸ ਮਾਨ ਦਾ ਲਿਖਣ ਅਤੇ ਗਾਉਣ ਦਾ ਨਿਵੇਕਲਾ ਤਰੀਕਾ ਜੈਵਿਕ ਬੁੱਧੀਵਾਨਾਂ ਵਾਲਾ ਹੈ ਜਿਸ ਨੂੰ ਕਦੇ ਵੀ ਖਾਰਿਜ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੀਤਾ ਜਾਣਾ ਚਾਹੀਦਾ ਹੈ।

ਕੋਈ ਵੀ ਮਨੁੱਖ ਸੰਪੂਰਨ ਨਹੀਂ ਹੁੰਦਾ। ਸਿੱਧੂ ਮੂਸੇਵਾਲਾ ਤੇ ਗੁਰਦਾਸ ਮਾਨ ਲਈ ਇਕੋ ਜਿਹੀ ਭਾਸ਼ਾ ਨਾਲ ਅਸੀਂ ਆਪਣਾ ਹੋਸ਼ ਨਾ ਗਵਾਈਏ। ਮੁਸ਼ਕਿਲ ਦੌਰ ਵਿਚੋਂ ਲੰਘ ਰਹੇ ਪੰਜਾਬੀਆਂ ਦੇ ਜੋਸ਼ ਨੂੰ ਸਲਾਮ ਪਰ ਹੋਸ਼/ਚਿੰਤਨ ਜੱਦੋ-ਜਹਿਦ ਵਿਚ ਜ਼ਰੂਰੀ ਹੁੰਦੇ ਹਨ। ਗੁਰਦਾਸ ਨੂੰ ਪੰਜਾਬੀ ਦੁਸ਼ਮਣ ਕਰਾਰ ਦੇ ਕੇ ਅਸੀਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਸਲੀ ਦੁਸ਼ਮਣਾਂ ਦੇ ਹੱਥ ਮਜ਼ਬੂਤ ਕਰ ਰਹੇ ਹੋਵਾਂਗੇ, ਕਿਉਂਕਿ ਮਾਨ ਕਿਸੇ ਵੀ ਤਰ੍ਹਾਂ ਉਸ ਪਾਲੇ ਦਾ ਹਮਸਫਰ ਨਹੀਂ। ਉਹ ਸੋਸ਼ਲ ਮੀਡੀਆ ਨੂੰ ਵਿਅੰਗ ਨਾਲ ਸੰਬੋਧਿਤ ਸੀ ਪਰ ਮਾਨ ਲਈ ਅੱਜ ਟਰੌਲਿੰਗ ਯੁੱਗ ਵਿਚ ਨਜਿੱਠਣਾ ਸੌਖਾ ਨਹੀਂ ਜਿੱਥੇ ਸਾਰੇ ਹੀ ਮੁਨਸਿਫ ਹਨ। ਇਸ ਮਾਧਿਅਮ ਨਾਲ ਜੁੜੇ ਲੋਕਾਂ ਦਾ ਆਪ ਭਾਵੇਂ ਸਮਾਜਿਕ ਸਰੋਕਾਰਾਂ ਵਿਚ ਕੋਈ ਯੋਗਦਾਨ ਹੋਵੇ ਜਾਂ ਨਾ ਹੋਵੇ ਪਰ ਉਹ ਰੋਮਿਲਾ ਥਾਪਰ ਨੂੰ ਫਿਕਸ਼ਨ ਲੇਖਕ ਲਿਖ ਕੇ ਉਸ ਨੂੰ ਡਿਗਰੀਆਂ ਪੁੱਛਣ ਦੀ ਆਦਤ ਜ਼ਰੂਰ ਰੱਖਦੇ ਹਨ। ਸਾਡੀ ਨਾਰਾਜ਼ਗੀ ਦੀ ਭਾਸ਼ਾ ਨੇ ਮਾਨ ਨੂੰ ਵੀ ਉਸੇ ਭਾਸ਼ਾ ਦੇ ਰਾਹੇ ਤੋਰ ਦਿੱਤਾ ਹੈ। ਗੁਰਦਾਸ ਮਾਨ ਨੂੰ ਵੀ ਗੁੱਸੇ ਤੋਂ ਨਹੀਂ, ਹੋਸ਼ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਦਲੀਲ ਨਾਲ ਇਸ ਮਸਲੇ ਨੂੰ ਨਜਿੱਠਣਾ ਚਾਹੀਦਾ ਹੈ। ਮਾਨ ਮਾਨਵੀ ਸਮਾਜਿਕ ਸਰੋਕਾਰਾਂ ਨੂੰ ਪ੍ਰਨਾਇਆ ਬੰਦਾ ਅਤੇ ਗੁਣਾਂ ਦੀ ਗੁਥਲੀ ਹੈ। ਪੰਜਾਬੀਆਂ ਦਾ ਉਸ ਲਈ ਇੰਨਾ ਗੁੱਸਾ ਜਾਇਜ਼ ਨਹੀਂ।

# ਪੰਜਾਬੀ ਲਈ ਬੱਝਵੀਂ ਮੁਹਿੰਮ ਚੱਲੇ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਲਮੀ ਪੱਧਰ 'ਤੇ ਭਾਰਤ ਦੀ ਪਛਾਣ ਬਣਾਉਣ ਲਈ ਹਿੰਦੀ ਅਪਨਾਉਣ ਦੀ ਸਲਾਹ ਦਿੱਤੀ। ਇਧਰ ਪੰਜਾਬੀ ਭਾਸ਼ਾ ਦੇ ਨਾਂ 'ਤੇ ਬਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਕਿਸੇ ਜ਼ਿੰਮੇਵਾਰ ਅਹੁਦੇ 'ਤੇ ਬਿਰਾਜਮਾਨ ਬੰਦੇ ਨੇ ਪੰਜਾਬੀ ਲਈ ਨਿਰਾਦਰ ਭਰੇ ਸ਼ਬਦ ਬੋਲ ਦਿੱਤੇ। ਦੋਵੇਂ ਗੱਲਾਂ ਇਕ ਹੀ ਦਿਸ਼ਾ ਵਿਚ ਹਨ। ਇਕ ਦੂਜੀ ਦੇ ਸਹਾਰੇ ਇਕ ਹੀ ਸੇਧ ਸਪਸ਼ਟ ਕਰਦੀਆਂ ਹਨ।

ਸੁੱਚਾ ਸਿੰਘ ਖੱਟੜਾ

ਅਮਿਤ ਸ਼ਾਹ ਦੀ ਇਹ ਸਫਾਈ ਕਿ ਉਨ੍ਹਾਂ ਦੇ ਕਥਨ ਵਿਚ ਕਿਸੇ ਹੋਰ ਭਾਸ਼ਾ ਦੀ ਕੀਮਤ 'ਤੇ ਹਿੰਦੀ ਨੂੰ ਅੱਗੇ ਵਧਾਉਣ ਦੀ ਗੱਲ ਨਹੀਂ ਸੀ, ਨਿਰਾ ਝੂਠ ਹੈ। ਅਸਲ ਵਿਚ ਇਹ ਦੋ ਘਟਨਾਵਾਂ ਤਾਂ ਜ਼ਰੂਰ ਹਨ ਪਰ ਸਰੋਤ ਇਕ ਹੀ ਹੈ - ਵਿਚਾਰਧਾਰਾ। ਜਦੋਂ ਭਾਸ਼ਾ ਦੇ ਆਧਾਰ 'ਤੇ ਪੰਜਾਬ ਦੇ ਪੁਨਰਗਠਨ ਦਾ ਪ੍ਰਸ਼ਨ ਉਠਿਆ ਤਾਂ ਪੰਜਾਬੀ ਵਿਰੁਧ ਅੱਜ ਦੀ ਭਾਜਪਾ ਜੋ ਉਦੋਂ ਜਨਸੰਘ ਦੇ ਨਾਂ ਨਾਲ ਜਾਣੀ ਜਾਂਦੀ ਸੀ, ਨੇ 1961 ਦੀ ਜਨਗਣਨਾ ਸਮੇਂ ਪੰਜਾਬੀ ਬਾਰੇ ਕੀ ਕਿਹਾ ਸੀ, ਉਹ ਤਾਂ ਨਹੀਂ ਦੁਹਰਾਵਾਂਗੇ ਪਰ ਇਕ ਅਖਬਾਰ ਰਾਹੀਂ ਹਿੰਦੂਆਂ ਨੂੰ ਆਪਣੀ ਮਾਤ ਭਾਸ਼ਾ ਹਿੰਦੀ ਲਿਖਾਉਣ ਲਈ ਕਿਹਾ ਗਿਆ ਸੀ।

ਭਾਜਪਾ ਦੀ ਇਕ ਰਾਸ਼ਟਰ, ਇਕ ਧਰਮ, ਇਕ ਸਭਿਆਚਾਰ, ਇਕ ਕਾਨੂੰਨ, ਇਕ ਟੈਕਸ ਆਦਿ ਸਭ ਧਾਰਨਾਵਾਂ ਦਾ ਸਰੋਤ ਉਸ ਦੀ ਵਿਚਾਰਧਾਰਾ ਨਾਲ ਜੋੜ ਕੇ ਨਹੀਂ ਦੇਖਿਆ ਜਾਂਦਾ, ਜਿਹੜੀ ਆਰਥਿਕ ਖੇਤਰ ਵਿਚ ਮੁਨਾਫਾ ਆਧਾਰਤ ਕਾਰਪੋਰੇਟੀ ਪੂੰਜੀਵਾਦ ਹੈ ਅਤੇ ਸਭਿਆਚਾਰਕ ਖੇਤਰ ਵਿਚ ਮਨੂਵਾਦ ਦੇ ਨਾਲ-ਨਾਲ ਹਿੰਦੂ-ਹਿੰਦੁਤਵੀ ਹੈ। ਭਾਰਤ ਵਿਚ ਅਨੇਕਤਾ ਵਿਚ ਏਕਤਾ ਦੀ ਥਾਂ ਅਨੇਕਤਾ ਉਤੇ ਸਮਰੂਪਤਾ ਹੈ। ਪੰਜਾਬੀ ਹਿਤੈਸ਼ੀਆਂ ਨੂੰ ਇਹ ਸੱਚ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਭਾਜਪਾ ਦਾ ਭਾਸ਼ਾਈ ਏਜੰਡਾ ਵਿਸਥਾਰਤ ਰਾਸ਼ਟਰੀ ਏਜੰਡੇ ਦਾ ਹਿੱਸਾ ਹੈ। ਇਸ ਦਾ ਵਿਰੋਧ ਜ਼ਰੂਰੀ ਹੈ। ਇਹ ਵਿਰੋਧ ਪੰਜਾਬੀ ਭਾਸ਼ਾ ਦੀ ਰਾਖੀ ਲਈ ਹੋਣ ਦੇ ਨਾਲ ਨਾਲ ਸੰਵਿਧਾਨ ਵਿਚ ਮਾਨਤਾ ਪ੍ਰਾਪਤ ਸਾਰੀਆਂ ਭਾਸ਼ਾਵਾਂ ਅਤੇ ਮਾਨਤਾ ਲਈ ਜੂਝ ਰਹੀਆਂ ਭਾਸ਼ਾਵਾਂ ਦੀ ਰਾਖੀ ਦੀ ਹੱਦ ਤਕ ਜਾਣਾ ਚਾਹੀਦਾ ਹੈ।

ਪ੍ਰਸ਼ਨ ਉਠਦਾ ਹੈ ਕਿ ਮਾਂ-ਬੋਲੀ ਪੰਜਾਬੀ ਦੀ ਰਾਖੀ ਲਈ ਕੀ ਕੀਤਾ ਜਾਵੇ? ਜ਼ਰੂਰੀ ਹੈ ਕਿ ਇਹ ਤੈਅ ਕਰਨ ਲਈ ਪਹਿਲਾਂ ਇਹ ਤੈਅ ਕੀਤਾ ਜਾਵੇ ਕਿ ਇਸ ਨੂੰ ਖਤਰੇ ਕਿਹੜੇ ਹਨ? ਇਹ ਕਿਹੜੀਆਂ ਕਮੀਆਂ ਦੀ ਸ਼ਿਕਾਰ ਰਹੀ ਹੈ? ਕਿਸੇ ਦੇ ਬਿਆਨ 'ਤੇ ਉਬਾਲੇ ਮਾਂ-ਬੋਲੀ ਬਾਰੇ ਜਜ਼ਬਾਤੀ ਲਗਾਓ ਦਾ ਪ੍ਰਤੀਕ ਤਾਂ ਹੋ ਸਕਦੇ ਹਨ ਪਰ ਇਹ ਮਾਂ-ਬੋਲੀ ਦੀ ਰਾਖੀ ਲਈ ਮੁਹਿੰਮ ਨਹੀਂ ਬਣ ਸਕਦੇ। ਉਂਜ ਇਸ ਬਾਰੇ ਚੰਡੀਗੜ੍ਹ ਵਾਸੀਆਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਜਿਹੜੇ ਸਾਲਾਂ ਤੋਂ ਚੰਡੀਗੜ੍ਹ ਵਿਚ ਮਾਂ-ਬੋਲੀ ਦੇ ਵਸੇਬੇ ਲਈ ਸੰਘਰਸ਼ ਕਰ ਰਹੇ ਹਨ। ਚੰਡੀਗੜ੍ਹ ਬਣਾਉਣ ਸਮੇਂ ਉਨ੍ਹਾਂ ਦੇ ਪਿੰਡਾਂ ਦੇ ਉਜਾੜੇ ਦੇ ਨਾਲ ਹੀ ਮਾਂ-ਬੋਲੀ ਪੰਜਾਬੀ ਵੀ ਉਜਾੜੀ ਗਈ ਸੀ। ਮਾਂ-ਬੋਲੀ ਲਈ ਚੰਡੀਗੜ੍ਹ ਵਾਸੀਆਂ ਨੇ ਕਿਸੇ ਅਮਿਤ ਸ਼ਾਹ ਦੇ ਬਿਆਨ ਦੀ ਉਡੀਕ ਨਹੀਂ ਕੀਤੀ, ਨਾ ਹੀ ਪਟਿਆਲਾ ਯੂਨੀਵਰਸਿਟੀ ਦੀ ਘਟਨਾ ਦੀ ਉਡੀਕ ਕੀਤੀ। ਮਾਂ-ਬੋਲੀ ਪੰਜਾਬੀ ਦੇ ਇਹ ਲਾਡਲੇ ਹਰ ਪੰਦਰਾਂ ਦਿਨ ਬਾਅਦ ਸੜਕਾਂ 'ਤੇ ਹੁੰਦੇ ਹਨ। ਅਸੀਂ ਇਧਰ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਦਫਤਰਾਂ ਦੇ ਹਰ ਪੱਧਰ ਉਤੇ ਲਾਗੂ ਨਹੀਂ ਕਰਵਾ ਸਕੇ। ਪੰਜਾਬੀ ਦੀ ਰਾਖੀ ਉਸ ਦੇ ਵਿਕਾਸ ਵਿਚ ਹੈ।

ਗੰਭੀਰਤਾ ਨਾਲ ਸੋਚਣਾ ਬਣਦਾ ਹੈ ਕਿ ਮਾਂ-ਬੋਲੀ ਦੀ ਰਾਖੀ ਇਕਾ-ਦੁੱਕਾ ਯਤਨਾਂ ਨਾਲ ਨਹੀਂ, ਕਿਸੇ ਬੱਝਵੀਂ ਵਿਉਂਤੀ ਮੁਹਿੰਮ ਦੇ ਸਿਰ 'ਤੇ ਹੀ ਸੰਭਵ ਹੈ। ਕੁਝ ਸੱਚ ਹਨ ਜਿਨ੍ਹਾਂ ਨੂੰ ਸਮਝਣਾ ਪੈਣਾ ਹੈ। ਮੰਨਣਾ ਪੈਣਾ ਹੈ ਕਿ ਇਨ੍ਹਾਂ ਦੇ ਹੁੰਦਿਆਂ ਇਨ੍ਹਾਂ ਵਿਚੋਂ ਹੀ ਰਸਤਾ ਲੈਣਾ ਪੈਣਾ ਹੈ। ਇਨ੍ਹਾਂ ਵਿਚੋਂ ਇਕ ਸੱਚ ਇਹ ਹੈ ਕਿ ਮਨੁੱਖ ਦੀ ਮੁੱਢਲੀ ਲੋੜ ਰੁਜ਼ਗਾਰ ਨਾਲ ਜੁੜੀ ਹੋਈ ਹੈ। ਅੰਗਰੇਜ਼ੀ ਭਾਸ਼ਾ ਨੂੰ ਰੁਜ਼ਗਾਰ ਦੀ ਗਾਰੰਟੀ ਸਮਝਦਿਆਂ ਪ੍ਰਾਈਵੇਟ ਹੀ ਨਹੀਂ, ਹੁਣ ਤਾਂ ਸਰਕਾਰੀ ਸਕੂਲਾਂ ਵਿਚ ਵੀ ਅੰਗਰੇਜ਼ੀ ਵਲ ਵਿਸ਼ੇਸ਼ ਤਵੱਜੋ ਦਿੱਤੀ ਜਾਣ ਲੱਗੀ ਹੈ। ਮਾਤ-ਭਾਸ਼ਾ ਵਿਚ ਮੁੱਢਲੀ ਸਿੱਖਿਆ ਲਈ ਮਹੱਤਤਾ ਯੂਨੈਸਕੋ ਤਕ ਪ੍ਰਵਾਨਿਤ ਹੈ।

ਸੋ, ਪਹਿਲੀ ਜੱਦੋ-ਜਹਿਦ ਇਹ ਬਨਦੀ ਹੈ ਕਿ ਪ੍ਰਾਈਵੇਟ ਸਕੂਲਾਂ ਵਿਚ ਅੰਗਰੇਜ਼ੀ ਭਾਸ਼ਾ ਬਤੌਰ ਵਿਸ਼ਾ ਹੀ ਪੜ੍ਹਾਉਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਸਿਖਾਉਣ ਦੇ ਮੰਤਵ ਨਾਲ ਅੰਗਰੇਜ਼ੀ ਗੰਭੀਰਤਾ ਨਾਲ ਪੜ੍ਹਾਉਣੀ ਚਾਹੀਦੀ ਹੈ। ਦਸਵੀਂ ਤਕ ਮਾਧਿਅਮ ਹਰ ਹਾਲ ਪੰਜਾਬੀ ਹੋਣਾ ਚਾਹੀਦਾ ਹੈ। ਇਸ ਕਾਰਜ ਲਈ ਸਰਕਾਰ ਨੂੰ ਕਈ ਤਰ੍ਹਾਂ ਦੇ ਉਪਾਅ ਸੁਝਾਏ ਜਾ ਸਕਦੇ ਹਨ। ਸੰਵਿਧਾਨ ਦੇ ਕਿਸੇ ਮੌਲਿਕ ਅਧਿਕਾਰ ਦੇ ਟਕਰਾਓ ਦੀ ਹਾਲਤ ਵਿਚ ਅਨੇਕਾਂ ਉਪਾਅ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਪੰਜਾਬ ਅੰਦਰ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਮਾਧਿਅਮ ਬਣਾਇਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਅੰਗਰੇਜ਼ੀ ਬਾਰੇ ਜਨਤਾ ਦੀ ਬਣੀ ਧਾਰਨਾ, ਤਰਕ ਨੂੰ ਪ੍ਰਮਾਣਾਂ ਦੇ ਆਧਾਰ ਉਤੇ ਝੁਠਲਾਉਣਾ ਪਵੇਗਾ। ਇਸ ਕੰਮ ਲਈ ਸਰਕਾਰ ਅਤੇ ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ ਨੂੰ ਕੋਈ ਸੰਗਠਨਾਤਮਕ ਉਪਰਾਲੇ ਕਰਨੇ ਪੈਣਗੇ। ਇਸ ਕਾਰਜ ਲਈ ਬਜਟ ਰਾਖਵਾਂ ਰੱਖਣਾ ਪਵੇਗਾ।

ਇਸ ਤੋਂ ਅਗਲਾ ਮੋਰਚਾ ਪੰਜਾਬੀ ਭਾਸ਼ਾ ਦੇ ਵਿਚਾਰਾਂ ਦੇ ਪ੍ਰਗਟਾਓ ਦੀ ਸਮਰੱਥਾ ਵਧਾਉਣ ਲਈ ਯੂਨੀਵਰਸਿਟੀ ਪੱਧਰ 'ਤੇ ਖੋਜ ਕਾਰਜ ਹੋਣੇ ਚਾਹੀਦੇ ਹਨ। ਜੇ ਅਜਿਹਾ ਨਹੀਂ ਹੁੰਦਾ ਤਾਂ ਅਨੇਕਾਂ ਸਮਾਜ, ਵਿਗਿਆਨ ਅਤੇ ਪੇਸ਼ੇਵਰ ਕੋਰਸਾਂ ਦੀਆਂ ਉਚੇਰੀਆਂ ਜਮਾਤਾਂ ਦਾ ਮਾਧਿਅਮ ਬਣਨ ਦੇ ਪੱਧਰ ਤਕ ਪੰਜਾਬੀ ਭਾਸ਼ਾ ਦਾ ਪਹੁੰਚਣਾ ਮੁਸ਼ਕਿਲ ਹੈ। ਹੋ ਸਕਦਾ ਹੈ, ਕੁਝ ਲੋਕ ਇਸ ਮਸਲੇ ਨੂੰ ਮਸਲਾ ਹੀ ਨਾ ਸਮਝਦੇ ਹੋਣ ਪਰ ਪੰਜਾਬੀ ਭਾਸ਼ਾ ਦਾ ਉਸ ਪੱਧਰ ਤਕ ਮਾਧਿਅਮ ਨਾ ਬਣ ਸਕਣ ਦਾ ਵੱਡਾ ਕਾਰਨ ਹੀ ਇਹ ਹੈ। ਇਹ ਕੰਮ ਵੀ ਸਰਕਾਰੀ ਪੱਧਰ ਉਤੇ ਹੀ ਹੋਵੇਗਾ।

ਇਸ ਕੰਮ ਲਈ ਸਾਹਿਤਕਾਰਾਂ ਅਤੇ ਪੰਜਾਬੀ ਪ੍ਰੇਮੀਆਂ ਨੂੰ ਕੋਈ ਅਜਿਹਾ ਸੰਗਠਨਾਤਮਕ ਢਾਂਚਾ ਖੜ੍ਹਾ ਕਰਨਾ ਚਾਹੀਦਾ ਹੈ ਜਿਹੜਾ ਸੂਬੇ ਤੋਂ ਇਲਾਵਾ ਦੇਸ਼ ਵਿਦੇਸ਼ ਤਕ ਪੰਜਾਬੀ ਭਾਸ਼ਾ ਵਿਚ ਰਚੇ ਸਾਹਿਤ ਨੂੰ ਆਮ ਲੋਕਾਂ ਤਕ ਲਿਆ ਸਕੇ। ਇਸ ਕਾਰਜ ਲਈ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਜੁੜੀਆਂ ਸਿਖਰਲੀਆਂ ਸੰਸਥਾਵਾਂ ਨੂੰ ਵੀ ਅਗਵਾਈ ਦੇਣ ਬਾਰੇ ਸੋਚਿਆ ਜਾ ਸਕਦਾ ਹੈ। ਇਸ ਮੰਚ ਤੋਂ ਅਨੇਕਾਂ ਪ੍ਰਕਾਰ ਦੇ ਯਤਨ ਹੋ ਸਕਦੇ ਹਨ। ਸਰਕਾਰੀ ਸਹਾਇਤਾ ਦੀ ਇਥੇ ਵੀ ਲੋੜ ਰਹੇਗੀ। ਜੇ ਇਸ ਮੰਚ ਤੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਨਸ਼ਿਆਂ ਆਦਿ ਦਾ ਭਖਵਾਂ ਮੁੱਦਾ ਵੀ ਜੋੜ ਲਿਆ ਜਾਵੇ ਤਾਂ ਸਮਾਜ, ਸਾਹਿਤਕ, ਸਭਿਆਚਾਰਕ, ਸਮਾਜਿਕ ਸੰਗਠਨਾਂ ਤੋਂ ਇਲਾਵਾ ਧਾਰਮਿਕ ਸੰਗਠਨਾਂ ਨੂੰ ਵੀ ਪ੍ਰੋਗਰਾਮ ਕਰਾਉਣ ਲਈ ਪ੍ਰੇਰਿਆ ਜਾ ਸਕਦਾ ਹੈ।

ਪੰਜਾਬੀ ਦਾ ਕਿਸੇ ਭਾਸ਼ਾ ਨਾਲ ਟਕਰਾਓ ਨਹੀਂ ਹੈ। ਕਿਸੇ ਵੀ ਭਾਸ਼ਾ ਦਾ ਕਿਸੇ ਭਾਸ਼ਾ ਨਾਲ ਟਕਰਾਅ ਹੁੰਦਾ ਹੀ ਨਹੀਂ। ਬਿਲਕੁਲ ਇਵੇਂ ਜਿਵੇਂ ਵੱਖ-ਵੱਖ ਧਰਮਾਂ ਦਾ ਆਪਸੀ ਟਕਰਾਅ ਨਹੀਂ ਹੁੰਦਾ। ਬੱਸ, ਹੁਲੜਬਾਜ਼ ਪੈਰੋਕਾਰ ਹੀ ਟਕਰਾਓ ਖੜ੍ਹੇ ਕਰਦੇ ਹਨ। ਇਸ ਬਾਰੇ ਵਿਚ ਬਹੁਤ ਕੁਝ ਸਾਂਝਾ ਅਤੇ ਇਕ ਦੂਜੇ ਤੋਂ ਲੈ ਕੇ ਅਪਨਾਇਆ ਹੁੰਦਾ ਹੈ। ਇਸੇ ਤਰ੍ਹਾਂ ਭਾਸ਼ਾਵਾਂ ਦੇ ਆਪਸੀ ਰਿਸ਼ਤੇ ਹੁੰਦੇ ਹਨ ਪਰ ਭਾਜਪਾ ਨੂੰ ਹਿੰਦੀ-ਸੰਸਕ੍ਰਿਤ ਦੇ ਸੰਬੰਧ ਵਿਚ ਇਹ ਸਚਾਈ ਸਮਝਾਉਣੀ ਪੈਣੀ ਹੈ। ਹਿੰਦੀ ਵੱਡੇ ਖੇਤਰ ਵਿਚ ਬੋਲੀ ਜਾਂਦੀ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬੀ ਦਾ ਖੇਤਰ ਵੀ ਹਿੰਦੀ ਤੋਂ ਥੋੜ੍ਹਾ ਹੀ ਘੱਟ ਸੀ। ਭਾਜਪਾ ਨੂੰ ਕੀ ਹੱਕ ਹੈ ਕਿ ਉਹ ਹਿੰਦੀ ਦੇ ਨਾਂ 'ਤੇ ਸਿਆਸਤ ਕਰੇ? ਧਰਮ ਦੇ ਨਾਂ 'ਤੇ ਬਹੁਲਵਾਦ ਨੂੰ ਭਾਸ਼ਾਈ ਬਹੁਲਵਾਦ ਨਾਲ ਮਜ਼ਬੂਤ ਕਰਨ ਦੀ ਸਿਆਸਤ ਕਰੇ? ਇਸ ਖੇਡ ਨੂੰ ਦੇਸ਼ ਦੇ ਹਿਤ ਲਈ ਨੰਗਾ ਕਰਨਾ ਪਵੇਗਾ। ਮਾਂ-ਬੋਲੀ ਪੰਜਾਬੀ ਦੀ ਰਾਖੀ ਲਈ ਇਹ ਸਭ ਕੁਝ ਕਰਨਾ ਪਵੇਗਾ।

# ਧਰਤੀ ਦੀ ਮੇਰ-ਤੇਰ ਅਤੇ ਵਕਤ ਦੇ ਹੇਰ-ਫੇਰ ਦੀ ਵੇਦਨਾ ਤੇ ਦਾਸਤਾਨ



ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕਸ਼ਮੀਰ ਬਾਰੇ ਧਾਰਾ 370 ਹਟਾਏ ਜਾਣ ਨੇ ਜੰਮੂ ਕਸ਼ਮੀਰ ਦੀ ਮੇਰ-ਤੇਰ ਤੇ 1947 ਦੀ ਦੇਸ਼ ਵੰਡ ਦੀ ਹੀ ਨਹੀਂ, ਬੰਗਲਾ ਦੇਸ਼ ਦੇ ਪਾਕਿਸਤਾਨ ਨਾਲੋਂ ਟੁੱਟਣ ਦੀ ਦਾਸਤਾਨ ਵੀ ਮੀਡੀਆ ਦੇ ਫੋਕਸ ਵਿਚ ਲੈ ਆਂਦੀ ਹੈ। ਪਰਮਜੀਤ ਸਿੰਘ ਢੀਂਗਰਾ ਨੇ ਸੰਤਾਲੀ ਦੀ ਵੰਡ ਤੋਂ ਲੈ ਕੇ ਧਾਰਾ 370 ਦੇ ਖਤਮ ਹੋਣ ਤੱਕ ਦੀ ਰਚਨਾ 'ਕਸ਼ਮੀਰਨਾਮਾ' ਨੂੰ ਬੜੇ ਹੀ ਸੁਚੱਜੇ ਢੰਗ ਨਾਲ ਮੀਡੀਆ ਅੱਗੇ ਪੇਸ਼ ਕੀਤਾ ਹੈ। 'ਕਸ਼ਮੀਰਨਾਮਾ' ਦਾ ਮੂਲ ਲੇਖਕ ਅਸ਼ੋਕ ਕੁਮਾਰ ਪਾਂਡੇ ਹੈ, ਜਿਸ ਨੇ ਧਾਰਾ 370 ਨਾਲ ਜੁੜੀਆਂ ਰਾਜਨੀਤਕ ਤੇ ਸਭਿਆਚਾਰਕ ਗਤੀਵਿਧੀਆਂ ਦਾ ਵੇਰਵਾ ਏਨੇ ਵਿਸਥਾਰ ਵਿਚ ਦਿੱਤਾ ਹੈ ਕਿ ਧਾਰਾ 370 ਦੇ ਹਟਾਏ ਜਾਣ ਪਿਛੋਂ ਜੰਮੂ ਕਸ਼ਮੀਰ ਦੇ ਭਵਿੱਖ ਦੀ ਹੀ ਨਹੀਂ, ਪੂਰੇ ਦੇਸ਼ ਦੀ ਤਸਵੀਰ ਸਾਹਮਣੇ ਆ ਜਾਂਦੀ ਹੈ। ਇਹਦੇ ਨਾਲ ਇੱਕ ਦੇਸ਼ ਤੇ ਇੱਕ ਭਾਸ਼ਾ ਦੇ ਸੱਜਰੇ ਨਾਅਰੇ ਤੋਂ ਉਪਜਣ ਵਾਲੇ ਸੰਭਾਵੀ ਖਦਸ਼ੇ ਦਾ ਨਕਸ਼ਾ ਵੀ ਆ ਜੁੜਦਾ ਹੈ।

ਏਧਰ ਮੇਰੇ ਪਰਮ ਮਿੱਤਰ ਐਸ. ਐਸ. ਮੀਸ਼ਾ ਦੇ ਅੱਧੀ ਸਦੀ ਪੁਰਾਣੇ ਸਹਿਜ ਭਾਵਨਾ ਵਾਲੇ ਬੋਲ ਧਰਤੀ ਦੀ ਮੇਰ-ਤੇਰ ਤੇ ਵਕਤ ਦੇ ਹੇਰ-ਫੇਰ ਦੀ ਆਵਾਜ਼ ਬਣ ਕੇ ਹਵਾ ਵਿਚ ਤੈਰਦੇ ਦੇਖੇ ਤੇ ਸੁਣੇ ਜਾ ਸਕਦੇ ਹਨ। ਇਨ੍ਹਾਂ ਬੋਲਾਂ ਦਾ ਅਸਲ ਸੰਦੇਸ਼ ਵੀ ਸਹਿਜ ਭਾਵਨਾ ਨਾਲ ਅੱਗੇ ਆਇਆ ਹੈ। ਫਿਰੋਜ਼ਦੀਨ ਸ਼ਰਫ ਦੀ ਧਾਰਨਾ ਸਮੇਤ:

ਸਤਲੁਜ ਬਿਆਸ ਜਾਂ ਜਿਹਲਮ ਚਨਾਬ ਦੀ ਗੱਲ
ਰਾਵੀ ਕਰੇ ਹੁਣ ਕਿਹੜੇ ਪੰਜਾਬ ਦੀ ਗੱਲ।
ਪੱਤੀ ਪੱਤੀ ਵਲੂੰਦਰੀ ਗਈ ਉਸ ਦੀ
ਸ਼ਰਫ ਕਰਦਾ ਸੀ ਜਿਹੜੇ ਗੁਲਾਬ ਦੀ ਗੱਲ।

ਇਨ੍ਹਾਂ ਬੋਲਾਂ ਦਾ ਅੱਜ ਦੇ ਦਿਨ ਹਵਾ ਵਿਚ ਉਡਣਾ ਇਸ ਲਈ ਅਰਥ ਭਰਪੂਰ ਹੈ ਕਿ ਕਸ਼ਮੀਰ ਦੇ ਮਸਲੇ ਨਾਲ ਸਾਰੀ ਦੀ ਸਾਰੀ ਤਾਣੀ ਦੇ ਉਲਝਣ ਦਾ ਡਰ ਹੈ। ਮੀਸ਼ਾ ਅਜਿਹੀਆਂ ਹਾਲਤਾਂ ਨੂੰ ਤੇਰ-ਮੇਰ ਦੀ ਗੱਲ ਕਹਿ ਕੇ ਵਕਤ ਦੇ ਹੇਰ-ਫੇਰ ਨਾਲ ਜੋੜਦਾ ਹੈ,

ਸ਼ਾਮ ਦੀ ਨਾ ਸਵੇਰ ਦੀ ਗੱਲ ਹੈ,
ਵਕਤ ਦੇ ਹੇਰ-ਫੇਰ ਦੀ ਗੱਲ ਹੈ।
ਏਥੇ ਬਣਨੀ ਨਹੀਂ ਸੀ ਗੱਲ ਆਪਣੀ,
ਏਥੇ ਤਾਂ ਤੇਰ-ਮੇਰ ਦੀ ਗੱਲ ਹੈ।
ਕਿਹੜੀ ਸਭਿਅਤਾ ਦੀ ਬਾਤ ਪਾਉਂਦੇ ਹੋ
ਕਿਹੜੇ ਮਿੱਟੀ ਦੇ ਢੇਰ ਦੀ ਗੱਲ ਹੈ।

ਜੇ ਸੱਚ ਪੁੱਛੋ ਤਾਂ ਮੀਸ਼ਾ ਦੀ ਇਹ ਪਹੁੰਚ ਤੇ ਧਾਰਨਾ ਮੇਰੇ ਲਈ ਵੀ ਮਿੱਟੀ ਵਿਚ ਰੁਲ ਜਾਣੀ ਸੀ, ਜੇ ਬਰਜਿੰਦਰ ਸਿੰਘ ਹਮਦਰਦ ਦੀਆਂ ਦੋ ਨਵੀਆਂ ਸੰਗੀਤ ਐਲਬਮਾਂ ਮੇਰੇ ਵਿਹੜੇ ਪਰਵੇਸ਼ ਨਾ ਕਰਦੀਆਂ। ਇਨ੍ਹਾਂ ਕੈਸਟਾਂ ਦੇ ਨਾਂ ਹਨ (1) ਸੰਵੇਦਨਾ ਤੇ (2) ਦਾਸਤਾਂ। ਇਨ੍ਹਾਂ ਵਿਚ ਉਹ ਸਭ ਕੁਝ ਹੈ, ਜਿਸ ਦੀ ਅੱਜ ਦੇ ਸਮੇਂ ਨੂੰ ਲੋੜ ਹੈ। ਮਲੂਮ ਪੱਟੀ ਤੇ ਸੋਚ ਸਮਝ ਹੀ ਨਹੀਂ, ਮੀਸ਼ਾ ਦੀਆਂ ਮੱਤਾਂ ਦਾ ਸੱਚ ਵੀ,

ਏਥੇ ਕੁਝ ਵੀ ਆਪਣਾ ਨਹੀਂ
ਸਭ ਕੁਝ ਤੇਰਾ-ਮੇਰਾ ਹੈ।
ਇੱਕੋ ਘਰ ਦੇ ਜੀਆਂ ਦਾ
ਵੱਖੋ ਵਖਰਾ ਘੇਰਾ ਹੈ।

ਇਹ ਵੇਦਨਾ ਤੇ ਸੰਵੇਦਨਾ ਮੀਸ਼ਾ ਦੀਆਂ ਗਜ਼ਲਾਂ ਤੱਕ ਹੀ ਸੀਮਤ ਨਹੀਂ, ਉਸ ਦੇ ਗੀਤ ਵੀ ਮਾਨਵ ਜਾਤ ਦਾ ਧੀਰਜ ਬੰਨਾਉਣ ਦਾ ਉਨਾ ਹੀ ਦਾਅਵਾ ਕਰਦੇ ਹਨ। 'ਧਰਤੀ ਦੇ ਬੋਲ' ਨਾਂ ਦਾ ਗੀਤ ਬੰਦੇ ਨੂੰ ਸਹਿਜ ਸਿਆਣਪਾਂ ਪਾਲਣ ਲਈ ਪ੍ਰੇਰਦਾ ਹੈ,

ਦੋ ਪਲ ਕੋਲ ਖਲੋ ਵੇ ਮਾਹੀਆ
ਦੋ ਪਲ ਕੋਲ ਖਲੋਅ।
ਪੂੰਝ ਦਿਆਂ ਤੇਰੇ ਮੱਥੇ ਉਤੋਂ
ਮੁੜ੍ਹਕਾ ਰਿਹਾ ਏ ਚੋਅ।
ਦੱਸ ਖਾਂ ਬੀਬਾ ਕਾਹਦੀ ਜਲਦੀ
ਖਿੱਚ ਹੈ ਤੈਨੂੰ ਕਿਸ ਮੰਜ਼ਿਲ ਦੀ
ਕਿਸ ਵਾਅਦੇ ਤੋਂ ਡਰਦਾ ਏਂ ਤੂੰ
ਦੇਰ ਨਾ ਜਾਵੇ ਹੋ।
ਦੱਸ ਜਾ ਆਪਣਾ ਥਹੁ ਟਿਕਾਣਾ
ਕਿੱਥੋਂ ਤੁਰਿਆ ਕਿੱਥੇ ਜਾਣਾ
ਕਿਸ ਪੈਂਡੇ ਦੀ ਭਟਕਣ
ਤੇਰੇ ਪੈਰੀਂ ਗਈ ਸਮੋਅ।
ਤੱਕ ਲੈ ਮਹਿਕਦੀਆਂ ਗੁਲਜ਼ਾਰਾਂ
ਮਾਣ ਲੈ ਕੁੱਝ ਚਿਰ ਮੌਜ ਬਹਾਰਾਂ
ਜਾਂਦਾ ਪੱਲੇ ਬੰਨ੍ਹ ਲੈ ਜਾਵੀਂ
ਫੁੱਲਾਂ ਦੀ ਖੁਸ਼ਬੋ।

ਧਰਤੀ ਦੇ ਫੁੱਲਾਂ ਦੀ ਖੁਸ਼ਬੋ ਨੂੰ ਪਛਾਣਨ ਤੇ ਮਾਣਨ ਵਾਲਾ ਸਾਡਾ ਸਵਰਗਵਾਸੀ ਮਿੱਤਰ ਮੀਸ਼ਾ ਹੀ ਨਹੀਂ, ਇੰਨੇ ਵਰ੍ਹੇ ਪਹਿਲਾਂ ਦੀ ਸੁਗੰਧ ਨੂੰ ਮੀਸ਼ਾ ਦੇ ਪਾਠਕਾਂ ਤੇ ਮੱਦਾਹਾਂ ਤੱਕ ਪਹੁੰਚਾਉਣ ਵਾਲਾ ਉਸ ਦਾ ਜੂਨੀਅਰ ਮਿੱਤਰ ਬਰਜਿੰਦਰ ਸਿੰਘ ਹਮਦਰਦ ਵੀ ਹੈ, ਜਿਸ ਨੇ ਆਪਣੀ ਸਹਿਜ ਭਿੰਨੀ ਆਵਾਜ਼ ਵਿਚ ਇਸ ਖੁਸ਼ਬੋ ਨੂੰ ਮਾਣਿਆ, ਗਾਵਿਆ ਹੈ। ਇਸ ਧਰਤੀ ਦੀ ਖੁਸ਼ਬੋ ਨੂੰ ਮੇਰੇ ਦੋਵੇਂ ਮਿੱਤਰ ਲਹਿਜਾ ਤੇ ਪੈਂਤੜਾ ਬਦਲ ਕੇ ਦੁਹਰਾਉਂਦੇ ਹਨ,

ਖਬਰੇ ਕਦੋਂ ਕੁ ਹੋਏਗਾ ਜੱਗ ਸਾਰਾ ਆਪਣਾ
ਹਾਲੇ ਤਾਂ ਮਰ ਕੇ ਸਿਲਸਿਲਾ ਹੈ
ਤੇਰ-ਮੇਰ ਤੱਕ।
ਹਾਂ ਠੀਕ ਹੈ ਇਹੋ ਹੀ
ਬੱਸ ਜੀਵਨ ਦਾ ਮੁਅਜਜ਼ਾ
ਸਾਹਾਂ ਦਾ ਜੋ ਸੰਘਰਸ਼ ਹੈ
ਮਿੱਟੀ ਦੇ ਢੇਰ ਤੱਕ।

ਸਮੁੱਚੀ ਮਾਨਵਤਾ ਤੇ ਦੁਨੀਆਂ ਭਰ ਦੇ ਦੇਸ਼ਾਂ ਦੇ ਇੱਕ ਜੁੱਟ ਹੋਣ ਦਾ ਸੁਪਨਾ ਤਾਂ ਕੀ ਲਈਏ, ਨਵੀਂਆਂ ਪੌਣਾਂ ਟੁਕੜੇ ਟੁਕੜੇ ਹੋਏ ਹਿੰਦੁਸਤਾਨ ਨੂੰ ਹੋਰ ਵੀ ਖੇਰੂੰ ਖੇਰੂੰ ਕਰਨ ਦਾ ਦਾਈਆ ਲਾਉਂਦੀਆਂ ਲਗਦੀਆਂ ਹਨ। ਕਵੀ ਦਾ ਮਨ ਡਗਮਗਾ ਰਿਹਾ ਹੈ। ਇਕ ਮਨ ਨਿਰਾਸ਼ ਹੋ ਕੇ ਹੇਠ ਲਿਖੇ ਬੋਲ ਬੋਲਦਾ ਹੈ,

ਛੱਡੋ ਸੁਪਨੇ ਦੇ ਵਿਚ ਹੋਈਆਂ
ਗੱਲਾਂ ਪਿਛਲੇ ਪਹਿਰ ਦੀਆਂ।
ਸਾਗਰ ਦੇ ਪਿੱਛੇ ਨੇ ਰਹੀਆਂ
ਪੈੜਾਂ ਕਿਹੜੀ ਲਹਿਰ ਦੀਆਂ।

ਤਾਂ ਦੂਜਾ ਮਨ ਧਰਵਾਸ ਦੇਣੋਂ ਵੀ ਪਿੱਛੇ ਨਹੀਂ ਹਟਦਾ ਅਤੇ ਉਦਾਸ ਮਨ ਨੂੰ ਥਾਪੜਾ ਦਿੰਦਾ ਬੋਲ ਪੈਂਦਾ ਹੈ,

ਵਕਤ ਦੇ ਪੈਰਾਂ ਹੇਠ ਨਾ ਵਿਛੀਏ ਸੜਕਾ ਵਾਂਗੂ
ਗੜ੍ਹਕਦਿਆਂ ਬੱਦਲਾਂ ਦੇ ਵਾਂਗੂ ਸਿਰ 'ਤੇ ਛਾਈਏ।

ਕਵੀ ਦੀ ਇਹ ਸੋਚ ਵਕਤ ਦੇ ਹੇਰ-ਫੇਰ ਨੂੰ ਵੀ ਲਿਤਾੜਦੀ ਹੈ ਤੇ ਮਾਨਵਤਾ ਦੀ ਮੇਰ-ਤੇਰ ਦੀ ਭਾਵਨਾ ਨੂੰ ਵੀ। ਇਹ ਐਸ. ਐਸ. ਮੀਸ਼ਾ ਮੇਰਾ ਤੇ ਮੀਸ਼ੇ ਦਾ ਸਾਂਝਾ ਮਿੱਤਰ ਬਰਜਿੰਦਰ ਸਿੰਘ, ਮੀਸ਼ੇ ਦੀਆਂ ਗਜ਼ਲਾਂ ਤੇ ਗੀਤਾਂ ਦੀਆਂ ਅੱਧੀ ਦਰਜਨ ਸੰਗੀਤਕ ਐਲਬਮਾਂ ਭਰਵਾ ਚੁਕਾ ਹੈ। 'ਸੰਵੇਦਨਾ' ਤੇ 'ਦਾਸਤਾਂ' ਉਪਰ ਥੱਲੇ ਭਰੇ ਜਾਣਾ ਬਰਜਿੰਦਰ ਸਿੰਘ ਦੇ ਸ਼ੌਕ ਦੀ ਇੰਤਹਾ ਹੈ। ਗਾਇਕ ਨੂੰ ਉਸ ਦਾ ਸ਼ੌਕ ਮੁਬਾਰਕ ਤੇ ਸਾਨੂੰ ਉਸ ਦੀ ਸੋਅ!

**ਗੁਰਦੇਵ ਰੂਪਾਣਾ ਨੂੰ ਢਾਹਾਂ ਪੁਰਸਕਾਰ:** ਕੈਨੇਡਾ ਵਾਲਾ ਢਾਹਾਂ ਪੁਰਸਕਾਰ ਇਸ ਵਾਰੀ ਏਧਰਲੇ ਪੰਜਾਬ ਦੇ ਜਤਿੰਦਰ ਹਾਂਸ ਤੇ ਗੁਰਦੇਵ ਸਿੰਘ ਰੁਪਾਣਾ ਨੂੰ ਮਿਲਿਆ ਹੈ। ਰੁਪਾਣਾ ਦੇ ਪੁਰਸਕਾਰ ਦੀ ਰਾਸ਼ੀ ਸਵਾ ਪੰਜ ਲੱਖ ਰੁਪਏ ਹੈ ਤੇ ਹਾਂਸ ਦੀ ਇਸ ਤੋਂ ਢਾਈ ਗੁਣਾ। ਸਨਮਾਨਤ ਪੁਸਤਕਾਂ ਵਿਚ ਮੇਰੀ ਨਜ਼ਰੋਂ ਕੇਵਲ ਰੁਪਾਣਾ ਦਾ ਕਹਾਣੀ ਸੰਗ੍ਰਿਹ 'ਆਮ ਖਾਸ' ਲੰਘਿਆ ਹੈ, ਜਿਸ ਵਿਚ ਉਸ ਨੇ ਆਪਣੀ ਪਹਿਲਾਂ ਵਾਲੀ ਰਚਨਾਵਲੀ ਸਾਹਿਤਕ ਉਤਮਤਾ ਬਰਕਰਾਰ ਰੱਖੀ ਹੈ। ਨਿੱਕ-ਸੁੱਕ ਵਲੋਂ ਜੇਤੂਆਂ ਨੂੰ ਮੁਬਾਰਕਾਂ ਤੇ ਬਰਜਿੰਦਰ ਢਾਹਾਂ ਲਈ ਸ਼ੁਭ ਇਛਾਵਾਂ, ਜੋ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਇਹ ਪੁਰਸਕਾਰ ਸਥਾਪਤ ਕਰਕੇ ਆਪਣੇ ਪਿਤਾ ਬੁੱਧ ਸਿੰਘ ਢਾਹਾਂ ਦਾ ਨਾਂ ਵੀ ਰੌਸ਼ਨ ਕਰ ਰਿਹਾ ਹੈ।



ਗੁਰਦੇਵ ਸਿੰਘ ਰੁਪਾਣਾ




**ਅੰਤਿਕਾ: ਐਸ. ਐਸ. ਮੀਸ਼ਾ**

ਦੱਸਿਆ ਮੁਸਾਫਰਾਂ ਨੂੰ ਹੈ ਮੰਜ਼ਿਲ ਦਾ ਫਾਸਲਾ
ਮੰਨਿਆਂ ਕਿ ਮੀਲ ਵਾਂਗ ਹਾਂ ਇੱਕ ਥਾਂ ਖੜੇ ਰਹੇ।

# ਸੁਰਿੰਦਰ ਸੀਰਤ ਦਾ ਨਾਵਲ 'ਭਰਮ ਭੁਲੱਈਆਂ' ਪੜ੍ਹਦਿਆਂ...

ਪੁਸਤਕ ਪੜਚੋਲ



ਸੁਰਿੰਦਰ ਸੋਹਲ

ਸੁਰਿੰਦਰ ਸਿੰਘ ਸੀਰਤ ਦੇ ਹੁਣ ਤੱਕ ਚਾਰ ਗਜ਼ਲ-ਸੰਗ੍ਰਿਹਾਂ ('ਅਰੂਪੇ ਅੱਖਰਾਂ ਦਾ ਅਕਸ', 'ਸੇਜ, ਸੂਲੀ ਤੇ ਸਲੀਬ', 'ਸੂਰਤ, ਸੀਰਤ ਤੇ ਸਰਾਬ' ਅਤੇ 'ਕਿਰਚਾਂ') ਦੇ ਨਾਲ-ਨਾਲ ਤਿੰਨ ਕਾਵਿ-ਸੰਗ੍ਰਿਹ ('ਕਿੱਕਰ ਕੰਡੇ', 'ਖਲਾਅ 'ਚ ਟੰਗੇ ਹਰਫ' ਅਤੇ 'ਛੱਲਾਂ' ਛਪ ਚੁਕੇ ਹਨ।

ਵੱਖ-ਵੱਖ ਗਾਇਕਾਂ ਦੀ ਆਵਾਜ਼ ਦਾ ਸ਼ਿੰਗਾਰ ਬਣੀਆਂ ਉਸ ਦੀਆਂ ਗਜ਼ਲਾਂ ਐਲਬਮ 'ਤਿਸ਼ਨਗੀ' ਦੇ ਰੂਪ 'ਚ ਆਪਣੀ ਹਾਜ਼ਰੀ ਲਵਾ ਚੁਕੀਆਂ ਹਨ।

ਕਵੀ ਦੇ ਤੌਰ 'ਤੇ ਆਪਣਾ ਲੋਹਾ ਮੰਨਵਾ ਚੁਕੇ ਸੁਰਿੰਦਰ ਸਿੰਘ ਸੀਰਤ ਨੇ ਕੁਝ ਕਹਾਣੀਆਂ ਵੀ ਲਿਖੀਆਂ। ਜਦੋਂ ਕਵੀ ਗਲਪ ਦੇ ਖੇਤਰ 'ਚ ਪੈਰ ਧਰਦਾ ਹੈ ਤਾਂ ਉਹ ਆਪਣੇ ਪਾਠਕਾਂ/ਸਰੋਤਿਆਂ ਦਾ ਧਿਆਨ ਜ਼ਰੂਰ ਖਿੱਚਦਾ ਹੈ। ਇਸ ਦੇ ਕਈ ਕਾਰਨ ਹੁੰਦੇ ਹਨ। ਸਭ ਤੋਂ ਵੱਡੀ ਗੱਲ ਇਹ ਕਿ ਉਸ ਦੇ ਪਾਠਕਾਂ/ਸਰੋਤਿਆਂ ਨੇ ਇਹ ਦੇਖਣਾ ਹੁੰਦਾ ਹੈ ਕਿ ਉਹ ਜੇ ਨਵੀਂ ਵਿਧਾ ਵੱਲ ਵਧਿਆ ਹੈ ਤਾਂ ਕਿੰਨਾ ਕੁ ਸਫਲ ਹੋਇਆ ਹੈ। ਇਹੀ ਵਜ੍ਹਾ ਸੁਰਿੰਦਰ ਸਿੰਘ ਸੀਰਤ ਦਾ ਨਾਵਲ 'ਭਰਮ ਭੁਲੱਈਆਂ' ਪੜ੍ਹਨ ਦੀ ਉਤਸੁਕਤਾ ਦਾ ਬਾਇਸ ਬਣੀ ਤੇ ਖੁਸ਼ੀ ਦੀ ਗੱਲ ਇਹ ਕਿ ਸੀਰਤ ਦੇ ਇਸ ਨਾਵਲ ਨੇ ਉਸ ਅੰਦਰਲੀ ਅਥਾਹ ਪ੍ਰਤਿਭਾ ਦਾ ਕਹਿਕਸ਼ਾਂ ਸੋਚ ਵਿਚ ਚਮਕਾ ਦਿੱਤਾ ਹੈ।

ਇਸ ਨਾਵਲ 'ਚ ਬਾਹਰੀ ਤੌਰ 'ਤੇ ਕੁਝ ਨਹੀਂ ਵਾਪਰਦਾ, ਸਾਰੇ ਘਟਨਾਕ੍ਰਮ ਦੇ ਮਹਾਭਾਰਤ ਦਾ ਕੁਰੂਕਸ਼ੇਤਰ ਮੁੱਖ ਪਾਤਰ ਦਾ ਮਨ ਹੀ ਹੈ। ਰਿਸ਼ਤਿਆਂ ਦੀ ਕੂਟਨੀਤੀ, ਸਮਾਜਕ ਬਣਤਰ ਦਾ ਤਾਣਾ-ਪੇਟਾ, ਸਿਆਸੀ ਮੁਫਾਦ ਦਾ ਖੇਲ੍ਹ ਚੇਤਨਾ-ਪ੍ਰਵਾਹ ਦੀ ਸ਼ੈਲੀ ਰਾਹੀਂ ਨਾਵਲਕਾਰ ਨੇ ਬਾਖੂਬੀ ਚਿਤਰਿਆ ਹੈ।

ਨਾਵਲ 'ਭਰਮ ਭੁਲੱਈਆਂ' ਹਰ ਉਸ ਮਨੁੱਖ ਦੀ ਕਹਾਣੀ ਹੈ, ਜੋ ਚੇਤੰਨ ਹੈ, ਜੋ ਤੁਰਨ ਵਿਚ ਵਿਸ਼ਵਾਸ ਰੱਖਦਾ ਹੈ, ਜਿਸ ਨੂੰ ਰੋਸ਼ਨੀ ਦੀ ਤਲਾਸ਼ ਹੈ, ਜਿਸ ਅੰਦਰ ਬੇਗਮਪੁਰਾ ਵਰਗਾ ਸਮਾਜ ਸਿਰਜਣ ਦੀ ਅਭਿਲਾਸ਼ਾ ਹੈ, "ਮੈਂ ਤੁਰ ਰਿਹਾ ਹਾਂ, ਬਾਮਕਸਦ ਆਪਣੀ ਮੰਜ਼ਿਲ ਵੱਲ। ਉਸ ਅਣਦੇਖੀ ਮੰਜ਼ਿਲ ਵੱਲ, ਜਿੱਥੇ ਮੈਂ ਕੇਵਲ 'ਉਸ' ਨੂੰ ਹੀ ਅਨੁਭਵ ਕਰ ਰਿਹਾ ਹਾਂ। ਮੇਰੇ ਆਪਣੇ ਘਰ ਵਿਚ...। ਹਾਂ ਉਸ ਘਰ ਵਿਚ, ਉਸੇ ਬਸਤੀ ਵਿਚ, ਜਿੱਥੇ ਹਰਿਆਲੀ ਏ, ਜੋਬਨ ਏ, ਹਰ ਪਾਸੇ ਰੋਸ਼ਨੀ ਹੀ ਰੋਸ਼ਨੀ। ਜਿੱਥੇ ਮੈਂ ਹੋਣੈਂ, 'ਉਹ' ਹੋਣੀ ਏਂ। ਸਾਰਾ ਆਲਾ-ਦੁਆਲਾ ਆਪਣਾ ਆਪਣਾ, ਜਿੱਥੇ ਸਾਡੀ ਪਛਾਣ ਹੋਵੇਗੀ, ਜਿੱਥੇ ਸਾਡੀ ਖੁਸ਼ੀ ਸਰਬੱਤ ਦੀ ਖੁਸ਼ੀ ਹੋਵੇਗੀ, ਜਿੱਥੇ ਸਾਡਾ ਦੁੱਖ-ਸੁੱਖ ਸਾਂਝਾ ਹੋਵੇਗਾ। ਅਸੀਂ ਭੁੱਖੇ ਹੋਈਏ ਤਾਂ ਇਹ ਸਾਨੂੰ ਬੇਬਸ ਨਾ ਕਰੇ, ਆਪਣੇ ਅਧੀਨ ਨਾ ਕਰੇ। ਅਸੀਂ ਨੰਗੇ ਹੋਈਏ ਤਾਂ ਕੋਈ ਸੈਨਤ ਨਾ ਕਰੇ ਕਿ ਅਸੀਂ ਨੰਗੇ ਹਾਂ, ਹਵਾ ਵਾਂਗ ਤੁਰਦੇ ਜਾਈਏ ਜਿੱਧਰ ਮਰਜ਼ੀ...।" (ਪੰਨਾ 40)

ਨਾਵਲ ਦੀ ਬਣਤਰ, ਬੁਣਤਰ ਅਤੇ ਪੇਸ਼ਕਾਰੀ ਨਿਵੇਕਲੀ ਹੈ। ਮਨ ਦੇ ਪਰਦੇ 'ਤੇ ਕਾਲ (ਭਵਿੱਖ, ਵਰਤਮਾਨ ਅਤੇ ਅਤੀਤ) ਆਪਣੇ ਅਕਸ ਉਤਾਰਦਾ, ਨਿਖਾਰਦਾ ਅਤੇ ਮਿਟਾਉਂਦਾ ਜਾਂਦਾ ਹੈ। ਨਾਵਲ ਦਾ ਮੁੱਖ ਪਾਤਰ ਦੇਖਣ ਨੂੰ ਤਾਂ 'ਉਸ' ਲੜਕੀ ਦੀ ਤਲਾਸ਼ ਵਿਚ ਹੈ, ਜਿਸ ਨੂੰ ਉਸ ਨੇ ਮੁਹੱਬਤ ਕੀਤੀ, ਪਰ ਅਪਨਾ ਨਾ ਸਕਿਆ। ਹਾਲਾਤ ਦਾ ਝੰਬਿਆ ਨਿਰਬਲ ਏਨਾ ਕਿ ਕਿਤੇ ਲਿਜਾ ਵੀ ਨਹੀਂ ਸਕਿਆ। ਅਸਲ ਵਿਚ 'ਉਸ' ਦੀ ਤਲਾਸ਼ 'ਰੋਸ਼ਨੀ' ਦੀ ਤਲਾਸ਼ ਹੈ, ਗਵਾਚੇ ਇਤਿਹਾਸ ਦੀ ਤਲਾਸ਼ ਹੈ।

ਨਾਇਕ ਉਸੇ ਇਤਿਹਾਸ ਦੀ ਭਾਲ 'ਚ ਸਫਰ-ਦਰ-ਸਫਰ ਕਰਦਾ ਭਟਕ ਰਿਹਾ ਹੈ, "ਮੈਂ ਕਿੱਥੇ ਹਾਂ? ਮੈਂ ਕਿੱਥੇ ਸਾਂ? ਮੈਨੂੰ ਇਸ ਸਭ ਦਾ ਪਤਾ ਕਿਉਂ ਨਹੀਂ? ਸ਼ਾਇਦ ਮੈਂ ਇਕ ਲੰਮਾ, ਇਕ ਮਹੱਤਵਪੂਰਨ ਇਤਿਹਾਸ ਗਵਾ ਬੈਠਾ ਹਾਂ!...ਪਰ ਇਹ ਕਾਲ, ਜੋ ਮੈਂ ਹੰਢਾਇਆ ਏ, ਜੋ ਮਨਫੀ ਹੋ ਗਿਆ ਏ, ਇਸ ਦਾ ਆਦਿ ਕਿਵੇਂ ਹੋਇਆ? ਇਸ ਦਾ ਇਹ ਅੰਤ ਕਿਵੇਂ ਹੋਇਆ? ਉਫ! ਮੈਨੂੰ ਤਾਂ ਕੁਝ ਵੀ ਚੇਤੇ ਨਹੀਂ। ਇਹ ਤਾਂ ਅਵੱਸ਼ ਏ ਕਿ ਮੇਰਾ ਇਕ ਕਾਲ ਗਵਾਚ ਗਿਆ ਏ। ਮੈਨੂੰ ਇਸ ਦੀ ਭਾਲ ਕਰਨੀ ਚਾਹੀਦੀ ਏ, ਮੈਂ ਇਸ ਦੀ ਭਾਲ ਕਰਾਂਗਾ।" (ਪੰਨਾ 57-58)

ਨਾਵਲ ਦੀ ਸ਼ੈਲੀ ਚਿੰਨ੍ਹਾਤਾਮਕ ਹੈ। ਉਹ ਸਪਾਟ ਗੱਲ ਨਹੀਂ ਕਰਦਾ। ਇਸ਼ਾਰੇ ਕਰਦਾ ਹੈ। ਨਾਵਲ ਵਿਚ ਥਾਂ-ਥਾਂ ਭਾਂਡੇ ਖੜਕਣ ਤੇ ਟੁੱਟਣ ਦੀ ਆਵਾਜ਼ ਖਾਮੋਸ਼ ਫਿਜ਼ਾ ਵਿਚ ਤਰੇੜਾਂ ਪਾਉਂਦੀ ਹੈ। ਇਹ ਆਵਾਜ਼ ਕਦਰਾਂ-ਕੀਮਤਾਂ, ਰਿਸ਼ਤੇ-ਨਾਤੇ, ਵਿਸ਼ਵਾਸ ਆਦਿ ਟੁੱਟਣ ਵੱਲ ਸੰਕੇਤ ਕਰਦੀ ਜਾਂਦੀ ਹੈ, "ਪਰ ਇਹ ਆਵਾਜ਼ ਤਾਂ ਲਗਾਤਾਰ ਸੁਣਾਈ ਦੇ ਰਹੀ ਏ, ਇਕ ਤਰਸ-ਭਿੰਨੀ ਸੰਘਣੀ ਆਵਾਜ਼, ਡਰੀ-ਡਰੀ, ਸਹਿਮੀ-ਸਹਿਮੀ, ਭਾਂਡੇ ਟੁੱਟਣ ਦੀ ਆਵਾਜ਼!" (ਪੰਨਾ 88)

ਪਰ ਕਦੇ-ਕਦੇ ਟੁੱਟ-ਭੱਜ ਏਨੀ ਹੋ ਜਾਂਦੀ ਹੈ ਕਿ ਚੇਤਨਾ ਮਹਿਸੂਸ ਕਰਨੋ ਹੀ ਹਟ ਜਾਂਦੀ ਹੈ, "ਕੁਝ ਵੀ ਹੁਣ ਮੇਰੇ ਸਫਰ ਵਿਚ ਰੁਕਾਵਟ ਪੈਦਾ ਨਹੀਂ ਕਰ ਰਿਹਾ, ਨਾ ਹੀ ਹਿਚਕੋਲੇ, ਨਾ ਤਰਲੇ, ਨਾ ਹੀ ਭਾਂਡਿਆਂ ਦੇ ਟੁੱਟਣ ਦੀ ਆਵਾਜ਼। ਮੈਂ ਨਿਰੰਤਰ ਆਪਣੀ ਨਗਰੀ ਵਿਚ ਪਰਵੇਸ਼ ਕਰਦਾ ਜਾ ਰਿਹਾ ਹਾਂ।" (ਪੰਨਾ 95)

ਨਾਵਲ ਦੇ ਇਕ-ਇਕ ਵਾਕ ਨੂੰ 'ਡੀਕੋਡ' ਕੀਤਾ ਜਾ ਸਕਦਾ ਹੈ। ਸਤਰਾਂ ਦੀ ਥਾਂ ਸਤਰਾਂ ਵਿਚ ਲਿਖਿਆ ਗਿਆ ਵੱਧ ਅਹਿਮ ਹੁੰਦਾ ਹੈ। ਨਾਵਲ ਵਿਚ ਆਏ ਹਵਾਲੇ ਧਿਆਨ ਮੰਗਦੇ ਹਨ। ਇਹ ਮਹਿਜ ਖਾਨਾਪੂਰਤੀ ਲਈ ਨਹੀਂ ਵਰਤੇ ਗਏ। ਲੇਖਕ ਇਨ੍ਹਾਂ ਰਾਹੀਂ ਆਪਣੀ ਗੱਲ ਵੱਧ ਸ਼ਿੱਦਤ ਨਾਲ ਪੇਸ਼ ਕਰਨ 'ਚ ਸਫਲ ਹੋਇਆ ਹੈ, "ਜੇ ਤੂੰ ਮੈਨੂੰ ਆਪਣਾ ਅੰਗ-ਸੰਗ ਸਮਝਦੀ ਏਂ ਤਾਂ ਮੈਂ ਤੇਰੀ ਅਗਨੀ ਪ੍ਰੀਖਸ਼ਾ ਨਹੀਂ ਲਵਾਂਗਾ!" (ਪੰਨਾ 89)

"ਤੈਨੂੰ ਇਹ ਵੀ ਡਰ ਹੈ ਕਿ ਤੇਰਾ ਭਰਾ ਅਤੇ ਚਾਚਾ ਤੈਨੂੰ ਜ਼ਹਿਰ ਦੇ ਕੇ ਮਾਰ ਦੇਣਗੇ...।" (ਪੰਨਾ 91)






*ਲੇਖਕ ਸੁਰਿੰਦਰ ਸੀਰਤ ਅਤੇ (ਸੱਜੇ) ਨਾਵਲ ਦਾ ਮੁਖੜਾ*

ਜੇ 'ਅਗਨੀ ਪ੍ਰੀਖਸ਼ਾ' ਪੁਰਾਤਨ ਕਾਲ ਵਿਚ ਔਰਤ ਦੀ ਸਮਾਜਕ ਦਸ਼ਾ ਤੇ ਤ੍ਰਾਸਦੀ ਵੱਲ ਸੰਕੇਤ ਹੈ ਤਾਂ 'ਜ਼ਹਿਰ' ਦੇਣ ਵਾਲੇ ਮਧਕਾਲੀ ਕੈਦੋਆਂ ਦਾ ਵਰਤਮਾਨ ਵਿਚ ਜ਼ਿਕਰ ਅਚੇਤ ਹੀ ਦਰਸਾ ਜਾਂਦਾ ਹੈ ਕਿ ਆਧੁਨਿਕ ਯੁਗ ਵਿਚ ਵੀ ਔਰਤ ਦੀ ਦਸ਼ਾ 'ਚ ਬਹੁਤਾ ਫਰਕ ਨਹੀਂ ਪਿਆ।

ਪਰ ਰੋਸ਼ਨੀ ਦੀ ਭਾਲ ਵਿਚ ਨਿਕਲਿਆ ਨਾਇਕ ਜੇ ਆਪਣੀ ਮਹਿਬੂਬਾ ਦੀ 'ਅਗਨੀ ਪ੍ਰੀਖਸ਼ਾ' ਨਾ ਲੈਣ ਦਾ ਸੰਕੇਤ ਕਰਦਾ ਹੈ ਤੇ ਉਸ ਨੂੰ ਜ਼ਹਿਰੀਲੇ ਰੁਝਾਨ ਤੋਂ ਬਚਾਉਣ ਦੀ ਗੱਲ ਕਰਦਾ ਹੈ ਤਾਂ ਸਿੱਧਾ ਅਰਥ ਹੈ ਕਿ ਉਹ ਰੌਸ਼ਨ, ਬਰਾਬਰ, ਖੁਸ਼ਹਾਲ ਸਮਾਜ ਦੀ ਸਿਰਜਣਾ ਵਾਸਤੇ ਧਰਮ ਦੇ ਠੇਕੇਦਾਰਾਂ ਅਤੇ ਅਖੌਤੀ ਕਦਰਾਂ-ਕੀਮਤਾਂ ਦੇ ਅਲੰਬਰਦਾਰਾਂ ਨਾਲ ਸਿੱਧੀ ਟੱਕਰ ਲੈਣ ਦੀ ਜੁਰਅਤ ਰੱਖਦਾ ਹੈ।

ਮੁਹੱਬਤ ਦੇ ਰਾਹ 'ਚ ਧਰਮ ਤੇ ਜਾਤ ਡੂੰਘੀਆਂ ਖਾਈਆਂ ਬਣ ਕੇ ਪੇਸ਼ ਹੋਏ। ਨਾਇਕ ਦੇ ਦੋਸਤ ਨੇ ਅਮਾਨਤ ਵਿਚ ਖਿਆਨਤ ਕੀਤੀ। ਰੌਸ਼ਨੀਆਂ ਦੇ ਨਗਰ ਦੀ ਤਲਾਸ਼ 'ਚ ਨਿਕਲਿਆ ਨਾਇਕ ਹਨੇਰੀ ਗਾਰ 'ਚ ਜਾ ਪਿਆ, ਪਰ ਇਸ ਦੇ ਬਾਵਜੂਦ ਨਾਇਕ ਦੇ ਅੰਦਰੋਂ ਬੰਦਾ ਮਰਿਆ ਨਹੀਂ, ਬੰਦਿਆਈ ਕਾਇਮ-ਦਾਇਮ ਰਹੀ। ਉਸ ਅੰਦਰੋਂ ਕੁਰਬਾਨੀ ਦਾ ਜਜ਼ਬਾ ਖਤਮ ਨਹੀਂ ਹੋਇਆ। ਮੁਹੱਬਤ ਦੀ ਚਿਣਗ ਬੁਝੀ ਨਹੀਂ। ਉਹ ਆਪਣੀ ਮੁਹੱਬਤ ਨੂੰ ਇਸ ਆਸ ਨਾਲ ਅਲਵਿਦਾ ਕਹਿ ਰਿਹਾ ਹੈ, ਜਿਵੇਂ ਉਸ ਮੁਹੱਬਤ ਨੇ ਕਿਤੇ ਹੋਰ ਥਾਂ ਜਾ ਕੇ ਰੋਸ਼ਨੀ ਕਰਨੀ ਹੋਵੇ। ਤਾਂ ਹੀ ਤਾਂ ਉਹ ਚਾਹ ਕੇ ਵੀ ਅਲਵਿਦਾਈ ਹੱਥ ਰੋਕ ਨਹੀਂ ਸਕਿਆ, "ਭੀੜ ਵੱਲ, ਪਥਰਾਈ ਭੀੜ ਵੱਲ ਉਸ ਦਾ ਹੱਥ ਹਿੱਲ ਰਿਹਾ ਏ, ਲਗਾਤਾਰ। ਹੈਂ! ਇਹ ਕੀ? ਮੇਰਾ ਹੱਥ, ਇਹ ਕਿਉਂ ਹਿੱਲ ਰਿਹਾ ਏ? ਇਹ ਕਦੋਂ ਦਾ ਹਿੱਲ ਰਿਹਾ ਏ? ਨਹੀਂ ਨਹੀਂ, ਇਸ ਨੂੰ ਰੁਕਣਾ ਚਾਹੀਦਾ ਏ, ਇਹ ਮੇਰੇ ਆਖੇ ਕਿਉਂ ਨਹੀਂ ਰੁਕ ਰਿਹਾ? ਕਾਸ਼! ਮੈਂ ਆਪਣਾ ਹੱਥ ਹਿੱਲਣੋਂ ਰੋਕ ਸਕਦਾ!" (ਪੰਨਾ 104)

ਸੁਰਿੰਦਰ ਸਿੰਘ ਸੀਰਤ ਨੇ ਬਤੌਰ ਕਵੀ ਤਾਂ ਸਾਹਿਤ ਵਿਚ ਆਪਣੀ ਥਾਂ ਬਣਾਈ ਹੈ, ਇਸ ਨਾਵਲ ਨਾਲ ਉਸ ਨੇ ਸਾਬਿਤ ਕਰ ਦਿੱਤਾ ਹੈ ਕਿ ਉਸ ਅੰਦਰ 'ਗਲਪਕਾਰ' ਵੀ ਮੌਜੂਦ ਹੈ। ਭਵਿੱਖ ਵਿਚ ਉਸ ਤੋਂ ਹੋਰ ਵੱਡੀ ਗਲਪ ਰਚਨਾ ਦੀ ਆਸ ਕੀਤੀ ਜਾ ਸਕਦੀ ਹੈ।

ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਵਲੋਂ ਛਾਪੇ ਗਏ ਇਸ ਨਾਵਲ ਦੇ 104 ਪੰਨੇ ਹਨ ਤੇ ਕੀਮਤ 200 ਰੁਪਏ, ਜੋ ਥੋੜ੍ਹੀ ਵੱਧ ਜਾਪਦੀ ਹੈ।

**ਪੋਸਟ-ਸਕ੍ਰਿਪਟ:** ਇਹ ਨਾਵਲ ਪਹਿਲਾਂ 1986 ਵਿਚ ਛਪਿਆ ਸੀ ਤੇ ਦੂਜੀ ਵਾਰ 2018 'ਚ। ਨਾਵਲ ਦਾ ਅਨੰਦ ਦੁੱਗਣਾ-ਚੌਗੁਣਾ ਹੋ ਜਾਣਾ ਸੀ, ਜੇ ਪਰੂਫ-ਰੀਡਿੰਗ ਪ੍ਰੋਫੈਸ਼ਨਲ ਪਰੂਫ-ਰੀਡਰ ਤੋਂ ਕਰਵਾਈ ਹੁੰਦੀ।

# ਆਪਣੇ-ਪਰਾਏ


## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ

ਫੋਨ: 216-556-2080


***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੁੰਨ ਦੀਆਂ ਪਰਤਾਂ ਫਰੋਲਦਿਆਂ ਕਿਹਾ ਸੀ, "ਘਰ ਦੀ ਉਹ ਸੁੰਨ ਸਭ ਤੋਂ ਖਤਰਨਾਕ ਜਿਸ ਵਿਚ ਸੁਪਨਿਆਂ ਨੂੰ ਅੱਖ ਖੋਲ੍ਹਣ ਦੀ ਮਨਾਹੀ ਹੋਵੇ। ਬੋਲਾਂ ਦੇ ਮੂੰਹ ਵਿਚ ਘੁੰਗਣੀਆਂ। ਕਦਮਾਂ ਨੂੰ ਜ਼ੰਜ਼ੀਰਾਂ। ਕੰਧਾਂ ਵੀ ਹੁੰਗਾਰਾ ਬਣਨ ਤੋਂ ਤ੍ਰਹਿਣ। ਘਰ ਨੂੰ ਆਪਣੇ ਅਰਥਾਂ ਤੋਂ ਕੋਫਤ ਹੋਵੇ।...ਜੋ ਲੋਕ ਕਿਸੇ ਦੀ ਸੁੰਨ ਨਹੀਂ ਸਮਝਦੇ, ਉਨ੍ਹਾਂ ਲਈ ਸ਼ਬਦਾਂ ਦੇ ਕੋਈ ਅਰਥ ਨਹੀਂ ਹੁੰਦੇ, ਬੋਲ-ਬਾਣੀ ਕੋਈ ਮਾਅਨੇ ਨਹੀਂ ਰੱਖਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਆਪਣਿਆਂ ਤੇ ਪਰਾਇਆਂ ਦੇ ਫਰਕ ਦੀ ਗੱਲ ਕੀਤੀ ਹੈ। ਆਪਣੇ ਸਿਰਫ ਉਹ ਹੀ ਨਹੀਂ ਹੁੰਦੇ ਜਿਨ੍ਹਾਂ ਨਾਲ ਖੂਨ ਦੀ ਸਾਂਝ ਹੋਵੇ, ਸਗੋਂ ਆਪਣੇ ਤਾਂ ਉਹ ਹੁੰਦੇ ਹਨ, ਜਿਨ੍ਹਾਂ ਨਾਲ ਰੂਹ ਦੀ ਸਾਂਝ ਹੋਵੇ। ਉਹ ਕਹਿੰਦੇ ਹਨ, "ਆਪਣਿਆਂ ਨੂੰ ਪਰਾਏ ਹੋਣ ਵਿਚ ਪਲ ਨਹੀਂ ਲੱਗਦਾ ਜਦ ਕਿ ਪਰਾਇਆਂ ਨੂੰ ਆਪਣਾ ਬਣਾਉਣ ਵਿਚ ਮੁੱਦਤਾਂ ਲੱਗ ਜਾਂਦੀਆਂ। ਆਪਣੇ ਕਦੇ ਵੀ ਪਰਾਏ ਹੋ ਸਕਦੇ ਨੇ, ਪਰ ਜੇ ਪਰਾਏ ਆਪਣੇ ਬਣ ਜਾਣ ਤਾਂ ਉਨ੍ਹਾਂ ਦਾ ਪਰਾਏ ਹੋਣਾ ਬਹੁਤ ਹੀ ਅਸੰਭਵ ਹੁੰਦਾ।" ਉਨ੍ਹਾਂ ਦੀ ਰੀਝ ਹੈ, "ਲੋੜ ਹੈ, ਆਪਣੇ ਕਦੇ ਵੀ ਪਰਾਏ ਨਾ ਹੋਣ; ਸਗੋਂ ਪਰਾਇਆਂ ਨੂੰ ਆਪਣੇ ਬਣਾਉਣ ਦੀ ਜੁਗਤ ਜੀਵਨ-ਜਾਚ ਬਣਾ ਲਈ ਜਾਵੇ ਤਾਂ ਇਸ ਸੁੰਦਰ ਦੁਨੀਆਂ ਨੂੰ ਹੋਰ ਖੂਬਸੂਰਤ ਬਣਾਇਆ ਜਾ ਸਕਦਾ।" -ਸੰਪਾਦਕ***

ਕੁਝ ਲੋਕ ਆਪਣੇ ਹੁੰਦਿਆਂ ਵੀ ਪਰਾਏ ਹੁੰਦੇ, ਜਦ ਕਿ ਕੁਝ ਲੋਕ ਪਰਾਏ ਹੋਣ 'ਤੇ ਆਪਣੇ ਹੀ ਮਹਿਸੂਸ ਹੁੰਦੇ।

ਆਮ ਨਜ਼ਰ ਵਿਚ ਪਰਾਏ ਉਹ ਹੁੰਦੇ, ਜਿਨ੍ਹਾਂ ਨਾਲ ਕੋਈ ਸਮਾਜਕ ਰਿਸ਼ਤਾ ਨਾ ਹੋਵੇ, ਕੋਈ ਲੈਣ-ਦੇਣ ਨਾ ਹੋਵੇ, ਸਰੋਕਾਰਾਂ ਦੀ ਸਾਂਝ ਨਾ ਹੋਵੇ ਅਤੇ ਨਾ ਹੀ ਵਿਚਾਰਾਂ ਤੇ ਮੁਫਾਦ ਦਾ ਟਕਰਾਓ ਹੋਵੇ। ਵੱਖੋ-ਵੱਖ ਰਾਹਾਂ 'ਤੇ ਤੁਰੇ ਜਾਂਦੇ ਰਾਹੀ ਬੇਪਛਾਣ ਹੀ ਹੁੰਦੇ ਅਤੇ ਪਰਾਏ ਵੀ। ਉਨ੍ਹਾਂ ਦੇ ਕੋਲ ਦੀ ਲੰਘ ਜਾਣ 'ਤੇ ਹਵਾ ਵਿਚ ਸਰਗੋਸ਼ੀ ਨਹੀਂ ਪੈਦਾ ਹੁੰਦੀ; ਪਰ ਜਦ ਕੋਈ ਆਪਣਾ ਮੂੰਹ ਭਵਾਂ ਕੇ ਕੋਲ ਦੀ ਲੰਘ ਜਾਵੇ ਤਾਂ ਹਵਾ ਵਿਚਲੀਆਂ ਨਰਮ-ਗੋਸ਼ੀਆਂ ਤੇ ਚੁਗਲੀਆਂ ਨੂੰ ਕੀ ਕਹੋਗੇ, ਜੋ ਪਰਾਏਪਣ ਨੂੰ ਫਿਜ਼ਾ ਦੇ ਨਾਮ ਲਾ, ਤੁਹਾਡੇ ਕੋਲੋਂ ਲੰਘ ਗਏ ਸ਼ਖਸ ਨਾਲ ਸਬੰਧਾਂ ਦੀ ਪੁਣਛਾਣ ਕਰਨ ਲੱਗ ਪਵੇ?

ਆਪਣੇ ਤੋਂ ਪਰਾਏ ਬਣਦਿਆਂ ਦੇਰ ਨਹੀਂ ਲਗਦੀ, ਜਦ ਸੋਚ ਵਿਚ ਨਿੱਜੀ ਮੁਫਾਦ ਹਾਵੀ ਹੋ ਜਾਵੇ, ਤਰਜ਼ੀਹਾਂ ਵਿਚ ਟਕਰਾਓ ਪੈਦਾ ਹੋਵੇ, ਤਦਬੀਰਾਂ ਵਿਚ ਅਣਬਣ ਹੋ ਜਾਵੇ ਜਾਂ ਆਪਣਾ ਬਣ ਕੇ ਨਿੱਜ ਪਾਲਣ ਲੱਗ ਪਵੇ।

ਆਪਣੇ ਪਰਾਏ ਹੀ ਹੋ ਜਾਂਦੇ, ਜਦ ਘਰਾਂ ਦੀ ਵੰਡ ਵੰਡਾਈ ਦਾ ਸਵਾਲ ਪੈਦਾ ਹੁੰਦਾ; ਖੇਤਾਂ ਵਿਚ ਪੈਂਦੀਆਂ ਵੱਟਾਂ ਵਿਚੋਂ ਕਤਲਾਂ ਦੀ ਪਰਿਭਾਸ਼ਾ ਸੁਰਖਦੀ ਜਾਂ ਆਪਣਿਆਂ ਦੇ ਹੱਕਾਂ 'ਤੇ ਡਾਕਾ ਮਾਰਨ ਦੀ ਭਾਵਨਾ ਭਾਰੂ ਹੋ ਜਾਂਦੀ।

ਆਪਣੇ ਹੀ ਪਰਾਏ ਹੁੰਦੇ, ਜਦ ਜਾਇਦਾਦ ਦੇ ਲਾਲਚ ਕਾਰਨ ਲਾਲ ਖੂਨ ਵੀ ਸਫੈਦ ਹੋ ਜਾਂਦਾ, ਰਿਸ਼ਤਿਆਂ ਦੀ ਪਾਕੀਜ਼ਗੀ ਲੀਰਾਂ ਹੋ ਜਾਂਦੀ, ਬੰਧਨਾਂ ਦੇ ਧਾਗੇ ਜ਼ਰਜ਼ਰੇ ਹੋ ਜਾਂਦੇ ਜਾਂ ਸਬੰਧਾਂ ਵਿਚਲਾ ਨਿੱਘ ਸੀਤ ਹੋ ਜਾਂਦਾ।

ਆਪਣੇ ਹੀ ਪਰਾਇਆਂ ਦਾ ਰੂਪ ਧਾਰ ਜਾਂਦੇ, ਜਦ ਉਹ ਰੰਗ ਬਦਲਣ ਲੱਗ ਪੈਂਦੇ, ਮੁਖੌਟਿਆਂ ਦੀ ਰੁੱਤ ਦੇ ਜਸ਼ਨ ਮਨਾਉਂਦੇ, ਜਾਂ ਬਹੁ-ਰੂਪੀਏ ਬਣ ਕੇ ਆਪਣਿਆਂ ਦੀਆਂ ਮਨੋ-ਭਾਵਨਾਵਾਂ ਨਾਲ ਖਿਲਵਾੜ ਕਰਦੇ।

ਆਪਣੇ ਤਾਂ ਪਰਾਏ ਹੀ ਹੋਣੇ ਹੁੰਦੇ, ਜਦ ਉਹ ਆਪਣਿਆਂ ਦੀ ਕਬਰ ਨੂੰ ਵੀ ਵਿਉਂਤਣ ਲੱਗ ਪੈਣ, ਮਾਪਿਆਂ ਦੀ ਮਰਨ-ਮਿੱਟੀ ਨੂੰ ਉਛਾਲਣ ਲੱਗ ਪੈਣ ਜਾਂ ਆਪਣੇ ਦਾ ਸਿਵਾ ਸੇਕਣ ਲਈ ਹੋਛੀਆਂ ਹਰਕਤਾਂ 'ਤੇ ਉਤਾਰੂ ਹੋ ਜਾਣ।

ਆਪਣੇ ਪਰਾਏ ਹੀ ਹੁੰਦੇ, ਜਦ ਉਨ੍ਹਾਂ ਵਿਚੋਂ ਖੁਦਗਰਜ਼ੀ ਦੀ ਬੋਅ ਆਉਣ ਲੱਗ ਪਵੇ। ਹੰਕਾਰ, ਹਉਮੈ ਅਤੇ ਅੜਬਪੁਣਾ ਆਦਤ ਬਣ ਜਾਵੇ ਜਾਂ ਸਦਭਾਵਨਾ, ਹਮਦਰਦੀ, ਅਪਣੱਤ ਅਤੇ ਸੂਖਮ-ਅੰਦਾਜ਼ ਨੂੰ ਕਮਜ਼ੋਰੀ ਸਮਝ ਕੇ ਇਸ ਦਾ ਮਖੌਲ ਉਡਾਇਆ ਜਾਵੇ।

ਪਰਾਏ ਤਾਂ ਉਹ ਹੁੰਦੇ, ਜਿਨ੍ਹਾਂ ਨੂੰ ਅੱਥਰੂਆਂ ਦਾ ਕੋਈ ਲਿਹਾਜ ਨਹੀਂ, ਭੁੱਖੇ ਪੇਟ ਲਈ ਦੁਆ ਵਿਚ ਨਹੀਂ ਜੁੜਦੇ ਹੱਥ ਅਤੇ ਨਾ ਹੀ ਉਨ੍ਹਾਂ ਦੇ ਸੁਰ-ਵਾਦ ਵਿਚ ਤੁਹਾਡੇ ਲਈ ਕੋਈ ਸੁਖਦ-ਸੁਨੇਹਾ ਜਾਂ ਇਲਹਾਮ ਹੁੰਦਾ। ਪਰਾਏ ਤਾਂ ਉਹ ਹੁੰਦੇ, ਜਿਨ੍ਹਾਂ ਨੂੰ ਆਪਣੇ ਆਪ ਤੋਂ ਹੀ ਵਿਹਲ ਨਹੀਂ ਮਿਲਦੀ ਤਾਂ ਕਿ ਅੱਖਰਹੀਣਾਂ ਵੰਨੀਂ ਧਿਆਨ ਧਰਨ ਜਾਂ ਬਸਤਿਆਂ ਵਿਚ ਵਿਲਕਦੀਆਂ ਪੁਸਤਕਾਂ ਤੇ ਸਿਸਕਦੇ ਪੂਰਨਿਆਂ ਨੂੰ ਵਰਾ ਲੈਣ।

ਪਰਾਏ ਤਾਂ ਉਹ ਹੁੰਦੇ ਹੀ ਜਿਨ੍ਹਾਂ ਦੇ ਮਨ ਵਿਚ ਝੁੱਗੀਆਂ ਵਿਚ ਸਾਹ ਵਰੋਲਦੀ ਜ਼ਿੰਦਗੀ ਲਈ ਕੋਈ ਹਉਕਾ ਨਹੀਂ ਪੈਦਾ ਹੁੰਦਾ ਜਾਂ ਉਹ ਕਿਸੇ ਦੀ ਹੂੰਗਰ ਦਾ ਹੁੰਗਾਰਾ ਭਰਨਾ ਆਪਣੀ ਤੌਹੀਨ ਸਮਝਦੇ।

ਆਪਣਿਆਂ ਨੂੰ ਪਰਾਏ ਹੋਣ ਵਿਚ ਪਲ ਨਹੀਂ ਲੱਗਦਾ ਜਦ ਕਿ ਪਰਾਇਆਂ ਨੂੰ ਆਪਣਾ ਬਣਾਉਣ ਵਿਚ ਮੁੱਦਤਾਂ ਲੱਗ ਜਾਂਦੀਆਂ। ਆਪਣੇ ਕਦੇ ਵੀ ਪਰਾਏ ਹੋ ਸਕਦੇ ਨੇ, ਪਰ ਜੇ ਪਰਾਏ ਆਪਣੇ ਬਣ ਜਾਣ ਤਾਂ ਉਨ੍ਹਾਂ ਦਾ ਪਰਾਏ ਹੋਣਾ ਬਹੁਤ ਹੀ ਅਸੰਭਵ ਹੁੰਦਾ।

ਉਸ ਆਪਣੇ ਨੂੰ ਕਿੰਜ ਆਪਣਾ ਕਹੋਗੇ, ਜੋ ਮਾਪਿਆਂ ਦੀ ਜਾਇਦਾਦ ਹੜੱਪਣ ਲਈ ਉਨ੍ਹਾਂ ਦੀ ਮੌਤ ਦੀਆਂ ਮੰਨਤਾਂ ਮੰਗਦਾ ਹੋਵੇ, ਜੋ ਬੁੱਢੇ ਮਾਪਿਆਂ ਨੂੰ ਬਦਨਸੀਬੀ ਦੇ ਹਵਾਲੇ ਕਰ, ਬਦਤਰ ਤੋਂ ਬਦਤਰ ਜ਼ਿੰਦਗੀ ਜਿਉਣ ਲਈ ਮਜਬੂਰ ਕਰੇ। ਉਨ੍ਹਾਂ ਦੀਆਂ ਬੈਸਾਖੀਆਂ ਬਣਨ ਵਾਲੇ ਹੀ ਉਨ੍ਹਾਂ ਲਈ ਖੌਫ ਬਣ ਜਾਣ। ਘਰ ਦੇ ਪਿਛਵਾੜੇ ਵਿਚ ਪਏ ਮਾਪਿਆਂ ਦੀ ਸਾਰ ਲੈਣ ਤੋਂ ਬੇਮੁੱਖ ਹੋ ਗਈ ਔਲਾਦ ਨੂੰ ਆਪਣਾ ਕਹਿਣ ਲੱਗਿਆਂ ਵੀ ਸ਼ਰਮ ਆਉਂਦੀ।

ਆਪਣੇ ਬਣ ਕੇ ਠੱਗਣ ਵਾਲੇ ਲੋਕ ਪਰਾਇਆਂ ਤੋਂ ਵੀ ਭੈੜੇ। ਪਰਾਏ ਤਾਂ ਪਰਾਏ ਹੁੰਦੇ, ਉਨ੍ਹਾਂ 'ਤੇ ਕਾਹਦਾ ਗਿਲਾ? ਆਪਣਿਆਂ ਦੇ ਧੋਖੇ ਦਾ ਦੋਸ਼ ਕਿਸ ਸਿਰ ਮੜੋਗੇ? ਆਪਣੀ ਹੀ ਰੂਹ ਨੂੰ ਸੂਲੀ ਚਾੜ੍ਹੋਗੇ।

ਅੱਜ ਕੱਲ ਅਕਸਰ ਲੋਕ ਆਪਣਾ ਬਣ ਕੇ ਲੁੱਟਦੇ। ਤੁਹਾਡੀ ਅਣਭੋਲਤਾ ਨੂੰ ਗੁਮਰਾਹ ਕਰ, ਤੁਹਾਡੀ ਸੋਚ-ਤਿਜੌਰੀ ਦੇ ਖਾਲੀਪਣ ਦਾ ਭਰਮ ਪਾਲਦੇ; ਪਰ ਇਹ ਭਰਮ ਹੀ ਹੁੰਦਾ ਅਤੇ ਅਜਿਹਾ ਭਰਮ ਬਹੁਤ ਜਲਦੀ ਟੁੱਟ ਜਾਂਦਾ। ਸਮੁੰਦਰ ਨੂੰ ਪਾਣੀ ਤੋਂ ਸੱਖਣਾ ਕਿੰਜ ਕਰੋਗੇ? ਭਰ ਲਈਆਂ ਕੁਝ ਕੁ ਚੁੱਲੀਆਂ ਤਾਂ ਇਸ ਨੂੰ ਖਾਲੀ ਕਰਨ ਦਾ ਸਿਰਫ ਭਰਮ ਹੀ ਪਾਲ ਸਕਦੀਆਂ।

ਆਪਣੇ ਸਿਰਫ ਉਹ ਨਹੀਂ ਹੁੰਦੇ, ਜਿਨ੍ਹਾਂ ਨਾਲ ਖੂਨ ਦਾ ਰਿਸ਼ਤਾ ਹੋਵੇ, ਜਿਨ੍ਹਾਂ ਨਾਲ ਸਮਾਜਕ ਬੰਧਨ ਵਿਚ ਬੱਝੇ ਹੋਈਏ, ਜਿਨ੍ਹਾਂ ਨਾਲ ਸਮਾਜਕ ਸਰੋਕਾਰਾਂ ਦੀ ਸਾਂਝ ਹੋਵੇ। ਆਪਣੇ ਤਾਂ ਉਹ ਹੁੰਦੇ, ਜਿਨ੍ਹਾਂ ਨਾਲ ਵਿਚਾਰਾਂ ਦੀ ਸਾਂਝ ਹੋਵੇ, ਸੋਚਾਂ ਵਿਚ ਸਮਾਨਤਾ ਹੋਵੇ, ਭਾਵਾਂ ਵਿਚ ਇਕਸੁਰਤਾ ਹੋਵੇ, ਚਾਅ ਸਾਂਝੇ ਹੋਣ ਅਤੇ ਅਹਿਸਾਸਾਂ ਵਿਚਲੀ ਧੜਕਣ ਨੂੰ ਇਕਸਾਰਤਾ ਮਿਲੇ। ਇਕ ਦੀ ਆਹ 'ਚ ਦੂਜੇ ਦੀ ਜਿੰਦ ਨਿਕਲੇ। ਇਕ ਦੀ ਅੱਖ ਵਿਚ ਕੱਖ ਪੈਣ 'ਤੇ ਦੂਜੇ ਦੀ ਅੱਖ ਰੜਕਦੀ ਰਹੇ। ਇਕ ਦੇ ਦਰਦ ਵਿਚ ਦੂਜਾ ਪੀੜ-ਪੀੜ ਹੁੰਦਾ ਰਹੇ ਜਾਂ ਇਕ ਦੀ ਸੰਵੇਦਨਾ ਵਿਚ ਦੂਜੇ ਦੀ ਵੇਦਨਾ ਘੁਲੀ ਹੋਵੇ।

***ਆਪਣੇ ਸਿਰਫ ਉਹ ਨਹੀਂ ਹੁੰਦੇ, ਜਿਨ੍ਹਾਂ ਨਾਲ ਖੂਨ ਦਾ ਰਿਸ਼ਤਾ ਹੋਵੇ, ਜਿਨ੍ਹਾਂ ਨਾਲ ਸਮਾਜਕ ਬੰਧਨ ਵਿਚ ਬੱਝੇ ਹੋਈਏ, ਜਿਨ੍ਹਾਂ ਨਾਲ ਸਮਾਜਕ ਸਰੋਕਾਰਾਂ ਦੀ ਸਾਂਝ ਹੋਵੇ। ਆਪਣੇ ਤਾਂ ਉਹ ਹੁੰਦੇ, ਜਿਨ੍ਹਾਂ ਨਾਲ ਵਿਚਾਰਾਂ ਦੀ ਸਾਂਝ ਹੋਵੇ, ਸੋਚਾਂ ਵਿਚ ਸਮਾਨਤਾ ਹੋਵੇ, ਭਾਵਾਂ ਵਿਚ ਇਕਸੁਰਤਾ ਹੋਵੇ, ਚਾਅ ਸਾਂਝੇ ਹੋਣ ਅਤੇ ਅਹਿਸਾਸਾਂ ਵਿਚਲੀ ਧੜਕਣ ਨੂੰ ਇਕਸਾਰਤਾ ਮਿਲੇ। ਇਕ ਦੀ ਆਹ 'ਚ ਦੂਜੇ ਦੀ ਜਿੰਦ ਨਿਕਲੇ। ਇਕ ਦੀ ਅੱਖ ਵਿਚ ਕੱਖ ਪੈਣ 'ਤੇ ਦੂਜੇ ਦੀ ਅੱਖ ਰੜਕਦੀ ਰਹੇ।***

ਆਪਣੇ ਤਾਂ ਉਹ ਵੀ ਹੁੰਦੇ, ਜੋ ਤੁਹਾਡੀ ਪੀੜ ਨੂੰ ਆਪਣੀ ਕਿਆਸ ਤੁਹਾਡੇ ਲਈ ਮਰਹਮ ਬਣਦੇ। ਉਨ੍ਹਾਂ ਦੀਆਂ ਦੁਆਵਾਂ ਵਿਚੋਂ ਤੁਹਾਨੂੰ ਤਸਕੀਨ ਮਿਲਦੀ। ਕਿਸੇ ਦੇ ਸ਼ੁਭ-ਚਿੰਤਨ ਵਿਚੋਂ ਤੁਹਾਡੀਆਂ ਆਸਾਂ ਨੂੰ ਬੂਰ ਪੈਂਦਾ ਅਤੇ ਕਿਸੇ ਦੀ ਫਿਕਰਮੰਦੀ ਵਿਚ ਤੁਹਾਨੂੰ ਫੱਕਰਤਾ ਦਾ ਇਲਹਾਮ ਹੁੰਦਾ।

ਆਪਣੇ ਤਾਂ ਉਹ ਹੁੰਦੇ, ਜੋ ਕਿਸੇ ਦੇ ਨੀਵੇਂ ਦਰਾਂ ਨੂੰ ਵੀ ਉਚਾ ਸਮਝ ਕੇ ਨਤਮਸਤਕ ਹੁੰਦੇ, ਹੀਣ-ਭਾਵਨਾ ਨੂੰ ਦਰ-ਕਿਨਾਰ ਕਰ ਮੋਹ ਦਾ ਰਿਸ਼ਤਾ ਜੋੜਦੇ ਅਤੇ ਤੁਹਾਡੀਆਂ ਦੇਣਦਾਰੀਆਂ ਨੂੰ ਵੀ ਆਪਣੀਆਂ ਕੀਰਤੀਆਂ ਦਾ ਹਾਸਲ ਬਣਾਉਂਦੇ।

ਆਪਣੇ ਉਹ ਵੀ ਹੁੰਦੇ, ਜਿਨ੍ਹਾਂ ਦੀ ਲੋਅ ਵਿਚ ਦੀਦਿਆਂ ਨੂੰ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਨ ਵਿਚ ਮਦਦ ਮਿਲਦੀ, ਜਿਸ ਦੀ ਪੈੜ ਵਿਚ ਪੈਰ ਧਰਦਿਆਂ ਕਦਮਾਂ ਨੂੰ ਨਵੀਆਂ ਲੀਹਾਂ ਸਿਰਜਣ ਦੀ ਸੁਮੱਤ ਮਿਲਦੀ ਜਾਂ ਜਿਨ੍ਹਾਂ ਦੀ ਪ੍ਰੇਰਨਾ ਵਿਚੋਂ ਹੀ ਸੁਪਨ-ਉਡਾਣ ਤੇ ਸੁਪਨ-ਸਾਜ਼ਗਾਰੀ ਦੇ ਸ਼ਰਫ ਦਾ ਝਲਕਾਰਾ ਪੈਂਦਾ।

ਆਪਣੇ ਤਾਂ ਉਹ ਹੱਥ ਵੀ ਹੁੰਦੇ, ਜੋ ਬਜੁਰਗੀ ਅਸੀਸ ਨਾਲ ਨਿਵਾਜਦੇ, ਉਦਾਸੀਨ ਪਲਾਂ ਵਿਚ ਬੇਫਿਕਰੀ ਦਾ ਪੈਗਾਮ ਬਣਦੇ ਅਤੇ ਨਾਕਾਮੀਆਂ ਨੂੰ ਨਵੀਨਤਮ ਬੁਲੰਦੀਆਂ ਦਾ ਹਾਸਲ ਬਣਾਉਣ ਵਿਚ ਮਦਦ ਕਰਦੇ।

ਆਪਣੇ ਤਾਂ ਉਹੀ ਹੁੰਦੇ, ਜੋ ਤੁਹਾਡੇ ਇਕੱਲ ਨੂੰ ਸਹਿਹੋਂਦ ਨਾਲ ਭਰਦੇ। ਨਿੱਕੀ ਨਿੱਕੀ ਗੁਫਤਗੂ ਨਾਲ ਸਕੂਨ ਦਾ ਆਬਸ਼ਾਰ ਸਿਰਜਦੇ। ਨਿੱਕੀਆਂ ਨਿੱਕੀਆਂ ਬਾਤਾਂ ਤੇ ਹੁੰਗਾਰਿਆਂ ਨਾਲ ਜੀਵਨ-ਜੋਤ ਨੂੰ ਨਵੀਂ ਜ਼ਿੰਦਗੀ ਦਿੰਦੇ। ਮੋਹ ਦੇ ਚਿਰਾਗ ਜਗਾਉਂਦੇ ਅਤੇ ਬੁੱਝਣ ਲਈ ਉਕਤਾਏ ਦੀਦਿਆਂ ਵਿਚ ਲੋਅ ਉਪਜਾਉਂਦੇ। ਆਪੇ ਸਿਰਜੇ ਖੋਲ ਵਿਚੋਂ ਬਾਹਰ ਨਿਕਲਣ ਵਿਚ ਮਦਦਗਾਰ ਸਾਬਤ ਹੁੰਦੇ। ਜਿੰਦ-ਦਰ 'ਤੇ ਚਾਵਾਂ ਦਾ ਸੰਧਾਰਾ ਲੈ ਕੇ ਆਉਂਦੇ। ਜ਼ਿੰਦਗੀ ਨੂੰ ਜਿਉਣ ਲਾਉਂਦੇ ਅਤੇ ਮਨ ਵਿਚ ਹਰ ਪਲ ਨੂੰ ਮਾਣਨ ਦਾ ਚਾਅ ਉਪਜਾਉਂਦੇ।

ਆਪਣੇ ਤਾਂ ਉਹੀ ਹੁੰਦੇ, ਜੋ ਨਬਜ਼ ਪਛਾਣਦੇ ਅਤੇ ਰੂਹ-ਰਮਜ਼ ਦਾ ਹੁੰਗਾਰਾ ਬਣਦੇ। ਰੂਹ ਤੋਂ ਰੂਹ ਤੀਕ ਰਸਾਈ ਹੁੰਦੀ। ਇਕ ਦੂਜੇ ਦੀ ਰੂਹ ਵਿਚ ਬਸੇਰਾ ਕਰਕੇ, ਜੀਵਨ ਦੀਆਂ ਉਚਤਮ ਤੇ ਅਸੀਮਤ ਖੁਸ਼ੀਆਂ-ਖੇੜਿਆਂ ਨੂੰ ਦਿਲ ਜਾਨੀ ਦੇ ਨਾਮ ਕਰਦੇ ਅਤੇ ਚਿਰੰਜੀਵਤਾ ਦਾ ਦਮ ਹਰਦਮ ਭਰਦੇ।

ਆਪਣੇ ਤਾਂ ਉਹੀ ਹੁੰਦੇ, ਜਿਨ੍ਹਾਂ ਨਾਲ ਸੁੱਖ-ਦੁੱਖ ਫਰੋਲਿਆ ਜਾਂਦਾ, ਜਿਨ੍ਹਾਂ ਦੇ ਸਾਥ ਵਿਚ ਦਿਲ ਦੀ ਵੇਦਨਾ ਨੂੰ ਰਾਹਤ ਮਿਲਦੀ ਤੇ ਜੋ ਦੂਰ ਹੋ ਕੇ ਸਭ ਤੋਂ ਕਰੀਬ ਹੁੰਦੇ। ਅਮੀਰ ਹੋ ਕੇ ਨਿਮਾਣਾ ਜਿਹਾ ਗਰੀਬ ਹੁੰਦਾ ਅਤੇ ਤੁਹਾਡੀਆਂ ਤਰਜ਼ੀਹਾਂ, ਤਮੰਨਾਵਾਂ, ਤਦਬੀਰਾਂ ਤੇ ਤਕਦੀਰਾਂ ਦਾ ਮੁਰੀਦ ਹੁੰਦਾ। ਆਪਣੇ ਤਾਂ ਉਹ ਹੁੰਦੇ ਜਿਨ੍ਹਾਂ ਨਾਲ ਸੁਪਨਿਆਂ, ਸਾਧਨਾ, ਸਮਰਥਾਵਾਂ ਅਤੇ ਸੂਖਮਤਾ ਭਰੀ ਸਾਂਝ ਹੋਵੇ, ਜਿਸ ਵਿਚੋਂ ਤੁਹਾਡਾ ਹੀ ਮੁਹਾਂਦਰਾ ਨਜ਼ਰ ਆਵੇ, ਜੋ ਤੁਹਾਡੇ ਮਨ ਦੀਆਂ ਜਾਣੇ, ਤੁਹਾਨੂੰ ਖੁਦ 'ਚ ਰਚਾਵੇ ਅਤੇ ਤੁਹਾਡੇ ਸਾਹਾਂ ਦੀ ਮਹਿਕ ਬਣ ਜਾਵੇ।



***ਆਪਣੇ-ਪਰਾਏ***

ਆਪਣੇ ਤਾਂ ਉਹ ਹੀ ਹੁੰਦੇ, ਜੋ ਲੋੜ ਵੇਲੇ ਬਾਂਹ ਫੜਦੇ, ਜੀਵਨ-ਮੰਝਧਾਰ ਵਿਚੋਂ ਬਾਹਰ ਨਿਕਲਣ ਵਿਚ ਮਦਦ ਕਰਦੇ ਅਤੇ ਤੁਹਾਨੂੰ ਦੁੱਖਾਂ ਦਾ ਦਰਿਆ ਪਾਰ ਕਰਵਾ, ਚੁੱਪ-ਚੁਪੀਤੇ ਹੀ ਤੁਹਾਡੇ ਖਿਆਲਾਂ ਵਿਚੋਂ ਅਲੋਪ ਹੋ ਜਾਂਦੇ। ਫਰਿਸ਼ਤਿਆਂ ਵਰਗੇ ਅਜਿਹੇ ਲੋਕ ਆਪਣਿਆਂ ਤੋਂ ਵੀ ਵੱਧ ਹੁੰਦੇ।

ਆਪਣੇ ਉਹ ਹੁੰਦੇ, ਜਿਨ੍ਹਾਂ ਦੀ ਸੋਚ ਵਿਚ ਤੁਹਾਡੇ ਲਈ ਖਾਲੀ ਥਾਂ ਹੋਵੇ, ਜਿਨ੍ਹਾਂ ਦੇ ਜਿਹਨ ਵਿਚ ਤੁਹਾਡਾ ਧਿਆਨ ਹੋਵੇ, ਜਿਨ੍ਹਾਂ ਦੇ ਮਸਤਕ ਵਿਚ ਤੁਹਾਡੀਆਂ ਕਰਮ-ਰੇਖਾਵਾਂ ਦੀ ਕਲਾ-ਨਕਾਸ਼ੀ ਹੋਵੇ ਅਤੇ ਜਿਨ੍ਹਾਂ ਨੂੰ ਆਪਣੇ ਤੋਂ ਵੀ ਵੱਧ ਤੁਹਾਡੀ ਚਿੰਤਾ ਹੋਵੇ।

ਆਪਣੇ ਉਹ ਹੁੰਦੇ, ਜਿਨ੍ਹਾਂ ਦੇ ਹਰਫਾਂ ਵਿਚੋਂ ਤੁਹਾਡੀ ਕਰਮਸ਼ੀਲਤਾ ਦੇ ਅਰਥਾਂ ਦੀ ਪੇਸ਼ੀਨਗੋਈ ਹੋਵੇ, ਜਿਸ ਦੇ ਵਿਯੋਗ ਵਿਚ ਤੁਹਾਡੀ ਅੱਖ ਰੋਵੇ, ਜਿਨ੍ਹਾਂ ਲਈ ਤੁਹਾਡੇ ਮਨ ਦੀ ਧਰਾਤਲ ਵਿਚ ਨਰੋਏ ਵਿਚਾਰਾਂ ਦੀ ਫਸਲ ਲਹਿਰਾਵੇ ਅਤੇ ਹਵਾਵਾਂ ਵਿਚ ਹਮਜੋਲਤਾ ਦਾ ਨਗਮਾ ਗੁਣਗੁਣਾਵੇ।

ਆਪਣੇ ਹੀ ਹੁੰਦੇ, ਜਿਨ੍ਹਾਂ ਦੀ ਖੁਸ਼ਬੂ ਹਵਾ ਦੇ ਪਿੰਡੇ 'ਤੇ ਤੁਹਾਡੇ ਅਹਿਸਾਸਾਂ ਨੂੰ ਉਕਰਾਵੇ, ਜਿਸ ਦੀਆਂ ਸ਼ਕਲਾਂ ਬੱਦਲਾਂ 'ਚੋਂ ਨਜ਼ਰ ਆਉਣ ਅਤੇ ਜੋ ਅੰਬਰਾਂ ਨੂੰ ਹੱਥ ਲਾਉਣ ਲਈ ਤੁਹਾਡੇ ਲਈ ਉਦਮ ਤੇ ਸਾਧਨ ਜੁਟਾਏ।

ਆਪਣੇ ਉਹ ਹੁੰਦੇ, ਜੋ ਸੋਚ, ਵਿਚਾਰ, ਕਰਮ, ਹਾਵ-ਭਾਵ ਅਤੇ ਦਿੱਭ-ਦ੍ਰਿਸ਼ਟੀ ਵਿਚੋਂ ਵੀ ਉਜਾਗਰ ਹੋਵੇ, ਜਿਸ ਦੀਆਂ ਸੋਚਾਂ ਤੁਹਾਡੇ ਲਈ ਅਸੀਸ ਦਾ ਜਾਗ ਲਾਵਣ ਅਤੇ ਹਮਦਮ, ਹਮਜੋਲੀ, ਹਮਦਰਦ ਤੇ ਹਮ-ਖਿਆਲ ਬਣ ਅਪਨਾਵੇ।

ਆਪਣੇ ਉਹ ਹੁੰਦੇ, ਜੋ ਕਿਸੇ ਰੁਤਬੇ, ਅਮੀਰੀ, ਪਛਾਣ ਜਾਂ ਹਸਤੀ ਦੇ ਗੁਲਾਮ ਨਹੀਂ ਹੁੰਦੇ, ਸਗੋਂ ਉਨ੍ਹਾਂ ਵਿਚ ਮਾਨਵਤਾ ਦਾ ਵਾਸਾ, ਚੌਗਿਰਦੇ ਵਿਚ ਆਭਾ-ਮੰਡਲੀ ਹਾਸਾ ਅਤੇ ਉਨ੍ਹਾਂ ਦੀ ਹੋਂਦ ਵਿਚ ਕਦੇ ਨਹੀਂ ਸਤਾਉਂਦਾ ਚੌਮਾਸਾ। ਸਗੋਂ ਤੁਹਾਡੇ ਸੋਚ-ਦਾਇਰਿਆਂ ਵਿਚ ਹਮੇਸ਼ਾ ਉਗਮਦਾ ਏ ਚੰਗਿਆਈ ਵਾਲਾ ਖਾਸਾ, ਜਿਸ ਨੇ ਤੁਹਾਡੇ ਵਿਅਕਤੀਤਵ ਨੂੰ ਬਣਾਇਆ ਹੁੰਦਾ ਏ, ਚਾਨਣ-ਪਾਸਾ।

ਆਪਣੇ ਉਹ ਹੀ ਹੁੰਦੇ, ਜਿਨ੍ਹਾਂ ਦੀ ਸੋਹਬਤ ਵਿਚ ਰੂਹ ਦੀ ਤਿਸ਼ਨਗੀ ਨੂੰ ਤ੍ਰਿਪਤੀ ਹਾਸਲ ਹੁੰਦੀ, ਅੰਤਰੀਵ ਨੂੰ ਭਰਪੂਰਤਾ ਦਾ ਅਹਿਸਾਸ ਹੁੰਦਾ। ਇਸ ਭਰਪੂਰਤਾ ਵਿਚੋਂ ਹੀ ਕੁਝ ਹੋਰ ਚੰਗਾ ਕਰ ਗੁਜ਼ਰਨ ਅਤੇ ਅਪਨਾਉਣ ਲਈ ਹਰਫ-ਹੌਸਲਾ ਸ਼ਰਫ ਬਣਦਾ।

ਆਪਣੇ ਉਹ ਹੁੰਦੇ, ਜੋ ਰੂਹ-ਰੇਜ਼ਾ ਬਣ ਕੇ ਦੁਆਵਾਂ ਲਈ ਹੱਥਾਂ ਨੂੰ ਅੰਬਰ ਵੱਲ ਉਛਾਲਦੇ ਅਤੇ ਹਰ ਪਲ ਤੁਹਾਡਾ ਸੰਗ ਭਿਆਲਦੇ। ਉਨ੍ਹਾਂ ਦੀ ਹਮਦਰਦੀ ਵਿਚੋਂ ਹੀ ਜ਼ਿੰਦਗੀ ਨੂੰ ਰੱਜ਼, ਸਬਰ, ਸੁਖਨ-ਸਬੂਰੀ ਅਤੇ ਸੁੰਦਰਤਾ ਹਾਸਲ ਹੁੰਦੀ। ਇਹ ਹਾਸਲ ਜ਼ਿੰਦਗੀ ਦੇ ਅਰਥਾਂ ਵਿਚ ਸੰਦਲੀ ਰੰਗ ਭਰਦਾ ਅਤੇ ਤੁਹਾਡੀ ਆਭਾ ਨੂੰ ਜਿਉਣ-ਜੋਗਾ ਕਰਦਾ।

ਆਪਣੇ ਉਹ ਹੁੰਦੇ, ਜਿਨ੍ਹਾਂ ਦੀ ਕੋਮਲਤਾ ਮਨ ਨੂੰ ਪਿਘਲਾਉਂਦੀ, ਜਿਨ੍ਹਾਂ ਦਾ ਸੁਹਜ ਸੂਖਮ ਕਲਾ ਜਗਾਉਂਦਾ, ਜਿਨ੍ਹਾਂ ਦੀ ਦਿੱਭ-ਦ੍ਰਿਸ਼ਟੀ ਅੱਖਰਾਂ ਨੂੰ ਜੁਗਨੂੰ ਬਣਾਉਂਦੀ, ਜਿਨ੍ਹਾਂ ਦੀ ਸੰਗਤ ਬੋਲਾਂ ਨੂੰ ਅਪਣੱਤ ਨਾਲ ਭਿਉਂਦੀ ਅਤੇ ਜੀਵਨ-ਚਾਹਤਾਂ ਨੂੰ ਸੰਪੂਰਨਤਾ ਦੇ ਰਾਹ ਪਾਉਂਦੀ।

ਆਪਣਿਆਂ ਨੂੰ ਆਪਣੇ ਹੀ ਬਣਾਈ ਰੱਖੋ, ਪਰ ਜੇ ਆਪਣੇ ਪਰਾਏ ਹੋਣ ਲਈ ਬਜ਼ਿੱਦ ਹੋਣ ਤਾਂ ਮਨ ਮਸੋਸ ਕੇ ਰਹਿ ਜਾਂਦਾ ਅਤੇ ਇਸ ਹੋਣੀ 'ਤੇ ਹੰਝੂ ਵਹਾਉਣ ਤੋਂ ਬਿਨਾ ਨਹੀਂ ਰਹਿੰਦਾ ਕੋਈ ਚਾਰਾ, ਮਨ 'ਚ ਉਡਦਾ ਇਕ ਦਰਦ-ਕੁੰਵਾਰਾ ਅਤੇ ਜੀਵਨ ਨੂੰ ਬਣਾ ਦਿੰਦਾ ਹੋਰ ਦੁਖਿਆਰਾ।

ਕਈ ਵਾਰ ਆਪਣਿਆਂ ਦੀ ਬੇਰੁਖੀ, ਦਰਦ ਦਾ ਅਸੀਮ ਸਾਗਰ ਬਣ ਕੇ ਅੰਤਰੀਵ ਨੂੰ ਖਾਰਾ ਕਰ ਦਿੰਦੀ ਤਾਂ ਕਲਮ ਕੂਕਦੀ:

ਆਪਣਿਆਂ ਜਦ ਆਪਣੇ ਬਣ ਕੇ
ਆਂਦਰੀਂ ਰੁੱਗ ਭਰੇ
ਤਾਂ ਨੈਣਾਂ ਦੇ ਉਛਲੇ ਸਰਵਰ
ਸਾਹਾਂ ਔਖੇ ਤਰੇ
ਚਾਵਾਂ ਦਾ ਇਕ ਮਿਰਗ ਤ੍ਰਿਹਾਇਆ
ਮਾਰੂਥਲੀਂ ਚਰੇ
ਅਤੇ ਆਸਾਂ ਦੀ ਬੇਵਾ ਰੁੱਤ ਵੀ
ਹਉਕਾ ਨਿੱਤ ਭਰੇ
ਪਿੰਡ ਨੂੰ ਜਾਂਦੇ ਰਾਹਾਂ ਉਤੇ
ਪਰਛਾਵਾਂ ਨਿੱਤ ਮਰੇ।
ਪਰ
ਉਦਾਸ ਨਾ ਹੋ ਵੇ ਰਾਹੀਆ!
ਅਜਿਹੇ ਵੇਲੇ ਜਾਂ ਨੂਰ-ਇਲਾਹੀ
ਆਪਣੀ ਨਦਰਿ ਕਰੇ
ਤਾਂ ਜ਼ਿੰਦਗੀ ਦੇ ਮੱਥੇ ਉਤੇ
ਸਗਵਾਂ ਚੰਦ ਚੜ੍ਹੇ
ਪਤਝੜਾਂ ਨੇ ਥਿਰ ਨਹੀਂ ਰਹਿਣਾ,
ਹੋਣੇ ਬਾਗ ਹਰੇ
ਅਤੇ ਪਲ ਪਲ ਮਰਦੀ ਜ਼ਿੰਦਗੀ ਨੂੰ
ਜਿਉਣ ਜੋਗਾ ਕਰੇ।

ਜੇ ਸੱਚੇ ਸੁੱਚੇ ਹੋਣ ਤਾਂ ਆਪਣੇ, ਆਪਣੇ ਹੀ ਹੁੰਦੇ। ਉਨ੍ਹਾਂ ਦਾ ਕੋਈ ਬਦਲ ਨਹੀਂ ਹੁੰਦਾ। ਉਨ੍ਹਾਂ ਲਈ ਹਰਫ-ਰੁੱਤ ਮੌਲਦੀ:

ਆਪਣਿਆਂ ਕਾਰਨ ਹੀ ਜਿੰਦ-ਬੀਹੀਏ
ਗੂੰਜੇ ਹਰਦਮ ਨਾਦ
ਆਪਣੇ ਹੋਣ ਤਾਂ ਉਜੜੇ ਬਾਗ ਵੀ
ਕਰਦੇ ਆਣ ਅਬਾਦ
ਆਪਣੇ ਹੋਣ ਭਾਵੇਂ ਵਿਚ ਪਰਦੇਸੀਂ
ਪਰ ਮਨ ਵਸੇਂਦੀ ਯਾਦ
ਆਪਣਿਆਂ ਨਾਲ ਚੇਤ-ਅਚੇਤੇ
ਕਰੀਏ ਵਾਦ-ਸੰਵਾਦ
ਆਪਣਿਆਂ ਦੀ ਇਕ ਮੁਸਕਣੀ
ਦਿਲ ਨੂੰ ਕਰਦੀ ਸ਼ਾਦ
ਆਪਣਿਆਂ ਦਾ ਹਾਕ-ਹੁੰਗਾਰਾ
ਰਹਿਮਤ ਦੀ ਫਰਿਆਦ
ਆਪਣਿਆਂ ਦੀ ਰੂਹ-ਰੇਜ਼ਤਾ
ਬਣਦੀ ਖੰਭ-ਖੁਆਬ।

ਕਦੇ ਕਦੇ ਵਤਨ ਜਾਵਾਂ ਤਾਂ ਕੁਝ ਕੁ ਆਪਣਿਆਂ ਦਾ ਮੋਹ ਤੇ ਅਪਣੱਤ, ਸੱਖਣੇ ਮੁਹੱਬਤੀ ਭੰਡਾਰਾਂ ਨੂੰ ਨੱਕੋਨੱਕ ਭਰ ਦਿੰਦੀ। ਕਿਰਤ-ਲਗਰਾਂ ਦੀ ਜ਼ਰਖੇਜਤਾ ਅੱਖਰਾਂ ਦਾ ਰੂਪ ਧਾਰ ਸਫਿਆਂ 'ਤੇ ਫੈਲਦੀ:

ਆਪਣਿਆਂ ਨੇ ਘਰ ਪੈਰ ਧਰਦਿਆਂ
ਡੰਗਿਆ ਚਾਅ-ਚਿਰਾਗ
ਕਿ ਬੰਦ ਦਰਵਾਜੀਂ ਚਾਨਣ ਚਾਨਣ
ਤੇ ਸੁੱਤੇ ਜਾਗੇ ਭਾਗ
ਆਪਣਿਆਂ ਨੇ ਸਾਹ-ਸੁਰੰਗੀ 'ਤੇ
ਸਰਗਮ ਐਸਾ ਖੁਣਿਆ
ਕਿ ਰੂਹ ਦੀ ਨਗਰੀ ਵੱਸਦੀ ਹੋ'ਗੀ
ਰੂਹ-ਨਾਦ ਜਦ ਸੁਣਿਆ
ਆਪਣਿਆਂ ਨੇ ਮਨ-ਮੰਮਟੀ 'ਤੇ
ਐਸੀ ਅਲਖ ਜਗਾਈ
ਕਿ ਵਿਚ ਫਿਜਾਵੀਂ ਹਵਾ ਹੋ ਗਈ
ਮਸਤਕ ਦੀ ਤਨਹਾਈ
ਆਪਣਿਆਂ ਨੇ ਵਕਤ-ਸਫੇ 'ਤੇ
ਉਕਰੀ ਅਜਿਹੀ ਇਬਾਰਤ
ਕਿ ਉਨ੍ਹਾਂ ਵਰਕਿਆਂ ਦੀ ਹਰਫ-ਬੰਧਨਾ
ਜਾਪੇ ਨਿਰੀ ਇਬਾਦਤ।

ਲੋੜ ਹੈ, ਆਪਣੇ ਕਦੇ ਵੀ ਪਰਾਏ ਨਾ ਹੋਣ; ਸਗੋਂ ਪਰਾਇਆਂ ਨੂੰ ਆਪਣੇ ਬਣਾਉਣ ਦੀ ਜੁਗਤ ਜੀਵਨ-ਜਾਚ ਬਣਾ ਲਈ ਜਾਵੇ ਤਾਂ ਇਸ ਸੁੰਦਰ ਦੁਨੀਆਂ ਨੂੰ ਹੋਰ ਖੂਬਸੂਰਤ ਬਣਾਇਆ ਜਾ ਸਕਦਾ। ਜਦ ਪਰਾਏ ਵੀ ਆਪਣੇ ਬਣ ਕੇ ਤੁਹਾਡੀਆਂ ਬਾਹਾਂ ਬਣਦੇ ਅਤੇ ਸੋਚਾਂ ਵਿਚਲੀ ਤਦਬੀਰ ਤੇ ਤਕਦੀਰ ਬਣਦੇ ਤਾਂ ਜ਼ਿੰਦਗੀ ਨੂੰ ਹੋਰ ਹੁਸੀਨ ਹੋਣ ਦਾ ਸ਼ਰਫ ਹਾਸਲ ਹੁੰਦਾ। ਅਜਿਹਾ ਸ਼ਰਫ ਹੋਣਾ ਤਾਂ ਮਨੁੱਖ ਦੀ ਹਮੇਸ਼ਾ ਹੀ ਪਹਿਲ ਰਹੀ ਏ ਅਤੇ ਪਹਿਲ ਬਣੀ ਰਹੇਗੀ।

ਕਲਮ ਅਜਿਹੀ ਤਵੱਕੋਂ ਤਾਂ ਕਰ ਹੀ ਸਕਦੀ ਆ। ਆਮੀਨ!

ਗੁਰਮਤਿ ਵਿਚਾਰ

# ਗੁਰਮਤਿ ਅਤੇ ਸਿੱਖ ਧਰਮ

ਹਾਕਮ ਸਿੰਘ
hak1270@yahoo.com

ਸਿੱਖ ਧਰਮ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ ਮੰਨਿਆ ਜਾਂਦਾ ਹੈ। ਹਰ ਸਿੱਖ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦਾ ਅਤੇ ਭੇਟਾ ਅਰਪਣ ਕਰਦਾ ਹੈ। ਇਸ ਤੋਂ ਪ੍ਰਭਾਵ ਪੈਣਾ ਸੁਭਾਵਕ ਹੈ ਕਿ ਸਿੱਖ ਧਰਮ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ; ਪਰ ਐਸਾ ਨਹੀਂ ਹੈ। ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਭੂ ਰੂਪ ਗੁਰੂ ਮੰਨ ਕੇ ਪੂਜਦੇ ਤਾਂ ਹਨ, ਪਰ ਗੁਰਬਾਣੀ ਪ੍ਰਤੀ ਉਨ੍ਹਾਂ ਦਾ ਰਵੱਈਆ ਰਾਜ ਵਿਚ ਸਿੱਖ ਧਰਮ ਦੀ ਸਥਿਤੀ ਅਨੁਸਾਰ ਬਦਲਦਾ ਰਹਿੰਦਾ ਹੈ। ਸੰਕਟ ਸਮੇਂ ਸਿੱਖਾਂ ਵਿਚ ਗੁਰਬਾਣੀ ਨੂੰ ਜਾਣਨ ਦੀ ਇੱਛਾ ਅਤੇ ਸ਼ਰਧਾ ਵਧ ਜਾਂਦੀ ਹੈ ਅਤੇ ਸੰਕਟ ਟਲਣ 'ਤੇ ਘਟ ਜਾਂਦੀ ਹੈ। ਗੁਰਬਾਣੀ ਨਾਲ ਨੇੜਤਾ ਉਨ੍ਹਾਂ ਦੇ ਨੈਤਿਕ ਜੀਵਨ ਵਿਚ ਸੁਧਾਰ ਲੈ ਆਉਂਦੀ ਹੈ ਅਤੇ ਕੁਝ ਸਮੇਂ ਲਈ ਸਿੱਖ ਧਰਮ ਦਾ ਸਨਮਾਨ ਵਧ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਨੂੰ 'ਖਸਮ ਕੀ ਬਾਣੀ' ਕਿਹਾ ਗਿਆ ਹੈ,

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥
(ਪੰਨਾ 722)

ਇਹ ਪ੍ਰਭੂ ਵਲੋਂ ਗੁਰੂ ਨੂੰ ਬਖਸ਼ਿਸ਼ ਕੀਤਾ ਗਿਆਨ ਹੈ, ਜੋ ਉਸ ਨੇ ਗੁਰੂ ਨੂੰ ਸੰਸਾਰ ਨਾਲ ਸਾਂਝਾ ਕਰਨ ਲਈ ਪ੍ਰਦਾਨ ਕੀਤਾ ਹੈ। ਇਸ ਗਿਆਨ ਨੂੰ ਗੁਰਮਤਿ ਆਖਿਆ ਜਾਂਦਾ ਹੈ। ਗੁਰਮਤਿ ਮੂਲ ਰੂਪ ਵਿਚ ਪ੍ਰਭੂ, ਉਸ ਵਲੋਂ ਸ੍ਰਿਸ਼ਟੀ ਦੀ ਸਿਰਜਣਾ ਅਤੇ ਸੰਸਾਰ ਵਿਚ ਮਨੁੱਖ ਦੇ ਉਸ ਨਾਲ ਸਬੰਧਾਂ ਦਾ ਗਿਆਨ ਹੈ।

ਗੁਰਮਤਿ ਅਨੁਸਾਰ ਪ੍ਰਭੂ ਸ੍ਰਿਸ਼ਟੀ ਦਾ ਸਿਰਜਣਹਾਰ ਹੈ ਅਤੇ ਆਪ ਉਸ ਵਿਚ ਵਿਆਪਕ ਹੈ। ਗੁਰੂ ਗ੍ਰੰਥ ਸਾਹਿਬ ਦੇ ਮੰਗਲਾਚਰਨ 'ਚ ਮਨੁੱਖ ਨੂੰ ਸਮਝ ਆਉਣ ਵਾਲੇ ਪ੍ਰਭੂ ਦੇ ਕੁਝ ਗੁਣਾਂ ਦਾ ਵਰਣਨ ਹੈ; ਪਰ ਗੁਰਬਾਣੀ ਪ੍ਰਭੂ ਨੂੰ ਅਨੰਤ ਆਖਦੀ ਹੈ। ਉਸ ਨੂੰ ਬਿਆਨ ਕਰਨਾ ਸੰਭਵ ਨਹੀਂ,

ਅਗਮ ਅਗੋਚਰਾ ਤੇਰਾ ਅੰਤੁ ਕਿਨੇ ਨ ਪਾਇਆ॥ (ਪੰਨਾ 918)

**ਅਤੇ**

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥
(ਪੰਨਾ 5)

ਗੁਰਬਾਣੀ ਮਨੁੱਖਾ ਜੀਵਨ ਦਾ ਮਨੋਰਥ ਪ੍ਰਭੂ ਦਾ ਗਿਆਨ ਪ੍ਰਾਪਤ ਕਰਕੇ ਉਸ ਨਾਲ ਮਿਲਾਪ ਦੱਸਦੀ ਹੈ,

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
(ਪੰਨਾ 12)

ਪਰ ਪ੍ਰਭੂ ਅਦ੍ਰਿਸ਼ਟ ਹੈ। ਉਸ ਨਾਲ ਮਿਲਾਪ ਤਾਂ ਦੂਰ ਦੀ ਗੱਲ, ਮਨੁੱਖ ਲਈ ਉਸ ਦੇ ਰੂਪ ਦੀ ਕਲਪਨਾ ਕਰਨੀ ਵੀ ਸੰਭਵ ਨਹੀਂ। ਇਸ ਲਈ ਗੁਰਬਾਣੀ ਪ੍ਰਭੂ ਦੇ ਗਿਆਨ ਦੀ ਪ੍ਰਾਪਤੀ ਨੂੰ ਹੀ ਮਿਲਾਪ ਨਾਲ ਸਮਾਨਤਾ ਦਿੰਦੀ ਹੈ,

ਐਸਾ ਗਿਆਨੁ ਬੀਚਾਰੈ ਕੋਈ॥
ਤਿਸ ਤੇ ਮੁਕਤ ਪਰਮ ਗਤਿ ਹੋਈ॥
(ਪੰਨਾ 878)

ਪ੍ਰਭੂ ਦਾ ਗਿਆਨ ਪ੍ਰਾਪਤ ਕਰਨ ਅਤੇ ਵਿਚਾਰਨ ਲਈ ਗੁਰਬਾਣੀ ਮਨੁੱਖ ਨੂੰ ਸਤ, ਸੰਤੋਖ ਅਤੇ ਦਇਆ ਦੇ ਗੁਣ ਧਾਰ ਕੇ ਧਰਮ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦੀ ਹੈ,

ਸਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ
ਗੁਰਮੁਖਿ ਬੂਝੈ ਕੋਈ॥ (ਪੰਨਾ 351)

ਗਿਆਨ ਦੀ ਪ੍ਰਾਪਤੀ ਮਨੁੱਖ ਦੇ ਜੀਵਨ ਵਿਚ ਅਨੰਦ ਲੈ ਆਉਂਦੀ ਹੈ,

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
ਤਿਥੈ ਨਾਦ ਬਿਨੋਦ ਕੋਡ ਅਨੰਦੁ॥ (ਪੰਨਾ 7)

ਹੋਰ ਉਦਮ ਕਰਨ ਨਾਲ ਮਨੁੱਖ ਦੇ ਮਾਨਸਕ ਰੂਪ ਵਿਚ ਨਿਖਾਰ ਆ ਜਾਂਦਾ ਹੈ ਅਤੇ ਉਸ ਦੀ ਸੁਰਤ, ਮਤ, ਮਨ ਅਤੇ ਬੁਧੀ ਨਿਪੁੰਨ ਹੋ ਜਾਂਦੇ ਹਨ, ਜੀਵਨ ਸਿੱਧਾਂ ਵਾਲਾ ਹੋ ਜਾਂਦਾ ਹੈ,

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥
(ਪੰਨਾ 7)

ਪ੍ਰਭੂ ਦੀ ਮਿਹਰ ਹੋਣ 'ਤੇ ਮਨੁੱਖ ਨੂੰ ਆਤਮ-ਬਲ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਹ ਸੱਚ ਖੰਡ ਵਿਚ ਪਰਵੇਸ਼ ਕਰ ਜਾਂਦਾ ਹੈ।

ਪ੍ਰਭੂ ਦਾ ਗਿਆਨ ਪ੍ਰਾਪਤ ਕਰਨ ਲਈ ਧਰਮ ਦੇ ਮਾਰਗ 'ਤੇ ਚਲਣ ਤੋਂ ਮਨੁੱਖ ਨੂੰ ਦੋ ਭਰਮ ਅਤੇ ਉਨ੍ਹਾਂ ਦਾ ਮੋਹ ਰੋਕੀ ਰਖਦੇ ਹਨ: ਪਹਿਲਾ, ਸੰਸਾਰ ਦੀ ਮਾਇਆ ਅਤੇ ਦੂਜਾ, ਮਨੁੱਖੀ ਮਨ ਦੀ ਹਉਮੈ। ਗੁਰਬਾਣੀ ਵਿਚ ਮਾਇਆ ਕੋਈ ਧਨ, ਦੌਲਤ ਜਾਂ ਸੰਪੱਤੀ ਦਾ ਸੰਕਲਪ ਨਹੀਂ ਹੈ, ਉਹ ਤਾਂ ਮਨੁੱਖੀ ਮਨ ਨੂੰ ਪ੍ਰਭੂ ਵਲ ਧਿਆਨ ਦੇਣ ਤੋਂ ਰੋਕਣ ਵਾਲੀ ਭਾਵਨਾ ਦੇ ਸਰੋਤ ਦਾ ਸੰਕਲਪ ਹੈ। ਇਹ ਭਾਵਨਾ ਸੰਸਾਰ ਵਿਚ ਛਾਏ ਮਾਇਆ ਦੇ ਤ੍ਰੈਗੁਣਾਂ ਦੀ ਉਪਜ ਹੁੰਦੀ ਹੈ, ਜਿਨ੍ਹਾਂ ਨੂੰ ਗੁਰਬਾਣੀ 'ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥' (ਪੰਨਾ 1123) ਆਖਦੀ ਹੈ। ਇਨ੍ਹਾਂ ਤ੍ਰੈਗੁਣਾਂ, ਰਜੋ ਗੁਣ (ਮਿਹਨਤ, ਸ਼ਕਤੀ), ਤਮੋ ਗੁਣ (ਅੰਧਕਾਰ, ਅਗਿਆਨ, ਜੜ੍ਹਤਾ) ਅਤੇ ਸਤੋ ਗੁਣ (ਜਤ ਸਤ, ਸ਼ਾਂਤੀ) ਦਾ ਮਿਸ਼ਰਣ ਮਨੁੱਖ ਦੀ ਮਨੋਬਿਰਤੀ ਨਿਰਧਾਰਤ ਕਰਦਾ ਹੈ ਅਤੇ ਉਸ ਨੂੰ ਸਿਰਜਣਹਾਰ ਪ੍ਰਭੂ ਵਲ ਧਿਆਨ ਦੇਣ ਤੋਂ ਹੋੜਦਾ ਹੈ।

ਮਨੁੱਖ ਵਿਚ ਵੀ ਪ੍ਰਭੂ ਦਾ ਵਾਸਾ ਹੈ, 'ਪਾਰਬ੍ਰਹਮੁ ਜਨੁ ਰਹਿਆ ਸਮਾਇ॥' (ਪੰਨਾ 193), ਪਰ ਮਨੁੱਖ ਆਪਣੇ ਅੰਦਰ ਵਸ ਰਹੇ ਪ੍ਰਭੂ (ਆਤਮਾ) ਨੂੰ ਦੇਖਣ, ਮਿਲਣ ਅਤੇ ਉਸ ਨਾਲ ਗੱਲਬਾਤ ਕਰਨਯੋਗ ਨਹੀਂ ਹੁੰਦਾ, ਵਿਚਾਲੇ ਹਉਮੈ ਨੇ ਪਰਦਾ ਪਾਇਆ ਹੋਇਆ ਹੈ,

ਅੰਤਰਿ ਅਲਖੁ ਨ ਜਾਈ ਲਖਿਆ
ਵਿਚਿ ਪੜਦਾ ਹਉਮੈ ਪਾਈ॥
ਮਾਇਆ ਮੋਹਿ ਸਭੋ ਜਗੁ ਸੋਇਆ
ਇਹੁ ਭਰਮੁ ਕਹਹੁ ਕਿਉ ਜਾਈ॥1॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ
ਮਿਲਿ ਬਾਤ ਨ ਕਰਤੇ ਭਾਈ॥ (ਪੰਨਾ 205)

ਹਉਮੈ ਮਨੁੱਖ ਵਿਚ ਸੁਤੰਤਰ ਹੋਂਦ ਦੇ ਵਿਸ਼ਵਾਸ ਨੂੰ ਆਖਿਆ ਜਾਂਦਾ ਹੈ। ਇਹ ਵਿਸ਼ਵਾਸ ਮਨੁੱਖ ਦੇ ਨਾਲ ਜਨਮ ਲੈਂਦਾ ਹੈ,

ਹਉਮੈ ਕਰਿ ਕਰਿ ਜੰਤ ਉਪਾਇਆ॥
(ਪੰਨਾ 466)

ਹਉਮੈ ਮਨੁੱਖ ਨੂੰ ਜੀਵਨ ਦੀ ਰਖਿਅਕ ਅਤੇ ਸ਼ਕਤੀ ਹੋਣ ਦਾ ਭਰਮ ਪਾਈ ਰੱਖਦੀ ਹੈ। ਪ੍ਰਭੂ ਦੀ ਕਿਰਪਾ ਨਾਲ ਹੀ ਇਸ ਨੂੰ ਮਾਰਿਆ ਜਾ ਸਕਦਾ ਹੈ,

ਜਾ ਹਰਿ ਪ੍ਰਭਿ ਕਿਰਪਾ ਧਾਰੀ॥
ਤਾ ਹਉਮੈ ਵਿਚਹੁ ਮਾਰੀ॥ (ਪੰਨਾ 879)

ਸੰਸਾਰ ਵਿਚ ਪ੍ਰਭੂ ਦਾ ਵਾਸਾ ਹੈ ਅਤੇ ਗੁਰਬਾਣੀ ਸੰਸਾਰ ਨੂੰ ਉਸ ਦਾ ਰੂਪ ਆਖਦੀ ਹੈ,

ਇਹੁ ਜਗੁ ਸਚੇ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸੁ॥ (ਪੰਨਾ 463)

**ਅਤੇ**

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਇਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥ (ਪੰਨਾ 922)

ਪ੍ਰਭੂ ਸੰਸਾਰ ਵਿਚ ਵਸਦਾ ਹੈ, ਪਰ ਮਨੁੱਖਾਂ ਨੂੰ ਦਿਸਦਾ ਨਹੀਂ, ਕਿਉਂਕਿ ਉਥੇ ਮਾਇਆ ਦੇ ਤ੍ਰੈਗੁਣ ਛਾਏ ਹੁੰਦੇ ਹਨ,

ਤਿਹੁ ਗੁਣ ਮਹਿ ਵਰਤੈ ਸੰਸਾਰਾ॥
(ਪੰਨਾ 389)

**ਅਤੇ**

ਮਾਇਆ ਮੋਹੁ ਜਗਤੁ ਸਬਾਇਆ॥
ਤ੍ਰੈਗੁਣ ਦੀਸਹਿ ਮੋਹੇ ਮਾਇਆ॥
(ਪੰਨਾ 129)

ਪ੍ਰਭੂ ਤ੍ਰੈਗੁਣੀ ਸੰਸਾਰ ਵਿਚ ਸਮਾਇਆ ਹੋਇਆ ਹੈ, ਪਰ ਨਜ਼ਰ ਨਹੀਂ ਆਉਂਦਾ ਕਿਉਂਕਿ ਉਹ ਉਥੇ ਵਸਦਾ ਨਹੀਂ। ਉਹ ਤ੍ਰੈਗੁਣਾਂ ਤੋਂ ਬਾਹਰ ਚੌਥੇ ਪਦ ਵਿਚ ਵਸਦਾ ਹੈ,

ਤੀਨਿ ਸਮਾਵੈ ਚਉਥੇ ਵਾਸਾ॥ (ਪੰਨਾ 839)

**ਅਤੇ**

ਤ੍ਰੈ ਵਰਤਾਇ ਚਉਥੈ ਘਰਿ ਵਾਸਾ॥
(ਪੰਨਾ 1038)

ਉਸ ਨੂੰ ਚੌਥੇ ਪਦ ਵਿਚ ਪਰਵੇਸ਼ ਕਰਕੇ ਹੀ ਜਾਣਿਆ ਜਾ ਸਕਦਾ ਹੈ, ਜਿਸ ਵਿਚ ਪਰਵੇਸ਼ ਲਈ ਮਨੁੱਖ ਨੂੰ ਹਉਮੈ ਮਾਰਨੀ ਪੈਂਦੀ ਹੈ। ਚੌਥਾ ਪਦ ਅਸਲ ਵਿਚ ਹਉਮੈ ਰਹਿਤ ਮਨੁੱਖ ਦੀ ਮਾਨਸਕ ਅਵਸਥਾ ਦਾ ਸੰਕਲਪ ਹੈ। ਹਉਮੈ ਰਹਿਤ ਮਨੁੱਖੀ ਮਨ ਹੀ ਮਾਇਆ ਰਹਿਤ ਸੰਸਾਰ ਦੇ ਚੌਥੇ ਪਦ ਵਿਚ ਪਰਵੇਸ਼ ਕਰਕੇ ਪ੍ਰਭੂ ਦਾ ਗਿਆਨ ਪ੍ਰਾਪਤ ਕਰ ਸਕਦਾ ਹੈ,

ਚਉਥੇ ਪਦ ਕਉ ਜੋ ਨਰੁ ਚੀਨੈ
ਤਿਨ ਹੀ ਪਰਮ ਪਦੁ ਪਾਇਆ॥
(ਪੰਨਾ 1123)

ਆਮ ਮਨੁੱਖ ਲਈ ਮਾਇਆ ਦੇ ਤ੍ਰੈਗੁਣਾਂ ਨੂੰ ਤਿਆਗਣਾ ਬਹੁਤ ਔਖਾ ਹੈ, ਕਿਉਂਕਿ ਮਾਇਆ ਦੇ ਪੰਜ ਵਿਸ਼ੇ ਵਿਕਾਰ-ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਉਸ ਨੂੰ ਆਪਣੇ ਭਰਮਜਾਲ ਵਿਚ ਫਸਾਈ ਰਖਦੇ ਹਨ। ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋਣ ਲਈ ਗੁਰਬਾਣੀ ਮਨੁੱਖ ਨੂੰ ਸ਼ਬਦ ਨੂੰ ਗੁਰੂ ਮੰਨ ਕੇ ਉਸ ਨਾਲ ਸੁਰਤ ਜੋੜਨ ਦਾ ਉਪਦੇਸ਼ ਦਿੰਦੀ ਹੈ, "ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" (ਪੰਨਾ 943)

ਸੁਰਤ ਜੋੜ ਕੇ ਸ਼ਬਦ ਦੀ ਵਿਚਾਰ ਕਰਨ ਅਤੇ ਉਸ ਦੀ ਓਟ ਲੈਣ 'ਤੇ ਮਾਇਆ ਦਾ ਭਰਮ ਮਿਟ ਜਾਂਦਾ ਹੈ,

ਏਹੁ ਮਨੁ ਮਾਇਆ ਮੋਹਿਆ
ਅਉਧੂ ਨਿਕਸੈ ਸਬਦਿ ਵੀਚਾਰੀ॥
(ਪੰਨਾ 908)

ਤ੍ਰੈਗੁਣੀ ਸੰਸਾਰ ਵਿਚ ਪ੍ਰਭੂ ਦਾ ਵਾਸਾ ਨਾ ਹੋਣ ਕਾਰਨ ਗੁਰਬਾਣੀ ਉਸ ਨੂੰ ਮਾਇਆ ਰੂਪ, ਦੂਜਾ, ਖੇਲੁ, ਭਰਮ, ਸੁਪਨਾ, ਝੂਠ ਅਤੇ ਭੌਜਲ ਆਖਦੀ ਹੈ। ਗੁਰ ਫੁਰਮਾਨ ਹਨ,

ਇਨਿ ਮਾਇਆ ਜਗ ਮੋਹਿਆ
ਵਿਰਲਾ ਬੂਝੈ ਕੋਇ॥ (ਪੰਨਾ 595)
ਨਾਨਕ ਸਚਾ ਏਕੁ ਹੈ
ਦੂਹੁ ਵਿਚਿ ਹੈ ਸੰਸਾਰੁ॥ (ਪੰਨਾ 950)
ਸਦਾ ਸਦਾ ਤੂੰ ਏਕੁ ਹੈ
ਤੁਧੁ ਦੂਜਾ ਖੇਲੁ ਰਚਾਇਆ॥ (ਪੰਨਾ 139)
ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥
(ਪੰਨਾ 657)
ਛਛੈ ਛਾਇਆ ਵਰਤੀ ਸਭ ਅੰਤਰਿ
ਤੇਰਾ ਕੀਆ ਭਰਮੁ ਹੋਆ॥ (ਪੰਨਾ 433)
ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
(ਪੰਨਾ 808)
ਢੰਢੋਲਿਮੁ ਢੂਢਿਮੁ ਡਿਠੁ ਮੈ
ਨਾਨਕ ਜਗੁ ਧੂਏ ਕਾ ਧਵਲਹਰੁ॥
(ਪੰਨਾ 138)
ਜਗ ਰਚਨਾ ਸਭ ਝੂਠ ਹੈ
ਜਾਨਿ ਲੇਹੁ ਰੇ ਮੀਤ॥ (ਪੰਨਾ 1428)

**ਅਤੇ**

ਦ੍ਰਿਸਟਮਾਨ ਹੈ ਸਗਲ ਮਿਥੇਨਾ॥
(ਪੰਨਾ 1083)

ਇਹ ਗੁਰਬਾਣੀ ਦਾ ਮੂਲ ਸਿਧਾਂਤ ਹੈ। ਗੁਰਬਾਣੀ ਮਨੁੱਖ ਨੂੰ ਅਧਿਆਤਮਕ ਜੀਵਨ ਨਾਲ ਸਬੰਧਤ ਹੋਰ ਵੀ ਕਈ ਉਪਦੇਸ਼ ਕਰਦੀ ਹੈ, ਜਿਵੇਂ ਮਨੁੱਖ ਨੂੰ ਗੁਰਮੁਖਾਂ ਵਾਲਾ ਜੀਵਨ ਧਾਰਨ ਕਰਕੇ ਨਿਰਭੈਤਾ ਅਤੇ ਨਿਰਵੈਰਤਾ ਦੇ ਗੁਣ ਧਾਰਨ ਕਰਨੇ ਚਾਹੀਦੇ ਹਨ, ਕਿਉਂਕਿ 'ਵਿਣੁ ਗੁਣ ਕੀਤੇ ਭਗਤਿ ਨ ਹੋਇ॥' (ਪੰਨਾ 4) ਸੰਸਾਰ ਵਿਚ ਪ੍ਰਭੂ ਦਾ ਹੁਕਮ ਵਰਤ ਰਿਹਾ ਹੈ, ਇਸ ਲਈ ਆਪਣੀ ਇੱਛਾ ਦੀ ਥਾਂ ਮਨੁੱਖ ਨੂੰ ਪ੍ਰਭੂ ਦੇ ਹੁਕਮ ਅਤੇ ਰਜ਼ਾ ਅਨੁਸਾਰ ਚਲਣਾ ਚਾਹੀਦਾ ਹੈ,

ਹੁਕਮ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥ (ਪੰਨਾ 1)

**ਅਤੇ**

ਜੋ ਪ੍ਰਭੁ ਕਰੈ ਸੋਈ ਭਲ ਮਾਨਹੁ
ਸੁਖਿ ਦੁਖਿ ਓਹੀ ਧਿਆਈਐ ਰੇ॥
(ਪੰਨਾ 209)

ਗੁਰਬਾਣੀ ਦੀ ਸਮਝ ਪੜ੍ਹਨ ਜਾਂ ਪਾਠ ਕਰਨ ਨਾਲ ਨਹੀਂ, ਵਿਚਾਰ ਕਰਨ ਨਾਲ ਆਉਂਦੀ ਹੈ ਅਤੇ ਜੀਵਨ ਪਰਉਪਕਾਰੀ ਬਣ ਜਾਂਦਾ ਹੈ,

ਪੜਿਐ ਨਾਹੀ ਭੇਦੁ ਬੁਝੀਐ ਪਾਵਣਾ॥
(ਪੰਨਾ 148)

**ਅਤੇ**

ਵਿਦਿਆ ਵੀਚਾਰੀ ਤਾ ਪਰਉਪਕਾਰੀ॥
(ਪੰਨਾ 356)

ਕਰਮ ਜੀਵਨ ਦਾ ਆਧਾਰ ਹੁੰਦੇ ਹਨ,

ਜੇਹੇ ਕਰਮ ਕਮਾਇ ਤੇਹਾ ਹੋਇਸੀ॥
(ਪੰਨਾ 730)
ਮੰਦਾ ਚੰਗਾ ਆਪਣਾ
ਆਪੇ ਹੀ ਕੀਤਾ ਪਾਵਣਾ॥ (ਪੰਨਾ 470-471)

**ਅਤੇ**

ਆਪੇ ਬੀਜਿ ਆਪ ਹੀ ਖਾਹੁ॥ (ਪੰਨਾ 4)

ਅਭਿਮਾਨ ਨਹੀਂ ਕਰਨਾ ਚਾਹੀਦਾ ਅਤੇ ਨੇਕੀ ਕਰਕੇ ਭੁਲਾ ਦੇਣੀ ਚਾਹੀਦੀ ਹੈ,

ਕਬੀਰਾ ਰੋੜਾ ਹੋਇ ਰਹੁ ਬਾਟ ਕਾ
ਤਜਿ ਮਨ ਕਾ ਅਭਿਮਾਨੁ॥ (ਪੰਨਾ 1372)

**ਅਤੇ**

ਜੇ ਲੋੜਹਿ ਚੰਗਾ ਆਪਣਾ
ਕਰਿ ਪੁੰਨਹੁ ਨੀਚੁ ਸਦਾਈਐ॥
(ਪੰਨਾ 485)

ਪ੍ਰਭੂ ਨੇ ਹਰ ਬੰਦੇ ਨੂੰ ਨਿੱਜੀ ਆਜ਼ਾਦੀ ਅਤੇ ਬਰਾਬਰੀ ਦੀ ਬਖਸ਼ਿਸ਼ ਕੀਤੀ ਹੈ। ਬੰਦੇ ਦਾ ਸਤਿਕਾਰ ਕਰਨਾ ਅਤੇ ਉਸ ਦੇ ਹੱਕਾਂ ਦੀ ਰਾਖੀ ਕਰਨੀ ਪ੍ਰਭੂ ਦੀ ਬੰਦਗੀ ਹੈ, ਕਿਉਂਕਿ 'ਘਟ ਘਟ ਅੰਤਰਿ ਬ੍ਰਹਮ ਸਮਾਹੂ॥' (ਪੰਨਾ 259), ਆਦਿ।

ਗੁਰਬਾਣੀ ਅਦ੍ਰਿਸ਼ਟ ਪ੍ਰਭੂ ਅਤੇ ਉਸ ਦੀ ਸਿਰਜੀ ਕਾਇਨਾਤ ਤੇ ਉਨ੍ਹਾਂ ਦੇ ਸਬੰਧਾਂ ਦਾ ਗਿਆਨ ਹੈ। ਇਹ ਗਿਆਨ ਮਨੁੱਖੀ ਅਨੁਭਵ ਤੋਂ ਉਪਜੀ ਜਾਣਕਾਰੀ, ਵਿਗਿਆਨ ਅਤੇ ਸਮਾਜ ਵਿਚ ਪ੍ਰਚਲਿਤ ਸੋਚ ਅਤੇ ਵਿਸ਼ਵਾਸ ਤੋਂ ਭਿੰਨ ਹੈ। ਸਮਾਜਕ ਸੰਗਠਨ ਹੋਣ ਦੇ ਨਾਤੇ ਸਿੱਖ ਧਰਮ ਨੇ ਸਮਾਜ ਵਿਚ ਪ੍ਰਚਲਿਤ ਸੋਚ ਨੂੰ ਅਪਨਾਇਆ ਹੋਇਆ ਹੈ। ਉਹ ਆਪਣੇ ਸ਼ਰਧਾਲੂਆਂ ਨੂੰ ਸਫਲਤਾ, ਵਡਿਆਈ, ਸੰਪੱਤੀ, ਸ਼ਕਤੀ ਅਤੇ ਸੁਖ ਲਈ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਨ ਲਈ ਪ੍ਰੇਰਿਤ ਕਰਦਾ ਹੈ। ਗੁਰਮਤਿ ਗੁਰਬਾਣੀ ਨੂੰ ਮਨੁੱਖ ਦੀ ਰਹਿਨੁਮਾ ਮੰਨਦੀ ਹੈ, ਪਰ ਸਿੱਖ ਧਰਮ ਪਰੰਪਰਾਗਤ ਰਹਿਤ ਨੂੰ ਧਾਰਮਿਕ ਜੀਵਨ ਦਾ ਆਧਾਰ ਮੰਨਦਾ ਹੈ। "ਸਿੱਖ ਰਹਿਤ ਮਰਯਾਦਾ" (1945) ਵਿਚ 'ਗੁਰਮਤਿ ਦੀ ਰਹਿਣੀ' (ਪੰਨਾ 17) ਸੁਰਖੀ ਹੇਠ ਲਿਖਿਆ ਹੈ,

"ਸਿੱਖ ਦੀ ਰਹਿਣੀ, ਕ੍ਰਿਤ, ਵਿਰਤ, ਗੁਰਮਤਿ ਅਨੁਸਾਰ ਹੋਵੇ। ਗੁਰਮਤਿ ਇਹ ਹੈ,...(ਹ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ। (ਕ) ਹਰ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ। (ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ। (ਗ) ਸੰਤਾਨ ਨੂੰ ਗੁਰ ਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫਰਜ਼ ਹੈ। (ਘ) ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ। ਕੇਸ ਉਹੀ ਰਖੇ, ਨਾਮ ਸਿੰਘ ਰਖੇ। ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰਖੇ। (ਙ) ਸਿੱਖ ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਕਰੇ। ਅਮਲ ਪ੍ਰਸ਼ਾਦੇ ਦਾ ਹੀ ਰਖੇ। (ਚ) ਸਿੱਖ ਮਰਦ ਅਥਵਾ ਇਸਤਰੀ ਨੂੰ ਨੱਕ ਕੰਨ ਛੇਦਨਾ ਮਨ੍ਹਾਂ ਹੈ। (ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ ਮਾਰ ਨਾਲ ਨਾ ਵਰਤੇ...।"

ਸਿੱਖ ਧਰਮ ਵਿਚ ਗੁਰਬਾਣੀ ਸੰਚਾਰ ਨੂੰ ਨਿਤ ਨੇਮ ਕਰਨ, ਸ਼ਬਦਾਂ ਦੀ ਵਿਆਖਿਆ ਅਤੇ ਕੀਰਤਨ ਸੁਣਨ ਤੇ ਅਖੰਡ ਜਾਂ ਸਾਧਾਰਨ ਪਾਠ ਕਰਵਾਉਣ ਤਕ ਸੀਮਤ ਰਖਿਆ ਗਿਆ ਹੈ। ਗੁਰਬਾਣੀ ਦੀ ਵਿਆਖਿਆ ਗੁਰਮਤਿ ਸਿਧਾਂਤ ਦੀ ਥਾਂ ਸਮਾਜ ਵਿਚ ਪ੍ਰਚਲਿਤ ਸੋਚ ਅਨੁਸਾਰ ਕੀਤੀ ਜਾਂਦੀ ਹੈ ਜਾਂ ਉਸ ਨੂੰ ਇਤਿਹਾਸਕ ਵਾਰਦਾਤਾਂ ਰਾਹੀਂ ਸਮਝਾਇਆ ਜਾਂਦਾ ਹੈ, ਜੋ ਗੁਰਬਾਣੀ ਦੀ ਸਹੀ ਤਰਜਮਾਨੀ ਕਰਨਯੋਗ ਨਹੀਂ ਹਨ। ਗੁਰਦੁਆਰੇ ਗੁਰਬਾਣੀ ਦੀ ਸਿਖਿਆ ਦੇਣ ਨਾਲੋਂ ਧਾਰਮਿਕ ਰਹਿਤ ਅਤੇ ਸਮਾਜਕ ਵਿਹਾਰ ਦੀ ਪਾਲਣਾ ਨੂੰ ਅਹਿਮੀਅਤ ਦਿੰਦੇ ਹਨ। ਸਿੱਖ ਧਾਰਮਿਕ ਸੰਸਥਾਵਾਂ ਗੁਰਮਤਿ 'ਤੇ ਆਪਣਾ ਹੱਕ ਜਮਾਉਂਦੀਆਂ ਅਤੇ ਉਸ 'ਤੇ ਆਪਣੀ ਇਜਾਰੇਦਾਰੀ ਸਮਝਦੀਆਂ ਹਨ। ਉਹ ਪੁਜਾਰੀਆਂ ਤੇ ਅੰਮ੍ਰਿਤਧਾਰੀਆਂ ਨੂੰ ਹੀ ਗੁਰਬਾਣੀ ਪੜ੍ਹਨ ਤੇ ਵਿਚਾਰਨ ਦੇ ਹੱਕਦਾਰ ਮੰਨਦੀਆਂ ਹਨ ਅਤੇ ਸਿੱਖ ਵਿਦਵਾਨਾਂ ਨੂੰ ਗੁਰਬਾਣੀ ਬਾਰੇ ਸੁਤੰਤਰ ਤੇ ਸੰਸਥਾਵਾਂ ਤੋਂ ਵਖਰੇ ਵਿਚਾਰ ਪੇਸ਼ ਕਰਨ ਤੋਂ ਰੋਕਦੀਆਂ ਹਨ।

ਗੁਰਮਤਿ ਅਤੇ ਸਿੱਖ ਧਰਮ ਦਾ ਉਗਮਨ ਸਮਾਨੰਤਰ ਧਾਰਮਿਕ ਲਹਿਰਾਂ ਦੇ ਰੂਪ ਵਿਚ ਹੋਇਆ। ਗੁਰਮਤਿ ਵਿਚਾਰਧਾਰਾ ਗੁਰਬਾਣੀ ਵਿਚ ਪ੍ਰਗਟ ਹੋਈ ਅਤੇ ਸਿੱਖ ਧਾਰਮਿਕ ਲਹਿਰ ਗੁਰਗੱਦੀ ਦੀ ਉਪਜ ਸੀ। ਗੁਰਗੱਦੀ ਦਾ ਸੰਕਲਪ ਗੁਰਮਤਿ ਦੇ ਉਲਟ ਹੈ ਅਤੇ ਗੁਰੂ ਸਾਹਿਬਾਨ ਨੇ ਗੱਦੀ ਵਿਚ ਕੋਈ ਦਿਲਚਸਪੀ ਨਹੀਂ ਸੀ ਦਿਖਾਈ, ਪਰ ਗੁਰ-ਪਰਿਵਾਰਾਂ ਦੇ ਬਹੁਤੇ ਮੈਂਬਰ ਗੁਰਗੱਦੀ 'ਤੇ ਆਪਣਾ ਹੱਕ ਸਮਝਦੇ ਸਨ। ਗੁਰਗੱਦੀ ਦੇ ਅਭਿਲਾਸ਼ੀ ਗੁਰਮਤਿ ਦੀ ਥਾਂ ਲੋਕਾਂ ਦੇ ਪਸੰਦੀਦਾ, ਪ੍ਰਭਾਵੀ, ਸੁਖਾਲੇ ਅਤੇ ਵੱਖਰੇ ਧਾਰਮਿਕ ਵਿਹਾਰ ਦੇ ਸਮਰਥਕ ਅਤੇ ਗੱਦੀ ਦੀ ਸੰਪੱਤੀ ਵਿਚ ਵਾਧਾ ਕਰਨ ਦੇ ਚਾਹਵਾਨ ਸਨ। ਗੁਰਬਾਣੀ ਵਿਚ ਉਨ੍ਹਾਂ ਨੂੰ 'ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥' ਅਤੇ 'ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ॥' (ਪੰਨਾ 304) ਆਖਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਵਲੋਂ ਪੋਥੀ ਸਾਹਿਬ ਦੇ ਸੰਪਾਦਨ ਪਿਛੋਂ ਪੋਥੀ ਸਾਹਿਬ ਨੂੰ ਵੀ ਸਿੱਖ ਧਾਰਮਿਕ ਲਹਿਰ ਦੇ ਵਿਕਾਸ ਦਾ ਅੰਗ ਬਣਾ ਲਿਆ ਗਿਆ ਸੀ।

ਪੰਚਮ ਪਾਤਿਸ਼ਾਹ ਦੀ ਸ਼ਹੀਦੀ ਪਿਛੋਂ ਦਰਬਾਰ ਸਾਹਿਬ 'ਤੇ ਪ੍ਰਿਥੀ ਚੰਦ ਅਤੇ ਉਸ ਦੀ ਸੰਤਾਨ ਦਾ ਕਬਜ਼ਾ ਹੋ ਗਿਆ। ਕਰਤਾਰਪੁਰ ਅਤੇ ਪੋਥੀ ਸਾਹਿਬ ਧੀਰ ਮੱਲ ਦੀ ਮਲਕੀਅਤ ਬਣ ਗਏ। ਉਸ ਦੀ ਸੰਤਾਨ ਨੇ ਗੁਰਗੱਦੀ ਦੇ ਹੱਕ ਦਾ ਇੰਦਰਾਜ ਵੀ ਪੋਥੀ ਸਾਹਿਬ ਵਿਚ ਕਰ ਲਿਆ। ਗੁਰੂ ਹਰਿਗੋਬਿੰਦ ਸਾਹਿਬ ਨੂੰ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਸਾਹਿਬ ਟਿਕਾਣਾ ਬਣਾਉਣਾ ਪਿਆ। ਗੁਰੂ ਹਰਿਕ੍ਰਿਸਨ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਗੁਰਗੱਦੀ ਦੇ ਦਾਅਵੇਦਾਰਾਂ ਦੀ ਭੀੜ ਲੱਗੀ ਹੋਈ ਸੀ। ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੀ ਸੰਤਾਨ ਨੂੰ ਗੁਰੂ ਪਦਵੀ ਤੇ ਉਸ ਦੀ ਰਾਖੀ ਲਈ ਭਾਰੀ ਮੁੱਲ ਤਾਰਨਾ ਪਿਆ।

ਬੰਦਾ ਬਹਾਦਰ ਦੇ ਮੁਗਲ ਰਾਜ 'ਤੇ ਹਮਲੇ ਨੇ ਸਿੱਖ ਧਾਰਮਿਕ ਲਹਿਰ ਵਿਚ ਮੂਲ ਤਬਦੀਲੀ ਲੈ ਆਂਦੀ। ਇਸ ਵਿਚ ਸਿਆਸਤ ਪਰਵੇਸ਼ ਕਰ ਗਈ। ਗੁਰਮਤਿ ਦਾ ਪ੍ਰਚਾਰ ਬੰਦ ਹੋ ਗਿਆ। ਉਦਾਸੀ ਅਤੇ ਨਿਰਮਲੇ ਸਾਧੂਆਂ ਨੂੰ ਮੁਗਲ ਪ੍ਰਸ਼ਾਸਨ ਵਿਚ ਧਾਰਮਿਕ ਪ੍ਰਚਾਰ ਦੀ ਖੁੱਲ੍ਹ ਸੀ। ਉਨ੍ਹਾਂ ਗੁਰਮਤਿ ਦੇ ਪ੍ਰਚਾਰ ਕੇਂਦਰਾਂ 'ਤੇ ਕਬਜ਼ੇ ਕਰ ਲਏ, ਉਦਾਸੀ ਮੱਤ ਨਾਲ ਗੁਰਬਾਣੀ ਦੇ ਅੰਸ਼ ਮਿਲਾ ਕੇ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਦੀ ਰੀਤ ਚਲਾ ਦਿੱਤੀ ਅਤੇ ਗੁਰਮਤਿ ਤੋਂ ਵਖਰੇ ਸਿੱਖ ਧਰਮ ਦੀ ਸਥਾਪਨਾ ਕਰ ਦਿੱਤੀ। ਸਿੱਖ ਮਿਸਲਾਂ ਤੇ ਰਣਜੀਤ ਸਿੰਘ ਦੇ ਰਾਜ ਸਮੇਂ ਸਿੱਖ ਧਰਮ ਦੇ ਪੈਰੋਕਾਰਾਂ ਵਿਚ ਬਹੁਤ ਵਾਧਾ ਹੋਇਆ। ਉਦਾਸੀ ਤੇ ਨਿਰਮਲੇ ਵਿਦਵਾਨਾਂ ਨੇ ਸਿੱਖ ਧਰਮ ਦਾ ਪ੍ਰਭਾਵਸ਼ਾਲੀ ਮਿੱਥਕ ਇਤਿਹਾਸ ਰਚ ਦਿੱਤਾ ਅਤੇ ਆਪਣੇ ਵਿਰਸੇ 'ਤੇ ਮਾਣ ਕਰਨ ਦੀ ਪ੍ਰਥਾ ਪਾ ਦਿੱਤੀ।

ਸਿੱਖ ਧਰਮ ਇੱਕ ਸਮਾਜਕ ਸੰਗਠਨ ਵਜੋਂ ਪੰਜਾਬ ਤੋਂ ਦਿੱਲੀ ਤਕ ਲੋਕਪ੍ਰਿਅ ਹੋ ਗਿਆ, ਪਰ ਬ੍ਰਿਟਿਸ਼ ਰਾਜ ਵਿਚ ਆਰੀਆ ਸਮਾਜ ਨੇ ਸਿੱਖ ਧਰਮ ਦੀ ਵਖਰੀ ਹੋਂਦ ਨੂੰ ਖਤਮ ਕਰਨ ਲਈ ਗੁਰੂ ਨਾਨਕ ਸਾਹਿਬ ਦਾ ਅਪਮਾਨ ਅਤੇ ਉਨ੍ਹਾਂ ਦੀ ਵਿਚਾਰਧਾਰਾ ਦਾ ਖੰਡਨ ਕਰਨਾ ਸ਼ੁਰੂ ਕਰ ਦਿੱਤਾ। ਗੁਰਮਤਿ ਵਿਰੋਧੀ ਉਦਾਸੀ ਅਤੇ ਨਿਰਮਲੇ ਮਹੰਤ ਪਹਿਲੋਂ ਹੀ ਗੁਰਦੁਆਰਿਆਂ 'ਤੇ ਕਾਬਜ਼ ਸਨ। ਆਰੀਆ ਸਮਾਜੀਆਂ ਦੇ ਪ੍ਰਚਾਰ ਦੇ ਟਾਕਰੇ, ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਅਤੇ ਗੁਰਮਤਿ ਦਾ ਪ੍ਰਸਾਰ ਕਰਨ ਲਈ ਨਵੀਂ ਸੋਚ ਵਾਲੀਆਂ ਸਿੰਘ ਸਭਾਵਾਂ ਹੋਂਦ ਵਿਚ ਆਈਆਂ। ਗੁਰਦੁਆਰਿਆਂ ਨੂੰ ਮਹੰਤਾਂ ਦੇ ਕੰਟਰੋਲ ਤੋਂ ਆਜ਼ਾਦ ਕਰਵਾਉਣ ਲਈ ਸਿੱਖਾਂ ਨੂੰ ਸੰਘਰਸ਼ ਕਰਨਾ ਪਿਆ, ਜੋ ਸਿਆਸੀ ਰੂਪ ਧਾਰ ਗਿਆ। ਸਿੱਖ ਧਰਮ ਮੁੜ ਨਵੀਂ ਸਿਆਸਤ ਨਾਲ ਜੁੜ ਗਿਆ ਅਤੇ ਆਰੀਆਂ ਸਮਾਜੀਆਂ ਦੇ ਸਿਰਤੋੜ ਵਿਰੋਧ ਦੇ ਬਾਵਜੂਦ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਬਣਨ ਵਿਚ ਸਫਲ ਹੋ ਗਿਆ।

ਜਦੋਂ ਹਿੰਦੁਤਵ ਦੀ ਫਾਸ਼ਿਸਟ ਵਿਚਾਰਧਾਰਾ ਭਾਰਤੀ ਰਾਜਨੀਤੀ ਵਿਚ ਉਭਰ ਰਹੀ ਸੀ ਅਤੇ ਆਰੀਆ ਸਮਾਜੀ ਭਾਰਤੀ ਰਾਜ ਸ਼ਕਤੀ ਦੇ ਪ੍ਰਭਾਵਸ਼ਾਲੀ ਭਾਈਵਾਲ ਸਨ, ਸਿੱਖਾਂ ਨੇ ਭਾਰਤੀ ਸੰਵਿਧਾਨ ਦੀ ਧਾਰਾ 25 ਵਿਚ ਸੋਧ ਤੇ ਅਨੰਦਪੁਰ ਸਾਹਿਬ ਦਾ ਮਤਾ ਪਾਸ ਕਰਕੇ ਭਾਰਤੀ ਸੰਘੀ ਵਿਧਾਨ ਵਿਚ ਵਿਸ਼ੇਸ਼ ਹੱਕਾਂ ਦੀ ਮੰਗ ਰੱਖ ਦਿੱਤੀ। ਅਜਿਹੇ ਨਾਜ਼ੁਕ ਸਮੇਂ ਸਿੱਖਾਂ ਦਾ ਭਾਵਨਾਵਾਂ ਦੀ ਰੌ ਵਿਚ ਸਿਆਸਤ ਵਿਚ ਅਨਾੜੀ ਧਾਰਮਿਕ ਆਗੂ ਪਿਛੇ ਲੱਗ ਕੇ ਭਾਰਤ ਸਰਕਾਰ ਵਿਰੁਧ ਸਿਆਸੀ ਜੰਗ ਛੇੜਨ ਦੀ ਗਲਤੀ ਦਾ ਸਿੱਖ ਜਗਤ ਨੂੰ ਵੀਹਵੀਂ ਸ਼ਤਾਬਦੀ ਦੇ ਪਿਛਲੇ ਦੋ ਦਹਾਕੇ ਭਾਰੀ ਸੰਤਾਪ ਹੰਢਾਉਣਾ ਪਿਆ।


ਗੁਰਮਤਿ ਮਨ ਸਾਧ ਕੇ ਪ੍ਰਭੂ ਦਾ ਗਿਆਨ ਪ੍ਰਾਪਤ ਕਰਨ ਦੀ ਵਿਧੀ ਹੈ। ਇਹ ਕਿਸੇ ਸਮਾਜਕ ਸੰਗਠਨ ਦੀ ਮਲਕੀਅਤ ਨਹੀਂ ਹੈ ਅਤੇ ਨਾ ਹੀ ਇਸ 'ਤੇ ਕਿਸੇ ਦਾ ਕਾਪੀਰਾਈਟ ਹੈ। ਹਰ ਬੰਦੇ ਨੂੰ ਇਸ 'ਤੇ ਵਿਚਾਰ ਅਤੇ ਵਿਸ਼ਵਾਸ ਕਰਨ ਤੇ ਇਸ ਦਾ ਉਪਾਸ਼ਕ ਬਣਨ ਜਾਂ ਵਿਰੋਧ ਕਰਨ ਦਾ ਹੱਕ ਹੈ। ਇਸ ਦੇ ਉਲਟ ਸਿੱਖ ਧਰਮ ਸਰੀਰਕ ਜ਼ਾਬਤੇ ਰਾਹੀਂ ਮਨ ਨੂੰ ਸਾਧਣ ਦੇ ਵਿਸ਼ਵਾਸ 'ਤੇ ਆਧਾਰਿਤ ਧਾਰਮਿਕ ਸਭਿਆਚਾਰ ਹੈ, ਜਿਸ ਨੂੰ ਆਪਣੀ ਹੋਂਦ ਅਤੇ ਵਿਕਾਸ ਲਈ ਸ਼ਕਤੀ ਦੀ ਲੋੜ ਪੈਂਦੀ ਹੈ। ਸ਼ਕਤੀ ਪ੍ਰਾਪਤ ਕਰਨ ਲਈ ਉਹ ਰਾਜਨੀਤੀ ਵਿਚ ਹਿੱਸਾ ਲੈਂਦਾ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਵੀ ਉਸੇ ਮੰਤਵ ਲਈ ਵਰਤਦਾ ਹੈ।

ਸਿੱਖ ਧਰਮ ਗੁਰਮਤਿ ਨਹੀਂ ਹੈ। ਗੁਰਮਤਿ ਗਿਆਨ ਦੇ ਅਭਿਲਾਸ਼ੀਆਂ ਦੀ ਕੋਈ ਸੰਸਾਰਕ ਇੱਛਾ ਨਹੀਂ ਹੁੰਦੀ। ਉਹ ਤਾਂ ਹਰ ਹਾਲ ਗੁਰਬਾਣੀ ਦੀ ਓਟ ਲੈ ਕੇ ਆਪਣਾ ਮਨ ਸਾਧਣ ਦਾ ਯਤਨ ਕਰਦੇ ਰਹਿੰਦੇ ਹਨ।

# ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ

ਗੁਰਬਾਣੀ ਵਿਚਾਰ

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿਚ ਹੋਇਆ ਸੀ, ਪਰ ਉਹ ਜਨਮ ਤੋਂ ਹੀ ਗੁਰੂ ਨਹੀਂ ਸਨ ਕਹਾਏ। ਉਨ੍ਹਾਂ ਦੇ ਗੁਰੂ ਵਜੋਂ ਪ੍ਰਗਟ ਹੋਣ ਦਾ ਸਮਾਂ 1499 ਈ. ਵਿਚ "ਵੇਈਂ ਨਦੀ ਪਰਵੇਸ਼" ਤੋਂ ਮੰਨਿਆ ਜਾਂਦਾ ਹੈ। ਭਾਈ ਗੁਰਦਾਸ ਨੇ ਇਸੇ ਨੂੰ ਆਪਣੀ ਪਹਿਲੀ ਵਾਰ ਵਿਚ "ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਹਿ ਪਠਾਇਆ" ਕਿਹਾ ਹੈ। ਸਿੱਖ ਸਾਹਿਤ ਵਿਚ ਪ੍ਰਾਪਤ ਵੇਰਵਿਆਂ ਅਨੁਸਾਰ ਉਨ੍ਹਾਂ ਦੀ ਦਿੱਭ ਦ੍ਰਿਸ਼ਟੀ ਉਨ੍ਹਾਂ ਦੇ ਵਰਤਾਰਿਆਂ ਵਿਚੋਂ ਪ੍ਰਗਟ ਹੋਣੀ, ਉਨ੍ਹਾਂ ਦੇ ਬਚਪਨ ਤੋਂ ਹੀ ਸ਼ੁਰੂ ਹੋ ਗਈ ਸੀ ਅਤੇ ਇਸੇ



ਡਾ. ਬਲਕਾਰ ਸਿੰਘ ਪਟਿਆਲਾ
ਡਾਇਰੈਕਟਰ ਵਿਸ਼ਵ ਪੰਜਾਬੀ ਸੈਂਟਰ, ਪਟਿਆਲਾ।
ਫੋਨ: +91-93163-01328

ਨਾਲ ਉਹ ਤੀਹ ਸਾਲ ਆਪਣੀ ਮੌਜ ਵਿਚ ਨਿਭਦੇ ਰਹੇ ਸਨ। ਇਸ ਦੀ ਪੁਸ਼ਟੀ ਉਨ੍ਹਾਂ ਸਭ ਸਾਖੀਆਂ ਤੋਂ ਵੀ ਹੋ ਜਾਂਦੀ ਹੈ, ਜੋ ਉਨ੍ਹਾਂ ਦੇ ਸਕੂਲ ਜਾਣ ਤੋਂ ਲੈ ਕੇ ਸੱਚੇ ਸੌਦੇ ਦੀ ਸਾਖੀ ਤੱਕ ਫੈਲੀਆਂ ਹੋਈਆਂ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਦਾ ਇਤਿਹਾਸ ਬੇਸ਼ੱਕ ਇਥੋਂ ਸ਼ੁਰੂ ਹੋ ਜਾਂਦਾ ਹੈ, ਪਰ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਸਿਧਾਂਤਕਤਾ ਦਾ ਆਧਾਰ ਉਨ੍ਹਾਂ ਦੀ ਬਾਣੀ ਨਾਲ ਹੀ ਸ਼ੁਰੂ ਹੁੰਦਾ ਮੰਨਿਆ ਜਾਣਾ ਚਾਹੀਦਾ ਹੈ। ਜਿਨ੍ਹਾਂ ਸਾਖੀਆਂ ਦੇ ਸਿਧਾਂਤਕੀ ਸੰਕੇਤ ਜਾਂ ਆਧਾਰ ਉਨ੍ਹਾਂ ਦੀ ਬਾਣੀ ਵਿਚੋਂ ਮਿਲ ਜਾਂਦੇ ਹਨ, ਉਹ ਸਾਰੇ 1499 ਤੋਂ ਪਿੱਛੋਂ ਬਾਣੀ ਰਾਹੀਂ ਪ੍ਰਗਟ ਹੋਏ ਇਸ ਕਰਕੇ ਕਹਿਣੇ ਚਾਹੀਦੇ ਹਨ ਕਿ ਗੁਰੂ ਜੀ ਨੇ ਆਪਣੀਆਂ ਸਿੱਖਿਆਵਾਂ ਦਾ ਅਰੰਭ "ਨਾ ਕੋ ਹਿੰਦੂ ਨਾ ਕੋ ਮੁਸਲਮਾਨ" ਦੇ ਪ੍ਰਥਮ ਐਲਾਨਨਾਮੇ ਤੋਂ ਕੀਤਾ ਸੀ। ਇਹ ਧਰਮ ਨੂੰ ਜਨਮ ਤੋਂ ਨਾ ਮੰਨਣ ਦੀ ਸਿੱਖਿਆ ਸੀ ਅਤੇ ਹੈ ਕਿਉਂਕਿ ਧਰਮ ਧਾਰਨ ਕਰਨ ਨਾਲ ਜੁੜੀ ਹੋਈ ਆਸਥਾ ਹੈ। ਆਸਥਾ ਪੈਦਾ ਨਹੀਂ ਹੁੰਦੀ, ਪ੍ਰਾਪਤ ਕੀਤੀ ਜਾਂਦੀ ਹੈ। ਗੁਰੂ ਜੀ ਨੇ 'ਸਿੱਖ ਸਜਣ' ਤੋਂ ਸਿੱਖ ਧਰਮ ਦੀ ਸ਼ੁਰੂਆਤ ਕੀਤੀ ਸੀ। ਇਸ ਨੂੰ ਚੌਥੇ ਨਾਨਕ ਦੇ ਸ਼ਬਦਾਂ ਵਿਚ ਬਾਲ-ਬੁੱਧ ਤੋਂ ਸਿਆਣਪ ਤੱਕ ਦੀ ਯਾਤਰਾ ਵਾਂਗ ਸਮਝਿਆ ਜਾ ਸਕਦਾ ਹੈ,

ਮੇਰੇ ਰਾਮ ਹਮ ਬਾਰਿਕ
ਹਰਿ ਪ੍ਰਭ ਕੇ ਹੈ ਇਆਣੇ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ
ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥
(ਪੰਨਾ 168)

ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਸੰਖੇਪ ਰੂਪ ਵਿਚ ਉਨ੍ਹਾਂ ਵੱਲੋਂ ਸਥਾਪਤ ਕੀਤੀਆਂ ਪਹਿਲਾਂ ਰਾਹੀਂ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਇਸ ਦਾ ਅਰੰਭ ਗੁਰੂ ਜੀ ਵੱਲੋਂ ਧਰਮ ਵਿਚ ਬੰਦੇ ਦੇ ਦਖਲ ਦੀਆਂ ਸੰਭਾਵਨਾਵਾਂ ਦੇ ਹਵਾਲੇ ਨਾਲ ਆਪਣਾ ਗੁਰੂ, ਸ਼ਬਦ-ਸੁਰਤਿ (ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਪੰਨਾ 943) ਨੂੰ ਦੱਸ ਕੇ ਕੀਤਾ ਗਿਆ ਸੀ। ਇਸੇ ਦੀ ਨਿਰੰਤਰਤਾ ਵਿਚ ਗੁਰੂ ਗ੍ਰੰਥ ਸਾਹਿਬ, ਜਾਗਤ ਜੋਤਿ ਜ਼ਾਹਰਾ ਜ਼ਹੂਰ ਦੇ ਰੂਪ ਵਿਚ ਸ਼ਬਦ-ਗੁਰੂ ਦਾ ਸ੍ਰੋਤ ਤੇ ਪ੍ਰਗਟਾਵਾ ਹੋ ਗਏ ਹਨ ਅਤੇ ਇਸ ਨਾਲ ਨਿਭਣ ਦੀ ਵਚਨਬੱਧਤਾ ਦਾ ਪ੍ਰਗਟਾਵਾ ਸਿੱਖਾਂ ਦੀ ਨਿੱਤ ਦੀ ਅਰਦਾਸ ਦਾ ਹਿੱਸਾ ਹੋ ਗਿਆ ਹੈ (ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ)।

ਸ਼ਬਦ-ਗੁਰੂ ਨੂੰ ਦੇਹਧਾਰੀ-ਗੁਰੂ ਦੇ ਬਦਲ ਵਜੋਂ ਸਥਾਪਤ ਕਰਕੇ ਆਸਥਾ ਦੇ ਵਹਿਣ ਦੀ ਥਾਂ ਚੇਤਨਾ ਦੀ ਪ੍ਰਚੰਡਤਾ ਨੂੰ ਪਹਿਲ ਦੇ ਦਿੱਤੀ ਗਈ ਸੀ। ਇਹ ਰਾਹ 'ਕੀ ਕਰਨਾ ਹੈ' ਦੀ ਧਾਰਮਿਕ ਸਿੱਖਿਆ (ਰਹਿਤ) ਦੀ ਥਾਂ 'ਕਿਵੇਂ ਕਰਨਾ ਹੈ' ਦੀ ਅਧਿਆਤਮਕ ਸੁਜੱਗਤਾ ਵਾਲਾ ਗਾਡੀ ਰਾਹ ਹੋ ਗਿਆ ਸੀ ਅਤੇ ਹੈ। ਇਹ ਧਰਮੀ ਦਿੱਸਣ ਨਾਲੋਂ ਧਰਮੀ ਹੋਣ ਵੱਲ ਸੇਧਤ ਸੀ। ਇਸ ਨਾਲ ਧਰਮਾਂ ਦੇ ਇਤਿਹਾਸ ਵਿਚ ਸਿੱਖ ਹੋਏ ਬਿਨਾ ਸਿੱਖ ਹੋ ਸਕਣ ਦੀ ਸੱਜਰੀ ਅਤੇ ਵਿਲੱਖਣ ਸਿੱਖਿਆ ਦਾ ਆਗਾਜ਼ ਭਾਈ ਮਰਦਾਨਾ ਨਾਲ ਸ਼ੁਰੂ ਹੋ ਗਿਆ ਸੀ। ਇਸੇ ਦੀ ਨਿਰੰਤਰਤਾ ਵਿਚ ਇਸ ਵੇਲੇ ਨਾਨਕ ਨਾਮ ਲੇਵਿਆਂ ਵਿਚ ਮਰਦਾਨੇ ਕੇ, ਉਦਾਸੀ, ਸਿੰਧੀ ਅਤੇ ਸਹਿਜਧਾਰੀ ਆਦਿ ਵੱਡੀ ਗਿਣਤੀ ਵਿਚ ਸ਼ਾਮਲ ਹਨ। ਇਨ੍ਹਾਂ ਸਭ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਹੀ ਆਸਰਾ ਹੈ।

ਗੁਰੂ ਜੀ ਦੀ ਸਿੱਖਿਆ ਵਿਚ ਅੰਤਰ ਧਰਮ ਸੰਵਾਦ ਦਾ ਨਾਨਕ-ਮਾਡਲ ਵੀ ਸ਼ਾਮਲ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤਾਂ ਦੀ ਬਾਣੀ ਨਾਲ ਇਸ ਦਾ ਆਧਾਰ ਮੁਹੱਈਆ ਹੋ ਜਾਂਦਾ ਹੈ। ਆਲਮੀ ਪ੍ਰਸੰਗ ਵਿਚ ਪੈਦਾ ਹੋ ਗਏ ਬਹੁ-ਸਭਿਆਚਾਰਕ ਵਰਤਾਰਿਆਂ ਵਿਚ ਗੁਰਦੁਆਰਾ ਸੰਸਥਾ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਨਾਲ ਵੀ ਇਸ ਦੀ ਪੁਸ਼ਟੀ ਹੋ ਜਾਂਦੀ ਹੈ। ਲੰਗਰ ਦੀ ਸਿੱਖ ਪਰੰਪਰਾ ਇਸੇ ਦਾ ਹਿੱਸਾ ਹੈ ਅਤੇ ਇਸ ਦਾ ਪ੍ਰਗਟਾਵਾ ਦੁਨੀਆਂ ਭਰ ਵਿਚ ਲੋੜਵੰਦਾਂ ਤੱਕ ਪਹੁੰਚ ਕੇ ਸਿੱਖ ਜਥੇਬੰਦੀਆਂ ਵੱਲੋਂ ਲਗਾਤਾਰ ਕੀਤਾ ਜਾ ਰਿਹਾ ਹੈ।

ਸ਼ਬਦ ਗੁਰੂ ਦੇ ਸੰਕਲਪੀ ਸਰੋਕਾਰਾਂ ਵਿਚ ਦੇਹੀ ਦਖਲ ਨੂੰ ਮਨਫੀ ਕਰ ਦੇਣ ਨਾਲ ਬਾਣੀ ਦੇ ਰੂਪ ਵਿਚ ਜੋ ਸਿਧਾਂਤਕ ਧਰਾਤਲ ਸਾਹਮਣੇ ਆ ਗਈ ਹੈ, ਉਹ ਅੱਜ ਵੀ ਆਪਣੇ ਵਰਗੀ ਆਪ ਹੋ ਗਈ ਹੈ। ਇਹ ਤਾਂ ਮੰਨ ਲਿਆ ਗਿਆ ਹੈ ਕਿ ਧਰਮਾਂ ਵਿਚਾਲੇ ਅਮਨ ਸਥਾਪਤ ਕਰਨ ਨਾਲ ਅਮਨ ਲਈ ਲੋੜੀਂਦਾ ਮਾਹੌਲ ਸਿਰਜੇ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਸਰਬੱਤ ਦੇ ਭਲੇ ਦੀ ਉਸਾਰੂ ਸਿੱਖ ਪਹੁੰਚ ਇਸੇ ਨਾਨਕ-ਮਾਡਲ ਵੱਲ ਸੇਧਤ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਧਰਮ ਵਿਚੋਂ ਕੰਮ-ਸਭਿਆਚਾਰ ਬਿਲਕੁਲ ਮਨਫੀ ਸੀ ਅਤੇ ਇਸ ਦੇ ਸਿੱਟੇ ਵਜੋਂ ਧਾਰਮਿਕ ਸ਼੍ਰੇਣੀ ਦੀਆਂ ਲੋੜਾਂ ਦੀ ਪੂਰਤੀ ਦੀ ਜਿੰਮੇਵਾਰੀ ਸਬੰਧਤ ਧਰਮ ਨੂੰ ਮੰਨਣ ਵਾਲਿਆਂ ਦੀ ਹੁੰਦੀ ਸੀ। ਗੁਰੂ ਜੀ ਨੇ ਇਸ ਪਰੰਪਰਕ ਸੋਚ ਨੂੰ ਰੱਦ ਕਰਕੇ ਆਪਣੀਆਂ ਧਾਰਮਿਕ ਸਿੱਖਿਆਵਾਂ ਵਿਚ ਕਿਰਤ ਕਰਨ ਨੂੰ ਨਾਮ ਜਪਣ ਦੇ ਬਰਾਬਰ ਮੰਨ ਲਿਆ ਸੀ ਅਤੇ ਵੰਡ ਕੇ ਛਕਣ ਨੂੰ ਕੰਮ-ਸਭਿਆਚਾਰ ਦਾ ਹਿੱਸਾ ਬਣਾ ਦਿੱਤਾ ਸੀ। ਗੁਰੂ ਜੀ ਦੀਆਂ ਸਿੱਖਿਆਵਾਂ ਦਾ ਸ੍ਰੋਤ ਬਾਣੀ ਹੋਣ ਕਰਕੇ ਸਿੱਖਿਆਵਾਂ ਨੂੰ ਸਿਧਾਂਤਕ ਧਰਾਤਲ 'ਤੇ ਉਸਾਰਿਆ ਜਾਣ ਕਰਕੇ ਧਾਰਮਿਕ ਲੱਗਦੀਆਂ ਸਿੱਖਿਆਵਾਂ ਅਧਿਆਤਮਕ ਰੰਗ ਵਿਚ ਜੀਵੀਆਂ ਜਾਣ ਲੱਗ ਪਈਆਂ ਸਨ ਅਤੇ ਹਨ। ਇਸੇ ਕਰਕੇ ਗੁਰੂ ਜੀ ਦੀਆਂ ਸਿੱਖਿਆਵਾਂ ਸਮੇਂ ਅਤੇ ਸਥਾਨ ਜਾਂ ਕਾਰਨ ਅਤੇ ਕਾਰਜ ਤੋਂ ਮੁਕਤ ਰਹਿ ਕੇ ਸਦਾ ਸੱਚੀਆਂ ਸਿੱਖਿਆਵਾਂ ਵਾਂਗ ਸਾਰੇ ਸਮਿਆਂ ਲਈ ਕੰਮ ਆਉਣ ਵਾਲੀਆਂ ਹੋ ਗਈਆਂ ਹਨ। ਗੁਰੂ ਨਾਨਕ ਦੇਵ ਜੀ ਰਾਹੀਂ ਸਾਹਮਣੇ ਲਿਆਂਦਾ ਗਿਆ ਮਾਰਗ ਦਰਸ਼ਕ ਸੱਚ ਇਸੇ ਕਰਕੇ ਸਦਾ ਸੱਜਰਾ ਰਹਿਣਾ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਇਸ ਵੇਲੇ ਵੀ ਉਸੇ ਤਰ੍ਹਾਂ ਲੋੜ ਹੈ, ਜਿਸ ਤਰ੍ਹਾਂ ਉਨ੍ਹਾਂ ਦੇ ਸਮਕਾਲੀਆਂ ਨੂੰ ਉਨ੍ਹਾਂ ਦੇ ਸਮੇਂ ਵਿਚ ਸੀ। ਗੁਰੂ ਜੀ ਨੇ ਸਿੱਖ ਧਰਮ ਨੂੰ ਭੂਤ ਅਤੇ ਭਵਿਖ ਨਾਲ ਜੁੜੀ ਹੋਈ ਪਰੰਪਰਕ ਅਸਪਸ਼ਟਤਾ ਵਿਚੋਂ ਕੱਢ ਕੇ ਵਰਤਮਾਨ ਦੇ ਧਰਮ ਵਜੋਂ ਸਕਰਮਕ ਸਪਸ਼ਟਤਾ ਵਜੋਂ ਜਿਸ ਤਰ੍ਹਾਂ ਸਥਾਪਤ ਕਰ ਦਿੱਤਾ ਸੀ, ਉਸੇ ਤਰ੍ਹਾਂ ਇਹ ਸਿੱਖਿਆਵਾਂ ਹਰ ਸਮਕਾਲ ਦੇ ਧਰਮ ਵਾਂਗ ਹਰ ਕਿਸੇ ਵਲੋਂ ਵਰਤਣਯੋਗ ਹੋ ਗਈਆਂ ਹਨ। ਮਿਸਾਲ ਵਜੋਂ ਧਰਮ ਵਿਚ ਖਾਣ ਅਤੇ ਪਹਿਨਣ ਨੂੰ ਲੈ ਕੇ ਇਕ ਰਾਏ ਨਹੀਂ ਬਣ ਪਾ ਰਹੀ ਸੀ ਅਤੇ ਇਨ੍ਹਾਂ ਵੱਖ ਵੱਖ ਧਾਰਨਾਵਾਂ ਕਰਕੇ ਅਤਿ ਲੋੜੀਂਦੇ ਅੰਤਰ ਧਰਮ ਸੰਵਾਦ ਦੇ ਰਾਹ ਵਿਚ ਰੁਕਾਵਟਾਂ ਪੈਦਾ ਹੋ ਰਹੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਸਮੱਸਿਆ ਨੂੰ ਧਰਮਾਂ ਦੀ ਸਭਿਆਚਾਰਕ ਸਥਾਨਕਤਾ ਦੇ ਪ੍ਰਸੰਗ ਵਿਚ ਵਿਚਾਰਨ ਦੀ ਥਾਂ ਸਾਂਝੀ ਸਿਧਾਂਤਕਤਾ ਉਸਾਰਨ ਦੀ ਕੋਸ਼ਿਸ਼ ਇਹ ਕਹਿ ਕੇ ਕੀਤੀ ਹੋਈ ਹੈ ਕਿ ਖਾਣ ਅਤੇ ਪਹਿਨਣ ਦਾ ਸਬੰਧ ਬੰਦੇ ਦੀ ਮਾਨਸਿਕਤਾ ਨਾਲ ਹੋਣ ਕਰਕੇ ਖੁੱਲ੍ਹੀ ਪਹੁੰਚ ਇਹ ਹੋ ਸਕਦੀ ਹੈ ਕਿ ਜੋ ਖਾਣ ਅਤੇ ਪਹਿਨਣ ਸਰੀਰਕ ਅਸੁਵਿਧਾ ਪੈਦਾ ਕਰਦਾ ਹੋਵੇ ਜਾਂ ਮਾਨਸਿਕ ਵਿਚਲਨ ਪੈਦਾ ਕਰਦਾ ਹੋਵੇ, ਉਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ,

ਬਾਬਾ ਹੋਰੁ ਖਾਣਾ ਖੁਸੀ ਖੁਆਰੁ
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰੁ॥
(ਪੰਨਾ 16-17)

ਸਰਬ ਸਾਂਝੀਆਂ ਸਿੱਖਿਆਵਾਂ ਕਾਰਨ ਗੁਰੂ ਜੀ ਚੁਫੇਰੇ ਫੈਲੀ ਧਾਰਮਿਕ ਘੜਮੱਸ ਵਿਚ ਇਸ ਤਰ੍ਹਾਂ ਟਿਕੇ ਰਹੇ, ਜਿਵੇਂ ਭਰੇ ਹੋਏ ਦੁੱਧ ਦੇ ਕਟੋਰੇ ਵਿਚ ਚੰਬੇਲੀ ਦਾ ਫੁੱਲ ਟਿਕਾਇਆ ਜਾ ਸਕਦਾ ਹੈ। ਇਹ ਰਾਹ 'ਕੀ ਕਰਨਾ ਹੈ' ਦੀ ਬੰਦ ਸਿੱਖਿਆ ਦੀ ਥਾਂ 'ਕਿਵੇਂ ਕਰਨਾ ਹੈ' ਦੀ ਖੁੱਲ੍ਹੀ ਸਿੱਖਿਆ ਦਾ ਰਾਹ ਹੋ ਗਿਆ ਸੀ ਅਤੇ ਹੈ। ਇਸ ਨੂੰ ਸਿੱਖ ਹੋਏ ਬਿਨਾ ਕੋਈ ਵੀ ਅਪਨਾ ਸਕਦਾ ਹੈ। ਇਸ ਨਾਲ ਸਿੱਖ ਧਰਮ, ਆਮ ਧਰਮਾਂ ਵਾਂਗ ਲੈ ਕੇ ਦੇਣ ਵਾਲੀ ਮੰਤਰ ਵਿਧੀ ਜਾਂ ਕਰਾਮਾਤੀ ਓਹਲੇ ਦੀ ਥਾਂ ਲੈ ਸਕਨ ਦੇ ਯੋਗ ਹੋਣ ਵਾਲੀ ਸਸ਼ਕਤੀਕਰਣ ਦੀ ਵਿਧੀ ਹੋ ਗਿਆ ਸੀ ਅਤੇ ਹੈ। ਸਿੱਖਿਆਵਾਂ ਦੀ ਇਸ ਲੋੜ ਨੂੰ ਲੋੜਵੰਦਾਂ ਤੱਕ ਪਹੁੰਚਾਉਣ ਲਈ ਗੁਰੂ ਜੀ ਨੇ ਚਾਰ ਉਦਾਸੀਆਂ ਕੀਤੀਆਂ ਅਤੇ ਨਿਸ਼ਾਨਾ ਭਾਈ ਗੁਰਦਾਸ ਦੇ ਸ਼ਬਦਾਂ ਵਿਚ ਇਹ ਰੱਖਿਆ ਸੀ, "ਚੜ੍ਹਿਆ ਸੋਧਣਿ ਧਰਤ ਲੁਕਾਈ।" ਇਨ੍ਹਾਂ ਨਾਲ ਸਥਾਪਤ ਹੋ ਗਈ ਸਿੱਖਿਆ ਵਿਚ ਗ੍ਰਹਿਸਥ ਰਾਹੀਂ ਨਿਭਾਇਆ ਜਾ ਸਕਣ ਵਾਲਾ ਆਮ ਬੰਦੇ ਦਾ ਧਰਮ, ਗੁਰੂ ਨਾਨਕ ਦੇਵ ਜੀ ਦਾ ਧਰਮ ਹੋ ਗਿਆ ਸੀ ਅਤੇ ਹੈ। ਇਸ ਨਾਲ ਪੰਜ ਵਿਕਾਰਾਂ ਨੂੰ ਮਾਰਨ ਦੀ ਥਾਂ ਸ਼ਬਦ-ਗੁਰੂ ਰਾਹੀਂ ਪੰਜ ਵਿਕਾਰਾਂ ਨਾਲ ਨਿਭ ਸਕਣ ਵਾਲੀ ਸੁਚੇਤ ਮਾਨਸਿਕਤਾ ਗੁਰੂ ਜੀ ਦੀ ਸਿੱਖਿਆ ਦੀ ਚੂਲ ਹੋ ਗਈ ਸੀ ਅਤੇ ਹੈ। ਇਹੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਅੰਕਿਤ ਹੈ,

ਜਾਗਤ ਰਹੇ ਤਿਨੀ ਪ੍ਰਭੁ ਪਾਇਆ
ਸਬਦੂ ਹਉਮੈ ਮਾਰੀ॥
ਗਿਰਹੀ ਮਹਿ ਸਦਾ ਹਰਿ ਜਨ ਉਦਾਸੀ
ਗਿਆਨ ਤਤ ਬੀਚਾਰੀ॥
(ਪੰਨਾ 599-600)

ਇਨ੍ਹਾਂ ਸਾਂਝੀਆਂ ਸਿੱਖਿਆਵਾਂ ਦੇ ਆਧਾਰ 'ਤੇ ਹੀ ਭਾਈ ਗੁਰਦਾਸ ਨੇ 24ਵੀਂ ਵਾਰ ਦੀ ਦੂਜੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੂੰ 'ਜਗਤ ਗੁਰੂ' ਕਹਿੰਦਿਆਂ ਸਿੱਖ ਧਰਮ ਨੂੰ ਅਟੱਲ ਨੀਂਹ 'ਤੇ ਉਸਾਰਿਆ ਗਿਆ ਗੁਰਮੁਖਾਂ ਦਾ ਧਰਮ ਦੱਸਿਆ ਹੈ ਅਤੇ ਗੁਰਮੁਖ ਦੀ ਵਿਆਖਿਆ 'ਮਿਠਾ ਬੋਲਣੁ ਨਿਵ ਚਲਣੁ ਗੁਰਮੁਖਿ ਭਾਉ ਭਗਤਿ ਅਰਥੇਉ' ਕੀਤੀ ਹੈ। ਇਹ ਸਿੱਖਿਆ ਛੋਟੇ, ਵੱਡੇ-ਸਭ ਲਈ ਹੈ। ਅਜਿਹੀਆਂ ਸਿੱਖਿਆਵਾਂ ਕਰਕੇ ਹੀ 'ਜਗਤ ਗੁਰੂ ਗੁਰੁ ਨਾਨਕ ਦੇਉ' ਵਾਲਾ ਸਰਬ ਸਾਂਝਾ ਦਿੱਭ-ਬਿੰਬ ਸਥਾਪਤ ਹੋ ਗਿਆ ਹੈ। ਧਰਮ, ਇਸ ਤਰ੍ਹਾਂ ਗੁਰੂ ਜੀ ਵਾਸਤੇ ਮਸਲਾ ਨਹੀਂ, ਜੀਵਨ-ਮੁਕਤੀ ਵਾਸਤੇ ਸ਼ਬਦ-ਤਕਨਾਲੋਜੀ ਹੋ ਗਿਆ ਹੈ। ਇਸ ਵਾਸਤੇ ਲੋੜੀਂਦੀ ਹੈ ਸਹਿਜ, ਸੰਤੋਖ ਅਤੇ ਬਿਬੇਕ ਵਾਲੀ ਮਾਨਸਿਕਤਾ। ਗੁਰੂ ਜੀ ਦੀਆਂ ਸਿੱਖਿਆਵਾਂ ਵਿਚੋਂ ਪੂਜਕ ਮਾਨਸਿਕਤਾ ਪੈਦਾ ਕਰਨ ਵਾਲੇ ਪਰੰਪਰਕ ਸਰੋਕਾਰ ਮਨਫੀ ਹਨ। ਇਸ ਕਰਕੇ ਗੁਰੂ ਜੀ ਦੀਆਂ ਸਿੱਖਿਆਵਾਂ ਬਾਣੀ ਮੂਲਕ ਹੋਣ ਕਰਕੇ ਦੇਹਧਾਰੀ-ਵਿਚੋਲਗੀ ਦੀਆਂ ਮੁਥਾਜ ਨਹੀਂ ਹਨ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਰਾਹੀਂ ਇਕ ਬੁਝਾਰਤ ਨੂੰ ਬੁੱਝਣ ਦੀ ਲੋਕ ਸ਼ੈਲੀ ਰਾਹੀਂ ਖੋਲ੍ਹਦਿਆਂ ਸਾਰੇ ਸੰਸਾਰ ਦੀ ਭੁੱਖ ਮਿਟਾਉਣ ਵਾਲੀ ਭੁੰਚਣਯੋਗ ਵਿਧੀ ਵਾਂਗ ਪ੍ਰਸਤੁਤ ਕੀਤਾ ਹੋਇਆ ਹੈ,

ਥਾਲ ਵਿਚ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਭਇਓ
ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ॥1॥
(ਪੰਨਾ 1429)

ਆਪਣੀਆਂ ਸਿੱਖਿਆਵਾਂ ਕਰਕੇ ਗੁਰੂ ਜੀ ਤ੍ਰੈਕਾਲ ਦਰਸ਼ੀ ਵੀ ਹਨ ਅਤੇ ਤ੍ਰੈਕਾਲ ਵਿਆਪਕ ਵੀ ਹਨ। ਉਨ੍ਹਾਂ ਨੇ ਆਪਣੀਆਂ ਸਿੱਖਿਆਵਾਂ ਵਿਚ ਬਿਨਸਣਹਾਰ ਵਰਤਾਰਿਆਂ ਨੂੰ ਅਬਿਨਸਣਹਾਰ ਵਰਤਾਰਿਆਂ ਨਾਲ ਉਲਝਾਉਣ ਦੀ ਥਾਂ ਦੋਹਾਂ ਦੇ ਵਿਚਕਾਰਲਾ ਗੁਰਮਤਿ ਗਾਡੀ ਰਾਹ ਸਾਹਮਣੇ ਵੀ ਲਿਆਂਦਾ ਅਤੇ ਆਮ ਬੰਦੇ ਦੀ ਸਮਝ ਵਿਚ ਉਤਾਰਨ ਵਾਸਤੇ ਆਮ ਬੰਦੇ ਦੀ ਬੋਲੀ ਅਤੇ ਮੁਹਾਵਰੇ ਦੀ ਵਰਤੋਂ ਵੀ ਕੀਤੀ। ਇਸ ਨਾਲ ਪ੍ਰਾਪਤ ਵਿਰੋਧਾਭਾਸਾਂ ਵਿਚ ਸਹਿਜ ਸਥਾਪਤ ਕਰ ਸਕਣ ਦੀ ਗੁਰਮਤਿ ਵਿਧੀ ਗੁਰੂ ਜੀ ਦੀ ਸਿੱਖਿਆ ਦੀ ਚੂਲ ਹੋ ਗਈ ਹੈ। ਜੋ ਬੰਦੇ ਨੂੰ ਬੰਦੇ ਦੀ ਕੋਸ਼ਿਸ਼ ਤੋਂ ਬਿਨਾ ਅਕਾਲਪੁਰਖ ਦੀ ਮਿਹਰ ਨਾਲ ਮਿਲਿਆ ਹੋਇਆ ਹੈ, ਉਸ ਨੂੰ ਜਪੁਜੀ ਬਾਣੀ ਵਿਚ 'ਹੁਕਮ' ਆਖਿਆ ਹੋਇਆ ਹੈ ਅਤੇ ਇਸ ਨਾਲ ਨਿਭਣ ਵਾਸਤੇ ਲੋੜੀਂਦੀ ਮਾਨਸਿਕਤਾ ਨੂੰ 'ਰਜ਼ਾ' ਆਖਿਆ ਹੋਇਆ ਹੈ। ਭਾਣਾ, ਰਜ਼ਾ ਦੀ ਨਿਰੰਤਰਤਾ ਵਿਚ ਹੈ ਅਤੇ ਸੋਹਿਲਾ ਸਾਹਿਬ ਦੇ ਪਾਠ ਉਪਰੰਤ ਸਿੱਖ ਦੀ ਇਹ ਅਰਦਾਸ ਕਿ "ਚਾਰ ਪਹਿਰ ਦਿਨ ਤੇਰੇ ਭਾਣੇ ਵਿਚ ਬਤੀਤ ਹੋਇਆ, ਆਈ ਚਾਰ ਪਹਿਰ ਰੈਣ ਤੇਰੇ ਭਾਣੇ ਵਿਚ ਬਤੀਤ ਹੋਵੇ" ਨੂੰ "ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ" ਦੇ ਉਸਾਰ ਦੀ ਸਿੱਖਿਆ ਵਾਂਗ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿਚ ਧਰਮ, ਸਮਾਜਕ ਸੰਤੁਲਨ ਸਥਾਪਤ ਕਰਨ ਵਾਸਤੇ ਖੁਲ੍ਹ ਕੇ ਵਰਤਿਆ ਹੋਇਆ ਹੈ। ਉਨ੍ਹਾਂ ਦੇ ਸਮੇਂ ਤੱਕ ਸਮਾਜਕਤਾ ਦਾ ਅਹਿਮ ਅੰਗ ਔਰਤ ਅਣਗੌਲਿਆ ਰਹਿਣ ਕਰਕੇ ਸਮਾਜਕ ਸੰਤੁਲਨ ਵਾਸਤੇ ਲੋੜੀਂਦੀ ਭੂਮਿਕਾ ਨਹੀਂ ਨਿਭਾ ਰਿਹਾ ਸੀ। ਲਿੰਗ ਵਿਤਕਰੇ ਦੀ ਸ਼ਿਕਾਰ ਨਾਰੀ ਸ਼ਕਤੀ ਦੀ ਸਥਾਪਨਾ ਉਨ੍ਹਾਂ ਨੇ ਇਹ ਕਹਿ ਕੇ ਕੀਤੀ ਸੀ ਕਿ ਔਰਤ, ਗ੍ਰਹਿਸਥ ਦਾ ਧੁਰਾ ਹੈ ਅਤੇ ਨਾਰੀ ਦੀ ਮਾਂ, ਭੈਣ ਅਤੇ ਪਤਨੀ ਦੇ ਰੂਪ ਵਿਚ ਅਹਿਮ ਭੂਮਿਕਾ ਹੋਣ ਕਰਕੇ ਨਾਰੀ ਨੂੰ ਨਿੰਦਾ ਦਾ ਪਾਤਰ ਨਹੀਂ ਬਣਾਉਣਾ ਚਾਹੀਦਾ। ਇਸ ਨਾਲ ਆ ਗਏ ਮਾਨਸਿਕ ਪਰਿਵਰਤਨ ਦੀਆਂ ਮਿਸਾਲਾਂ ਭਾਈ ਵੀਰ ਸਿੰਘ ਦੇ ਨਾਵਲਾਂ ਦੇ ਇਸਤਰੀ ਪਾਤਰ ਹੋ ਗਏ ਹਨ। ਸਿੱਖ ਇਤਿਹਾਸ ਵਿਚ ਨਾਰੀ-ਭੂਮਿਕਾ ਨਾਲ ਵੀ ਨਾਰੀ ਸਸ਼ਕਤੀਕਰਣ ਦੀ ਸਿੱਖ ਭੂਮਿਕਾ ਸਾਹਮਣੇ ਆਉਂਦੀ ਰਹੀ ਹੈ। ਇਸੇ ਤਰ੍ਹਾਂ ਵਰਣ ਵੰਡ ਨਾਲ ਪੈਦਾ ਹੋਏ ਦਲਿਤ ਵਿਰੋਧੀ ਵਰਤਾਰਿਆਂ ਨੂੰ ਲੋੜੀਂਦੀ ਮਾਨਸਿਕਤਾ ਨੂੰ ਉਸਾਰਨ ਵਿਚ ਵੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸ 'ਤੇ ਆਧਾਰਤ ਦਲਿਤ-ਥੀਆਲੋਜੀ ਬਾਰੇ ਅਜੇ ਕੰਮ ਹੋਣਾ ਹੈ। ਗੁਰੂ ਜੀ ਮੁਤਾਬਕ ਵਡਾ ਕੇਵਲ ਅਕਾਲ ਪੁਰਖ ਹੈ ਅਤੇ ਉਸ ਵੱਲੋਂ ਪੈਦਾ ਕੀਤੀ ਖਲਕਤ ਵਿਚ ਊਚ ਅਤੇ ਨੀਚ ਦੀਆਂ ਵੰਡੀਆਂ ਪਾਉਣ ਤੋਂ ਇਸ ਕਰਕੇ ਗੁਰੇਜ ਕਰਨਾ ਚਾਹੀਦਾ ਹੈ ਕਿ ਕਾਦਰ ਦੀ ਕੁਦਰਤ ਵਿਚ ਦਖਲਅੰਦਾਜ਼ੀ ਬੰਦਿਆਂ ਵੱਲੋਂ ਬੰਦਿਆਂ ਦੀ ਗੁਲਾਮੀ ਵਿਚ ਹੀ ਪ੍ਰਗਟ ਹੁੰਦੀ ਰਹੀ ਹੈ। ਤਾਂ ਤੇ ਗੁਰੂ ਜੀ ਦੀ ਕਥਿਤ ਨੀਵਿਆਂ ਨੂੰ ਸੰਭਾਲਣ ਵਾਲੀ ਇਹ ਸਿੱਖਿਆ ਸਦਾ ਚੇਤੇ ਰੱਖਣੀ ਚਾਹੀਦੀ ਹੈ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥ (ਪੰਨਾ 15)

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਰਾਹੀਂ ਜੋ ਦਿੱਭ ਬਿੰਬ ਉਭਰਦਾ ਹੈ, ਉਸ ਨੂੰ ਜ਼ਾਹਰ ਪੀਰ, ਜਗਤ ਗੁਰ ਬਾਬਾ ਅਤੇ ਕਲਜੁੱਗ ਦੇ ਅਵਤਾਰ ਵਾਂਗ ਮਾਨਤਾ ਮਿਲਦੀ ਰਹੀ ਹੈ। ਇਤਿਹਾਸ ਵਿਚ ਪ੍ਰਗਟ ਹੋਈਆਂ ਗੁਰੂ ਜੀ ਦੀਆਂ ਇਨ੍ਹਾਂ ਸਾਰੀਆਂ ਪਰਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ੴ ਤੋਂ ਗੁਰ ਪ੍ਰਸਾਦਿ ਤੱਕ ਅਤੇ ਗੁਰਪ੍ਰਸਾਦਿ ਤੋਂ ੴ ਤੱਕ ਦੀ ਯਾਤਰਾ ਵਾਂਗ ਸਮਝਿਆ ਸਮਝਾਇਆ ਜਾ ਸਕਦਾ ਹੈ।

# ਦਾਤਾਂ

ਦਾਤਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ-ਇਕ ਦ੍ਰਿਸ਼ਟ ਤੇ ਦੂਜੀ ਅਦ੍ਰਿਸ਼ਟ। ਦ੍ਰਿਸ਼ਟ ਉਹ ਹਨ, ਜੋ ਸਾਨੂੰ ਨਜ਼ਰ ਆਉਂਦੀਆਂ ਹਨ ਤੇ ਸਾਡੀ ਪਕੜ ਵਿਚ ਹਨ ਜਾਂ ਅਸੀਂ ਉਨ੍ਹਾਂ ਨੂੰ ਪਕੜ ਵਿਚ ਕਰਨਾ ਚਾਹੁੰਦੇ ਹਾਂ। ਭੁੱਖੇ ਲਈ ਰੋਟੀ ਦੀ ਬੁਰਕੀ ਵੀ ਦਾਤ ਬਣ ਜਾਂਦੀ ਹੈ, ਜਦ ਕਿ ਅਮੀਰ ਲਈ ਛੋਟੀ ਕਾਰ ਜਾਂ ਛੋਟਾ ਮਕਾਨ ਵੀ ਦਾਤ ਨਹੀਂ। ਸਥਿਤੀ ਦੇ ਬਦਲਣ ਨਾਲ ਸਾਡੀ ਦਾਤ ਦੀ ਹੈਸੀਅਤ ਵੀ ਬਦਲਦੀ ਰਹਿੰਦੀ ਹੈ।



ਸੁਖਦੇਵ ਸਿੰਘ
ਫੋਨ: 91-94171-91916

ਜੋ ਅੱਜ ਮੈਂ ਦਾਤ ਸਮਝ ਕੇ ਪ੍ਰਾਪਤ ਕਰਨ ਦੀ ਇੱਛਾ ਰੱਖ ਰਿਹਾ ਹਾਂ, ਜਰੂਰੀ ਨਹੀਂ ਕੱਲ ਵੀ ਉਹ ਮੇਰੀ ਇੱਛਾ ਵਿਚ ਹੀ ਰਹੇ ਜਾਂ ਬਦਲ ਜਾਵੇ। ਕੱਲ ਮਾਰੂਤੀ ਕਾਰ ਮੇਰੀ ਦਾਤ ਦੀ ਲਿਸਟ ਵਿਚ ਸੀ, ਪ੍ਰੰਤੂ ਅੱਜ ਮੇਰੀ ਦਾਤ ਦਾ ਲੈਵਲ ਵਧ ਕੇ ਔਡੀ ਜਾਂ ਮਰਸਡੀਜ਼ ਕਾਰ ਹੋ ਗਿਆ ਹੈ। ਇਸੇ ਤਰ੍ਹਾਂ ਕੰਮ 'ਤੇ ਪੈਦਲ ਜਾਣ ਵਾਲੇ ਬੰਦੇ ਲਈ ਸਾਈਕਲ ਹੀ ਵੱਡੀ ਦਾਤ ਹੈ। ਉਸ ਨੂੰ ਜਿੰਨੀ ਖੁਸ਼ੀ ਸਾਈਕਲ ਮਿਲਣ 'ਤੇ ਹੋਈ ਹੋਵੇਗੀ, ਜਰੂਰੀ ਨਹੀਂ ਕਿ ਅਮੀਰ ਨੂੰ ਉਨੀ ਖੁਸ਼ੀ ਮਾਰੂਤੀ ਕਾਰ ਮਿਲਣ 'ਤੇ ਹੋਈ ਹੋਵੇ। ਸੋ, ਜੋ ਵਸਤੂ ਇੱਕ ਲਈ ਦਾਤ ਹੈ, ਜਰੂਰੀ ਨਹੀਂ, ਦੂਜੇ ਲਈ ਵੀ ਉਹ ਦਾਤ ਹੀ ਹੋਵੇ।

ਜੋ ਦ੍ਰਿਸ਼ਟ ਦਾਤਾਂ ਹਨ, ਉਹ ਦ੍ਰਿਸ਼ਟ ਸ਼ਕਤੀ ਨਾਲ ਹੀ ਬਣਾਈਆਂ ਜਾ ਸਕਦੀਆਂ ਹਨ, ਭਾਵ ਇਹ ਬੰਦੇ ਦੀਆਂ ਹੀ ਬਣਾਈਆਂ ਹੋਈਆਂ ਹਨ। ਇਨ੍ਹਾਂ ਦੀ ਪ੍ਰਾਪਤੀ ਲਈ ਮਿਹਨਤ ਅਤੇ ਉਪਰਾਲਾ ਵੀ ਬੰਦੇ ਨੂੰ ਹੀ ਕਰਨਾ ਹੋਵੇਗਾ। ਅਸੀਂ ਆਪ ਕੁਝ ਨਾ ਕਰਦੇ ਹੋਏ ਕਿਸੇ ਅਦ੍ਰਿਸ਼ਟ ਸ਼ਕਤੀ ਨੂੰ ਅਰਦਾਸਾਂ ਬੇਨਤੀਆਂ ਕਰਨ ਲੱਗ ਜਾਂਦੇ ਹਾਂ, ਕਿਉਂਕਿ ਇੰਤਜ਼ਾਰ ਕਰਨੀ ਅਤੇ ਲੋੜੀਂਦੀ ਮਿਹਨਤ ਕਰਨੀ ਸਾਨੂੰ ਔਖੀ ਲੱਗਦੀ ਹੈ। ਅਸੀਂ ਸੌਖਾ ਤਰੀਕਾ ਚਾਹੁੰਦੇ ਹਾਂ, ਜਦੋਂ ਕਿ ਸਹੀ ਰਾਹ ਹੈ, ਮਿਹਨਤ ਕਰਨੀ ਤੇ ਨਾਲ ਹੀ ਇੰਤਜ਼ਾਰ ਕਰਨੀ।

ਹੁਣ ਅਸੀਂ ਅਦ੍ਰਿਸ਼ਟ ਦਾਤ ਵੱਲ ਘੁੰਮਦੇ ਹਾਂ। ਸਾਨੂੰ ਮੰਨਣਾ ਪਵੇਗਾ ਕਿ ਅਦ੍ਰਿਸ਼ਟ ਦਾਤ ਨੂੰ ਬਖਸ਼ਣ ਵਾਲਾ ਜਾਂ ਰੱਖਣ ਵਾਲਾ ਦ੍ਰਿਸ਼ਟ ਨਹੀਂ ਹੋ ਸਕਦਾ। ਦ੍ਰਿਸ਼ਟ ਸ਼ਕਤੀ ਦੀ ਬਣਾਈ ਹੋਈ ਕੋਈ ਵੀ ਦਾਤ ਅਦ੍ਰਿਸ਼ਟ ਨਹੀਂ ਹੋ ਸਕਦੀ। ਸਾਡੇ ਕੋਲ ਅਦ੍ਰਿਸ਼ਟ ਸ਼ਕਤੀ 'ਰੱਬ' ਹੈ, ਜਿਸ ਕੋਲ ਅਦ੍ਰਿਸ਼ਟ ਦਾਤਾਂ ਦਾ ਭੰਡਾਰ ਹੈ। ਇਹ ਦਾਤਾਂ ਸਿਰਫ ਰੱਬ ਪਾਸੋਂ ਹੀ ਮਿਲ ਸਕਦੀਆਂ ਹਨ। ਇਹ ਦਾਤਾਂ ਕਿਹੜੀਆਂ ਹਨ? ਵੀ ਵਿਚਾਰਨ ਵਾਲੀਆਂ ਹਨ। ਮੇਰੀ ਤੁੱਛ ਬੁੱਧੀ ਅਨੁਸਾਰ ਇਹ ਹਨ-ਪਿਆਰ, ਸ਼ਾਂਤੀ, ਹਮਦਰਦੀ, ਅਨੰਦ, ਨਿਮਰਤਾ, ਦਿਆਲਤਾ ਆਦਿ। ਇਨ੍ਹਾਂ ਨੂੰ ਰੱਬੀ ਗੁਣ ਕਿਹਾ ਗਿਆ ਹੈ, ਕਿਉਂਕਿ ਇਹ ਰੱਬ ਦੀ ਮਲਕੀਅਤ ਹਨ ਤੇ ਸਾਨੂੰ ਉਸ ਪਾਸੋਂ ਹੀ ਮਿਲ ਸਕਣਗੀਆਂ।

ਸਾਡੀ ਸਭ ਦੀ ਇੱਛਾ ਇਹ ਅਦ੍ਰਿਸ਼ਟ ਦਾਤਾਂ ਪ੍ਰਾਪਤ ਕਰਨ ਦੀ ਹੁੰਦੀ ਹੈ। ਅਸੀਂ ਤਰਲੋ ਮੱਛੀ ਵੀ ਬਹੁਤ ਹੁੰਦੇ ਹਾਂ, ਪਰ ਕਾਮਯਾਬੀ ਬਹੁਤ ਹੀ ਘੱਟ ਹੁੰਦੀ ਦੇਖੀ ਗਈ ਹੈ, ਕਿਉਂਕਿ ਰਸਤਾ ਸਹੀ ਨਹੀਂ ਫੜਿਆ। ਸਾਡੀ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਬਹੁਤ ਧੰਨ ਇਕੱਠਾ ਹੋ ਜਾਵੇ। ਵੱਡੀ ਕੋਠੀ ਬਣ ਜਾਵੇ ਤੇ ਵੱਡੀ ਕਾਰ ਕੋਠੀ ਅੱਗੇ ਖੜ੍ਹੀ ਹੋਵੇ। ਪੁੱਤ-ਧੀਆਂ ਉਚੇ ਅਹੁਦਿਆਂ 'ਤੇ ਬੈਠੇ ਹੋਣ ਤਾਂ ਮੈਂ ਖੁਸ਼ ਹੋਵਾਂਗਾ, ਸ਼ਾਂਤੀ ਵਿਚ ਹੋਵਾਂਗਾ, ਅਨੰਦ ਵਿਚ ਹੋਵਾਂਗਾ ਅਤੇ ਸਭ ਤੋਂ ਪਿਆਰ ਮਿਲੇਗਾ; ਪਰ ਦ੍ਰਿਸ਼ਟ ਤੇ ਅਦ੍ਰਿਸ਼ਟ ਦਾਤਾਂ ਦਾ ਆਪਸ ਵਿਚ ਕੋਈ ਮੇਲ ਨਹੀਂ। ਦੋਵੇਂ ਹੀ ਇੱਕ ਦੂਜੇ ਤੋਂ ਭਿੰਨ ਹਨ। ਦੋਹਾਂ ਦੀ ਮਲਕੀਅਤ ਵੀ ਵੱਖਰੀ ਹੈ। ਇਕ ਬੰਦੇ ਕੋਲ ਆਪਣੇ ਪਾਸ ਹੈ ਅਤੇ ਦੂਜੀ ਰੱਬ ਕੋਲ ਹੈ। ਇਸ ਲਈ ਰੱਬੀ ਦਾਤਾਂ ਲਈ ਜਿਨ੍ਹਾਂ ਦੀ ਮਾਲਕੀ ਰੱਬ ਕੋਲ ਹੈ, ਜਿਨ੍ਹਾਂ ਨੂੰ ਅਸੀਂ ਅਦ੍ਰਿਸ਼ਟ ਦਾਤਾਂ ਮੰਨਦੇ ਹਾਂ, ਉਨ੍ਹਾਂ ਸਭ ਦੀ ਪ੍ਰਾਪਤੀ ਲਈ ਸਾਨੂੰ ਰੱਬ ਦਾ ਦਰਵਾਜਾ ਖੜਕਾਉਣਾ ਪਵੇਗਾ।

ਗੁਰਬਾਣੀ ਦੇ ਮਹਾਂਵਾਕ 'ਦਾਤੇ ਦਾਤ ਰੱਖੀ ਹੱਥ ਆਪਣੇ ਜਿਸ ਪਾਵੇ ਤਿਸ ਦੇਹ' ਅਨੁਸਾਰ ਇਹ ਦਾਤਾਂ ਰੱਬ ਨੇ ਆਪਣੇ ਹੱਥ ਵਿਚ ਰੱਖੀਆਂ ਹੋਈਆਂ ਹਨ। ਰੱਬ ਗੁਣਾਂ ਅਨੁਸਾਰ ਬਹੁਤ ਹੀ ਦਿਆਲੂ ਹੈ, ਬਹੁਤ ਹੀ ਕਿਰਪਾਲੂ ਹੈ। ਉਹ ਤਾਂ ਸਾਨੂੰ ਉਡੀਕ ਰਿਹਾ ਹੈ, ਇੱਕ ਹੀ ਸ਼ਰਤ ਹੈ ਕਿ ਜੋ ਦਾਤ ਲੈਣਾ ਚਾਹੁੰਦੇ ਹੋ, ਉਸ ਨੂੰ ਪਹਿਲਾਂ ਆਪਣੇ ਪਾਸੋਂ ਥੋੜ੍ਹਾ ਲੋੜਵੰਦਾਂ ਨੂੰ ਦੇ ਕੇ ਦੇਖੋ ਕਿਉਂਕਿ ਹਰ ਬੰਦੇ ਨੂੰ ਰੱਬ ਨੇ ਇਹ ਗੁਣ ਬਖਸ਼ੇ ਹੋਏ ਹਨ, ਪਰ ਅਸੀਂ ਉਸ ਖਾਨੇ ਨੂੰ ਤਾਂ ਕਦੇ ਦੇਖਦੇ ਹੀ ਨਹੀਂ ਜਾਂ ਉਨ੍ਹਾਂ ਨੂੰ ਵਰਤਦੇ ਹੀ ਨਹੀਂ।

ਰੱਬ ਦੇ ਨਿਯਮਾਂ ਅਨੁਸਾਰ ਜੋ ਕੁਝ ਵੀ ਅਸੀਂ ਅਦ੍ਰਿਸ਼ਟ ਦਾਤ ਵਿਚੋਂ ਲੋੜਵੰਦਾਂ ਨੂੰ ਦਿੱਤਾ ਹੈ ਜਾਂ ਉਨ੍ਹਾਂ ਵਿਚ ਵੰਡਿਆ ਹੈ, ਬਹੁਤ ਵਧਾ ਕੇ ਰੱਬ ਉਸੇ ਵਕਤ ਸਾਨੂੰ ਮੋੜ ਦਿੰਦਾ ਹੈ। ਤਜਰਬਾ ਕਰਕੇ ਦੇਖਿਆ ਜਾ ਸਕਦਾ ਹੈ। ਇਸ ਨਾਲ ਅਸੀਂ ਧੁਰ ਅੰਦਰ ਤੱਕ ਅਨੰਦ ਪ੍ਰਸੰਨ ਤੇ ਸੰਤੁਸ਼ਟ ਹੋ ਜਾਵਾਂਗੇ। ਇਸ ਤਰ੍ਹਾਂ ਮਹਿਸੂਸ ਹੋਣ ਲੱਗ ਜਾਵੇਗਾ ਕਿ ਸਾਡੀ ਹੁਣ ਕੋਈ ਮੰਗ ਜਾਂ ਇੱਛਾ ਹੀ ਨਹੀਂ ਰਹੀ। ਤ੍ਰਿਪਤੀ ਵੀ ਹੋ ਜਾਵੇਗੀ। ਅਸੀਂ ਬਿਨਾ ਦਿਤਿਆਂ ਜਾਂ ਬਿਨਾ ਵੰਡਿਆਂ ਹੀ ਪ੍ਰਾਪਤ ਕਰਨਾ ਚਾਹੁੰਦੇ ਹਾਂ, ਜੋ ਰੱਬ ਦੇ ਬਣਾਏ ਨਿਯਮਾਂ ਅਨੁਸਾਰ ਨਹੀਂ ਹੈ। ਰੱਬ ਦੇ ਬਣਾਏ ਸਿਸਟਮ ਤੋਂ ਕਿਸੇ ਨੂੰ ਕੋਈ ਛੋਟ ਨਹੀਂ ਹੈ। ਉਸ ਦਾ ਨਿਯਮ ਮੰਨਣਾ ਹੀ ਹੋਵੇਗਾ। ਕਿੰਨੇ ਵੀ ਪਾਪੜ ਵੇਲਦੇ ਰਹੋ, ਰੱਬ ਨੇ ਆਪਣਾ ਨਿਯਮ ਨਹੀਂ ਬਦਲਣਾ। ਜੇ ਇਸ ਸਬੰਧ ਵਿਚ ਕੁਝ ਪ੍ਰਾਪਤ ਕਰਨਾ ਹੈ ਤਾਂ ਰੱਬ ਦਾ ਦੱਸਿਆ ਰਾਸਤਾ ਅਪਨਾਉਣ ਦੀ ਲੋੜ ਪਵੇਗੀ ਹੀ।

# ਨੇਪਾਲ 'ਚ ਗੁਰੂ ਨਾਨਕ ਨਾਲ ਸਬੰਧਤ ਸਥਾਨ ਅਤੇ ਵਸਤਾਂ


ਗੁਰੂ ਸਾਹਿਬ ਦੀ ਛੋਹ ਤੋਂ ਬਣੇ ਪਵਿਤਰ ਸਥਾਨਾਂ ਦੀ ਸਾਂਭ-ਸੰਭਾਲ ਸਿੱਖਾਂ ਦਾ ਫਰਜ਼ ਰਿਹਾ ਹੈ ਅਤੇ ਇਹ ਨਿਭਾਉਂਦੇ ਵੀ ਆਏ ਹਨ। 1984 ਵਿਚ ਭਾਰਤੀ ਹਾਕਮਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ। ਇਹੀ ਨਹੀਂ, ਉਸੇ ਸਾਲ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਸਿੱਖਾਂ ਦਾ ਦਿਨ ਦਿਹਾੜੇ ਕਤਲੇਆਮ ਹੋਇਆ। ਇਨ੍ਹਾਂ ਘਟਨਾਵਾਂ ਨਾਲ ਸਿੱਖਾਂ ਉਤੇ ਬਹੁਤ ਅਸਰ ਪਿਆ। ਅਜਿਹੇ ਹਾਲਾਤ ਵਿਚ ਕੋਈ ਸ਼ਖਸ ਆਪਣਾ ਸੰਤੁਲਨ ਗੁਆ ਲੈਂਦਾ ਹੈ, ਸਗੋਂ ਉਸ ਦਾ ਅਸਲੀਅਤ ਨਾਲੋਂ ਸੰਪਰਕ ਵੀ ਟੁੱਟ ਜਾਂਦਾ ਹੈ। ਨਿਰਾਸ਼ਾ ਅਤੇ ਅਵਿਸ਼ਵਾਸ ਦੀ ਅਜਿਹੀ ਹਾਲਤ ਕਿ




**ਦਲਬਾਰਾ ਸਿੰਘ ਮਾਂਗਟ**
**ਫੋਨ: 269-267-9621**

ਇਹ ਕਿਉਂ ਹੋਇਆ, ਦਾ ਉਤਰ ਲੱਭਣ ਲਈ ਇਨਸਾਨ ਮਜਬੂਰ ਹੋ ਜਾਂਦਾ ਹੈ। ਇਸ ਘਟਨਾ ਦਾ ਅਸਰ ਉਸ ਵਕਤ ਦਿੱਲੀ ਵਿਚ ਰਹਿੰਦੇ ਮਨਜੀਤ ਸਿੰਘ ਖਾਲਸਾ ਉਪਰ ਵੀ ਪਿਆ, ਜੋ ਇਲੈਕਟ੍ਰੀਸ਼ੀਅਨ ਦਾ ਕੰਮ ਕਰਦਾ ਸੀ। ਉਹ ਦਿੱਲੀ ਛੱਡ ਕੇ ਚੰਡੀਗੜ੍ਹ/ਪੰਜਾਬ ਚਲਾ ਗਿਆ ਅਤੇ ਨਵਾਂ ਕਾਰੋਬਾਰ ਸ਼ੁਰੂ ਕੀਤਾ ਪਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।

ਉਂਜ, ਇਨ੍ਹਾਂ ਹਾਲਾਤ ਨੇ ਉਸ ਦੀ ਸੋਚ ਬਦਲ ਦਿੱਤੀ ਅਤੇ ਉਹ ਕਰੀਬ ਸੱਤ ਸਾਲ ਬਾਅਦ ਗੁਰਦੁਆਰਾ ਸੀਸਗੰਜ ਦਿੱਲੀ ਗਿਆ, ਜਿਥੇ ਉਸ ਨੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਪੜ੍ਹਿਆ ਕਿ ਗੁਰੂ ਸਾਹਿਬ ਕਾਠਮੰਡੂ (ਨੇਪਾਲ) ਵੀ ਗਏ ਸਨ। ਇਸ ਬਾਰੇ ਉਸ ਨੇ ਪਹਿਲਾਂ ਨਾ ਕਦੇ ਸੁਣਿਆ ਅਤੇ ਨਾ ਹੀ ਕਿਸੇ ਨੇ ਦੱਸਿਆ ਸੀ। ਉਥੇ ਹੀ ਲਾਇਬਰੇਰੀ ਵਿਚ ਉਸ ਨੇ ਆਪਣੇ ਆਪ ਨਾਲ ਵਾਅਦਾ ਕੀਤਾ ਕਿ ਜੀਵਨ ਦਾ ਬਾਕੀ ਸਮਾਂ ਉਹ ਨੇਪਾਲ ਵਿਚ ਗੁਰੂ ਨਾਨਕ ਦੇਵ ਜੀ ਦੇ ਸਥਾਨ ਲੱਭਣਗੇ। ਫਿਰ ਇਕ ਸਾਲ ਲੰਘਣ ਪਿਛੋਂ 1992 ਵਿਚ ਉਹ ਨੇਪਾਲ ਚਲਾ ਗਿਆ। ਚਾਰ-ਪੰਜ ਦਿਨਾਂ ਪਿੱਛੋਂ ਉਹ ਨੇਮ ਮੁਨੀ ਨਾਂ ਦੇ ਸ਼ਖਸ ਨੂੰ ਮਿਲਿਆਂ, ਜਿਸ ਨੇ ਦੱਸਿਆ ਕਿ ਬਹੁਤ ਸਮਾਂ ਪਹਿਲਾਂ ਇਕ ਭਾਰਤੀ ਪੀਰ ਗੁਰੂ ਨਾਨਕ ਦੇਵ ਜੀ ਨੇ 1515 ਵਿਚ ਨੇਪਾਲ ਦਾ ਦੌਰਾ ਕੀਤਾ ਸੀ। ਇਸ ਸ਼ਖਸ ਨੇ ਉਹ ਗੱਲਾਂ ਸੁਣਾਈਆਂ, ਜੋ ਉਨ੍ਹਾਂ ਦੀਆਂ 13 ਪੀੜ੍ਹੀਆਂ ਅਗਾਂਹ ਤੋਂ ਅਗਾਂਹ ਸੁਣਦੀਆਂ ਆਈਆਂ ਹਨ। ਮਨਜੀਤ ਸਿੰਘ ਖਾਲਸਾ ਅੱਜ ਕੱਲ੍ਹ ਅਮਰੀਕਾ ਵਿਚ ਰਹਿੰਦੇ ਹਨ। ਪੇਸ਼ ਹਨ ਉਨ੍ਹਾਂ ਨਾਲ ਖਾਸ ਮੁਲਾਕਾਤ ਦੇ ਅੰਸ਼:






ਗਾਗਰਾਂ

**ਸਵਾਲ:** ਤੁਸੀਂ ਅਮਰੀਕਾ ਕਦੋਂ ਆਏ ਅਤੇ ਸੁਸਾਇਟੀ ਦਾ ਗਠਨ ਕਦੋਂ ਤੇ ਕਿਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਕੀਤਾ?

**ਉਤਰ:** ਮੈਂ 2006 ਵਿਚ ਅਮਰੀਕਾ



ਪੋਥੀ

ਆਇਆ। ਸ੍ਰੀ ਗੁਰੂ ਨਾਨਕ ਦੇਵ ਜੀ ਸੇਵਾ ਸੁਸਾਇਟੀ ਇੰਟਰਨੈਸ਼ਨਲ ਦੀ ਸਥਾਪਨਾ 2012 ਵਿਚ ਕੀਤੀ, ਜਿਸ ਦੀਆਂ ਭਾਰਤ ਅਤੇ ਨੇਪਾਲ ਵਿਚ ਵੀ ਸ਼ਾਖਾਵਾਂ ਹਨ। ਇਸ ਦਾ ਮਿਸ਼ਨ ਸਿੱਖੀ ਦੀ ਖੋਜ ਅਤੇ ਸਾਂਭ-ਸੰਭਾਲ ਹੈ। ਸੰਗਤ ਦੇ ਸਹਿਯੋਗ ਨਾਲ ਬਹੁਤ ਕਾਮਯਾਬੀ ਹਾਸਲ ਕੀਤੀ ਹੈ, ਪਰ ਮੰਜ਼ਿਲ ਅਜੇ ਬੜੀ ਦੂਰ ਹੈ, ਕੋਸ਼ਿਸ਼ ਜਾਰੀ ਹੈ।

**ਸਵਾਲ:** ਤੁਸੀਂ ਆਪਣੇ ਨੇਪਾਲ ਦੌਰੇ ਵਿਚ ਕਿਹੜੇ-ਕਿਹੜੇ ਸਥਾਨਾਂ ਦੀ ਖੋਜ ਕੀਤੀ?

**ਉਤਰ:** ਨੇਪਾਲ ਦੌਰੇ ਵਿਚ ਜਿਨ੍ਹਾਂ ਪਵਿਤਰ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਅਤੇ ਖੋਜ ਕੀਤੀ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

**ਸਿਖਨਪੁਰਾ:** ਕਾਠਮੰਡੂ (ਨੇਪਾਲ) ਤੋਂ ਕਰੀਬ 450 ਕਿਲੋਮੀਟਰ ਦੂਰ ਇਹ ਪੁਰਾਤਨ ਇਤਿਹਾਸਕ ਸਥਾਨਾਂ ਵਿਚੋਂ ਇਕ ਹੈ। ਇਹ ਸਥਾਨ ਗੁਰੂ ਨਾਨਕ ਦੇਵ ਜੀ ਦੀ ਯਾਤਰਾ ਨਾਲ ਸਬੰਧਤ ਹੈ। ਪਿੰਡ ਦੇ ਬਜੁਰਗਾਂ ਅਨੁਸਾਰ ਉਨ੍ਹਾਂ ਦੇ ਪੁਰਖੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਨ। ਨਿਰੰਜਣ ਸਿੰਘ ਸੋਢੀ ਦੇ ਕਹਿਣ ਮੁਤਾਬਕ ਉਹ ਕਰਨ ਸਿੰਘ ਸੋਢੀ ਦੀ ਚੌਥੀ ਪੀੜ੍ਹੀ ਹੈ, ਜੋ ਅਸਲ ਵਿਚ ਮਹਾਰਾਣੀ ਜਿੰਦ ਕੌਰ ਨਾਲ ਇਥੇ ਆਏ ਸਨ। ਉਦੋਂ ਨੇਪਾਲ ਦੇ ਰਾਜਾ ਜੰਗ ਬਹਾਦਰ ਰਾਣਾ ਨੇ ਮਹਾਰਾਣੀ ਦੇ ਠਹਿਰਨ ਲਈ ਇੰਤਜ਼ਾਮ ਕੀਤੇ ਸਨ। ਇਸ ਸਥਾਨ ਦਾ ਮੁੜ ਨਿਰਮਾਣ ਸੁਸਾਇਟੀ (ਯੂ.ਐਸ.ਏ.) ਦੀ ਦੇਖ-ਰੇਖ ਹੇਠ ਕੀਤਾ ਜਾ ਰਿਹਾ ਹੈ। ਮਹਾਰਾਣੀ ਨਾਲ ਆਏ ਸਾਰੇ ਖਾਲਸਾ ਫੌਜੀਆਂ ਨੂੰ ਨਿਵਾਸ ਲਈ 200 ਏਕੜ ਜ਼ਮੀਨ ਰਾਜੇ ਨੇ ਦਿੱਤੀ ਸੀ। ਸਮੇਂ ਨਾਲ ਇਨ੍ਹਾਂ ਦੀ ਵਰਤਮਾਨ ਪੀੜ੍ਹੀ ਆਪਣੀ ਮਾਂ ਬੋਲੀ ਤੋਂ ਤਾਂ ਦੂਰ ਹੋ ਗਈ, ਪਰ ਉਹ ਸਾਰੇ ਸਿੱਖੀ ਸਰੂਪ ਵਿਚ ਹਨ ਅਤੇ ਸਭਿਆਚਾਰਕ ਵਿਰਾਸਤ ਨੂੰ ਪ੍ਰਨਾਏ ਹੋਏ ਹਨ। ਮਜ਼ਦੂਰੀ ਜਾਂ ਖੇਤੀਬਾੜੀ ਕਰਕੇ ਗੁਜ਼ਾਰਾ ਕਰਦੇ ਹਨ। ਉਨ੍ਹਾਂ ਨੇ ਪੁਰਾਤਨ ਬਰਤਨ, ਬਾਜਾ (ਹਾਰਮੋਨੀਅਮ), ਚਿਮਟਾ, ਤਸਵੀਰਾਂ ਅਤੇ ਉਨ੍ਹਾਂ ਦੇ ਪੁਰਖਿਆਂ ਨਾਲ ਸਬੰਧਤ ਹੋਰ ਚੀਜ਼ਾਂ ਦਿਖਾਈਆਂ, ਜੋ 1849 ਵਿਚ ਮਹਾਰਾਣੀ ਜਿੰਦ ਕੌਰ ਨਾਲ ਆਈਆਂ ਸਨ। ਇਥੋਂ ਹੀ 1860 ਵਿਚ ਮਹਾਰਾਣੀ ਜਿੰਦ ਕੌਰ ਕਲਕੱਤੇ ਗਈ, ਜਿਥੇ ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਦੀ ਮੁਲਾਕਾਤ ਕਰਵਾਈ ਗਈ। ਇਥੇ ਮਹਾਰਾਣੀ ਜਿੰਦ ਕੌਰ ਦੇ ਨਾਂ 'ਤੇ ਹਾਈ ਸਕੂਲ ਵੀ ਹੈ। ਪਿੰਡ ਸਿਖਨਪੁਰਾ 165 ਸਾਲ ਪਹਿਲਾਂ ਬਣਿਆ ਜਿਥੇ ਅੱਜ 400 ਪਰਿਵਾਰ ਸਿੱਖੀ ਸਰੂਪ ਵਿਚ ਰਹਿੰਦੇ ਹਨ। ਇਥੇ ਗੁਰਦੁਆਰਾ ਵੀ ਮੌਜੂਦ ਹੈ।

**ਗੁਰੂ ਨਾਨਕ ਮਠ ਸੇਵਾ ਭਗਵਤੀ ਅਤੇ ਮਠ ਭਸਮੇਸ਼ਵਰ:** ਇਸ ਸਥਾਨ ਨੂੰ ਵੀ ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਹੈ ਅਤੇ ਇਥੇ ਗੁਰਦੁਆਰੇ ਵਿਚ ਛਾਪੇ ਵਾਲੇ ਛੋਟੇ, ਪੁਰਾਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਹਨ। ਇਸ ਮਠ ਦੇ ਵਿਹੜੇ ਵਿਚ ਪੁਰਾਤਨ ਟੱਲ ਹੈ, ਜਿਸ 'ਤੇ ਗੁਰਬਾਣੀ ਲਿਖੀ ਹੋਈ ਹੈ। ਇਸ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਰਹੇ ਸਨ। ਗੁਰਦੁਆਰਾ ਪਹਿਲੀ ਮੰਜ਼ਿਲ 'ਤੇ ਹੈ। ਇਸ ਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਪੁਰਾਤਨ ਹੱਥ ਲਿਖਤ ਸਰੂਪ ਵੀ ਹੈ।

**ਗਿਆਨਧਾਰਾ:** ਇਹ ਉਹ ਥਾਂ ਹੈ, ਜਿਥੇ ਲੋਕ ਪਾਣੀ ਦੀ ਘਾਟ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਸਨ। ਵਿਸ਼ਵਾਸ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਛੋਟੀ ਪਹਾੜੀ 'ਤੇ ਆਪਣੇ ਅੰਗੂਠੇ ਦੀ ਛੋਹ ਨਾਲ ਪਾਣੀ ਦੀ ਧਾਰਾ ਪ੍ਰਗਟ ਕੀਤੀ। ਉਦੋਂ ਤੋਂ ਪਾਣੀ ਦੀ ਧਾਰਾ ਲਗਾਤਾਰ ਵਗ ਰਹੀ ਹੈ। ਲੋਕ ਅੱਜ ਵੀ ਇਥੋਂ ਆਪਣੀ ਰੋਜ਼ਾਨਾ ਵਰਤੋਂ ਲਈ ਪਾਣੀ ਲੈ ਕੇ ਜਾਂਦੇ ਹਨ। ਬਹੁਤ ਸਾਰੇ ਲੋਕ ਇਥੇ ਇਸ਼ਨਾਨ ਕਰਨਾ ਪਵਿਤਰ ਸਮਝਦੇ ਹਨ। ਇਥੇ ਨੇਪਾਲ ਦਾ ਰਾਜਾ ਗੁਰੂ ਜੀ ਨੂੰ ਤੀਜੀ ਵਾਰ ਮਿਲਣ ਆਇਆ ਸੀ।

**ਗਿਆਨੇਸ਼ਵਰ ਅਤੇ ਨਿਰਮਲ ਅਖਾੜਾ:** ਇਹ ਗਿਆਨਧਾਰਾ ਤੋਂ ਅੱਗੇ ਜਗ੍ਹਾ ਹੈ, ਜਿਥੇ ਗੁਰੂ ਨਾਨਕ ਦੇਵ ਜੀ ਇਕ ਰੁੱਖ ਹੇਠ 6 ਦਿਨ, 6 ਰਾਤਾਂ ਲਈ ਬੈਠੇ, ਜੋ ਗਿਆਨੇਸ਼ਵਰ ਵਜੋਂ ਜਾਣਿਆ ਜਾਂਦਾ ਹੈ। ਇਥੇ ਗੁਰਦੁਆਰਾ ਪਹਿਲੀ ਮੰਜ਼ਿਲ 'ਤੇ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ। ਇਹ ਉਹ ਸਥਾਨ ਹੈ, ਜਿਥੇ ਨੇਪਾਲ ਦਾ ਰਾਜਾ ਜੈ ਜਗਤ ਮਲ ਗੁਰੂ ਜੀ ਨੂੰ ਚੌਥੀ ਵਾਰ ਦੇਖਣ ਆਇਆ। ਗੁਰਦੁਆਰਾ ਨਿਰਮਲ ਅਖਾੜਾ ਪ੍ਰਾਚੀਨ ਸਥਾਨ ਹੈ, ਜੋ ਪਸ਼ੂਪਤੀ ਮੰਤਰ ਦੇ ਇਲਾਕੇ ਵਿਚ ਹੈ। ਇਸ ਸਥਾਨ ਨੂੰ ਵੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਦਾ ਮੂਲ ਢਾਂਚਾ ਢਾਹ ਦਿੱਤਾ ਗਿਆ ਸੀ ਅਤੇ ਨਵਾਂ ਢਾਂਚਾ ਨੇਪਾਲ ਸਰਕਾਰ 50 ਲੱਖ ਰੁਪਏ ਦੀ ਲਾਗਤ ਨਾਲ ਬਣਾ ਰਹੀ ਹੈ। ਇਥੇ ਦੋ ਪੁਰਾਤਨ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਮੌਜੂਦ ਹਨ।

**ਉਦਾਸੀਨ ਅਖਾੜਾ:** ਮਹੰਤ ਨੇਮ ਮੁਨੀ ਨੇ ਦਸਿਆ ਕਿ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਬਾਬਾ ਸ੍ਰੀਚੰਦ ਜੀ ਵੀ ਕਾਠਮੰਡੂ ਦੇ ਥਾਪਾਥਲੀ ਇਲਾਕੇ ਵਿਚ ਆਏ ਸਨ, ਜਿਨ੍ਹਾਂ ਨੇ ਨੇਪਾਲ ਦੇ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਲੰਗਰ ਜਾਰੀ ਰਖਿਆ, ਜਿਸ ਦੀ ਸ਼ੁਰੂਆਤ ਗੁਰੂ ਸਾਹਿਬ ਜੀ ਨੇ ਕੀਤੀ ਸੀ। ਨੇਮ ਮੁਨੀ ਨੇ ਇਹ ਵੀ ਦੱਸਿਆ ਕਿ 1709-10 ਵਿਚ ਸਿੱਖਾਂ ਦੇ ਮੁਗਲਾਂ ਨਾਲ ਟਾਕਰੇ ਦੌਰਾਨ ਬੰਦਾ ਸਿੰਘ ਬਹਾਦਰ ਨੇ ਇਨ੍ਹਾਂ ਸਾਰੇ ਸਰੂਪਾਂ ਅਤੇ ਕਈ ਛੋਟੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪੋਥੀਆਂ ਪੰਜ ਸਿੰਘਾਂ ਨਾਲ ਘੋੜੇ ਵਾਲੀ ਬੱਘੀ ਵਿਚ ਭੇਜੇ ਸਨ। ਉਸ ਸਮੇਂ ਦੀਆਂ ਯਾਤਰਾਵਾਂ ਨਾਲ ਜੁੜੀਆਂ ਵਸਤੂਆਂ ਜਿਵੇਂ ਮਿੱਟੀ ਦੇ 117 ਭਾਂਡੇ, ਭਾਈ ਮਰਦਾਨਾ ਜੀ ਨਾਲ ਸਬੰਧਤ ਰਬਾਬ, ਵੱਡੀਆਂ ਲੱਕੜ ਦੀਆਂ ਕੜਛੀਆਂ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਤਾਂਬੇ ਤੇ ਕਾਂਸੀ ਦੇ ਬਰਤਨ ਵੀ ਹਨ। ਸੋਨੇ ਦੀ ਮੁਠ ਵਾਲਾ ਚੌਰ ਸਾਹਿਬ, ਜਿਸ ਦੀ ਬਣਤਰ ਤਾਰੀਖ ਦਰਜ ਹੈ, ਬਾਬਾ ਸ੍ਰੀਚੰਦ ਜੀ ਦਾ ਚਿਮਟਾ ਵੀ ਇਸ ਸਥਾਨ 'ਤੇ ਮਿਲਦਾ ਹੈ। ਇਨ੍ਹਾਂ ਵਸਤੂਆਂ ਨੂੰ ਸੁਸਾਇਟੀ ਨੇ ਅਜਾਇਬ ਘਰ ਬਣਾ ਕੇ ਸੁਰੱਖਿਅਤ ਰੱਖ ਦਿੱਤਾ ਹੈ। ਇਸ ਸਥਾਨ 'ਤੇ ਗੁਰਦੁਆਰਾ ਪਹਿਲੀ ਮੰਜ਼ਿਲ 'ਤੇ ਹੈ ਅਤੇ ਹੇਠਲੀ ਮੰਜ਼ਿਲ 'ਤੇ ਅਜਾਇਬ ਘਰ ਹੈ।

**ਗੁਰੂ ਨਾਨਕ ਮੱਠ, ਬਾਲਾਜੂ:** ਇਹ ਜਗ੍ਹਾ ਨੇਮ ਮੁਨੀ ਨੇ ਦਿਖਾਈ ਅਤੇ ਦੱਸਿਆ ਕਿ ਇਹ ਉਹ ਥਾਂ ਹੈ ਜਿਥੇ ਗੁਰੂ ਸਾਹਿਬ ਪਹਿਲੀ ਵਾਰ 1515 ਵਿਚ ਆਏ ਸਨ। ਉਹ ਮਹੰਤ ਹਰੀਦਾਸ ਦੇ ਡੇਰੇ ਵਿਚ ਇਕ ਸਾਲ 14 ਦਿਨ ਠਹਿਰੇ। ਨੇਮ ਮੁਨੀ ਮੁਤਾਬਕ ਗੁਰੂ ਜੀ ਇਸ ਸਥਾਨ 'ਤੇ ਬੈਠਦੇ ਸਨ ਅਤੇ ਵਾਹਿਗੁਰੂ ਦੀ ਉਸਤਤ ਕਰਦੇ ਸਨ। ਨੇਮ ਮੁਨੀ ਨੇ ਉਹ ਘਰ ਵੀ ਦਿਖਾਇਆ, ਜਿਸ ਵਿਚ ਗੁਰੂ ਨਾਨਕ ਦੇਵ ਜੀ ਇਕ ਸਾਲ ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ ਨਾਲ ਰਹੇ। ਉਨ੍ਹਾਂ ਕੋਲ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸਰੂਪ ਵੀ ਹਨ। ਇਹ ਸਥਾਨ ਗੁਰੂ ਨਾਨਕ ਮਠ, ਬਾਲਾਜੂ ਦੇ ਨਾਂ ਨਾਲ ਜਾਣਿਆ ਜਾਂਦਾ ਹੈ।


**ਸਵਾਲ:** ਸੁਸਾਇਟੀ ਨੇ ਆਉਣ ਵਾਲੇ ਸਮੇਂ ਵਿਚ ਹੋਰ ਕੀ ਪ੍ਰੋਗਰਾਮ ਉਲੀਕੇ ਹਨ?

**ਉਤਰ:** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਹਿਲਾ ਕੌਮਾਂਤਰੀ



ਸਿੱਕੇ

ਨਗਰ ਕੀਰਤਨ 4 ਅਕਤੂਬਰ ਨੂੰ ਕਾਠਮੰਡੂ (ਨੇਪਾਲ) ਤੋਂ ਡੇਰਾ ਬਾਬਾ ਨਾਨਕ ਅਤੇ ਸੁਲਤਾਨਪੁਰ ਲੋਧੀ ਤਕ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਸਮੂਹ ਸਿੱਖ ਸੰਗਤ ਅਤੇ ਜਥੇਬੰਦੀਆਂ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਪ੍ਰਕਾਸ਼ ਪੁਰਬ ਮੌਕੇ ਨੇਪਾਲ ਸਰਕਾਰ ਤਿੰਨ ਸਿੱਕੇ ਅਤੇ ਇਕ ਡਾਕ ਟਿਕਟ ਜਾਰੀ ਕਰੇਗੀ। ਦੂਸਰਾ ਪ੍ਰੋਗਰਾਮ ਇਹ ਹੈ ਕਿ ਜਪੁਜੀ ਸਾਹਿਬ ਦੇ ਅਸਲ ਮਾਇਨੇ ਦੱਸਣ ਬਾਰੇ ਯੂਨਾਈਟਿਡ ਨੇਸ਼ਨਜ਼ ਦੀ ਸਟੇਜ ਤੋਂ 197 ਮੁਲਕਾਂ ਨੂੰ ਸੰਦੇਸ਼ ਦਿੱਤਾ ਜਾਣਾ ਹੈ। ਇਸ ਤੋਂ ਇਲਾਵਾ ਇਕ ਐਨੀਮੇਸ਼ਨ ਫਿਲਮ ਤਿਆਰ ਕੀਤੀ ਜਾ ਰਹੀ ਹੈ, ਜੋ ਸੰਸਾਰ ਪੱਧਰ 'ਤੇ ਦਿਖਾਈ ਜਾਵੇਗੀ।



ਸ੍ਰੀ ਸਾਹਿਬ

**ਸਵਾਲ:** ਤੁਸੀਂ ਸਿੱਖਾਂ ਨੂੰ ਕੀ ਸੁਨੇਹਾ ਦੇਣਾ ਚਾਹੋਗੇ?

**ਉਤਰ:** ਸਿੱਖ ਰਾਜ ਕਿਵੇਂ ਆਇਆ ਅਤੇ ਕਿਵੇਂ ਗਿਆ, ਇਸ ਬਾਰੇ ਸਿੱਖ ਭਾਈਚਾਰਾ ਇਤਿਹਾਸ ਤੋਂ ਪੂਰੀ ਤਰ੍ਹਾਂ ਜਾਣੂ ਹੈ ਪਰ ਆਉਣ ਵਾਲੇ ਸਮੇਂ ਵਿਚ ਕਿਸੇ ਵੀ ਪ੍ਰਾਪਤੀ ਜਾਂ ਮਿਸ਼ਨ ਨੂੰ ਹਾਸਲ ਕਰਨ ਲਈ ਸਿੱਖਾਂ ਨੂੰ ਇਕ ਨਿਸ਼ਾਨ ਸਾਹਿਬ ਹੇਠਾਂ ਚਲਣਾ ਚਾਹੀਦਾ ਹੈ। ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਅਤੇ ਗੁਰੂ ਨਾਨਕ ਦੇਵ ਜੀ ਦੇ ਦੂਰ-ਅੰਦੇਸ਼ ਸੰਦੇਸ਼ ਸਾਰੇ ਜਗਤ ਤੱਕ ਪਹੁੰਚਾਉਣ ਲਈ ਹਰ ਹੀਲਾ ਕਰਨਾ ਚਾਹੀਦਾ ਹੈ। ਇਹ ਅੱਜ ਦੇ ਸਮੇਂ ਦੀ ਮੰਗ ਹੈ।



ਦੋ ਮੈਡਲ ਅਤੇ ਕੁਝ ਨੋਟ

## ਨੇਪਾਲ ਤੋਂ ਪ੍ਰਾਪਤ ਹੋਈਆਂ ਵਸਤਾਂ

ਮਨਜੀਤ ਸਿੰਘ ਖਾਲਸਾ ਨੂੰ ਨੇਪਾਲ ਤੋਂ ਸਿੱਖੀ ਸਬੰਧੀ ਕੁਝ ਵਸਤਾਂ ਪ੍ਰਾਪਤ ਹੋਈਆਂ ਹਨ। ਦਾਅਵਾ ਹੈ ਕਿ ਇਹ ਕਈ ਸੌ ਸਾਲ ਤੋਂ ਉਥੇ ਪਈਆਂ ਸਨ। ਇਹ ਵਸਤਾਂ ਚਲਦੇ-ਫਿਰਦੇ ਅਜਾਇਬਘਰ ਰਾਹੀਂ ਵੱਖ-ਵੱਖ ਸਥਾਨਾਂ 'ਤੇ ਸੰਗਤਾਂ ਨੂੰ ਤਸਵੀਰਾਂ ਦੇ ਰੂਪ ਵਿਚ ਦਿਖਾਈਆਂ ਜਾ ਰਹੀਆਂ ਹਨ: ਗਾਗਰ, ਗਲਾਸ, ਕਮੰਡਲ, ਸ੍ਰੀ ਸਾਹਿਬ, ਪੋਥੀ, ਚੌਰ ਸਾਹਿਬ, ਸਿੱਕੇ ਤੇ ਨੋਟ ਅਤੇ ਕੁਝ ਮੈਡਲ ਜੋ ਸਿੱਖਾਂ ਦੇ ਸਤਿਕਾਰ ਵਿਚ ਨੇਪਾਲ ਸਰਕਾਰ ਨੇ ਸਮੇਂ-ਸਮੇਂ ਜਾਰੀ ਕੀਤੇ।

ਮਨਜੀਤ ਸਿੰਘ ਮੁਤਾਬਕ ਗੁਰੂ ਨਾਨਕ ਦੀ ਅਸਲੀ ਸਾਖੀ, ਭਾਈ ਮਨੀ ਸਿੰਘ ਵਾਲੀ ਸਾਖੀ ਅਤੇ ਜਪੁਜੀ ਸਾਹਿਬ ਵੀ ਸਾਧੂ ਕੋਲ ਪਏ ਹਨ। ਇਕ ਨਗਾਰਾ ਵੀ ਮਿਲਿਆ ਹੈ। ਇਹੀ ਨਹੀਂ, ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਵਿਚੋਂ ਇਕ ਭਾਈ ਮੰਗਲ ਸੈਣ ਦੀਆਂ ਲਿਖੀਆਂ ਕਵਿਤਾਵਾਂ ਵੀ ਮਿਲੀਆਂ ਹਨ। ਇਸ ਬਾਰੇ ਹੋਰ ਜਾਣਕਾਰੀ ਲਈ ਮਨਜੀਤ ਸਿੰਘ ਨਾਲ ਫੋਨ 408-887-7361 ਉਤੇ ਸੰਪਰਕ ਕੀਤਾ ਜਾ ਸਕਦਾ ਹੈ।



ਗਲਾਸ ਤੇ ਕਮੰਡਲ

# ਪੰਜਾਬੀ ਚਿੰਤਨ ਦੀ ਮੌਲਿਕਤਾ ਦਾ ਮਸਲਾ ਤੇ ਭੂਤਮੁਖੀ ਪਹੁੰਚ

ਹਾਲ ਹੀ ਵਿਚ ਪੰਜਾਬੀ ਅਖਬਾਰੀ ਤੇ ਸੋਸ਼ਲ ਮੀਡੀਆ ਵਿਚ ਪੰਜਾਬੀ ਸਾਹਿਤ ਤੇ ਚਿੰਤਨ ਪਰੰਪਰਾ ਦੇ ਸੰਦਰਭ ਵਿਚ ਚੱਲੀ ਬਹਿਸ ਵਿਚ ਕੁਝ ਅਹਿਮ ਮੁੱਦੇ ਤੇ ਨੁਕਤੇ ਉਠਾਏ ਗਏ ਹਨ। ਇਨ੍ਹਾਂ 'ਚੋਂ ਕੇਂਦਰੀ ਮੁੱਦਾ ਮੌਜੂਦਾ ਪੰਜਾਬੀ ਚਿੰਤਨ ਵਿਚ ਮੌਲਿਕਤਾ ਦੀ ਘਾਟ ਦਾ ਹੈ। ਇਹ ਮੁੱਦਾ ਇਸ ਫਿਕਰ ਨਾਲ ਸਾਹਮਣੇ ਲਿਆਂਦਾ ਗਿਆ ਹੈ, "ਵੀਹਵੀਂ ਤੇ ਇੱਕੀਵੀਂ ਸਦੀ ਵਿਚ ਵੀ ਪੰਜਾਬੀ ਵਿਚ ਕੋਈ ਅਜਿਹਾ ਮੌਲਿਕ ਚਿੰਤਕ ਪੈਦਾ ਨਹੀਂ ਹੋਇਆ, ਜੋ ਪੰਜਾਬ ਨੂੰ ਦਰਪੇਸ਼ ਮਸਲਿਆਂ ਦਾ ਵਿਸ਼ਲੇਸ਼ਣ ਕਰਨ ਦੇ ਨਾਲ ਨਾਲ ਵਿਸ਼ਵ ਚਿੰਤਨ ਨਾਲ ਦੋ-ਚਾਰ ਹੁੰਦਾ ਹੋਇਆ ਮੌਲਿਕ ਚਿੰਤਨ ਵੱਲ ਵਧ ਸਕਦਾ।"

ਬਿਨਾ-ਸ਼ੱਕ, ਇਹ ਮੌਲਿਕ ਚਿੰਤਨ ਵੱਲ ਨੂੰ ਵਧਣ ਵਾਲੇ ਕਈ ਸੰਭਵ ਰਸਤਿਆਂ 'ਚੋਂ ਇੱਕ ਸੀ ਤੇ ਹੈ। ਖੈਰ, ਇਹ ਵੀ ਕਿਹਾ ਗਿਆ ਹੈ ਕਿ ਗੁਰੂ ਨਾਨਕ ਦੇਵ, ਹੋਰ ਗੁਰੂ ਸਾਹਿਬਾਨ ਤੇ ਸੂਫੀ ਸ਼ਾਇਰਾਂ ਤੋਂ ਬਾਅਦ ਪੰਜਾਬੀ ਚਿੰਤਨ ਦੇ ਇਤਿਹਾਸ ਵਿਚ ਡੂੰਘੇ ਖੱਪੇ ਨਜ਼ਰ ਆਉਂਦੇ ਹਨ। ਇਸ ਦਾ ਮੁੱਖ ਕਾਰਨ ਕੀ ਹੈ? ਮੇਰੀ ਜਾਚੇ ਇਸ ਸੁਆਲ ਦਾ ਦੋ-ਸ਼ਬਦੀ ਜੁਆਬ ਹੈ: ਭੂਤਮੁਖੀ ਪਹੁੰਚ।



**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com

ਇਸ ਜੁਆਬ ਦੀ ਵਿਆਖਿਆ ਮੈਂ ਵਿਸ਼ਵ ਪੱਧਰ ਦੇ ਦੋ ਤੁਲਨਾਤਮਕ ਤੱਥਾਂ ਨਾਲ ਸ਼ੁਰੂ ਕਰਾਂਗਾ। ਪਹਿਲਾ ਤੱਥ, ਗਰੀਕ ਫਿਲਾਸਫਰਾਂ ਤੋਂ ਸ਼ੁਰੂ ਹੋਏ ਪੱਛਮੀ ਫਲਸਫੇ ਵਿਚ ਸ਼ੁਰੂ ਤੋਂ ਹੀ ਧਰਮ ਦੇ ਨਾਲ ਨਾਲ ਵਿਗਿਆਨ ਨੇ ਅਹਿਮ ਭੂਮਿਕਾ ਨਿਭਾਈ ਹੈ, ਜਦੋਂ ਕਿ ਪ੍ਰਾਚੀਨ ਭਾਰਤੀ ਫਲਸਫੇ ਵਿਚ ਹੋਰ ਧਾਰਮਿਕ ਮੱਤਾਂ ਦੇ ਮੁਕਾਬਲੇ ਕੱਟੜਪੰਥੀ ਯਾਨਿ ਆਰਥੋਡਾਕਸ, ਹਿੰਦੂ ਫਲਸਫਾ ਭਾਰੂ ਰਿਹਾ ਹੈ, ਤੇ ਵਿਗਿਆਨ ਕਰੀਬ ਗੈਰਹਾਜ਼ਰ। ਇਸ ਹਿੰਦੂ ਫਲਸਫੇ 'ਚੋਂ ਜੋ ਗਿਆਨ ਵਿਦਵਾਨਾਂ ਯਾਨਿ ਬ੍ਰਾਹਮਣ ਵਰਗ ਵਲੋਂ ਦਿੱਤਾ ਗਿਆ ਤੇ ਲੋਕਾਂ ਵਿਚ ਪ੍ਰਵਾਨ ਚੜ੍ਹਿਆ, ਉਸ ਵਿਚ ਸ਼ਾਮਲ ਸੀ: ਬ੍ਰਹਮਾ, ਆਤਮਾ, ਦੇਵੀ-ਦੇਵਤੇ, ਨਿਰਵਾਣਾ, ਧਰਮ-ਕਰਮ, ਪੁਨਰ-ਜਨਮ, ਤੇ ਹੋਰ ਧਾਰਮਿਕ ਨਿੱਕ-ਸੁਕ ਬਾਰੇ ਸਿਧਾਂਤ ਤੇ ਕਹਾਣੀਆਂ। 'ਪਹਿਲਾਂ ਸੱਤਯੁੱਗ' ਸੀ ਅਤੇ ਤ੍ਰੇਤਾ ਤੇ ਦੁਆਪਰ ਪਿਛੋਂ ਹੁਣ ਕਲਯੁੱਗ ਹੈ', ਭਾਵ ਬੀਤਿਆ ਸਮਾਂ ਅੱਜ ਤੇ ਭਵਿੱਖ ਤੋਂ ਵਧੀਆ ਸੀ; ਇਸ ਤੇ ਇਸ ਵਰਗੀਆਂ ਹੋਰ ਹਿੰਦੂ ਫਲਸਫੇ ਵਿਚਲੀਆਂ ਪਿਛਲ-ਖੁਰੀ ਧਾਰਨਾਵਾਂ ਨੇ ਵਿਗਿਆਨ ਤੇ ਵਿਗਿਆਨਕ ਸੋਚ ਦੀ ਗੈਰਹਾਜ਼ਰੀ ਵਿਚ ਭਾਰਤੀ ਲੋਕ ਮਾਨਸਿਕਤਾ ਵਿਚ ਭੂਤਮੁਖੀ ਪਹੁੰਚ ਕੁੱਟ ਕੁੱਟ ਕੇ ਭਰ ਦਿੱਤੀ। ਪ੍ਰਾਚੀਨ ਭਾਰਤੀ ਫਲਸਫੇ ਤੇ ਸੰਸਕ੍ਰਿਤੀ ਦੇ ਆਧਾਰ 'ਤੇ ਪਿੱਠ-ਭੂਮੀ 'ਚ ਵਿਕਸਿਤ ਹੋਈ ਪੰਜਾਬੀ ਜੀਵਨ ਜਾਚ ਤੇ ਪੰਜਾਬੀ ਚਿੰਤਨ ਮੁੱਢ ਤੋਂ ਹੀ ਭੂਤਮੁਖੀ ਪਹੁੰਚ ਸੰਗ ਗ੍ਰਸਤ ਰਹੇ ਨੇ।

ਦੂਜਾ ਢੁਕਵਾਂ ਤੁਲਨਾਤਮਕ ਤੱਥ ਹੈ, ਯੂਰਪ ਵਿਚ 14ਵੀਂ ਤੋਂ 17ਵੀਂ ਸਦੀ ਤੱਕ ਚੱਲੀ 'ਰੈਨੇਸਾਂਸ' ਨਾਂ ਦੀ ਜਾਗ੍ਰਿਤੀ ਲਹਿਰ, ਜਿਸ ਦੌਰਾਨ ਯੂਰਪ ਨੇ ਹਰ ਖੇਤਰ ਵਿਚ ਤਰੱਕੀ ਕੀਤੀ ਤੇ ਜਿਸ ਨੂੰ ਪੈਦਾ ਕਰਨ ਤੇ ਚਲਾਉਣ ਵਿਚ ਵਿਗਿਆਨ ਦਾ ਵਿਸ਼ੇਸ਼ ਹੱਥ ਰਿਹਾ। ਇਸ ਦੌਰਾਨ ਹੋਰਨਾਂ ਵਿਗਿਆਨਕ ਪ੍ਰਾਪਤੀਆਂ ਤੋਂ ਇਲਾਵਾ ਵਿਗਿਆਨਕ ਖੋਜ ਨੇ ਬ੍ਰਹਿਮੰਡ ਦਾ ਮਾਡਲ ਬਦਲ ਕੇ ਰੱਖ ਦਿੱਤਾ, ਜਿਸ ਵਿਚ ਧਰਤੀ ਹੁਣ ਬ੍ਰਹਿਮੰਡ ਦਾ ਕੇਂਦਰ ਨਹੀਂ ਸੀ, ਸਗੋਂ ਹੋਰ ਗ੍ਰਹਿਆਂ ਸਮੇਤ ਸੂਰਜ ਦੁਆਲੇ ਘੁੰਮਦੀ ਹੈ। 'ਰੈਨੇਸਾਂਸ' ਨੇ ਵਿਗਿਆਨ ਖੋਜਾਂ ਤੇ ਉਨ੍ਹਾਂ ਦੇ ਇਸਤੇਮਾਲ ਦੇ ਸਹਾਰੇ ਯੂਰਪ ਨੂੰ ਹੌਲੀ ਹੌਲੀ ਮੱਧਕਾਲੀਨ ਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਵਿਚ ਪਾ ਦਿੱਤਾ। ਜਿਸ ਸਮੇਂ ਯੂਰਪ ਵਿਚ 'ਰੈਨੇਸਾਂਸ' ਚੱਲ ਰਿਹਾ ਸੀ, ਉਸੇ ਦੌਰਾਨ ਪੰਜਾਬ ਵਿਚ ਸਿੱਖ ਗੁਰੂਆਂ ਦੀ ਲਹਿਰ, ਸੂਫੀ ਕਾਵਿ ਲਹਿਰ, ਤੇ ਭਗਤੀ ਲਹਿਰ ਚੱਲੀਆਂ। ਇਹ ਤਿੰਨੇ ਕਿਸੇ ਨਾ ਕਿਸੇ ਕਦਰ ਜਾਗ੍ਰਿਤੀ ਲਹਿਰਾਂ ਸਨ, ਜਿਨ੍ਹਾਂ ਨੇ ਧਾਰਮਿਕ ਕੱਟੜਤਾ, ਅਰਥਹੀਣ ਰਸਮਾਂ ਤੇ ਪਖੰਡਾਂ ਦਾ ਖੰਡਨ ਕਰਦਿਆਂ ਮਨੁੱਖੀ ਬਰਾਬਰੀ, ਪਿਆਰ ਤੇ ਰੱਬੀ ਪਿਆਰ ਦਾ ਸੰਦੇਸ਼ ਦਿੱਤਾ।

ਇਨ੍ਹਾਂ ਜਾਗ੍ਰਿਤੀ ਲਹਿਰਾਂ ਤੇ ਰੈਨੇਸਾਂਸ ਜਾਗ੍ਰਿਤੀ ਲਹਿਰ ਵਿਚ ਸਾਂਝਾ ਤੱਤ ਸੀ, ਮਾਨਵਵਾਦ। ਉਂਜ ਇਨ੍ਹਾਂ ਦੀ ਬੜੀ ਇਤਿਹਾਸਕ ਦੇਣ ਹੈ, ਅਧਿਆਤਮਵਾਦੀ ਪੈਂਤੜੇ ਤੋਂ ਚੱਲੀਆਂ ਇਹ ਲਹਿਰਾਂ ਵਿਗਿਆਨ ਦੀ ਗੈਰਹਾਜ਼ਰੀ ਵਿਚ ਪੰਜਾਬ ਵਿਚ ਯੁੱਗ ਤਬਦੀਲੀ ਨਾ ਕਰ ਸਕੀਆਂ। ਯਾਦ ਰਹੇ, ਪੰਜਾਬ ਵਿਚ ਆਧੁਨਿਕਤਾ ਗਿਆਨ-ਵਿਗਿਆਨ ਜਾਂ ਅਰਥਚਾਰੇ ਦੇ ਖੇਤਰਾਂ ਵਿਚ ਆਈਆਂ ਤਬਦੀਲੀਆਂ ਕਾਰਨ ਨਹੀਂ ਆਈ, ਸਗੋਂ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਹੇਠਲੇ ਬਸਤੀਵਾਦੀ ਰੂਪ ਰਾਹੀਂ ਆਈ। ਨਤੀਜਨ, ਬੁਨਿਆਦੀ ਤੌਰ 'ਤੇ ਹਿੰਦੂ ਫਲਸਫੇ 'ਚੋਂ ਮਿਲੀ ਭੂਤਮੁਖੀ ਪਹੁੰਚ ਤੇ ਸੋਚ ਅੱਜ ਤੱਕ ਅਮਰ ਹੈ। ਹੁਣ ਅਸੀਂ ਇਸ ਭੂਤਮੁਖੀ ਪਹੁੰਚ ਦੇ 'ਪੰਜਾਬੀ ਚਿੰਤਨ ਦੀ ਮੌਲਿਕਤਾ' ਸੰਗ ਰਿਸ਼ਤੇ ਦੀ ਜਾਂਚ ਪੜਤਾਲ ਕਰਦੇ ਹਾਂ।

ਪੰਜਾਬੀ ਚਿੰਤਨ ਦੀ ਮੌਲਿਕਤਾ ਦੇ ਸੰਦਰਭ ਵਿਚ ਹੀ ਵਿਸ਼ਵ ਪੱਧਰ 'ਤੇ ਵੱਖ ਵੱਖ ਖੇਤਰਾਂ ਵਿਚ ਪੰਜਾਬੀ ਮੂਲ ਦੇ ਚਿੰਤਕਾਂ ਤੇ ਖੋਜੀਆਂ ਵਲੋਂ ਪੰਜਾਬੀ ਦੀ ਥਾਂ ਅੰਗਰੇਜ਼ੀ ਮਾਧਿਅਮ ਚੁਣਨ 'ਤੇ ਗਿਲਾ ਕਰਦਿਆਂ ਕਿਹਾ ਗਿਆ ਹੈ, "ਆਪਣੀ ਭਾਸ਼ਾ ਤੋਂ ਬੇਗਾਨਗੀ ਕਾਰਨ ਉਹ ਮੌਲਿਕਤਾ ਤੋਂ ਦੂਰ ਰਹਿਣਗੇ।" ਪਹਿਲੀ ਗੱਲ, ਕਿਸੇ ਵੀ ਵਿਸ਼ੇ ਵਿਚ ਚਿੰਤਨ ਤੇ ਖੋਜੇ ਗਿਆਨ ਦੀ ਮੌਲਿਕਤਾ ਉਨ੍ਹਾਂ ਦੇ ਤੱਤ ਵਿਚ ਹੁੰਦੀ ਹੈ, ਇਸ ਗੱਲ ਵਿਚ ਨਹੀਂ ਕਿ ਚਿੰਤਨ ਜਾਂ ਗਿਆਨ ਕਿਸ ਮਾਧਿਅਮ ਵਿਚ ਪ੍ਰਗਟ ਕੀਤਾ ਗਿਆ ਹੈ। ਮਾਧਿਅਮ ਦੀ ਮੌਲਿਕਤਾ ਗਿਆਨ ਦੀ ਮੌਲਿਕਤਾ ਵਿਚੋਂ ਹੀ ਨਿਕਲਦੀ ਹੈ। ਦੂਜੀ ਗੱਲ, ਜੇ ਸਭ ਵਿਚ ਨਹੀਂ ਤਾਂ ਬਹੁਤੇ ਵਿਸ਼ਿਆਂ ਵਿਚ ਵਿਸ਼ਵ ਪੱਧਰ 'ਤੇ ਪੰਜਾਬੀ ਮੂਲ ਦੇ ਚਿੰਤਕ ਤੇ ਖੋਜੀ ਜੇ ਪੰਜਾਬੀ ਮਾਧਿਅਮ ਅਪਨਾਉਣਾ ਵੀ ਚਾਹੁਣ, ਤਾਂ ਵੀ ਨਹੀਂ ਅਪਨਾ ਸਕਦੇ। ਇਹਦੇ ਦੋ ਅਮਲੀ ਕਾਰਨ ਹਨ: ਪਹਿਲਾ, ਪੰਜਾਬੀ ਕੋਲ ਬਹੁਤੇ, ਖਾਸ ਕਰ ਵਿਗਿਆਨ ਦੇ ਵਿਸ਼ਿਆਂ ਲਈ ਉਚਿੱਤ ਸ਼ਬਦਾਵਲੀ ਨਹੀਂ ਹੈ। ਦੂਜਾ, ਖੋਜੀਆਂ ਨੇ ਆਪਣੀ ਖੋਜ ਅਕਸਰ ਹੋਰ ਖੋਜੀਆਂ ਦੇ ਮਾਹੌਲ ਵਿਚ ਚਲਾਉਣੀ ਤੇ ਉਨ੍ਹਾਂ ਨਾਲ ਸਾਂਝੀ ਕਰਨੀ ਹੁੰਦੀ ਹੈ। ਇਸ ਲਈ ਮਾਧਿਅਮ ਵਾਸਤੇ ਸਾਂਝੀ ਕੌਮਾਂਤਰੀ ਭਾਸ਼ਾ ਦੀ ਵਰਤੋਂ ਇੱਕ ਲੋੜ ਬਣ ਜਾਂਦੀ ਹੈ। ਇਸ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਦੀ ਸਮੱਸਿਆਂ ਹੋਰਨਾਂ ਸਥਾਨਕ ਭਾਸ਼ਾਵਾਂ ਦੀਆਂ ਸਮੱਸਿਆਵਾਂ ਤੋਂ ਕੋਈ ਬਾਹਲੀ ਵੱਖਰੀ ਨਹੀਂ।

ਚਿੰਤਨ ਦੀ ਮੌਲਿਕਤਾ ਦੇ ਸੰਦਰਭ ਵਿਚ ਇਨ੍ਹਾਂ ਸਮੱਸਿਆਵਾਂ ਦਾ ਹੱਲ ਭੂਤਮੁਖੀ ਭਾਵੁਕ ਪਹੁੰਚ ਵਿਚੋਂ ਨਹੀਂ, ਸਗੋਂ ਮੌਜੂਦਾ ਹਕੀਕਤਾਂ ਨਾਲ ਦੋ ਹੱਥ ਹੁੰਦਿਆਂ ਭਵਿੱਖਮੁਖੀ ਪਹੁੰਚ ਅਪਨਾ ਕੇ ਹੀ ਕੱਢੇ ਜਾ ਸਕਦੇ ਨੇ। ਮਿਸਾਲ ਵਜੋਂ ਪੰਜਾਬ ਦੇ ਪੰਜਾਬੀ ਵਿਦਿਅਕ ਅਦਾਰੇ, ਵਿਦਵਾਨ ਤੇ ਸਰਕਾਰ ਅੱਜ ਦੀਆਂ ਸਮੱਸਿਆਵਾਂ ਦੇ ਵਿਸ਼ਲੇਸ਼ਣ ਮੌਜੂਦਾ ਸਥਾਨਕ ਤੇ ਵਿਸ਼ਵ ਹਾਲਾਤ ਦੇ ਪ੍ਰਸੰਗ ਵਿਚ ਕਰਨ ਅਤੇ ਉਨ੍ਹਾਂ ਦੇ ਹੱਲ ਅੱਜ ਦੇ ਸਮੇਂ ਦੀ ਹਾਣੀ ਵਿਗਿਆਨਕ ਸੋਚ 'ਚੋਂ ਕੱਢਣ; ਤਾਂ ਉਚਿੱਤ ਸ਼ਬਦਾਵਲੀ ਦੇ ਵਿਕਸਿਤ ਹੋਣ ਸਮੇਤ ਮਾਧਿਅਮ ਭਾਸ਼ਾ ਦਾ ਸਮੁੱਚਾ ਵਿਕਾਸ ਇੱਕ ਲੋੜ ਬਣ ਜਾਂਦਾ ਹੈ; ਫਿਰ 'ਲੋੜ ਕਾਢ ਦੀ ਮਾਂ' ਦੇ ਕਥਨ ਅਨੁਸਾਰ ਭਾਸ਼ਾ ਦਾ ਵਿਕਾਸ ਹੋ ਹੀ ਜਾਂਦਾ ਹੈ ਜਾਂ ਕਰਨਾ ਪੈਂਦਾ ਹੈ; ਫਿਰ ਮੌਲਿਕਤਾ ਆਪਣੇ ਆਪ ਹੀ ਸਹਿਜ-ਸੁਭਾਅ ਵੱਖੋ-ਵੱਖ ਖੇਤਰਾਂ ਦੀਆਂ ਦਿਸ਼ਾਵਾਂ ਵਿਚ ਉਗਮਣ ਲੱਗ ਪੈਂਦੀ ਹੈ। ਇੰਜ ਪੰਜਾਬੀ ਕੋਲ ਬਾਹਲੇ ਵਿਸ਼ਿਆਂ ਲਈ ਉਚਿੱਤ ਸ਼ਬਦਾਵਲੀ ਨਾ ਹੋਣ ਕਾਰਨ ਉਨ੍ਹਾਂ ਵਿਸ਼ਿਆਂ ਦੀ ਮਾਧਿਅਮ ਭਾਸ਼ਾ ਬਣਨ ਤੋਂ ਪੰਜਾਬੀ ਵਾਂਝੀ ਰਹੀ; ਇਸ ਅਸਫਲਤਾ ਦਾ ਸਿਹਰਾ ਅੱਜ ਦੀ ਵਿਗਿਆਨਕ ਸੋਚ ਤੋਂ ਆਰੀ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਤੇ ਪੰਜਾਬੀ ਵਿਦਵਾਨਾਂ ਦੀ ਸਮੂਹਕ ਭੂਤਮੁਖੀ ਪਹੁੰਚ ਦੇ ਸਿਰ ਹੀ ਬੱਝਦਾ ਹੈ। ਸਿਰਫ ਇਵੇਂ ਹੀ ਨਹੀਂ, ਹੋਰ ਵੀ ਕਈ ਢੰਗਾਂ ਨਾਲ ਭੂਤਮੁਖੀ ਪਹੁੰਚ ਪੰਜਾਬੀ ਚਿੰਤਨ ਦੀ ਮੌਲਿਕਤਾ ਨਾਲ ਦੁਸ਼ਮਣੀ ਨਿਭਾਉਂਦੀ ਰਹੀ ਹੈ।

ਪੰਜਾਬੀ ਚਿੰਤਨ ਵਿਚ ਮੌਲਿਕਤਾ ਦੀ ਗੈਰਹਾਜ਼ਰੀ ਦਾ ਮੁੱਦਾ ਉਠਾਉਣਾ ਅਤੇ ਇਸ ਸਮੱਸਿਆ ਦੇ ਕਾਰਨ ਤੇ ਹੱਲ ਲੱਭਣ ਦੀ ਕੋਸ਼ਿਸ਼ ਕਰਨਾ ਆਪਣੇ ਵਿਚ ਹੀ ਉਸਾਰੂ ਕਾਰਜ ਹੈ; ਪਰ ਜੇ ਇਹ ਕਾਰਨ ਭੂਤਮੁਖੀ ਪਹੁੰਚ ਨਾਲ ਕਰਾਂਗੇ ਤਾਂ ਨਾ ਦਰੁਸਤ ਕਾਰਨ ਲੱਭ ਸਕਾਂਗੇ ਅਤੇ ਨਾ ਹੀ ਢੁਕਵੇਂ ਹੱਲ ਡਿਜ਼ਾਇਨ ਤੇ ਲਾਗੂ ਕਰ ਸਕਾਂਗੇ। ਇਸ ਚਰਚਿਤ ਪਹਿਲਾਂ ਹੀ ਚੱਲ ਚੁੱਕੀ ਬਹਿਸ ਦੌਰਾਨ ਭੂਤਮੁਖੀ ਪਹੁੰਚ ਨਾਲ ਗ੍ਰਸਤ ਸੋਚ ਸੰਗ ਪੇਸ਼ ਕੀਤੇ ਨੁਕਤਿਆਂ ਨਾਲ ਅਜਿਹਾ ਹੀ ਕੁਝ ਵਾਪਰਿਆ ਹੈ।

ਇਸ ਲੇਖ ਦੇ ਵਿਸ਼ੇ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਨੁਕਤਿਆਂ ਦੀਆਂ ਕੁਝ ਹੋਰ ਮਿਸਾਲਾਂ ਹਨ: ਅੱਜ ਦੇ ਹਾਲਾਤਾਂ ਨੂੰ ਨਜ਼ਰਅੰਦਾਜ਼ ਕਰਦਿਆਂ ਕਿਹਾ ਗਿਆ ਹੈ, "ਹਰ ਭੂਗੋਲਿਕ ਖਿੱਤੇ ਵਿਚ ਭਾਸ਼ਾ, ਸਾਹਿਤ ਅਤੇ ਚਿੰਤਨ ਵੱਖ ਵੱਖ ਤਰ੍ਹਾਂ ਨਾਲ ਵਿਗਸਦੇ ਹਨ" ਤੇ ਇਸ ਵਿਚ ਵਿਸ਼ਵੀਕਰਨ ਦੇ ਰੋਲ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਸੱਚਾਈ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ ਕਿ 1990ਵਿਆਂ ਦੌਰਾਨ ਇੰਟਰਨੈਟ ਤੇ ਵਰਲਡ ਵਾਈਡ ਵੈਬ ਰਾਹੀਂ ਸ਼ੁਰੂ ਕੀਤੇ ਗਏ ਸੂਚਨਾ ਯੁੱਗ ਨੇ ਵਿਸ਼ਵੀਕਰਨ ਦੀ ਪ੍ਰਕ੍ਰਿਆ ਤੇ ਮਹੱਤਵ ਨੂੰ ਵਧਾਇਆ ਹੈ। ਸੋ, ਗੁਜ਼ਰ ਗਏ ਸਮੇਂ ਸਾਹਿਤ, ਚਿੰਤਨ ਤੇ ਹੋਰ ਚੀਜ਼ਾਂ ਦੇ ਵਿਕਾਸ ਵਿਚ ਵਿਸ਼ਵੀਕਰਨ ਦੇ ਰੋਲ ਨੂੰ ਸਥਾਨੀਕਰਨ ਦੇ ਮੁਕਾਬਲੇ ਸ਼ਾਇਦ ਨਜ਼ਰਅੰਦਾਜ਼ ਕੀਤਾ ਜਾ ਸਕਦਾ ਸੀ; ਪਰ ਅੱਜ ਇਸ ਦੇ ਪ੍ਰਭਾਵ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪੰਜਾਬੀ ਚਿੰਤਨ ਦੀ ਮੌਲਿਕਤਾ ਦੇ ਸੰਦਰਭ ਵਿਚ ਹੀ ਉਠਾਇਆ ਹੇਠਲਾ ਨੁਕਤਾ ਵੀ ਆਧੁਨਿਕ ਯੁੱਗ ਦੇ ਮੌਜੂਦਾ ਹਾਲਾਤ ਨੂੰ ਨਜ਼ਰਅੰਦਾਜ਼ ਕਰਦਾ ਭੂਤਮੁਖੀ ਪਹੁੰਚ ਦਾ ਪ੍ਰਗਟਾਵਾ ਹੀ ਕਰਦਾ ਹੈ:

"ਭਾਸ਼ਾ ਰਾਹੀਂ ਪੰਜਾਬੀ ਸਭਿਆਚਾਰ ਤੇ ਇਥੋਂ ਦੇ ਭੋਇੰ-ਮੁਖੀ ਬੰਦੇ ਦੇ ਗੌਰਵ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਆਪਣੀ ਭਾਸ਼ਾ ਤੋਂ ਬੇਗਾਨਾ ਹੋਇਆ ਬੰਦਾ ਆਪਣੇ ਸਭਿਆਚਾਰ ਤੇ ਭੋਇੰ ਤੋਂ ਟੁੱਟਦਾ ਹੈ; ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੁੰਦਾ ਹੈ।" ਖਾਸ ਕਰ ਜਾਗੀਰੂ ਸਮਾਜ ਤੇ ਸੋਚ ਪ੍ਰਬੰਧ ਦੇ ਚੌਖਟੇ ਵਿਚ ਇਹ ਕਥਨ ਖਰਾ ਲੱਗ ਸਕਦਾ ਹੈ, ਪਰ ਸਾਨੂੰ ਇਹ ਹਕੀਕਤ ਅੱਖੋਂ ਪਰੋਖੇ ਨਹੀਂ ਕਰਨੀ ਚਾਹੀਦੀ ਕਿ ਸਮੇਂ ਸੰਗ ਸਮਾਜ ਦੀ ਤਬਦੀਲੀ ਤੇ ਵਿਕਾਸ ਦੇ ਨਾਲ ਨਾਲ ਬੰਦੇ ਦੀ ਮਾਨਸਿਕਤਾ ਦਾ ਵਿਕਾਸ ਵੀ ਹੁੰਦਾ ਹੈ (ਜਾਂ ਹੋਣਾ ਚਾਹੀਦਾ ਹੈ), ਤਾਂ ਗੌਰਵ ਦੀ ਪਰਿਭਾਸ਼ਾ ਤੇ ਪੈਮਾਨੇ ਵੀ ਬਦਲਦੇ ਰਹਿੰਦੇ ਨੇ। ਜੇ ਬੰਦੇ ਦੀ ਮਾਨਸਿਕਤਾ ਦਾ ਉਚਿਤ ਹੱਦ ਤੱਕ ਵਿਕਾਸ ਨਹੀਂ ਹੁੰਦਾ, ਤਾਂ ਉਹ ਸਮਾਜ ਪਛੜ ਜਾਂਦਾ ਹੈ। ਇਹੀ ਹੋਇਆ ਤੇ ਹੋ ਰਿਹਾ ਹੈ, ਪੰਜਾਬੀ ਤੇ ਕਿਸੇ ਹੱਦ ਤੱਕ ਸਮੁੱਚੇ ਭਾਰਤੀ ਸਮਾਜ ਨਾਲ, ਜ਼ਿਆਦਾਤਰ ਭੂਤਮੁਖੀ ਪਹੁੰਚ ਸਦਕਾ।

'ਬੰਦੇ ਦੇ ਗੌਰਵ' ਵਾਲੇ ਉਪਰੋਤਕ ਨੁਕਤੇ ਨੂੰ ਵਿਚਾਰਦਿਆਂ ਨੋਟ ਕਰਨਾ ਚਾਹੀਦਾ ਹੈ ਕਿ ਅੱਜ ਦੇ ਵਿਗਿਆਨਕ ਤੇ ਸੂਚਨਾ ਯੁੱਗ ਵਿਚ ਜਦੋਂ ਸੰਸਾਰ ਤੇਜ਼ੀ ਨਾਲ ਗਲੋਬਲ ਵਿਲੇਜ ਬਣਦਾ ਜਾ ਰਿਹਾ ਹੈ, ਵਿਸ਼ਵੀਕਰਨ ਦੇ ਕਾਰਕ ਨੂੰ ਕਿਸੇ ਵੀ ਖੇਤਰ ਵਿਚ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਬੰਦੇ ਦਾ ਬਹੁ-ਭਾਸ਼ਾਈ ਹੋਣਾ ਤੇ ਘੱਟੋ-ਘੱਟ ਪੱਛਮ ਵਿਚ ਕਿਸੇ ਪਰਿਵਾਰ ਦਾ ਦੋ ਸਭਿਆਚਾਰਾਂ ਦੇ ਮਿਸ਼ਰਣ ਵਿਚ ਸੁੱਖੀਂ-ਸਾਂਦੀਂ ਰਹਿਣਾ ਕੋਈ ਖਾਸ ਗੱਲ ਨਹੀਂ। ਬਹੁ-ਭਾਸ਼ਾਈ ਜਾਂ ਬਹੁ-ਸਭਿਆਚਾਰੀ ਹੋਣ ਨਾਲ ਕਿਸੇ ਇੱਕ ਭਾਸ਼ਾ ਜਾਂ ਸਭਿਆਚਾਰ ਤੋਂ ਟੁੱਟਣਾ ਜ਼ਰੂਰੀ ਨਹੀਂ, ਸਗੋਂ ਅਜਿਹੇ ਮਾਹੌਲ ਵਿਚ 'ਮਾਨਸਿਕ ਵਿਕਾਰ ਤੇ ਦੁਬਿਧਾ ਦਾ ਸ਼ਿਕਾਰ' ਹੋਣ ਦੀ ਥਾਂ ਬੰਦੇ ਦੀ ਮਾਨਸਿਕਤਾ ਦਾ ਵਿਕਾਸ ਹੁੰਦਾ ਹੈ; ਜੇ ਮਨ ਭਵਿੱਖ ਵੱਲ ਵੇਖਦਾ, ਅੱਜ ਵਿਚ ਜੀਵੇ, ਤੇ ਅਤੀਤ ਵਿਚ ਨਾ ਅੜਿਆ ਰਹਿ ਗਿਆ ਹੋਵੇ। ਉਲਟਾ, ਬੰਦਾ ਮਾਨਸਿਕ ਵਿਕਾਰ ਤੇ ਦੁਬਿਧਾ ਦਾ ਸ਼ਿਕਾਰ ਉਦੋਂ ਹੁੰਦਾ ਹੈ, ਜਦੋਂ ਅੱਜ ਰੋਜ਼ਾਨਾ ਹਕੀਕਤ ਵਿਚੋਂ ਭਵਿੱਖ ਥਾਪੀਆਂ ਮਾਰ ਰਿਹਾ ਹੋਵੇ ਅਤੇ ਬੰਦਾ ਆਪਣੀ ਤੇ ਆਪਣੇ ਗਿਰਦ ਪ੍ਰਬੰਧ ਦੀ ਭੂਤਮੁਖੀ ਪਹੁੰਚ ਕੋਲੋਂ ਨਿੱਤ ਢਹਿ ਰਿਹਾ ਹੋਵੇ। ਇਹ ਹੀ ਕੁਝ ਹੋਣ ਦੀਆਂ ਅਲਾਮਤਾਂ ਨੇ ਜੋ ਵਾਪਰ ਰਿਹਾ ਹੈ, ਮੌਜੂਦਾ ਪੰਜਾਬ ਵਿਚ: ਪੰਜਾਬੀ ਬੰਦਾ ਨਸ਼ਿਆਂ ਦਾ ਸ਼ਿਕਾਰ ਹੋ ਰਿਹਾ ਹੈ, ਤੇ ਜਿਨ੍ਹਾਂ ਦਾ ਜਦੋਂ ਵੀ ਸੂਤ ਲੱਗਦਾ ਹੈ, ਪੱਛਮ ਦੇ ਦੇਸ਼ਾਂ ਨੂੰ ਦੌੜ ਰਹੇ ਨੇ। ਮੁੱਕਦੀ ਗੱਲ, ਅੱਜ ਦੀਆਂ ਸਥਾਨਕ ਸਮੱਸਿਆਵਾਂ ਨੂੰ ਵਿਸ਼ਵ ਦੇ ਹਾਲਾਤਾਂ ਦੇ ਸੰਦਰਭ ਵਿਚ ਅੱਜ ਦੀ ਢੁਕਵੀਂ ਸੋਚ ਨਾਲ ਨਜਿੱਠੇ ਬਿਨਾ ਵਿਗਿਆਨ, ਚਿੰਤਨ ਜਾਂ ਕਿਸੇ ਵੀ ਵਿਸ਼ੇ ਦੀ ਮੌਲਿਕਤਾ ਵੱਲ ਨਹੀਂ ਵਧਿਆ ਜਾ ਸਕਦਾ, ਭਾਸ਼ਾ ਭਾਵੇਂ ਕੋਈ ਵੀ ਹੋਵੇ।

ਪੰਜਾਬੀ ਚਿੰਤਨ ਦੀ ਮੌਲਿਕਤਾ ਬਾਰੇ ਬਹਿਸ ਵਿਚੋਂ ਹੁਣ ਮੈਂ ਆਖਰੀ ਮਿਸਾਲ ਦਿੰਦਿਆਂ ਦਿਖਾਉਂਦਾ ਹਾਂ ਕਿ ਕਿਵੇਂ ਗੱਲੀਂ ਗੱਲੀਂ ਤਾਂ ਅਸੀਂ ਵਿਸ਼ਵ ਚਿੰਤਨ ਦੇ ਪੱਧਰ 'ਤੇ ਪਹੁੰਚ ਜਾਂਦੇ ਹਾਂ, ਪਰ 'ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਮੁੜ ਆਉਣ' ਦੀ ਕਹਾਵਤ ਵਾਂਗ ਮੁੜ-ਘਿੜ ਘੁਮਾ-ਘੁਮਾ ਕੇ ਉਸੇ ਭੂਤਮੁਖੀ ਪਹੁੰਚ ਦੀ ਖਾਈ ਵਿਚ ਆ ਢਹਿੰਦੇ ਹਾਂ। ਇੱਕ ਪਾਸੇ, ਕਿਹਾ ਜਾ ਰਿਹਾ ਹੈ, "ਵੀਹਵੀਂ ਤੇ ਇੱਕੀਵੀਂ ਸਦੀ ਵਿਚ ਵੀ ਪੰਜਾਬੀ ਵਿਚ ਕੋਈ ਅਜਿਹਾ ਮੌਲਿਕ ਚਿੰਤਕ ਪੈਦਾ ਨਹੀਂ ਹੋਇਆ, ਜੋ ਪੰਜਾਬ ਨੂੰ ਦਰਪੇਸ਼ ਮਸਲਿਆਂ ਦਾ ਵਿਸ਼ਲੇਸ਼ਣ ਕਰਨ ਦੇ ਨਾਲ ਨਾਲ ਵਿਸ਼ਵ ਚਿੰਤਨ ਨਾਲ ਦੋ-ਚਾਰ ਹੁੰਦਾ ਹੋਇਆ ਮੌਲਿਕ ਚਿੰਤਨ ਵੱਲ ਵਧ ਸਕਦਾ।"

ਉਪਰੋਤਕ ਕਥਨ ਇਸ਼ਾਰਾ ਕਰਦਾ ਹੈ ਕਿ ਮੌਲਿਕ ਚਿੰਤਨ ਵੱਲ ਵਧਣ ਲਈ ਲਾਹੇਬੰਦ ਹੁੰਦਾ ਹੈ ਕਿ ਦਰਪੇਸ਼ ਸਥਾਨਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ ਦੇ ਨਾਲ ਨਾਲ ਵਿਸ਼ਵ ਚਿੰਤਨ ਨਾਲ ਦੋ-ਚਾਰ ਹੋਇਆ ਜਾਵੇ। ਸੋ, ਮੌਜੂਦਾ ਵਿਸ਼ਵੀਕਰਨ ਦੇ ਜ਼ਮਾਨੇ ਵਿਚ ਸਥਾਨਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ ਸਮੇਂ ਵਿਸ਼ਵ ਸਮੱਸਿਆਵਾਂ ਤੇ ਚਿੰਤਨ ਦੇ ਸੰਦਰਭ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ; ਵਿਸ਼ਲੇਸ਼ਣ ਤੋਂ ਦਰੁਸਤ ਸਿੱਟੇ ਕੱਢਣ ਲਈ। ਪਰ ਭੂਤਮੁਖੀ ਪਹੁੰਚ ਇਹ ਕਰਨ ਤੋਂ ਬੰਦੇ ਨੂੰ ਨਕਾਰਾ ਕਰ ਦਿੰਦੀ ਹੈ, ਜਦੋਂ ਉਪਰੋਤਕ ਕਥਨ ਦੇ ਫਿਕਰ ਨਾਲ ਸ਼ੁਰੂ ਹੁੰਦਾ ਇਕ ਲੇਖ ਇਸ ਪਰਸਪਰ-ਵਿਰੋਧੀ ਕਥਨ ਨਾਲ ਸਮਾਪਤ ਹੋ ਜਾਂਦਾ ਹੈ, "ਸਾਨੂੰ ਗੰਭੀਰ ਚਿੰਤਕਾਂ ਦੀ ਜ਼ਰੂਰਤ ਹੈ; ਬੁੱਲ੍ਹੇ ਸ਼ਾਹ ਦੇ ਬੋਲਾਂ 'ਐ ਸ਼ਾਹ ਅਕਲ ਤੂੰ ਆਇਆ ਕਰ? ਸਾਨੂੰ ਅਦਬ ਅਦਾਬ ਸਿਖਾਇਆ ਕਰ' ਵਾਲਾ ਚਿੰਤਨ ਹੀ ਪੰਜਾਬ ਦਾ ਅੱਗਾ ਸੁਧਾਰਨ ਵਾਲੀ ਸੇਧ ਦੇ ਸਕਦਾ।"

ਇੱਕ ਹੋਰ ਲੇਖਕ ਨੇ ਮੌਲਿਕਤਾ ਤੱਕ ਪਹੁੰਚਣ ਲਈ ਵਾਰਿਸ ਸ਼ਾਹ ਦਾ ਨਮੂਨਾ ਪੇਸ਼ ਕੀਤਾ ਹੈ। ਸਿਰਫ ਮੌਲਿਕਤਾ ਹੀ ਨਹੀਂ, ਪੰਜਾਬੀ ਚਿੰਤਕ ਅੱਜ ਦੀ ਕਿਸੇ ਵੀ ਮਸਲੇ ਦਾ ਹੱਲ ਲੱਭਣ ਲਈ ਜਾਂ ਹੱਲ ਬਾਰੇ ਸੇਧ ਲੈਣ ਲਈ ਅਕਸਰ ਇਤਿਹਾਸਕ ਹਸਤੀਆਂ ਨੂੰ ਹਾਕਾਂ ਮਾਰਨ ਲੱਗ ਪੈਂਦੇ ਨੇ, ਜਿਵੇਂ ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਮਹਾਰਾਜਾ ਰਣਜੀਤ ਸਿੰਘ, ਬਾਬਾ ਨਾਨਕ, ਤੇ ਰਿਸ਼ੀ ਮੁਨੀ ਆਦਿ।

ਇੱਥੇ ਮੈਂ ਕਹਿੰਦਾ ਹਾਂ ਮਿਸਾਲ ਦੇ ਤੌਰ 'ਤੇ, ਜੇ 19ਵੀਂ ਤੇ 20ਵੀਂ ਸਦੀ ਦੇ ਵਿਗਿਆਨੀ ਵੀ ਪੰਜਾਬੀ ਚਿੰਤਕਾਂ ਦੀ ਭੂਤਮੁਖੀ ਪਹੁੰਚ ਅਪਨਾ ਕੇ 17ਵੀਂ ਤੇ 18ਵੀਂ ਸਦੀ ਦੇ ਮਹਾਨ ਵਿਗਿਆਨੀ ਨਿਊਟਨ ਭਾਵ ਉਹਦੇ ਸਿਧਾਂਤਾਂ ਤੋਂ ਸੇਧ ਭਾਲਦੇ ਰਹਿੰਦੇ ਤਾਂ ਐਟਮ, ਇਲੈਕਟ੍ਰੋਨ ਆਦਿ ਨੂੰ ਸਮਝਣ ਲਈ ਕੁਆਂਟਮ ਭੌਤਿਕੀ ਸਣੇ ਮਾਡਰਨ ਫਿਜ਼ਿਕਸ ਦੀ ਖੋਜ ਨਾ ਹੁੰਦੀ ਅਤੇ ਭੌਤਿਕ ਵਿਗਿਆਨੀਆਂ ਦੀ ਮੌਲਿਕਤਾ ਕਾਇਮ ਨਾ ਰਹਿੰਦੀ। ਨਤੀਜੇ ਵਜੋਂ ਨਾ 20ਵੀਂ ਸਦੀ ਦਾ ਵਿਗਿਆਨਕ ਯੁੱਗ ਸ਼ੁਰੂ ਹੁੰਦਾ ਤੇ ਨਾ ਆਧੁਨਿਕ ਯੁੱਗ ਦੀਆਂ ਅਣਗਿਣਤ ਤੇ ਕਰੀਬ ਸੱਭੇ ਲੋੜਾਂ ਤੇ ਸਹੂਲਤਾਂ ਪੂਰੀਆਂ ਹੁੰਦੀਆਂ: ਜਿਵੇਂ ਬਿਜਲਈ ਚੁੱਲ੍ਹਿਆਂ, ਫਰਿੱਜਾਂ, ਏਅਰਕੰਡੀਸ਼ਨਰ ਅਤੇ ਘਰਾਂ, ਸੜਕਾਂ ਤੇ ਸ਼ਹਿਰਾਂ ਨੂੰ ਜਗਮਗਾਉਂਦੀ ਰੰਗ-ਬਰੰਗੀ ਰੋਸ਼ਨੀ ਤੋਂ ਹਰ ਉਸ ਚੀਜ਼ ਤੱਕ, ਜੋ ਬਿਜਲੀ 'ਤੇ ਚੱਲਦੀ ਹੈ; ਰੇਡੀਓ, ਟੀ. ਵੀ., ਤੇ ਕੰਪਿਊਟਰਾਂ ਤੋਂ ਇੰਟਰਨੈਟ, ਸੋਸ਼ਲ ਮੀਡੀਆ ਤੇ ਸਮਾਰਟ ਫੋਨਾਂ ਤੱਕ; ਅਤੇ ਵੈਕਸੀਨਾਂ ਤੋਂ ਭਿੰਨ ਭਿੰਨ ਬਿਮਾਰੀਆਂ ਦੇ ਇਲਾਜਾਂ ਤੱਕ। ਨਾ ਹੀ ਫਿਰ 1990ਵਿਆਂ ਦੌਰਾਨ ਇੰਟਰਨੈਟ ਤੇ ਵਰਲਡ ਵਾਈਡ ਵੈਬ ਰਾਹੀਂ ਸ਼ੁਰੂ ਕੀਤੇ ਸੂਚਨਾ ਯੁੱਗ ਦੀ ਸ਼ੁਰੂਆਤ ਹੋ ਸਕਣੀ ਸੀ; ਨਾ ਸਮਾਰਟ ਫੋਨ ਤੇ ਫੇਸਬੁੱਕ ਸਣੇ ਸੋਸ਼ਲ ਮੀਡੀਆ ਆਦਿ। ਹੁਣ ਇਹ ਸਮਝਣਾ ਮੁਸ਼ਕਿਲ ਨਹੀਂ ਕਿ ਵਿਗਿਆਨ ਤੋਂ ਇਲਾਵਾ ਹੋਰ ਵਿਸ਼ਿਆਂ ਵਿਚ ਵੀ ਭੂਤਮੁਖੀ ਪਹੁੰਚ ਮੌਲਿਕਤਾ ਬਾਰੇ ਅਜਿਹਾ ਹੀ ਚੰਦ ਚਾੜ੍ਹੇਗੀ ਜਾਂ ਚਾੜ੍ਹਦੀ ਰਹੀ ਹੈ; ਪੰਜਾਬੀ ਚਿੰਤਨ ਦੀ ਮੌਲਿਕਤਾ ਦਾ ਨੁਕਸਾਨ ਉਨ੍ਹਾਂ ਵਿਚੋਂ ਇੱਕ ਹੀ ਹੈ।

ਇਸ ਲਈ ਪੰਜਾਬੀ ਚਿੰਤਨ ਵਿਚ ਮੌਲਿਕਤਾ ਦੀ ਗੈਰਹਾਜ਼ਰੀ ਦੂਰ ਕਰਨ ਹਿੱਤ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਅੱਜ ਵਿਚੋਂ ਲੱਭ ਕੇ, ਭੂਤਮੁਖੀ ਪਹੁੰਚ ਦੀ ਥਾਂ ਭਵਿੱਖਮੁਖੀ ਪਹੁੰਚ ਅਪਨਾ ਕੇ ਹੀ ਮੌਲਿਕ ਚਿੰਤਨ ਵੱਲ ਕਦਮ ਪੁੱਟੇ ਜਾ ਸਕਦੇ ਨੇ। ਅਸੀਂ, ਜੀਅ ਸਦਕੇ ਆਪਣੇ ਚੰਗੇ-ਬੁਰੇ ਅਤੀਤ ਤੋਂ ਸਿੱਖ ਸਕਦੇ ਹਾਂ, ਸੇਧ ਨਹੀਂ ਲੈ ਸਕਦੇ, ਖਾਸ ਕਰਕੇ ਪੰਜਾਬੀ, ਜਾਂ ਕਿਸੇ ਵੀ ਹੋਰ ਚਿੰਤਨ ਦੀ ਵਿਸ਼ਵ ਦੇ ਪ੍ਰਸੰਗ ਵਿਚ ਮੌਲਿਕਤਾ ਵਿਕਸਿਤ ਕਰਨ ਲਈ।

ਮੁੱਕਦੀ ਗੱਲ, ਮੌਲਿਕਤਾ ਵੱਲ ਕਦਮ ਵਧਾਉਣ ਲਈ ਜ਼ਰੂਰੀ ਹੈ ਕਿ ਪੰਜਾਬੀ ਚਿੰਤਨ ਹੱਲ ਲੱਭਣ ਹਿੱਤ ਦਰਪੇਸ਼ ਮਸਲਿਆਂ ਦਾ ਵਿਸ਼ਲੇਸ਼ਣ ਕਰਨ ਲਈ ਅੱਜ ਦੀ ਵਿਗਿਆਨਕ ਸੋਚ ਤੋਂ ਸੇਧ ਲਵੇ, ਅੱਜ ਦੇ ਸਥਾਨਕ ਹਾਲਾਤਾਂ ਨੂੰ ਅੱਜ ਵਿਸ਼ਵ ਦੇ ਪ੍ਰਸੰਗ ਰੱਖ ਕੇ ਸਮਝੇ ਤੇ ਇੰਜ ਭੂਤਮੁਖੀ ਪਹੁੰਚ ਦੀ ਥਾਂ ਭਵਿੱਖਮੁਖੀ ਪਹੁੰਚ ਅਪਨਾਵੇ।

> ***ਪੰਜਾਬੀ ਚਿੰਤਨ ਵਿਚ ਮੌਲਿਕਤਾ ਦੀ ਗੈਰਹਾਜ਼ਰੀ ਦਾ ਮੁੱਦਾ ਉਠਾਉਣਾ ਅਤੇ ਇਸ ਸਮੱਸਿਆ ਦੇ ਕਾਰਨ ਤੇ ਹੱਲ ਲੱਭਣ ਦੀ ਕੋਸ਼ਿਸ਼ ਕਰਨਾ ਆਪਣੇ ਵਿਚ ਹੀ ਉਸਾਰੂ ਕਾਰਜ ਹੈ; ਪਰ ਜੇ ਇਹ ਕਾਰਨ ਭੂਤਮੁਖੀ ਪਹੁੰਚ ਨਾਲ ਕਰਾਂਗੇ ਤਾਂ ਨਾ ਦਰੁਸਤ ਕਾਰਨ ਲੱਭ ਸਕਾਂਗੇ ਅਤੇ ਨਾ ਹੀ ਢੁਕਵੇਂ ਹੱਲ ਡਿਜ਼ਾਇਨ ਤੇ ਲਾਗੂ ਕਰ ਸਕਾਂਗੇ। ਇਸ ਚਰਚਿਤ ਪਹਿਲਾਂ ਹੀ ਚੱਲ ਚੁੱਕੀ ਬਹਿਸ ਦੌਰਾਨ ਭੂਤਮੁਖੀ ਪਹੁੰਚ ਨਾਲ ਗ੍ਰਸਤ ਸੋਚ ਸੰਗ ਪੇਸ਼ ਕੀਤੇ ਨੁਕਤਿਆਂ ਨਾਲ ਅਜਿਹਾ ਹੀ ਕੁਝ ਵਾਪਰਿਆ ਹੈ।***

## ਮਿਨੀ ਕਹਾਣੀ

### ਨਾਈਸ ਪਿਕ

ਬਸੰਤ ਦੇ ਮੁੰਡੇ ਰਾਣੇ ਦੀ ਪਿੰਡ ਦੇ ਕੁਝ ਨੌਜਵਾਨਾਂ ਨਾਲ ਕਿਸੇ ਗੱਲੋਂ ਖਹਿਬਾਜ਼ੀ ਚਲ ਰਹੀ ਸੀ। ਅਜੇ ਭਾਵੇਂ ਸੱਟਾਂ ਫੇਟਾਂ ਤੋਂ ਬਚਾ ਸੀ, ਪਰ ਜਵਾਨੀ ਦੇ ਤਾਅ ਦਾ ਕੀ ਪਤਾ ਹੁੰਦਾ। ਬਸੰਤ ਦਾ ਪਰਿਵਾਰ ਇਸ ਗੱਲੋਂ ਚਿੰਤਤ ਸੀ। ਮੁੰਡਾ ਝਗੜੇ ਦਾ ਕਾਰਨ ਵੀ ਨਹੀਂ ਸੀ ਦਸਦਾ, ਅੰਦਰੇ ਅੰਦਰ ਜ਼ਹਿਰ ਘੋਲ ਰਿਹਾ ਸੀ।

ਆਖਰ ਗੱਲ ਕਿਸੇ ਪਾਸੇ ਲਾਉਣ ਲਈ ਦੋਵੇਂ ਧਿਰਾਂ ਪੰਚਾਇਤ ਵਿਚ ਇਕੱਠੀਆਂ ਹੋਈਆਂ। ਸਰਪੰਚ ਨੇ ਕਾਰਨ ਪੁਛਿਆ ਤਾਂ ਮੁੰਡੇ ਨੇ ਦੱਸਿਆ ਕਿ ਨੰਬਰਦਾਰਾਂ ਦੇ ਜੀਤੇ ਨੇ ਉਸ ਦੇ ਪਿਉ ਦੀ ਫੋਟੋ ਫੇਸਬੁੱਕ 'ਤੇ ਪਾ ਉਨ੍ਹਾਂ ਦੀ ਬੇਇੱਜਤੀ ਕੀਤੀ ਹੈ। ਸਾਰਾ ਪਿੰਡ ਹੈਰਾਨ ਹੋ ਗਿਆ। ਪੰਚਾਇਤੀਏ ਵੀ ਠਠੰਬਰ ਗਏ।

ਜੀਤੇ ਨੇ ਦੱਸਿਆ ਕਿ ਜਦੋਂ ਉਸ ਨੇ ਤਾਏ ਨੂੰ ਇਸ ਹਾਲਤ ਵਿਚ ਵੇਖਿਆ ਤਾਂ ਉਸ ਨੂੰ ਲੱਗਾ ਕਿ ਜੇ ਇਹ ਫੋਟੋ ਮੈਂ ਫੇਸਬੁੱਕ 'ਤੇ ਪਾਵਾਂ ਤਾਂ ਮੈਨੂੰ ਬਹੁਤ ਜ਼ਿਆਦਾ ਲਾਈਕਸ ਮਿਲਣਗੇ। ਬਸ ਲਾਈਕਸ ਲੈਣ ਲਈ ਮੈਂ ਫੋਟੋ ਫੇਸਬੁੱਕ 'ਤੇ ਪਾ ਦਿੱਤੀ। ਫੋਨ ਲੈ ਜਦੋਂ ਫੋਟੋ ਵੇਖੀ ਤਾਂ ਬਸੰਤ ਮੋਢੇ ਕਹੀ ਰੱਖ, ਸਿਰ 'ਤੇ ਘਾਹ ਦੀ ਪੰਡ ਚੁੱਕੀ ਆਉਂਦਾ ਸੀ। ਤੇੜ ਵੀ ਉਸ ਨੇ ਕੁੜਤੇ ਨਾਲ ਨਿੱਕਰ ਹੀ ਪਾਈ ਸੀ। ਫੋਟੋ ਥੱਲੇ ਨੌਜਵਾਨਾਂ ਦੇ ਵੱਖ ਵੱਖ ਕੁਮੈਂਟ ਸਨ। ਨਾਈਸ ਪਿਕ, ਖੇਤਾਂ ਦਾ ਪੁੱਤ ਆਦਿ। ਇੱਕ-ਦੋ ਨੇ ਵਿਅੰਗ ਵੀ ਕੱਸੇ ਅਤੇ ਨੰਗ ਬੁੜ੍ਹਾ ਵੀ ਕਿਹਾ। ਇਸੇ ਗੱਲੋਂ ਝਗੜਾ ਹੋ ਗਿਆ ਸੀ।

ਮੁੰਡੇ ਇੱਕ ਵਾਰ ਫਿਰ ਬਹਿਸਣ ਲੱਗੇ। ਆਖਰ ਸਰਪੰਚ ਨੇ ਉਨ੍ਹਾਂ ਨੂੰ ਤਾੜਦਿਆਂ ਖੁਦ ਬਸੰਤ ਸਿੰਘ ਨੂੰ ਹੀ ਸਜ਼ਾ ਸੁਣਾਉਣ ਲਈ ਕਿਹਾ। ਬਸੰਤ ਹੱਥ ਜੋੜ ਕੇ ਖੜ੍ਹਾ ਹੋ ਗਿਆ ਅਤੇ ਕਿਹਾ, "ਦੇਖੋ ਭਰਾਵੋ। ਮੁੰਡਿਆਂ ਨੂੰ ਮੇਰੇ ਕੰਮ ਕਰਕੇ ਆਉਂਦਿਆਂ ਦੀ ਹਾਲਤ ਤੇ ਫੋਟੋ ਸੋਹਣੀ ਲੱਗੀ। ਤੁਸੀਂ ਪਿੰਡ ਦੇ ਇਨ੍ਹਾਂ ਨੌਜਵਾਨਾਂ ਨੂੰ ਇੱਕ ਦਿਨ ਮੇਰੇ ਨਾਲ ਕੰਮ 'ਤੇ ਭੇਜ ਦਿਓ। ਕੰਮ ਪਿਛੋਂ ਅਸੀਂ ਉਸੇ ਤਰ੍ਹਾਂ ਪੰਡਾਂ ਚੁੱਕ ਕੇ ਆਵਾਂਗੇ। ਤੁਸੀਂ ਭਾਵੇਂ ਸਾਰਾ ਪਿੰਡ ਫੋਟੋ ਖਿੱਚ ਕੇ ਫੇਸਬੁੱਕ 'ਤੇ ਪਾਈ ਜਾਇਓ। ਇਕੱਠਿਆਂ ਦੀ ਸਾਡੀ ਫੋਟੋ ਹੋਰ ਵੀ ਸੋਹਣੀ ਲੱਗੂ ਅਤੇ ਵਾਹ-ਵਾਹ ਵੀ ਵੱਧ ਹੋਊ।"

ਬਸੰਤ ਇੰਨਾ ਆਖ ਬੈਠ ਗਿਆ। ਹੁਣ 'ਨਾਈਸ ਪਿਕ' ਵਾਲਿਆਂ ਦੀ ਨੀਵੀਂ ਪੈ ਚੁਕੀ ਸੀ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-6

# ਸ੍ਰੀ ਰਾਮ ਸੈਨਾ

## ਹਿੰਦੂਤਵੀ ਲਸ਼ਕਰ



ਧੀਰੇਂਦਰ ਕੁਮਾਰ ਝਾਅ

***ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਸੂਬਿਆਂ ਵਿਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਸ ਕਿਸ਼ਤ ਵਿਚ ਕਰਨਾਟਕ ਵਿਚ ਸ੍ਰੀ ਰਾਮ ਸੈਨਾ ਦੀ ਪੈਦਾਇਸ਼ ਅਤੇ ਇਸ ਦੇ ਕਾਰਿਆਂ ਬਾਰੇ ਖੁਲਾਸੇ ਕੀਤੇ ਗਏ ਹਨ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਨਵੰਬਰ 2015 ਦੇ ਤੀਜੇ ਹਫਤੇ ਆਈ ਬੇਪਛਾਣ ਫੋਨ ਕਾਲ ਨੇ ਸ੍ਰੀ ਰਾਮ ਸੇਨੇ (ਲੋਕਲ ਉਚਾਰਨ ਸੇਨੇ, ਇਸ ਲਿਖਤ ਵਿਚ ਇਸ ਨੂੰ ਸੈਨਾ ਲਿਖਿਆ ਗਿਆ ਹੈ) ਦੇ ਪ੍ਰਧਾਨ ਪ੍ਰਮੋਦ ਮੁਥਾਲਿਕ ਨੂੰ ਗੁਪਤਵਾਸ ਹੋਣ ਲਈ ਮਜਬੂਰ ਕਰ ਦਿੱਤਾ। ਕਾਲ ਕਰਨ ਵਾਲੇ ਨੇ ਆਪਣੀ ਪਛਾਣ ਨਹੀਂ ਦੱਸੀ ਪਰ ਮੁਥਾਲਿਕ ਨੂੰ ਸ਼ੱਕ ਹੈ ਕਿ ਉਹ ਮੁਸਲਿਮ ਦਹਿਸ਼ਤਗਰਦ ਜਥੇਬੰਦੀ ਦਾ ਸਰਗਨਾ ਸੀ: 'ਭਾਰੀ ਆਵਾਜ਼ ਵਿਚ ਉਸ ਨੇ ਕਿਹਾ, ਮੈਂ ਆਪਣੇ ਦਿਨ ਗਿਣਨੇ ਸ਼ੁਰੂ ਕਰ ਦੇਵਾਂ। ਜਿਉਂ ਹੀ ਮੈਂ ਨਜ਼ਰ ਪੈ ਗਿਆ, ਉਸ ਦੇ ਆਦਮੀ ਉਸੇ ਵੇਲੇ ਗੋਲੀ ਮਾਰ ਕੇ ਗੱਡੀ ਚਾੜ੍ਹ ਦੇਣਗੇ।'

ਮੁਥਾਲਿਕ ਨੂੰ ਪਹਿਲਾਂ ਵੀ ਧਮਕੀਆਂ ਮਿਲਦੀਆਂ ਸਨ ਪਰ ਉਹ ਅਸਿੱਧੀਆਂ ਧਮਕੀਆਂ ਹੁੰਦੀਆਂ ਸਨ। ਇਸ ਵਾਰ ਵੱਖਰੀ ਤਰ੍ਹਾਂ ਦੀ ਧਮਕੀ ਸੀ। ਇਹ ਕਾਲ ਉਸ ਨੂੰ ਸਿੱਧੀ ਹੀ ਕੀਤੀ ਗਈ ਸੀ ਅਤੇ ਉਹ ਇਸ ਨੂੰ ਗੰਭੀਰਤਾ ਨਾਲ ਲੈ ਰਿਹਾ ਸੀ, ਕਿਉਂਕਿ 'ਮੁਸਲਿਮ ਦਹਿਸ਼ਤਗਰਦ ਇਸ ਖੇਡ ਵਿਚ ਬਾਕੀਆਂ ਨਾਲੋਂ ਦੋ ਕਦਮ ਅੱਗੇ ਹਨ।' ਸਾਵਧਾਨੀ ਦੇ ਤੌਰ 'ਤੇ ਉਸ ਨੇ ਅਣਜਾਣ ਲੋਕਾਂ ਨੂੰ ਮਿਲਣਾ ਬੰਦ ਕਰ ਦਿੱਤਾ। ਮਿਲਣ ਵਾਲੇ ਬੰਦੇ ਦੀ ਵਿਸਤ੍ਰਿਤ ਜਾਣਕਾਰੀ ਲੈਣ ਤੋਂ ਬਾਅਦ ਹੀ ਮਿਲਣ ਦੀ ਗੁਜ਼ਾਰਿਸ਼ ਸਵੀਕਾਰ ਕੀਤੀ ਜਾਂਦੀ ਸੀ। ਕਸਬੇ ਵਿਚ ਉਸ ਨੇ ਆਪਣੀਆਂ ਸਰਗਰਮੀਆਂ ਕਾਫੀ ਸੰਕੋਚ ਲਈਆਂ। ਉਹ ਹਮੇਸ਼ਾ ਭਰੋਸੇਯੋਗ ਹਮਾਇਤੀਆਂ ਦੇ ਕਈ ਸੁਰੱਖਿਆ ਘੇਰਿਆਂ ਵਿਚ ਰਹਿੰਦਾ। ਉਸ ਮੁਤਾਬਕ, 'ਮੇਰੇ ਕੋਲ ਹੋਰ ਕੋਈ ਚਾਰਾ ਨਹੀਂ, ਉਹ ਮੈਨੂੰ ਮਾਰ ਦੇਣਗੇ। ਤੁਸੀਂ ਉਨ੍ਹਾਂ ਬਾਰੇ ਨਹੀਂ ਜਾਣਦੇ। ਉਨ੍ਹਾਂ ਵਿਚੋਂ ਬਹੁਤ ਸਾਰੇ ਮੈਨੂੰ ਲੱਭ ਰਹੇ ਹੋਣਗੇ।'

ਇਹ ਸੀ ਮੁਥਾਲਿਕ, ਜਦੋਂ ਮੈਂ ਉਸ ਨੂੰ ਨਵੰਬਰ 2015 ਦੇ ਆਖਰੀ ਹਫਤੇ ਹੁਬਲੀ (ਕਰਨਾਟਕ) ਵਿਚ ਮਿਲਿਆ। ਸੈਨਾ ਮੁਖੀ ਕਰਨਾਟਕ ਵਿਚ ਹਿੰਦੂਤਵ ਦਾ ਸਭ ਤੋਂ ਮਸ਼ਹੂਰ ਚਿਹਰਾ ਸੀ। ਉਸ ਦੀ ਟੀ.ਵੀ. ਉਪਰ ਮੌਜੂਦਗੀ ਚੈਨਲ ਦੀ ਟੀ.ਆਰ.ਪੀ. ਨੂੰ ਇਸ ਕਦਰ ਵਧਾ ਦਿੰਦੀ ਸੀ ਕਿ ਪ੍ਰਾਈਮ ਟਾਈਮ ਸ਼ੋਅ ਵਿਚ ਉਸ ਦੀ ਹਮੇਸ਼ਾ ਜ਼ੋਰਦਾਰ ਮੰਗ ਹੁੰਦੀ। ਤਲਖ ਹਕੀਕਤ ਇਹ ਸੀ ਕਿ ਉਹ ਆਪਣੇ ਵਜੂਦ ਦਾ ਪ੍ਰਛਾਵਾਂ ਬਣ ਕੇ ਰਹਿ ਗਿਆ ਸੀ। ਹੋ ਸਕਦਾ ਹੈ, ਫੋਨ ਕਾਲ ਜਾਅਲੀ ਹੀ ਹੋਵੇ, ਲੇਕਿਨ ਇਸ ਦਾ ਉਸ ਉਪਰ ਜੋ ਅਸਰ ਪਿਆ, ਉਸ ਤੋਂ ਸਾਫ ਪਤਾ ਲੱਗਦਾ ਸੀ ਕਿ ਸਾਰਾ ਕੁਝ ਠੀਕ ਠਾਕ ਨਹੀਂ। ਸ਼ਾਇਦ ਜਿਸ ਦੁਨੀਆਂ ਵਿਚ ਉਹ ਵਿਚਰਦਾ ਰਿਹਾ ਸੀ, ਉਹ ਬਦਲ ਗਈ ਸੀ।

ਇਸ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਉਸ ਨੂੰ ਸਰਕਾਰ ਵਲੋਂ ਮੁਹੱਈਆ ਕੀਤੇ ਗਏ ਸੁਰੱਖਿਆ ਕਵਚ 'ਤੇ ਭਰੋਸਾ ਕਿਉਂ ਨਹੀਂ ਬੱਝਦਾ ਸੀ। ਦੋ ਪੁਲਿਸ ਵਾਲੇ ਹਮੇਸ਼ਾ ਉਸ ਦੀ ਸੁਰੱਖਿਆ ਲਈ ਤਾਇਨਾਤ ਰਹਿੰਦੇ। ਉਹ ਜਦੋਂ ਸ਼ਹਿਰ ਵਿਚ ਜਾਂਦਾ ਤਾਂ ਉਸ ਨੂੰ ਐਸਕੋਰਟ ਸੁਰੱਖਿਆ ਟੁਕੜੀ ਵੀ ਮਿਲ ਜਾਂਦੀ ਲੇਕਿਨ ਉਹ ਇਸ ਸਭ ਕਾਸੇ ਨੂੰ ਨਾਕਾਫੀ ਸਮਝਦਾ। ਉਹ ਕਹਿੰਦਾ, 'ਮੇਰੇ 'ਤੇ ਯਕੀਨ ਕਰੋ, ਇਹ ਸੁਰੱਖਿਆ ਉਨ੍ਹਾਂ ਨੂੰ ਰੋਕਣ ਵਿਚ ਕਾਮਯਾਬ ਨਹੀਂ ਹੋਵੇਗੀ। ਨਹੀਂ, ਮੈਂ ਜੋਖਮ ਮੁੱਲ ਨਹੀਂ ਲੈ ਸਕਦਾ।'

ਮੁਥਾਲਿਕ ਦੀ ਨਿਵਾਣ ਦਾ ਮੋੜਾਂ-ਘੋੜਾਂ ਵਾਲਾ ਅਮਲ ਉਦੋਂ ਸ਼ੁਰੂ ਹੋਇਆ, ਜਦੋਂ ਉਹ ਕਾਮਯਾਬੀ ਦੀਆਂ ਸਿਖਰਾਂ 'ਤੇ ਸੀ। ਮਾਰਚ 2014 ਵਿਚ ਜਦੋਂ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਨਰਿੰਦਰ ਮੋਦੀ ਦੀ ਲਹਿਰ ਬਣ ਰਹੀ ਸੀ, ਉਦੋਂ ਸ੍ਰੀ ਰਾਮ ਸੈਨਾ ਦੀਆਂ ਵਿਵਾਦਪੂਰਨ ਸਰਗਰਮੀਆਂ ਜ਼ਰੀਏ ਬਣੇ ਆਪਣੇ ਜੋਸ਼ੀਲੇ ਅਕਸ ਕਾਰਨ ਉਹ ਕਰਨਾਟਕ ਵਿਚ ਹਿੰਦੂਤਵ ਦਾ ਚਿੰਨ੍ਹ ਬਣ ਚੁੱਕਾ ਸੀ। 24 ਮਾਰਚ ਨੂੰ ਇਕ ਰਸਮੀ ਇਕੱਠ ਵਿਚ ਉਸ ਨੂੰ ਕਰਨਾਟਕ ਦੇ ਭਾਜਪਾ ਪ੍ਰਧਾਨ ਪ੍ਰਹਿਲਾਦ ਜੋਸ਼ੀ, ਸਾਬਕਾ ਮੁੱਖ ਮੰਤਰੀ ਜਗਦੀਸ਼ ਸ਼ੇਤਾਰ ਅਤੇ ਉਪ ਮੁੱਖ ਮੰਤਰੀ ਕੇ.ਐਸ. ਈਸ਼ਵਰੱਪਾ ਦੀ ਮੌਜੂਦਗੀ ਵਿਚ ਪੂਰੇ ਧੂਮ-ਧੜੱਕੇ ਨਾਲ ਭਾਜਪਾ ਵਿਚ ਸ਼ਾਮਲ ਕੀਤਾ ਗਿਆ, ਜਿਥੇ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਅਹਿਦ ਲਿਆ ਗਿਆ ਪਰ ਕੁਝ ਘੰਟਿਆਂ ਵਿਚ ਹੀ ਭਾਜਪਾ ਦੀ ਕੇਂਦਰੀ ਟੀਮ ਨੇ ਰਾਜ ਇਕਾਈ ਨੂੰ ਉਸ ਦੀ ਮੁੱਢਲੀ ਮੈਂਬਰਸ਼ਿਪ ਖਾਰਜ ਕਰਨ ਲਈ ਮਜਬੂਰ ਕਰ ਦਿੱਤਾ। ਸੈਨਾ ਮੁਖੀ ਦੱਸਦਾ ਹੈ, 'ਇਹ ਸਭ ਪੰਜ ਘੰਟੇ ਵਿਚ ਹੀ ਹੋ ਗਿਆ। 11 ਵਜੇ ਸਵੇਰੇ ਮੈਨੂੰ ਪਾਰਟੀ ਵਿਚ ਸ਼ਾਮਲ ਕੀਤਾ ਗਿਆ ਅਤੇ 4 ਵਜੇ ਸ਼ਾਮ ਨੂੰ ਮੇਰੀ ਮੈਂਬਰਸ਼ਿਪ ਰੱਦ ਹੋ ਗਈ।'

ਮੈਨੂੰ ਮਿਲਣ ਵੇਲੇ ਮੁਥਾਲਿਕ ਨੇ ਦਾਅਵਾ ਕੀਤਾ ਕਿ ਨਾ ਤਾਂ ਇਸ ਘਟਨਾਕ੍ਰਮ ਨਾਲ ਉਸ ਨੂੰ ਹੈਰਾਨੀ ਹੋਈ ਅਤੇ ਨਾ ਹੀ ਉਸ ਨੂੰ ਚਿੰਤਾ ਸੀ, ਲੇਕਿਨ ਇਹ ਸਾਫ ਨਜ਼ਰ ਆਉਂਦਾ ਸੀ ਕਿ ਡੇਢ ਸਾਲ ਬੀਤਣ ਪਿਛੋਂ ਵੀ ਮੁੱਦਾ ਉਸ ਦੇ ਮਨ 'ਤੇ ਬੋਝ ਸੀ। ਉਹ ਕਹਿੰਦਾ ਹੈ, 'ਮੈਨੂੰ ਪਤਾ ਸੀ, ਕੀ ਵਾਪਰ ਰਿਹਾ ਹੈ। ਮੈਂ ਕਰਨਾਟਕ ਦੇ ਕੁਝ ਸਿਖਰਲੇ ਭਾਜਪਾ ਆਗੂਆਂ ਲਈ ਸੰਭਾਵੀ ਖਤਰਾ ਸੀ। ਉਹ ਕਦੇ ਵੀ ਮੈਨੂੰ ਪਾਰਟੀ ਵਿਚ ਰਹਿਣ ਦੀ ਇਜਾਜ਼ਤ ਨਹੀਂ ਦੇਣਗੇ।' ਉਸ ਨੂੰ ਇਸ ਦੀਆਂ ਅਰਥ-ਸੰਭਾਵਨਾਵਾਂ ਵੀ ਪੂਰੀ ਤਰ੍ਹਾਂ ਸਪਸ਼ਟ ਸਨ। 'ਮੇਰੇ ਲਈ ਪਾਰਟੀ ਨੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਸਨ, ਜਿਸ ਨੇ ਕਰਨਾਟਕ ਵਿਚ ਮੇਰੇ ਕੰਮ ਦਾ ਬੇਹੱਦ ਲਾਹਾ ਲਿਆ ਸੀ।'

ਐਪਰ, ਮੁਥਾਲਿਕ ਅੜਿਆ ਰਿਹਾ ਅਤੇ ਉਸ ਨੇ ਲੋਕ ਸਭਾ ਚੋਣਾਂ ਲਈ ਕਰਨਾਟਕ ਦੇ ਦੋ ਲੋਕ ਸਭਾ ਹਲਕਿਆਂ-ਧਾਰਵਾੜ ਤੇ ਬੰਗਲੌਰ ਤੋਂ ਕਾਗਜ਼ ਦਾਖਲ ਕਰ ਦਿੱਤੇ। ਉਸ ਨੇ ਖੁਲਾਸਾ ਕੀਤਾ, 'ਧਾਰਵਾੜ ਇਸ ਲਈ, ਕਿਉਂਕਿ ਇਥੇ ਮੇਰਾ ਆਧਾਰ ਹੈ, ਬੰਗਲੌਰ ਸ਼ਹਿਰੀ ਇਸ ਲਈ ਕਿ ਉਸ ਹਲਕੇ ਤੋਂ ਭਾਜਪਾ ਆਗੂ ਅਨੰਤ ਕੁਮਾਰ ਚੋਣ ਲੜ ਰਿਹਾ ਸੀ। ਮੈਂ ਅਨੰਤ ਕੁਮਾਰ ਨੂੰ ਟੱਕਰ ਦੇਣੀ ਚਾਹੁੰਦਾ ਸੀ, ਕਿਉਂਕਿ ਉਸ ਨੇ ਹੀ ਭਾਜਪਾ ਵਿਚੋਂ ਮੇਰੀ ਬਰਖਾਸਤਗੀ ਕਰਵਾਈ ਸੀ।' ਉਹ ਦੋਨਾਂ ਹਲਕਿਆਂ ਤੋਂ ਚੋਣ ਹਾਰ ਗਿਆ ਲੇਕਿਨ ਉਸ ਨੇ ਡਟਵੀਂ ਟੱਕਰ ਦਿੱਤੀ। 'ਘੱਟੋ-ਘੱਟ ਮੈਂ ਭਾਜਪਾ ਨੂੰ ਇਹ ਸੰਦੇਸ਼ ਦੇਣ ਵਿਚ ਕਾਮਯਾਬ ਹੋਇਆ ਹਾਂ ਕਿ ਉਹ ਕਰਨਾਟਕ ਨੂੰ ਅਜਿਹੇ ਹੁਲਾਰ-ਪੈਂਤੇ ਵਜੋਂ ਵਰਤਣ 'ਚ ਕਾਮਯਾਬ ਨਹੀਂ ਹੋ ਸਕੇਗੀ ਜਿਸ ਦੀ ਮਦਦ ਨਾਲ ਇਹ ਮੇਰੇ ਸਹਿਯੋਗ ਤੋਂ ਬਗੈਰ ਦੱਖਣੀ ਭਾਰਤ ਦੇ ਰਾਜਾਂ ਵਿਚ ਆਪਣਾ ਵਿਸਥਾਰ ਕਰ ਸਕੇ।'

ਸਪਸ਼ਟ ਸੀ ਕਿ ਭਾਜਪਾ ਵਿਚੋਂ ਬਰਖਾਸਤਗੀ ਉਸ ਲਈ ਸਦਮਾ ਵੀ ਸੀ ਤੇ ਅਪਮਾਨ ਵੀ, ਜਿਸ ਨੂੰ ਉਹ ਭੁਲਾ ਨਹੀਂ ਸਕਿਆ। ਭਾਜਪਾ ਨੇ ਉਸ ਦਾ ਸੁਰੱਖਿਆ ਕਵਚ ਵਾਪਸ ਲੈ ਲਿਆ। ਉਹ ਦੱਸਦਾ ਹੈ, 'ਪਹਿਲਾਂ ਮੈਂ ਬੇਪਛਾਣ ਧਮਕੀਆਂ ਅਤੇ ਟੈਲੀਫੋਨ ਕਾਲਾਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਸੀ। ਮਿਸਾਲ ਵਜੋਂ 2009 ਵਿਚ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਪਰ ਮੈਂ ਪ੍ਰਵਾਹ ਨਹੀਂ ਕੀਤੀ। ਹੁਣ ਹਾਲਾਤ ਬਦਲ ਗਏ ਹਨ। ਮੈਨੂੰ ਪਤਾ ਹੈ ਕਿ ਭਾਜਪਾ ਵਿਚ ਹੁਣ ਕਿਸੇ ਨੂੰ ਵੀ ਮੇਰੇ ਹੱਕ ਵਿਚ ਖੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਕਿਉਂਕਿ ਜੇ ਮੈਂ ਜਿਉਂਦਾ ਰਹਿ ਗਿਆ ਤਾਂ ਕੁਝ ਪਾਰਟੀ ਆਗੂਆਂ ਲਈ ਖਤਰਾ ਬਣ ਜਾਵਾਂਗਾ। ਕਾਂਗਰਸ ਵੀ ਹਰ ਤਰ੍ਹਾਂ ਨਾਲ ਸਾਡੇ ਲਈ ਦੁਸ਼ਮਣ ਪਾਰਟੀ ਹੈ।'

ਅਜਿਹੇ ਜ਼ਖਮਾਂ ਦੇ ਠੀਕ ਹੋਣ ਨੂੰ ਭਾਵੇਂ ਲੰਮਾ ਸਮਾਂ ਲੱਗਦਾ ਹੈ ਪਰ ਨਵੰਬਰ 2015 ਵਿਚ ਜਾਪਦਾ ਸੀ ਕਿ ਮਾਯੂਸੀ 'ਚ ਘਿਰਿਆ ਮੁਥਾਲਿਕ ਭਾਜਪਾ ਨਾਲ ਝਗੜਾ ਮਿਟਾਉਣ ਲਈ ਤਤਪਰ ਸੀ। ਉਸ ਦਾ ਭਾਜਪਾ ਆਗੂਆਂ ਦੇ ਇਕ ਹਿੱਸੇ, ਖਾਸ ਕਰਕੇ ਅਨੰਤ ਕੁਮਾਰ ਨਾਲ ਰੱਟਾ ਸੀ, ਲੇਕਿਨ ਉਹ ਅਜੇ ਵੀ ਖੁਦ ਨੂੰ ਮੋਦੀ ਦਾ 'ਕਦਰਦਾਨ' ਕਹਿੰਦਾ ਸੀ। ਉਸ ਨੂੰ ਯਕੀਨ ਸੀ ਕਿ ਭਾਜਪਾ 'ਚੋਂ ਉਸ ਨੂੰ ਬਾਹਰ ਧੱਕਣਾ ਮੋਦੀ ਦੀ ਸੋਚ ਨਹੀ ਹੋਵੇਗੀ।

---

ਮੁਥਾਲਿਕ ਨੇ ਕਿਉਂਕਿ ਆਪਣਾ ਬਚਪਨ ਅਤੇ ਜਵਾਨੀ ਆਰ. ਐਸ. ਐਸ. ਦੀ ਵਿਚਾਰਧਾਰਾ ਦੀ ਸਿੱਖਲਾਈ ਲੈਣ ਦੇ ਲੇਖੇ ਲਾ ਦਿੱਤੀ ਸੀ, ਇਸ ਲਈ ਉਹ ਕਰਨਾਟਕ ਦੇ ਕਰੀਬ ਹਰ ਸਿਆਸਤਦਾਨ ਨਾਲੋਂ ਆਪਣੇ ਬਾਰੇ ਭੇਦ ਬਰਕਰਾਰ ਰੱਖਣ ਅਤੇ ਇਸ ਉਪਰ ਵਧੇਰੇ ਕੰਟਰੋਲ ਬਣਾਈ ਰੱਖਣ ਦੇ ਯੋਗ ਸੀ। ਉਸ ਨੇ ਕੋਈ ਵੀ ਚੋਣ ਨਹੀਂ ਸੀ ਜਿੱਤੀ, ਇਸ ਲਈ ਉਹ ਕਿਸੇ ਤਰ੍ਹਾਂ ਦੀ ਜਾਂਚ ਤੋਂ ਬਚਿਆ ਰਿਹਾ ਸੀ; ਨਹੀਂ ਤਾਂ ਉਸ ਨੂੰ ਇਹ ਨਿੱਜੀ ਜਾਣਕਾਰੀ ਲੁਕੋਣੀ ਮੁਸ਼ਕਿਲ ਹੋ ਜਾਣੀ ਸੀ। ਸਾਨੂੰ ਉਸ ਬਾਰੇ ਜੋ ਜਾਣਕਾਰੀ ਹੈ, ਇਹ ਜਾਂ ਤਾਂ ਉਸ ਵਲੋਂ ਆਪਣੇ ਬਾਰੇ ਕੀਤੇ ਦਾਅਵਿਆਂ ਰਾਹੀਂ ਮਿਲੀ ਹੈ ਜਾਂ ਜੋ ਅਦਾਲਤਾਂ ਨੇ ਉਸ ਬਾਰੇ ਦੱਸਿਆ ਹੈ।

ਹੈਰਾਨੀ ਦੀ ਗੱਲ ਨਹੀਂ ਕਿ ਉਹ ਅਕਸਰ ਇਕ ਖਾਸ ਜੇਲ੍ਹ ਕੋਠੜੀ ਵਿਚ ਹੀ ਜਾਂਦਾ ਸੀ। 'ਪਹਿਲੀ ਵਾਰ ਮੈਂ 1975 'ਚ ਇੰਦਰਾ ਗਾਂਧੀ ਦੇ ਐਮਰਜੈਂਸੀ ਵਾਲੇ ਦੌਰ ਵਿਚ ਜੇਲ੍ਹ ਗਿਆ। ਮੈਨੂੰ ਗ੍ਰਿਫਤਾਰ ਕੀਤਾ ਗਿਆ ਕਿਉਂਕਿ ਮੈਂ ਆਰ. ਐਸ. ਐਸ. ਦੇ ਗੁਪਤਵਾਸ ਮੈਂਬਰ ਵਜੋਂ ਕੰਮ ਕਰ ਰਿਹਾ ਸੀ।' ਉਦੋਂ ਉਸ ਦੀ ਉਮਰ ਮੁਸ਼ਕਿਲ ਨਾਲ 20 ਕੁ ਸਾਲ ਦੀ ਹੋਵੇਗੀ ਅਤੇ ਉਸ ਨੇ ਬੀ.ਏ. ਦੀ ਪੜ੍ਹਾਈ ਅਜੇ ਮੁਕਾਈ ਹੀ ਸੀ। 'ਮੈਨੂੰ ਬੈਲਗਾਮ ਜੇਲ੍ਹ ਵਿਚ ਇਕ ਮਹੀਨਾ ਨਜ਼ਰਬੰਦ ਰੱਖਿਆ ਗਿਆ ਅਤੇ ਮੈਂ ਜੇਲ੍ਹ 'ਚੋਂ ਬਾਹਰ ਆਉਣ ਤਕ ਆਰ. ਐਸ. ਐਸ. ਦਾ ਕੁਲਵਕਤੀ ਪ੍ਰਚਾਰਕ ਬਣ ਚੁੱਕਾ ਸੀ।' ਇਸ ਤੋਂ ਬਾਅਦ ਵੀ ਉਸ ਦੀ ਜੇਲ੍ਹ ਵਿਚ ਆਉਣੀ ਜਾਣੀ ਬਣੀ ਰਹੀ। 2015 ਦੇ ਅਖੀਰ ਵਿਚ ਜਦੋਂ ਸਾਡੀ ਮੁਲਾਕਾਤ ਹੋਈ, ਉਹ ਗਿਣਤੀ ਹੀ ਭੁੱਲ ਚੁੱਕਾ ਸੀ ਕਿ ਉਸ ਨੂੰ ਕਿੰਨੀ ਵਾਰ ਗ੍ਰਿਫਤਾਰ ਕੀਤਾ ਗਿਆ ਸੀ।

ਮੁਥਾਲਿਕ ਦੇ ਦੱਸਣ ਅਨੁਸਾਰ, ਉਸ ਦਾ ਅਸਲੀ ਸਫਰ ਸੀਖਾਂ ਪਿੱਛੇ ਜਾਣ ਤੋਂ ਬਾਅਦ ਹੀ ਸ਼ੁਰੂ ਹੋਇਆ। 'ਬੈਲਗਾਮ ਜੇਲ੍ਹ ਵਿਚ ਹੀ ਮੈਨੂੰ ਕਰਨਾਟਕ ਦੇ ਆਰ. ਐਸ. ਐਸ. ਦੇ ਸੀਨੀਅਰ ਆਗੂਆਂ ਨਾਲ ਵਿਚਾਰ-ਚਰਚਾ ਕਰਨ ਦਾ ਮੌਕਾ ਮਿਲਿਆ। ਇਹ ਵਿਚਾਰਧਾਰਾ ਮੇਰੇ ਲਈ ਨਵੀਂ ਨਹੀਂ ਸੀ। ਮੇਰੇ ਪਿਤਾ ਜੀ ਵੀ ਆਰ. ਐਸ. ਐਸ. ਦੀ ਸ਼ਾਖਾ ਵਿਚ ਜਾਂਦੇ ਰਹਿੰਦੇ ਸਨ। ਇਸ ਲਈ ਮੇਰੀ ਪਰਵਰਿਸ਼ ਹੀ ਇਸ ਪਿਛੋਕੜ ਵਿਚ ਹੋਈ ਸੀ ਲੇਕਿਨ ਜੇਲ੍ਹ ਵਿਚ ਆਰ. ਐਸ. ਐਸ. ਆਗੂਆਂ ਨਾਲ ਵਿਚਾਰ ਚਰਚਾ ਨੇ ਹਿੰਦੂਤਵ ਨਾਲ ਮੇਰਾ ਐਨਾ ਗੂੜ੍ਹਾ ਰਿਸ਼ਤਾ ਬਣਾ ਦਿੱਤਾ ਕਿ ਮੈਂ ਫੈਸਲਾ ਕਰ ਲਿਆ ਕਿ ਤਾਉਮਰ ਇਸੇ ਵਿਚਾਰਧਾਰਾ ਲਈ ਕੰਮ ਕਰਨਾ ਹੈ।'

ਲੱਗਦਾ ਸੀ ਕਿ ਮੁਥਾਲਿਕ ਇਹ ਚਰਚਾ ਕਰਨ ਤੋਂ ਝਿਜਕਦਾ ਸੀ ਕਿ 'ਅਗਲੇ 17 ਸਾਲ' ਉਸ ਨੇ ਹਿੰਦੂਤਵ ਲਈ ਕੀ ਕੁਝ ਕੀਤਾ। ਉਸ ਦੀ ਇੰਨੀ ਹੀ ਟਿੱਪਣੀ ਸੀ: 'ਮੈਂ ਉਸ ਰਾਹ 'ਤੇ ਚੱਲਿਆ ਜੋ ਮੈਨੂੰ ਜੇਲ੍ਹ ਵਿਚ ਪ੍ਰਾਪਤ ਹੋਇਆ ਸੀ। ਮੈਂ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਆਰ. ਐਸ. ਐਸ. ਦੇ ਪ੍ਰਚਾਰਕ ਦੇ ਤੌਰ 'ਤੇ ਕੰਮ ਕਰਦਾ ਰਿਹਾ ਅਤੇ ਸੰਸਥਾ ਤੋਂ ਮਿਲੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਰਿਹਾ।'

1993 ਵਿਚ ਉਸ ਨੂੰ ਆਰ. ਐਸ. ਐਸ. ਦੇ ਭੜਕਾਊ ਸਭਿਆਚਾਰਕ ਵਿੰਗ-ਵਿਸ਼ਵ ਹਿੰਦੂ ਪ੍ਰੀਸ਼ਦ ਵਿਚ ਭੇਜ ਦਿੱਤਾ ਗਿਆ ਲੇਕਿਨ ਉਸ ਦਾ ਅਸਲੀ ਸਫਰ 1994 ਵਿਚ ਸ਼ੁਰੂ ਹੋਇਆ ਜਿਸ ਲਈ ਉਹ 'ਤਾਂਘ' ਰਿਹਾ ਸੀ। ਉਹ ਦੱਸਦਾ ਹੈ, 'ਉਸ ਸਾਲ ਦੀ ਇਕ ਸੁਹਾਵਣੀ ਸਵੇਰ ਵੇਲੇ ਅਸ਼ੋਕ ਸਿੰਘਲ (ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ) ਨੇ ਮੈਨੂੰ ਬੁਲਾਇਆ ਅਤੇ ਕਰਨਾਟਕ ਵਿਚ ਬਜਰੰਗ ਦਲ ਦੀ ਇਕਾਈ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ। ਕਿਸੇ ਜਥੇਬੰਦੀ ਦੇ ਮੁਖੀ ਦੇ ਤੌਰ 'ਤੇ ਆਪਣੇ ਰਾਜ ਵਿਚ ਕੰਮ ਕਰਨਾ ਮੇਰੀ ਹਮੇਸ਼ਾ ਖਾਹਸ਼ ਰਹੀ ਸੀ। ਲਿਹਾਜ਼ਾ ਮੈਂ ਸਿੰਘਲ ਦੀ ਤਜਵੀਜ਼ ਉਸੇ ਵਕਤ ਸਵੀਕਾਰ ਕਰ ਲਈ। ਮੈਨੂੰ ਕਰਨਾਟਕ ਵਿਚ ਬਜਰੰਗ ਦਲ ਦਾ ਕਨਵੀਨਰ ਬਣਾ ਦਿੱਤਾ ਗਿਆ। ਥੋੜ੍ਹੇ ਸਾਲਾਂ ਵਿਚ ਹੀ ਬਜਰੰਗ ਦਲ ਨੇ ਰਾਜ ਵਿਚ ਜੜ੍ਹਾਂ ਫੈਲਾ ਲਈਆਂ, ਖਾਸ ਤੌਰ 'ਤੇ ਰਾਜ ਦੇ ਉਤਰੀ ਤੇ ਤੱਟਵਰਤੀ ਇਲਾਕਿਆਂ ਵਿਚ।'

ਮੁਥਾਲਿਕ ਨੇ ਦੱਸਿਆ, '1997 ਵਿਚ ਅਸੀਂ ਬਜਰੰਗ ਦਲ ਦੀ ਕਾਨਫਰੰਸ ਕੀਤੀ, ਜਿਸ ਵਿਚ 3000 ਤੋਂ ਵਧ ਮੈਂਬਰ ਸ਼ਾਮਲ ਹੋਏ। 2001 ਵਿਚ ਮੈਨੂੰ ਭਾਰਤ ਦੇ ਕਰਨਾਟਕ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਕੇਰਲ-ਚਾਰ ਦੱਖਣੀ ਰਾਜਾਂ ਦਾ ਕਨਵੀਨਰ ਬਣਾ ਦਿੱਤਾ ਗਿਆ।'

ਕੁਝ ਹੱਦ ਤਕ ਬਜਰੰਗ ਦਲ ਦੀਆਂ ਸਰਗਰਮੀਆਂ ਕਾਰਨ 2004 ਵਿਚ ਕਰਨਾਟਕ ਦੀਆਂ ਅਸੈਂਬਲੀ ਚੋਣਾਂ ਵਿਚ ਭਾਜਪਾ ਦੀ ਕਾਰਗੁਜ਼ਾਰੀ ਪ੍ਰਭਾਵਸ਼ਾਲੀ ਰਹੀ। ਇਸ ਨੂੰ 224 ਸੀਟਾਂ ਵਿਚੋਂ 79 ਸੀਟਾਂ ਉਪਰ ਜਿੱਤ ਹਾਸਲ ਹੋਈ ਜੋ 1994 ਦੀਆਂ 40 ਅਤੇ 1999 ਦੀਆਂ 44 ਸੀਟਾਂ ਦੇ ਮੁਕਾਬਲੇ ਬਹੁਤ ਵੱਡੀ ਪ੍ਰਾਪਤੀ ਸੀ। ਉਸ ਅਨੁਸਾਰ '2004 ਵਿਚ ਜੋ ਵਿਧਾਇਕ ਜਿੱਤੇ, ਉਨ੍ਹਾਂ ਵਿਚੋਂ ਅੱਧੇ ਤੋਂ ਵੱਧ ਦਾ ਪਿਛੋਕੜ ਬਜਰੰਗ ਦਲ ਸੀ। ਆਰ. ਐਸ. ਐਸ. ਨੂੰ ਵੀ ਸਾਡੀਆਂ ਸਰਗਰਮੀਆਂ ਦਾ ਲਾਹਾ ਮਿਲਿਆ। ਉਨ੍ਹਾਂ ਸਾਲਾਂ ਵਿਚ ਇਸ ਦੀਆਂ ਸ਼ਾਖਾਵਾਂ ਪਿੰਡਾਂ ਵਿਚ ਤੇਜ਼ੀ ਨਾਲ ਫੈਲ ਗਈਆਂ।'

2004 ਦੇ ਚੋਣ ਨਤੀਜਿਆਂ ਪਿਛੋਂ ਸੰਘ ਪਰਿਵਾਰ ਵਿਚ ਮੁਥਾਲਿਕ ਦੀ ਚੜ੍ਹਤ ਥੋੜ੍ਹ-ਚਿਰੀ ਸਾਬਤ ਹੋਈ। ਉਸ ਦੇ ਦਾਅਵੇ ਅਨੁਸਾਰ 'ਇਹ ਪਹਿਲੀ ਵਾਰ ਹੋਇਆ ਕਿ ਕਰਨਾਟਕ ਭਾਜਪਾ ਵਿਚ ਕਈਆਂ ਨੇ ਮੈਨੂੰ ਖਤਰੇ ਵਜੋਂ ਦੇਖਿਆ। ਉਸ ਦੀ ਤਾਜ਼ਾ ਸ਼ਾਨੋ-ਸ਼ੌਕਤ ਛੇਤੀ ਹੀ ਸੰਘ ਪਰਿਵਾਰ ਵਿਚ ਉਸ ਦੇ ਅਲੱਗ-ਥਲੱਗ ਹੋਣ ਦਾ ਕਾਰਨ ਬਣ ਗਈ। ਉਸ ਨੇ ਦੱਸਿਆ, 'ਅਫਵਾਹਾਂ ਫੈਲਣ ਲੱਗੀਆਂ ਕਿ ਮੇਰਾ ਚਾਲ-ਚਲਨ ਠੀਕ ਨਹੀਂ। ਮੈਂ ਜਥੇਬੰਦੀ ਨੂੰ ਧਨ ਕਮਾਉਣ ਲਈ ਵਰਤ ਰਿਹਾ ਹਾਂ। ਮੈਂ ਸੰਘ ਦੇ ਸਿਖਰਲੇ ਆਗੂਆਂ ਨੂੰ ਮਿਲਿਆ ਅਤੇ ਅਜਿਹੇ ਸ਼ੱਕ ਦੂਰ ਕਰਨ ਦੀ ਪੂਰੀ ਵਾਹ ਲਾਈ ਪਰ ਉਹ ਤਾਂ ਅਫਵਾਹਾਂ ਦੇ ਵਹਿਣ ਵਿਚ ਵਹਿ ਚੁੱਕੇ ਸਨ।'

2005 ਵਿਚ ਮੁਥਾਲਿਕ ਨੇ ਬਜਰੰਗ ਦਲ ਛੱਡ ਦਿੱਤਾ ਅਤੇ ਕਿਸੇ ਹੋਰ ਜਥੇਬੰਦੀ ਵਿਚ ਕਿਸਮਤ ਅਜ਼ਮਾਉਣ ਦਾ ਮਨ ਬਣਾ ਲਿਆ। ਸਭ ਤੋਂ ਪਹਿਲਾਂ ਉਸ ਦਾ ਧਿਆਨ ਸ਼ਿਵ ਸੈਨਾ ਨੇ ਖਿੱਚਿਆ। ਉਸ ਨੇ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਨਾਲ ਮੀਟਿੰਗਾਂ ਕੀਤੀਆਂ ਅਤੇ ਕਰਨਾਟਕ ਵਿਚ ਪਾਰਟੀ ਇਕਾਈਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। 'ਪਹਿਲਾਂ ਪਹਿਲ ਇਹ ਮੇਰੇ ਲਈ ਰਾਹਤ ਵਾਲਾ ਕੰਮ ਸੀ। ਕਈ ਪੱਖਾਂ ਤੋਂ ਇਥੇ ਜ਼ਿੰਦਗੀ ਬਿਹਤਰ ਸੀ। ਮੇਰੀ ਵਿਚਾਰਧਾਰਾ ਸ਼ਿਵ ਸੈਨਾ ਨਾਲ ਮੇਲ ਖਾਂਦੀ ਸੀ ਅਤੇ ਬਾਲ ਠਾਕਰੇ ਨੇ ਮੈਨੂੰ ਕਰਨਾਟਕ ਵਿਚ ਪੂਰੀ ਖੁੱਲ੍ਹ ਦੇ ਦਿੱਤੀ।'

ਬੈਲਗਾਮ ਜਿਥੇ ਮੁਥਾਲਿਕ ਦੀ ਰਿਹਾਇਸ਼ ਸੀ, ਤਕੜੀ ਮਰਾਠੀ ਆਬਾਦੀ ਵਾਲਾ ਇਲਾਕਾ ਹੈ। ਉਥੇ ਸ਼ਿਵ ਸੈਨਾ ਦੀਆਂ ਇਕਾਈਆਂ ਬਣਾਉਣਾ ਕੋਈ ਬਹੁਤੀ ਵੱਡੀ ਚੁਣੌਤੀ ਨਹੀਂ ਸੀ। ਥੋੜ੍ਹੇ ਮਹੀਨਿਆਂ ਵਿਚ ਹੀ ਮੁਥਾਲਿਕ ਨੂੰ ਸਥਾਨਕ ਲੋਕਾਂ ਤੋਂ ਵਧੀਆ ਸਹਿਯੋਗ ਮਿਲਣਾ ਸ਼ੁਰੂ ਹੋ ਗਿਆ ਅਤੇ ਰਾਜ ਦੇ ਹੋਰ ਖੇਤਰਾਂ ਵਿਚ ਵੀ ਇਕਾਈਆਂ ਬਣਨ ਲੱਗੀਆਂ। ਉਹ ਦੱਸਦਾ ਹੈ, 'ਇਸ ਤੋਂ ਪਹਿਲਾਂ ਕਿ ਸ਼ਿਵ ਸੈਨਾ ਕਰਨਾਟਕ ਵਿਚ ਆਪਣਾ ਢੁੱਕਵਾਂ ਆਧਾਰ ਬਣਾ ਸਕਦੀ, ਮੈਨੂੰ ਅਚਾਨਕ ਮਹਿਸੂਸ ਹੋਇਆ ਕਿ ਇਸ ਤੋਂ ਹੋਰ ਅੱਗੇ ਨਹੀਂ ਵਧਿਆ ਜਾ ਸਕਦਾ। ਇਸ ਤੋਂ ਬਾਅਦ ਮਰਾਠੀ ਅਤੇ ਕੰਨੜ ਭਾਸ਼ਾ ਦੇ ਜਨੂੰਨੀ ਪ੍ਰੇਮੀਆਂ ਵਿਚਾਲੇ ਝਗੜਾ ਸ਼ੁਰੂ ਹੋ ਗਿਆ। ਬੈਲਗਾਮ ਜਿਸ ਨੂੰ ਮਹਾਰਾਸ਼ਟਰ ਆਪਣੇ ਸਭਿਆਚਾਰਕ ਖਿੱਤੇ ਦਾ ਹਿੱਸਾ ਹੋਣ ਦਾ ਦਾਅਵਾ ਕਰਦਾ ਹੈ, ਇਸ ਬਹਿਸ ਦਾ ਕੇਂਦਰ ਬਣ ਗਿਆ। ਕੰਨੜ ਭਾਸ਼ਾਈ ਗਰੁਪਾਂ ਨੇ ਸ਼ਿਵ ਸੈਨਾ ਦੀਆਂ ਮੀਟਿੰਗਾਂ 'ਚ ਵਿਘਨ ਪਾਉਣਾ ਸ਼ੁਰੂ ਕਰ ਦਿੱਤਾ ਤੇ ਕਰਨਾਟਕ ਵਿਚ ਇਸ ਪਾਰਟੀ ਲਈ ਕੰਮ ਕਰਨਾ ਅਸੰਭਵ ਹੋ ਗਿਆ।'

ਮੁਥਾਲਿਕ ਨੂੰ ਸ਼ੱਕ ਹੈ ਕਿ ਇਹ ਸਾਰਾ ਕੁਝ ਸੰਘ ਪਰਿਵਾਰ ਵਲੋਂ ਕਰਨਾਟਕ ਵਿਚ ਕਿਸੇ ਹੋਰ ਹਿੰਦੂਤਵ ਪਾਰਟੀ ਦੇ ਜੜ੍ਹਾਂ ਲਾਉਣ ਨੂੰ ਰੋਕਣ ਲਈ ਗਿਣ-ਮਿਥ ਕੇ ਕੀਤਾ ਗਿਆ। 2006 ਵਿਚ ਕਰਨਾਟਕ ਵਿਚ ਸ਼ਿਵ ਸੈਨਾ ਦੀ ਤਕਦੀਰ ਨੂੰ ਮੋੜਾ ਲੱਗ ਗਿਆ ਅਤੇ ਮੁਥਾਲਿਕ ਨੇ ਆਪਣੇ ਸਾਰੇ ਸੱਜਣਾਂ ਤੇ ਜੋਟੀਦਾਰਾਂ ਸਮੇਤ ਪਾਰਟੀ ਨੂੰ ਅਲਵਿਦਾ ਕਹਿ ਦਿੱਤੀ। 'ਇਹ ਵੱਡਾ ਝਟਕਾ ਸੀ। ਮੈਂ ਮੁੜ ਸੋਚਣਾ ਸ਼ੁਰੂ ਕਰ ਦਿੱਤਾ ਕਿ ਆਪਣੀ ਪ੍ਰਸੰਗਿਕਤਾ ਕਿਵੇਂ ਬਰਕਰਾਰ ਰੱਖੀ ਜਾਵੇ।' ਉਸੇ ਸਾਲ ਉਸ ਨੇ ਨਵੀਂ ਸਿਆਸੀ ਪਾਰਟੀ 'ਰਾਸ਼ਟਰੀ ਹਿੰਦੂ ਸੈਨਾ' ਬਣਾਈ ਅਤੇ ਸ਼ੁਰੂ ਵਿਚ ਹੀ 'ਸ੍ਰੀ ਰਾਮ ਸੇਨੇ' ਨੂੰ ਟਰੱਸਟ ਦੇ ਤੌਰ 'ਤੇ ਰਜਿਸਟਰ ਕਰਵਾ ਲਿਆ।

---

ਦਿਲਚਸਪ ਗੱਲ ਇਹ ਵੀ ਹੈ ਕਿ ਸ੍ਰੀ ਰਾਮ ਸੇਨੇ ਬਣਾਉਣ ਦਾ ਵਿਚਾਰ ਮੁਥਾਲਿਕ ਦਾ ਨਹੀਂ ਸੀ। ਇਹ ਫੁਰਨਾ ਪਹਿਲਾਂ-ਪਹਿਲ ਉਸ ਦੇ ਮੰਗਲੌਰ ਵਾਲੇ ਲਫਟੈਨਾਂ ਦਾ ਸੀ ਜਿਨ੍ਹਾਂ ਨੇ ਉਸ ਨਾਲ 2005 ਵਿਚ ਬਜਰੰਗ ਦਲ ਛੱਡਿਆ ਸੀ। ਪਿਛੜੀਆਂ ਜਾਤੀਆਂ ਨਾਲ ਸਬੰਧਤ ਮੰਗਲੌਰ ਆਧਾਰਤ ਆਗੂਆਂ ਪ੍ਰਵੀਨ ਵਲਕੇ, ਅਰੁਣ ਕੁਮਾਰ ਪੁਟੀਲਾ, ਪ੍ਰਸਾਦ ਅਤਾਵਾਰ, ਆਨੰਦ ਸ਼ੈਟੀ, ਸੁਭਾਸ਼ ਪਾਡਿਲ ਅਤੇ ਹੋਰ ਕਈਆਂ ਨੇ ਤੱਟਵਰਤੀ ਕਰਨਾਟਕ ਨੂੰ ਭਗਵੇਂ ਰੰਗ ਵਿਚ ਰੰਗਣ ਵਿਚ ਕੇਂਦਰੀ ਭੂਮਿਕਾ ਨਿਭਾਈ ਸੀ। ਪ੍ਰਵੀਨ ਵਲਕੇ ਜੋ ਉਸ ਵਕਤ ਬਜਰੰਗ ਦਲ ਦਾ ਸੂਬਾ ਕਨਵੀਨਰ ਸੀ, ਦੱਸਦਾ ਹੈ, '2004 ਤੱਕ ਸਾਨੂੰ ਜਾਤ-ਪਾਤੀ ਲੀਹਾਂ 'ਤੇ ਬਹੁਤਾ ਵਿਤਕਰਾ ਮਹਿਸੂਸ ਨਹੀਂ

*(ਬਾਕੀ ਅਗਲੇ ਸਫੇ 'ਤੇ)*



ਸ੍ਰੀ ਰਾਮ ਸੈਨਾ ਦਾ ਆਗੂ ਪ੍ਰਮੋਦ ਮੁਥਾਲਿਕ।





ਸ੍ਰੀ ਰਾਮ ਸੈਨਾ ਦਾ ਲੋਗੋ।

# ਪੰਜਾਬੀ ਅਤੇ ਹਿੰਦੀ ਹੇਜ ਦਾ ਸੱਚ

ਸ਼ਾਇਦ ਝਗੜਾ ਜੀਵ ਦੀ ਮੁਢਲੀ ਪ੍ਰਕਿਰਤੀ ਹੋਵੇ। ਪਸ਼ੂ, ਪੰਛੀ ਤੇ ਕੀੜੇ-ਮਕੌੜੇ ਸਭ ਲੜਦੇ ਹਨ। ਝੱਖੜ ਝੁੱਲਦੇ ਹਨ ਤਾਂ ਵਨਸਪਤੀ ਖਹਿੰਦੀ ਹੈ। ਪਾਣੀਆਂ ਦੇ ਝਗੜੇ ਨੂੰ ਜਿਵੇਂ ਹੜ੍ਹ ਕਹਿੰਦੇ ਹੋਈਏ, ਜ਼ਮੀਨੀ ਝਗੜੇ ਦਾ ਨਾਂ ਭੁਚਾਲ ਹੋਵੇ ਤੇ ਕਾਇਨਾਤ ਦੇ ਭੇੜ ਦਾ ਨਾਂ ਪਰਲੋ।

ਝਗੜਾਲੂ ਬਿਰਤੀ ਨੂੰ ਜਾਂਗਲੀ ਬਿਰਤੀ ਮੰਨਿਆ ਜਾਂਦਾ ਹੈ ਤੇ ਝਗੜੇ ਤੋਂ ਪਰਹੇਜ਼ ਕਰਨ ਵਾਲੇ ਨੂੰ ਸੱਭਿਅਕ ਸਮਝਿਆ ਜਾਂਦਾ ਹੈ। ਕੁਝ ਵੀ ਹੋਵੇ, ਝਗੜਾ ਵਿਨਾਸ਼ ਦਾ ਮੂਲ ਹੈ। ਇਹ ਵੀ ਸੱਚ ਹੈ ਕਿ ਵਿਨਾਸ ਬਿਨਾ ਨਵੀਂ ਉਤਪਤੀ ਸੰਭਵ ਨਹੀਂ ਹੁੰਦੀ, "ਕਈ ਬਾਰ ਪਸਰਿਓ ਪਾਸਾਰ।"

ਜਿਵੇਂ ਸਾਂਖ ਸ਼ਾਸਤਰ ਵਿਚ ਪੁਰਸ਼ ਅਤੇ ਪ੍ਰਕਿਰਤੀ ਦਾ ਜੋੜਾ ਹੈ, ਇਵੇਂ ਹੀ ਪ੍ਰਕਿਰਤੀ ਤੇ ਸੰਸਕ੍ਰਿਤੀ ਦਾ ਜੋੜਾ ਹੈ। ਪੁਰਸ਼ ਕਹਿੰਦੇ ਹਨ ਪਰਮਾਤਮਾ ਨੂੰ, ਜੋ ਨਿਰਾਕਾਰ ਹੈ, ਜਿਸ ਦਾ ਜਾਗ੍ਰਿਤ ਰੂਪ ਪ੍ਰਕਿਰਤੀ ਹੈ; ਜਿਸ ਨੂੰ ਜਦ ਮਨੁਖ ਆਪਣੇ ਤਕਾਜ਼ੇ ਮੁਜ਼ਬ ਢਾਲ ਲੈਂਦਾ ਹੈ ਤਾਂ ਉਹੀ



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਪ੍ਰਕਿਰਤੀ ਸੰਸਕ੍ਰਿਤੀ ਦਾ ਰੂਪ ਵਟਾ ਲੈਂਦੀ ਹੈ।

ਆਰੀਆ ਲੋਕ ਇੱਥੇ ਆਏ ਤਾਂ ਮੂਲ ਨਿਵਾਸੀਆਂ ਨਾਲ ਮੇਲ ਅਤੇ ਭਿੜੰਤ ਪਿਛੋਂ ਉਨ੍ਹਾਂ ਦੀ ਭਾਸ਼ਾ ਵਿਚ ਬਦਲਾਉ ਆਉਣੇ ਕੁਦਰਤੀ ਸਨ। ਪਾਨਣੀ ਦੀ ਪ੍ਰਧਾਨਗੀ ਹੇਠ ਪੰਡਿਤਾਂ ਨੇ ਕਠਿਨ ਜੱਦੋਜਹਿਦ ਕਰਕੇ ਉਸ ਪ੍ਰਕਿਰਤਕ ਭਾਸ਼ਾ ਨੂੰ ਸੋਧ ਕੇ ਅਤੇ ਧੋ ਮਾਂਜ ਕੇ ਗੈਰਕੁਦਰਤੀ ਰੂਪ ਦੇ ਦਿੱਤਾ, ਜਿਸ ਨੂੰ ਉਨ੍ਹਾਂ ਨੇ ਸੰਸਕ੍ਰਿਤ ਦਾ ਨਾਂ ਦੇ ਦਿੱਤਾ; ਜੋ ਇਤਨੀ ਅਪ੍ਰਕਿਰਤਕ ਸੀ, ਜੋ ਕਦੀ ਵੀ ਕਿਸੇ ਦੀ ਮਾਤਭਾਸ਼ਾ ਨਹੀਂ ਸੀ। ਭਾਰਤ ਦਾ ਕੋਈ ਵੀ ਖਿੱਤਾ ਅਜਿਹਾ ਨਹੀਂ, ਜਿੱਥੋਂ ਦੇ ਲੋਕ ਕੁਦਰਤੀ ਰੂਪ ਵਿਚ ਕਦੀ ਵੀ ਸੰਸਕ੍ਰਿਤ ਬੋਲਦੇ ਹੋਣਗੇ।

ਵਿਦੇਸ਼ੀ ਹਮਲਾਵਰਾਂ ਕਾਰਨ ਇਕ ਵਾਰ ਫਿਰ ਭਾਰਤੀ ਲੋਕਾਂ ਦੀ ਬੋਲੀ ਵਿਚ ਤਬਦੀਲੀ ਹੋਈ ਕਿ ਵਿਦੇਸ਼ੀ ਮੇਲ-ਜੋਲ ਕਾਰਨ ਅਰਬੀ ਤੇ ਫਾਰਸੀ ਦੀ ਸ਼ਬਦਾਵਲੀ ਸਾਡੀਆਂ ਕੁਦਰਤੀ ਬੋਲੀਆਂ ਵਿਚ ਰਲਗੱਡ ਹੋਣ ਲੱਗ ਪਈ।

ਅਕਬਰ ਦੇ ਸੁਲਹਕੁਲ ਰਵੱਈਏ ਕਾਰਨ, ਭਗਤੀ ਲਹਿਰ ਦੇ ਪ੍ਰੇਮਾਭਾਵ ਅਤੇ ਗੁਰੂ ਸਾਹਿਬਾਨ ਦੀ ਸਾਂਝੀਵਾਲਤਾ ਭਰਪੂਰ ਮਿਲਵਰਤਣੀ ਲਹਿਰ ਸਦਕਾ ਭਾਰਤ ਵਿਚ ਇੱਕ ਸਾਂਝੀ ਭਾਸ਼ਾ ਨੇ ਜਨਮ ਲਿਆ, ਜਿਸ ਨੂੰ ਖੜ੍ਹੀ ਬੋਲੀ ਦਾ ਨਾਂ ਦਿੱਤਾ ਗਿਆ। ਵਿਦਵਾਨਾਂ ਨੇ ਅਜਿਹੇ ਗ੍ਰੰਥ ਰਚਣੇ ਅਰੰਭ ਕਰ ਦਿੱਤੇ, ਜਿਨ੍ਹਾਂ ਵਿਚ ਅਰਬੀ ਫਾਰਸੀ ਦੀ ਸ਼ਬਦਾਵਲੀ ਸਜਣ ਤੇ ਫੱਬਣ ਲੱਗ ਪਈ। ਦਸਮੇਸ਼ ਪਿਤਾ ਨੇ ਸੰਸਕ੍ਰਿਤ ਅਤੇ ਅਰਬੀ ਫਾਰਸੀ ਦੇ ਬੇਹੱਦ ਨਵੇਂ ਸਮਾਸ ਬਣਾਏ ਅਤੇ ਬਾਣੀ ਵਿਚ ਵਰਤੇ।

ਖੜ੍ਹੀ ਬੋਲੀ ਦਾ ਭਾਵ ਸਪਸ਼ਟ ਅਤੇ ਚੁਸਤ ਦਰੁਸਤ ਭਾਸ਼ਾ ਸਮਝਣਾ ਚਾਹੀਦਾ ਹੈ, ਜਿਸ ਵਿਚ ਕਾਵਿਕ ਮੁਗਾਲਤੇ ਦੀ ਗੁੰਜਾਇਸ਼ ਖਾਰਜ ਹੋ ਗਈ ਹੋਵੇ। ਅਜਿਹੀ ਭਾਸ਼ਾ ਵਾਰਤਕ ਸਾਹਿਤ ਲਈ ਬੜੀ ਹੀ ਗੁਣਕਾਰੀ ਸਮਝੀ ਜਾਂਦੀ ਹੈ ਤੇ ਆਮ ਗੱਲਬਾਤ ਵਿਚ ਵੀ ਬੜੀ ਸਹਾਈ ਹੁੰਦੀ ਹੈ। ਅੱਜ ਵੀ ਫਾਰਸੀ ਸ਼ਬਦਾਵਲੀ ਦੀ ਮਿਲਾਵਟ ਨਾਲ ਪੰਜਾਬੀ ਭਾਸ਼ਾ ਵਧੇਰੇ ਪ੍ਰਭਾਵਸ਼ਾਲੀ ਪ੍ਰਤੀਤ ਹੁੰਦੀ ਹੈ। ਅੰਗਰੇਜ਼ਾਂ ਦੇ ਆਉਣ ਸਮੇਂ ਖੜ੍ਹੀ ਬੋਲੀ ਹਿੰਦੁਸਤਾਨ ਵਿਚ ਪ੍ਰਚਲਿਤ ਸੀ; ਸ਼ਾਇਦ ਇਸੇ ਲਈ ਇਸ ਨੂੰ ਹਿੰਦੁਸਤਾਨੀ ਵੀ ਕਿਹਾ ਜਾਣ ਲੱਗ ਪਿਆ ਹੋਵੇ।

ਅੰਗਰੇਜ਼ਾਂ ਦੇ ਵਰਤੋਂ ਵਿਹਾਰ ਦਾ ਅੰਤਰੀਵ ਪ੍ਰਯੋਜਨ ਵਿਸ਼ਲੇਸ਼ਣੀ ਸੀ। ਇਸੇ ਲਈ ਲਾਲਾ ਹਰਦਿਆਲ ਨੇ ਅੰਗਰੇਜ਼ਾਂ ਦੀ ਵਿਦੇਸ਼ ਨੀਤੀ ਨੂੰ 'ਪਾੜੋ ਤੇ ਰਾਜ ਕਰੋ' ਲਿਖ ਕੇ ਗੱਲ ਮੁਕਾ ਦਿੱਤੀ ਸੀ। ਅੰਗਰੇਜ਼ ਲੋਕ ਭਾਰਤੀ ਲੋਕਾਂ ਦੇ ਆਪਸੀ ਵਖਰੇਵਿਆਂ ਨੂੰ ਪੱਕੇ ਕਰਨ ਵਿਚ ਲੱਗੇ ਰਹਿੰਦੇ ਸਨ। ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ, ਉਰਦੂ ਤੇ ਹਿੰਦੀ ਨੂੰ ਸ਼ਾਮਲ ਕਰਨ ਸਮੇਂ ਅੰਗਰੇਜ਼ਾਂ ਨੇ ਪੰਜਾਬੀ ਲਈ ਸਿੱਖ, ਉਰਦੂ ਲਈ ਮੁਸਲਮਾਨ ਅਤੇ ਹਿੰਦੀ ਲਈ ਹਿੰਦੂ ਪ੍ਰੋਫੈਸਰ ਭਰਤੀ ਕੀਤੇ। ਡਾ. ਮੋਹਣ ਸਿੰਘ ਦੀਵਾਨਾ ਉਰਦੂ ਵਿਚ ਪੀਐਚ. ਡੀ. ਸਨ, ਪਰ ਉਨ੍ਹਾਂ ਨੂੰ ਉਰਦੂ ਦੀ ਥਾਂ ਗੁਰਮੁਖੀ ਵਿਭਾਗ ਵਿਚ ਰੱਖਿਆ ਗਿਆ ਸੀ। ਪੰਜਾਬੀ ਵਿਭਾਗ ਦਾ ਮੁਢਲਾ ਨਾਂ ਗੁਰਮੁਖੀ ਵਿਭਾਗ ਸੀ। ਅੰਗਰੇਜ਼ਾਂ ਨੇ ਫੌਜ ਵਿਚ ਵੀ ਇਹ ਵਖਰੇਵੇਂ ਸਿਰਫ ਕਾਇਮ ਹੀ ਨਹੀਂ ਰੱਖੇ, ਸਗੋਂ ਮਜ਼ਬੂਤ ਕੀਤੇ।

ਆਪਣੇ ਅੰਗਰੇਜ਼ ਉਸਤਾਦ ਡਾ. ਗਿਲਕਰਾਇਸਟ ਦੀ ਪ੍ਰੇਰਨਾ ਅਧੀਨ ਪ੍ਰੋ. ਲੱਲੂ ਲਾਲ ਨੇ ਕਲਕੱਤੇ ਦੇ ਫੋਰਟ ਵਿਲੀਅਮ ਕਾਲਜ ਵਿਖੇ 1804 ਈਸਵੀ ਦੇ ਕਰੀਬ ਖੜ੍ਹੀ ਬੋਲੀ ਵਿਚੋਂ ਅਰਬੀ ਫਾਰਸੀ ਦੀ ਸ਼ਬਦਾਵਲੀ ਨੂੰ ਖਾਰਜ ਕਰਕੇ 'ਪ੍ਰੇਮਸਾਗਰ' ਗ੍ਰੰਥ ਦੀ ਵਾਰਤਕ ਰਚਨਾ ਕੀਤੀ। ਅਸਲ ਵਿਚ ਇਹ ਆਧੁਨਿਕ ਅਤੇ ਸਾਹਿਤਕ ਹਿੰਦੀ ਦਾ ਪਹਿਲਾ ਗ੍ਰੰਥ ਸੀ। ਇਸ ਤਰ੍ਹਾਂ ਅਪ੍ਰਕਿਰਤਕ ਭਾਸ਼ਾ ਦੀ ਰਚਨਾ ਹੋਈ, ਜਿਸ ਨੂੰ ਹਿੰਦੂ ਸਮਾਜ ਦੇ ਵੱਡੇ ਹਿੱਸੇ ਨੇ ਬੜੇ ਹੇਜ ਨਾਲ ਸਵੀਕਾਰ ਕਰ ਲਿਆ ਤੇ ਗਲੇ ਲਾ ਲਿਆ।

ਇਸ ਦੇ ਵਿਰੋਧ ਵਿਚ ਮੁਸਲਿਮ ਵਿਦਵਾਨਾਂ ਨੇ ਵੀ ਖੜ੍ਹੀ ਬੋਲੀ ਵਿਚੋਂ ਸੰਸਕ੍ਰਿਤ ਦੇ ਸ਼ਬਦ ਖਾਰਜ ਕਰਨੇ ਅਰੰਭ ਕਰ ਦਿੱਤੇ ਅਤੇ ਇਸ ਤਰ੍ਹਾਂ ਅਰਬੀ ਫਾਰਸੀ ਦੀ ਸ਼ਬਦਾਵਲੀ ਦੀ ਬਹੁਲਤਾ ਵਾਲੀ ਇਕ ਹੋਰ ਅਪ੍ਰਕਿਰਤਕ ਭਾਸ਼ਾ ਉਰਦੂ ਦਾ ਆਗਾਜ਼ ਹੋਇਆ।

ਹਿੰਦੂ ਸਮਾਜ ਵਿਚ ਦੋ ਸੱਭਿਆਚਾਰਕ ਵਿਚਾਰਧਾਰਾਵਾਂ ਮੁੱਢੋਂ ਚਲੀਆਂ ਆਉਂਦੀਆਂ ਹਨ; ਅਦਵੈਤਵਾਦੀ ਸਗਲੀ ਖਲਕਤ ਨੂੰ ਬ੍ਰਹਮਸਰੂਪ ਤੇ ਸਮਾਨ ਮੰਨਦੇ ਹਨ ਅਤੇ ਦਵੈਤਵਾਦੀ ਲੋਕ ਬ੍ਰਹਮ ਤੇ ਜੀਵ ਵਿਚ ਭਿੰਨਤਾ, ਉਚ ਨੀਚ ਅਤੇ ਵੱਖਵਾਦ ਵਿਚ ਵਿਸ਼ਵਾਸ ਰੱਖਦੇ ਹਨ।

ਇਸੇ ਤਰ੍ਹਾਂ ਇਸਲਾਮ ਵਿਚ ਵੀ ਵਾਹਿਦਤੁਲਵਜੂਦ ਵਾਲੇ ਲੋਕ ਕਾਦਰ ਅਤੇ ਕੁਦਰਤ ਨੂੰ ਸਮਰੂਪ ਅਨੁਮਾਨਦੇ ਹਨ ਅਤੇ ਵਾਹਿਦਤੁਲਸ਼ਹੂਦ ਵਾਲੇ ਕਾਦਰ ਅਤੇ ਕੁਦਰਤ ਵਿਚ ਫਰਕ ਮੰਨਦੇ ਹਨ।

ਦੋਹਾਂ ਸਮਾਜਾਂ ਵਿਚ ਰਾਜਸੀ ਚੜ੍ਹਤ ਹਮੇਸ਼ਾ ਉਚ-ਨੀਚ ਅਤੇ ਵੱਖਵਾਦ ਨੂੰ ਮੰਨਣ ਵਾਲਿਆਂ ਦੀ ਰਹੀ ਹੈ। ਇਸ ਲਈ ਹਿੰਦੂ ਅਤੇ ਇਸਲਾਮੀ ਸਮਾਜ ਵਿਚ ਵਿਪਰੀਤ ਵਿਚਾਰਧਾਰਾਈ ਸੰਪਰਦਾਵਾਂ ਵਿਚ ਸਮਾਨਤਾ ਜਾਂ ਸੁਮੇਲ ਦੀ ਚੇਸ਼ਟਾ ਰੱਖਣ ਵਾਲਿਆਂ ਨੂੰ ਬੇਹੱਦ ਘ੍ਰਿਣਾ ਦੇ ਪਾਤਰ ਮੰਨਿਆ ਜਾਂਦਾ ਰਿਹਾ ਹੈ। ਸੁਲਹਕੁਲ ਤੇ ਸਾਂਝੀਵਾਲਤਾ ਵਾਲੇ ਲੋਕ ਹਮੇਸ਼ਾ ਬੇਅਸਰ ਜਿਹੇ ਰਹੇ ਹਨ। ਹਿੰਦੀ ਅਤੇ ਉਰਦੂ ਦਾ ਵਿਆਕਰਣ ਇੱਕੋ ਹੈ, ਸਿਰਫ ਸ਼ਬਦਾਵਲੀ ਵੱਖਰੀ ਹੈ।

ਭਾਰਤ ਵਾਲੇ ਦਿੱਲੀ ਤੋਂ ਹਿੰਦੀ ਪਰਮੋਟ ਕਰ ਰਹੇ ਹਨ ਤੇ ਪਾਕਿਸਤਾਨੀ ਉਰਦੂ ਭਾਸ਼ਾ ਨੂੰ। ਹਿੰਦੀ ਅਤੇ ਉਰਦੂ ਦਰਮਿਆਨ ਪੰਜਾਬੀ ਅਜਿਹੀ ਭਾਸ਼ਾ ਹੈ, ਜਿਸ ਨੂੰ ਹਿੰਦੂ ਤੁਰਕ ਕੀ ਕਾਣ ਮੇਟਣ ਲਈ ਸਾਂਝੀਵਾਲਤਾ ਦੀ ਗੁੜ੍ਹਤੀ ਧੁਰੋਂ ਮਿਲੀ ਹੋਈ ਹੈ। ਪੰਜਾਬੀ ਭਾਸ਼ਾ ਸੰਸਕ੍ਰਿਤ ਅਤੇ ਅਰਬੀ ਫਾਰਸੀ ਦਾ ਸੰਗਮ ਹੈ। ਰਾਜਸੀ ਹਿੰਦੂ ਸਮਾਜ ਇਸ ਪਵਿੱਤਰ ਸੰਗਮ ਨੂੰ ਸੰਕਰ ਅਰਥਾਤ ਵਿਰੋਧ ਦੀ ਨਜ਼ਰ ਨਾਲ ਦੇਖਦਾ ਹੈ। ਉਹ ਭੁੱਲ ਜਾਂਦਾ ਹੈ ਕਿ ਪਰਾਗ ਵਿਖੇ ਸਿਤਾ ਅਸਿਤਾ, ਕਾਲੀ ਅਤੇ ਚਿੱਟੀ ਨਦੀ ਦਾ ਸੰਗਮ ਭਾਰਤ ਦਾ ਮਹਾਨ ਤੀਰਥ-ਸਥਾਨ ਹੈ। ਹਾਇਬ੍ਰੈਡਟੀ ਦੋਗਲਾਪਨ ਹੀ ਨਹੀਂ, ਸੰਗਮ ਵੀ ਹੋ ਸਕਦੀ ਹੈ।

ਅੱਜ ਵੀ ਪੰਜਾਬੀ ਵਿਚ ਵਿਪਰੀਤ ਭਾਸ਼ਾਵਾਂ ਦੇ ਸਮਾਸਾਂ ਦੀ ਭਰਮਾਰ ਹੈ। ਇਹ ਪੰਜਾਬੀ ਦਾ ਹੁਸੀਨ ਖਾਸਾ ਹੈ; ਇਸ ਬਿਨਾ ਕੋਈ ਵੀ ਭਾਸ਼ਾ ਸੰਕੀਰਨਤਾ ਅਤੇ ਸਾੜੇ ਦੀ ਭੱਠੀ ਵਿਚ ਰਿੱਝਣ ਜੋਗੀ ਰਹਿ ਜਾਂਦੀ ਹੈ।

ਜੇ ਹਿੰਦੁਸਤਾਨ ਨੇ ਜਲੌ ਨਾਲ ਜੀਣਾ ਹੈ ਤਾਂ ਉਸ ਨੂੰ ਅਪ੍ਰਕਿਰਤਕ ਹਿੰਦੀ ਦੀ ਥਾਂ ਤਕੜੇ ਹਾਜ਼ਮੇ ਅਤੇ ਸਾਂਝੀਵਾਲਤਾ ਦੀ ਤਸੀਰ ਵਾਲੀ ਭਾਸ਼ਾ ਅਪਨਾਉਣੀ ਪਵੇਗੀ। ਹਿੰਦੁਸਤਾਨ ਦੀ ਅਖੰਡਤਾ ਨੂੰ ਸਭ ਤੋਂ ਵੱਧ ਖਤਰਾ ਗਿਲਕਰਾਈਸਟ ਦੇ ਪ੍ਰਭਾਵ ਅਤੇ ਪ੍ਰੋ. ਲੱਲੂ ਲਾਲ ਦੀ ਸੰਕੀਰਨਤਾ ਤੋਂ ਹੈ। ਮੋਕਲੀ ਸੋਚ ਅਤੇ ਵਿਹਾਰ ਜ਼ਮਾਨੇ ਨੂੰ ਅੱਗੇ ਤੋਰਦੇ ਹਨ ਤੇ ਸਾਂਝੇ ਮਾਹੌਲ ਦੀ ਸਿਰਜਣਾ ਕਰਦੇ ਹਨ। ਤੰਗ ਨਜ਼ਰ ਜ਼ਮਾਨੇ ਨੂੰ ਖੁਆਰੀ ਦੇ ਖੂਹ ਵੱਲ ਲੈ ਜਾਂਦੀ ਹੈ ਤੇ ਖੁਦਕੁਸ਼ੀ ਦਾ ਕਾਰਨ ਬਣਦੀ ਹੈ।

ਪੰਜਾਬੀਆਂ ਨੂੰ ਕੁਦਰਤ ਦੇ ਇਸ ਨੇਮ ਤੋਂ ਜਾਣੂੰ ਹੋਣਾ ਚਾਹੀਦਾ ਹੈ ਕਿ ਜੇ ਅਸੀਂ ਵੀ ਪੰਜਾਬੀ ਨੂੰ ਚੰਦ ਜਿਲਿਆਂ ਤੱਕ ਸੀਮਤ ਕਰਾਂਗੇ ਤਾਂ ਸਾਡੀ ਭਾਸ਼ਾ ਵੀ ਸਾਹ-ਘੋਟੂ ਜਿਹੀ ਕਿਸੇ ਬਿਮਾਰੀ ਦੀ ਸ਼ਿਕਾਰ ਹੋ ਕੇ ਦਮ ਤੋੜ ਦੇਵੇਗੀ। ਦਿਲਾਂ ਦੇ ਬੰਦ ਦਰਵਾਜੇ ਝਗੜਿਆਂ ਨੂੰ ਹੀ ਜਨਮ ਦਿੰਦੇ ਹਨ।

ਆਧੁਨਿਕ ਭਾਰਤੀ ਭਾਸ਼ਾਵਾਂ ਸੰਸਕ੍ਰਿਤ ਨੂੰ ਅਲਵਿਦਾ ਆਖ ਕੇ ਅੱਗੇ ਵਧੀਆਂ, ਜਿਨ੍ਹਾਂ ਨੂੰ ਕਬੀਰ ਸਾਹਿਬ ਨੇ ਨਦੀਆਂ ਦੇ ਵਗਦੇ ਨਿਰਮਲ ਜਲ ਦਾ ਨਾਂ ਦਿੱਤਾ ਤੇ ਸੰਸਕ੍ਰਿਤ ਨੂੰ 'ਕੂਪ ਜਲ' ਅਰਥਾਤ 'ਖੂਹ ਦਾ ਪਾਣੀ' ਆਖਿਆ। ਸੱਚ ਇਹ ਹੈ ਕਿ ਹਿੰਦੀ ਦਾ ਮੂੰਹ ਅੱਜ ਵੀ ਸੰਸਕ੍ਰਿਤ ਵੱਲ ਹੈ, ਜਦਕਿ ਬਾਕੀ ਸਾਰੀਆਂ ਆਧੁਨਿਕ ਅਤੇ ਕੁਦਰਤੀ ਭਾਰਤੀ ਭਾਸ਼ਾਵਾਂ ਦਾ ਰੁਖ ਸਾਂਝੀਵਾਲਤਾ ਵਲ ਹੈ। ਸੰਸਕ੍ਰਿਤ ਅਤੇ ਹਿੰਦੀ ਕਦੀ ਵੀ ਅਤੇ ਕਿਸੇ ਵੀ ਖੇਤਰ ਦੇ ਲੋਕਾਂ ਦੀ ਆਮ ਬੋਲ-ਚਾਲ ਦੀਆਂ ਭਾਸ਼ਾਵਾਂ ਨਹੀਂ ਰਹੀਆਂ। ਹਿੰਦੀ ਦੀ ਨਿਸਬਤ ਪੰਜਾਬੀ ਭਾਸ਼ਾ ਦਾ ਖੇਤਰ ਬੇਹੱਦ ਵਿਸ਼ਾਲ ਹੈ, ਜਿਸ ਦਾ ਜ਼ਿਕਰ ਲਾਲਾ ਧਨੀਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਪੰਜਾਬ' ਵਿਚ ਇੰਜ ਕੀਤਾ ਹੈ,

ਸ਼ਿਮਲਾ, ਡਲਹੌਜ਼ੀ, ਮਰੀ ਤਿਰੇ,<br>
ਕਸ਼ਮੀਰ ਤਿਰਾ, ਗੁਲਮਰਗ ਤਿਰਾ;<br>
ਦਿਲੀ ਤੇਰੀ, ਲਾਹੌਰ ਤਿਰਾ,<br>
ਅੰਮ੍ਰਿਤਸਰ ਸੋਹੇ ਸਵਰਗ ਤਿਰਾ।

ਭਾਸ਼ਾ ਵਿਗਿਆਨੀ ਡਾ. ਹਰਕੀਰਤ ਸਿੰਘ ਨੇ ਪੰਜਾਬੀ ਦੀਆਂ ਕੁਦਰਤਨ ਉਪ ਭਾਸ਼ਾਵਾਂ ਦੀ ਸੁਚੱਜੀ ਨਿਸ਼ਾਨਦੇਹੀ ਕੀਤੀ ਹੈ। ਉਨ੍ਹਾਂ ਆਪਣੀ ਪੁਸਤਕ 'ਸਾਡੀ ਭਾਸ਼ਾ' ਵਿਚ ਉਪ ਭਾਸ਼ਾ ਤੇ ਉਪ ਬੋਲੀ ਵਿਚ ਫਰਕ ਕੀਤਾ। ਉਨ੍ਹਾਂ ਨੇ ਉਪ ਭਾਸ਼ਾ ਲਈ 'ਡਾਇਲੈਕਟ' ਅਤੇ ਉਪ ਬੋਲੀ ਲਈ 'ਸਬਡਾਇਲੈਕਟ' ਸ਼ਬਦ ਇਸਤੇਮਾਲ ਕੀਤਾ। ਲਿਹਾਜ਼ਾ ਉਨ੍ਹਾਂ ਨੇ ਪੰਜਾਬੀ ਦੀਆ ਤਿੰਨ ਉਪ ਭਾਸ਼ਾਵਾਂ ਅਤੇ ਦਸ ਉਪਬੋਲੀਆਂ ਮੰਨੀਆਂ ਹਨ:

**ਪੂਰਬੀ ਪੰਜਾਬੀ:** ਜਿਸ ਦੀਆਂ ਉਪ ਬੋਲੀਆਂ ਮਾਝੀ, ਮਲਵਈ ਤੇ ਪੁਆਧੀ ਹਨ।

**ਲਹਿੰਦੀ ਪੰਜਾਬੀ:** ਜਿਸ ਦੀਆਂ ਉਪ ਬੋਲੀਆਂ ਮੁਲਤਾਨੀ, ਪੋਠੋਹਾਰੀ ਤੇ ਹਿੰਦਕੋ ਹਨ।

**ਡੋਗਰੀ ਪੰਜਾਬੀ:** ਜਿਸ ਦੀਆਂ ਉਪ ਬੋਲੀਆਂ ਕਾਂਗੜੀ, ਭਟਿਆਲੀ, ਜੰਮੂਆਲੀ ਤੇ ਪੁਣਛੀ ਹਨ।

ਇਸ ਤੋਂ ਵੀ ਅੱਗੇ ਈਡੀਓਲੈਕਟ ਹੁੰਦੀ ਹੈ, ਜੋ ਹਰ ਬੰਦੇ ਦੀ ਅਲਹਿਦਾ ਹੁੰਦੀ ਹੈ, ਜਿਨ੍ਹਾਂ ਦੀ ਗਿਣਤੀ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਇੱਕੋ ਘਰ ਵਿਚ ਰਹਿਣ ਵਾਲੇ ਜੀਆਂ ਦੇ ਉਚਾਰਣ ਵੀ ਅਲੱਗ ਹੁੰਦੇ ਹਨ। ਇੱਥੋਂ ਤੱਕ ਕਿ ਇੱਕੋ ਮਨੁੱਖ ਦੀ ਜ਼ਿੰਦਗੀ ਦੇ ਪੜਾਵਾਂ ਦੇ ਉਚਾਰਣ ਵੀ ਬਦਲਦੇ ਰਹਿੰਦੇ ਹਨ। ਕੋਈ ਵਿਅਕਤੀ ਕਿਸੇ ਸ਼ਬਦ ਨੂੰ ਬਚਪਨ ਵਿਚ ਹੋਰ ਤਰ੍ਹਾਂ ਉਚਾਰਦਾ ਹੈ, ਜਵਾਨੀ ਵਿਚ ਹੋਰ ਤਰ੍ਹਾਂ, ਅਧਖੜ ਉਮਰ 'ਚ ਹੋਰ ਤੇ ਬੁਢੇਪੇ 'ਚ ਹੋਰ ਤਰ੍ਹਾਂ।

ਭਾਸ਼ਾ ਦੇ ਪਛਾਣ ਚਿੰਨ ਸਬੰਧਕ ਅਤੇ ਕ੍ਰਿਆ ਰੂਪ ਹੁੰਦੇ ਹਨ। ਪੰਜਾਬ ਵਿਚ 'ਦਾ', 'ਦੀ' ਅਤੇ 'ਕਾ', 'ਕੀ'-ਦੋਵੇਂ ਪ੍ਰਚਲਿਤ ਹਨ। ਅਸੀਂ ਕਿਸੇ ਨੂੰ 'ਰਾਮੇ ਕੇ, ਸ਼ਾਮੇ ਕੇ' ਆਖ ਦਿੰਦੇ ਹਾਂ। ਕਈ ਅਨਾੜੀ ਲੋਕ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਵਿਚਲੇ 'ਕਾ' ਨੂੰ 'ਦਾ' ਅਤੇ 'ਕੀ' ਨੂੰ 'ਦੀ' ਕਰ ਦਿੰਦੇ ਹਨ, ਜੋ ਕੰਨਾਂ ਵਿਚ ਕਚਿਆਣ ਜਿਹੀ ਭਰ ਦਿੰਦਾ ਹੈ। ਜਗਰਾਤੇ ਵਾਲੇ 'ਜੈ ਮਾਤਾ ਦੀ' ਨੂੰ ਅਗਰ 'ਜੈ ਮਾਤਾ ਕੀ' ਆਖ ਦੇਣ ਤਾਂ ਅਵੱਗਿਆ ਜਿਹੀ ਲੱਗਦੀ ਹੈ।

ਭਾਸ਼ਾ ਦਾ ਇੱਕ ਰੂਪ ਬੋਲਿਆ ਜਾਂਦਾ ਹੈ ਤੇ ਦੂਜਾ ਅੱਖਰਾਂ ਵਿਚ ਲਿਖਿਆ ਜਾਂਦਾ ਹੈ, ਜਿਸ ਨੂੰ ਲਿਪੀ ਕਹਿੰਦੇ ਹਨ। ਲਿਪੀਆਂ ਤਿੰਨ ਤਰ੍ਹਾਂ ਦੀਆਂ ਹਨ-ਅਲਫਾਬੈਟਿਕ, ਪਿਕਟੋਰੀਅਲ ਤੇ ਸਿਲੇਬਰੀ। ਅਲਫਾਬੈਟਿਕ ਲਿਪੀਆਂ ਉਹ ਹਨ, ਜਿਨ੍ਹਾਂ ਦੇ ਅੱਖਰ ਕੇਵਲ ਇੱਕ ਧੁਨੀ ਨੂੰ ਪੇਸ਼ ਕਰਦੇ ਹਨ। ਪਿਕਟੋਰੀਅਲ ਲਿਪੀ ਉਹ ਹੈ, ਜਿੱਥੇ ਕੋਈ ਵੀ ਅੱਖਰ ਇਕ ਚਿੱਤਰ ਹੁੰਦਾ ਹੈ, ਜੋ ਕਿਸੇ ਧੁਨੀ ਨੂੰ ਨਹੀਂ, ਸਗੋਂ ਵਿਸ਼ੇਸ਼ ਅਰਥ ਨੂੰ ਪੇਸ਼ ਕਰਦਾ ਹੈ। ਸਿਲੇਬਰੀ ਲਿਪੀ ਵਿਚ ਕੋਈ ਅੱਖਰ ਧੁਨੀ ਨੂੰ ਨਹੀਂ, ਸ਼ਬਦਾਂਸ਼ ਨੂੰ ਪੇਸ਼ ਕਰਦਾ ਹੈ।

ਇਸ ਨੁਕਤੇ ਤੋਂ ਦੇਵਨਾਗਰੀ ਅਰਧ-ਸਿਲੇਬਰੀ ਲਿਪੀ ਹੈ, ਜਿਸ ਵਿਚ ਇੱਕ ਅੱਖਰ ਇਕ ਤੋਂ ਵਧੀਕ ਧੁਨੀਆਂ ਜਾਂ ਸ਼ਬਦਾਂਸ਼ ਲਈ ਨਿਸ਼ਚਿਤ ਹੁੰਦਾ ਹੈ। ਇਸ ਪੱਖ ਤੋਂ ਦੇਵਨਾਗਰੀ ਲਿਪੀ ਅਵਿਗਿਆਨਕ ਕਹੀ ਜਾਂਦੀ ਹੈ।

ਕਿਸੇ ਵੀ ਸੱਭਿਆਚਾਰ ਵਿਚ ਧੁਨੀਆਤਮਕ ਤਬਦੀਲੀ ਹੁੰਦੀ ਰਹਿੰਦੀ ਹੈ। ਭਗਤ ਤੁਲਸੀਦਾਸ ਅਤੇ ਸੂਰਦਾਸ ਦੇ ਸਮੇਂ ਸੰਸਕ੍ਰਿਤ ਦੀਆਂ ਕਈ ਧੁਨੀਆਂ ਦੀ ਹੋਂਦ ਖਤਮ ਹੋ ਚੁਕੀ ਸੀ। ਬੇਸ਼ੱਕ ਦੇਵਨਾਗਰੀ ਵਿਚ 'ਸ਼' ਲਈ ਦੋ ਅੱਖਰ ਨਿਸ਼ਚਿਤ ਸਨ, ਪਰ ਉਸ ਵੇਲੇ 'ਸ਼' ਦੀ ਧੁਨੀ ਅਲੋਪ ਹੋ ਚੁਕੀ ਸੀ। ਸੂਰਦਾਸ ਨੇ 'ਸੁਰਸਾਗਰ' ਵਿਚ ਸ਼ਬਦ ਨੂੰ 'ਸਬਦ' ਲਿਖਿਆ। ਤੁਲਸੀਦਾਸ ਨੇ 'ਰਮਾਇਣ' ਵਿਚ ਸ਼ੂਦਰ ਨੂੰ 'ਸੂਦਰ' ਅਤੇ ਪਸ਼ੂ ਨੂੰ 'ਪਸੂ' ਲਿਖਿਆ। ਅਚਾਰੀਆ ਰਜਨੀਸ਼ 'ਸ਼' ਦੀ ਧੁਨੀ ਵਾਲੇ ਸ਼ਬਦਾਂ ਨੂੰ 'ਸ' ਕਰਕੇ ਬੋਲਦੇ ਸਨ। ਅੱਜ ਵੀ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ 'ਸ਼' ਨੂੰ 'ਸ' ਬੋਲਿਆ ਜਾਂਦਾ ਹੈ। ਕਨ੍ਹੱਈਆ ਕੁਮਾਰ ਵੀ ਸ਼ਾਸਤਰੀ ਨੂੰ 'ਸਾਸਤਰੀ' ਬੋਲਦਾ ਹੈ। ਇਹ ਹਿੰਦੀ ਨਹੀਂ ਹੈ। ਹਿੰਦੀ ਸਿਰਫ ਰੇਡੀਓ 'ਤੇ ਬੋਲੀ ਜਾਂਦੀ ਹੈ ਜਾਂ ਫਿਰ ਪੜ੍ਹੇ-ਲਿਖੇ ਲੋਕ ਸਿਆਸੀ ਚੇਤਨਾ ਅਧੀਨ ਬੋਲਦੇ ਹਨ; ਉਨ੍ਹਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਬੋਲਣਾ ਅਨਪੜ੍ਹਤਾ ਲੱਗਦਾ ਹੈ।

ਗੁਰੂ ਸਾਹਿਬਾਨ ਦੇ ਸਮੇਂ ਪੰਜਾਬ ਵਿਚ ਕੇਵਲ ਪੈਂਤੀ ਧੁਨੀਆਂ ਸਨ। ਇੱਕ ਧੁਨੀ ਲਈ ਇੱਕ ਅੱਖਰ ਦੇ ਹਿਸਾਬ ਪੈਂਤੀ ਅੱਖਰ ਰੱਖੇ ਗਏ। ਗੁਰਮੁਖੀ ਨੂੰ ਪੈਂਤੀ ਵੀ ਕਹਿੰਦੇ ਹਨ। ਪੈਂਤੀ ਧੁਨੀਆਂ, ਪੈਂਤੀ ਅੱਖਰ ਅਤੇ ਪੈਂਤੀ ਨਾਂ। ਇਸੇ ਕਰਕੇ ਗੁਰਮੁਖੀ ਲਿਪੀ ਦੇਵਨਾਗਰੀ ਵਾਲੇ ਸੈਮੀ ਸਿਲੇਬਰੀ ਦੋਸ਼ ਤੋਂ ਮੁਕਤ ਹੈ।

ਭਾਸ਼ਾ ਦਾ ਸਬੰਧ ਸੱਭਿਆਚਾਰ ਨਾਲ ਹੈ। ਰਾਜਨੀਤੀ ਅਤੇ ਧਰਮ ਦੀ ਆੜ ਹੇਠ ਇਸ ਨੂੰ ਦਬੇਲ ਬਣਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪੰਜਾਬੀ ਭਾਸ਼ਾ ਧਰਤੀ ਦੇ ਵਿਸ਼ਾਲ ਖੇਤਰਾਂ ਤੱਕ ਫੈਲੀ ਹੋਈ ਹੈ। ਕਿਸੇ ਪ੍ਰਕਿਰਤਕ ਅਤੇ ਕੁਦਰਤੀ ਭਾਸ਼ਾ ਨੂੰ ਅਪ੍ਰਕਿਰਤਕ ਭਾਸ਼ਾ ਦੀਆਂ ਧਮਕੀਆਂ ਮਿਲਣੀਆਂ ਦੇਸ਼ ਦੇ ਹਿਤ ਵਿਚ ਨਹੀਂ ਹਨ।

# ਸ੍ਰੀ ਰਾਮ ਸੈਨਾ

*(ਪਿਛਲੇ ਸਫੇ ਦੀ ਬਾਕੀ)*

ਹੋਇਆ ਸੀ ਲੇਕਿਨ ਉਸ ਸਾਲ ਅਸੈਂਬਲੀ ਚੋਣਾਂ ਦੇ ਨਤੀਜੇ ਆਉਣ 'ਤੇ ਉਨ੍ਹਾਂ ਨੂੰ ਲੱਗਿਆ ਕਿ ਕੰਮ ਨੇਪਰੇ ਚੜ੍ਹ ਗਿਆ ਹੈ। ਜਥੇਬੰਦੀ ਅੰਦਰ ਜਾਤੀ ਸਾਡੇ ਲਈ ਵੱਡੀ ਰੁਕਾਵਟ ਬਣ ਗਈ ਜਿਥੇ ਅਹਿਮ ਅਹੁਦੇ ਬ੍ਰਾਹਮਣਾਂ ਲਈ ਰਾਖਵੇਂ ਹਨ। ਤੁਹਾਨੂੰ ਸੰਘ ਵਿਚ ਇਸ ਬਾਰੇ ਕੋਈ ਵੀ ਨਹੀਂ ਦੱਸੇਗਾ ਲੇਕਿਨ ਉਥੇ ਸਾਰਾ ਕੁਝ ਬ੍ਰਾਹਮਣਾਂ ਦੇ ਲਾਭ ਲਈ ਕੀਤਾ ਜਾਂਦਾ ਹੈ। ਨੀਵੀਂ ਜਾਤੀ ਦੇ ਲੋਕਾਂ ਨੂੰ ਹੇਠਲੇ ਪੱਧਰ ਦੇ ਕੰਮ ਕਰਨੇ ਪੈਂਦੇ ਹਨ ਜਿਨ੍ਹਾਂ ਨੂੰ ਤੁਸੀ ਮਾੜੇ ਕੰਮ ਕਹਿ ਸਕਦੇ ਹੋ, ਜਿਵੇਂ ਗਲੀਆਂ ਵਿਚ ਲੜਾਈ-ਝਗੜੇ ਕਰਨਾ।'

ਪ੍ਰਵੀਨ ਵਲਕੇ ਨੇ ਬਜਰੰਗ ਦਲ ਵਿਚ ਆਪਣਾ ਕੰਮ ਮੁਥਾਲਿਕ ਦੇ ਨਾਲ ਹੀ ਸ਼ੁਰੂ ਕੀਤਾ ਸੀ। 1994 ਵਿਚ ਕਰਨਾਟਕ ਵਿਚ ਬਜਰੰਗ ਦਲ ਦਾ ਚਾਰਜ ਸੰਭਾਲਦੇ ਸਾਰ ਉਸ ਨੇ ਵਲਕੇ ਨੂੰ ਮੰਗਲੌਰ ਦਾ ਕਨਵੀਨਰ ਬਣਾ ਦਿੱਤਾ। ਵਲਕੇ ਜੋ ਵੈਸ਼ ਜਾਤੀ ਦਾ ਹੈ, ਨੇ ਦੱਸਿਆ, 'ਉਸੇ ਸਾਲ ਹਾਂਪੀ ਵਿਚ ਮੀਟਿੰਗ ਹੋਈ ਜਿਸ ਵਿਚ ਕਰਨਾਟਕ ਵਿਚ ਬਜਰੰਗ ਦਲ ਨੂੰ ਜਥੇਬੰਦ ਕਰਨ ਦੀਆਂ ਜਿੰਮੇਵਾਰੀਆਂ ਸੌਂਪੀਆਂ ਗਈਆਂ। ਮੈਨੂੰ ਮੰਗਲੌਰ ਦੀ ਜ਼ਿੰਮੇਵਾਰੀ ਸੌਂਪੀ ਗਈ।' ਬਹੁਤ ਹੀ ਥੋੜ੍ਹੇ ਸਮੇਂ ਵਿਚ ਵਲਕੇ ਨੇ ਸਥਾਨਕ ਆਗੂਆਂ ਦਾ ਅਜਿਹਾ ਤਾਣਾ-ਬਾਣਾ ਸਥਾਪਤ ਕੀਤਾ ਕਿ ਮੰਗਲੌਰ ਅਤੇ ਨੇੜੇ-ਤੇੜੇ ਕਾਰਕੁਨਾਂ ਦੀਆਂ ਜੜ੍ਹਾਂ ਲੱਗ ਗਈਆਂ ਅਤੇ ਹੌਲੀ-ਹੌਲੀ ਦੱਖਣੀ ਕਰਨਾਟਕ ਜੋ ਕਿਸੇ ਵੇਲੇ ਕਾਂਗਰਸ ਦਾ ਆਧਾਰ ਇਲਾਕਾ ਸੀ, ਮਜ਼ਬੂਤ ਭਗਵਾਂ ਗੜ੍ਹ ਬਣ ਗਿਆ।

ਵਲਕੇ ਅਗਾਂਹ ਕਹਿੰਦਾ ਹੈ, 'ਜਿਉਂ-ਜਿਉਂ ਸਾਡੀ ਤਾਕਤ ਵਧਦੀ ਗਈ, ਸਾਨੂੰ ਇਹ ਵੀ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਕਿ ਸਾਡੀ ਪਿਛੜੀ ਜਾਤੀ ਕਾਰਨ ਸਾਨੂੰ ਸਾਡਾ ਬਣਦਾ ਹੱਕ ਨਹੀਂ ਮਿਲ ਰਿਹਾ। ਸਾਨੂੰ ਆਰ. ਐਸ. ਐਸ. ਦੇ ਬ੍ਰਾਹਮਣ ਆਗੂਆਂ ਦੇ ਦਿਲ-ਤੋੜੂ ਰਵੱਈਏ ਦਾ ਸ਼ਿਕਾਰ ਹੋਣਾ ਪੈ ਰਿਹਾ ਸੀ। ਲਿਹਾਜ਼ਾ, ਜਦੋਂ ਮੁਥਾਲਿਕ ਨੇ 2005 ਵਿਚ ਮੈਨੂੰ ਆਰ. ਐਸ. ਐਸ. ਛੱਡਣ ਬਾਰੇ ਦੱਸਿਆ, ਅਸੀਂ ਸਾਰੇ ਬਜਰੰਗ ਦਲ ਛੱਡ ਕੇ ਉਸ ਦੇ ਨਾਲ ਹੋ ਗਏ।' ਕੁਝ ਸਮੇਂ ਲਈ ਵਲਕੇ ਅਤੇ ਉਸ ਦੇ ਸਾਥੀ ਸ਼ਿਵ ਸੈਨਾ ਦੇ ਮੈਂਬਰ ਵੀ ਰਹੇ ਲੇਕਿਨ ਮੁਥਾਲਿਕ ਦੇ ਨਾਲ ਹੀ ਉਨ੍ਹਾਂ ਨੇ ਵੀ ਇਸ ਜਥੇਬੰਦੀ ਨੂੰ ਅਲਵਿਦਾ ਕਹਿ ਦਿੱਤੀ। ਜਦੋਂ ਮੁਥਾਲਿਕ ਨੇ ਰਾਸ਼ਟਰੀ ਹਿੰਦੂ ਸੈਨਾ ਬਣਾਈ ਤਾਂ ਉਹ ਝਿਜਕਦੇ ਝਿਜਕਦੇ ਉਸ ਵਿਚ ਸ਼ਾਮਲ ਹੋ ਗਏ, ਕਿਉਂਕਿ ਉਹ ਨਹੀਂ ਸੀ ਚਾਹੁੰਦੇ ਕਿ ਕਿਸੇ ਸਿਆਸੀ ਪਾਰਟੀ ਦਾ ਹਿੱਸਾ ਬਣਿਆ ਜਾਵੇ।

ਵਲਕੇ ਉਸ ਵਕਤ ਨੂੰ ਚੇਤੇ ਕਰਦਿਆਂ ਦੱਸਦਾ ਹੈ, '2006 ਵਿਚ ਮੰਗਲੌਰ ਦੇ ਸਾਰੇ ਸਾਥੀਆਂ ਨੇ ਮੇਰੇ ਘਰ ਪੂਰਾ ਦਿਨ ਮੀਟਿੰਗ ਕੀਤੀ ਅਤੇ ਬਜਰੰਗ ਦਲ ਵਰਗੀ ਜਥੇਬੰਦੀ ਬਣਾਉਣ ਦਾ ਫੈਸਲਾ ਕੀਤਾ। ਅਰੁਨ ਪੁਟੀਲਾ ਨੇ 'ਸ੍ਰੀ ਰਾਮ ਸੇਨੇ' ਨਾਂ ਦੀ ਸਲਾਹ ਦਿੱਤੀ ਜੋ ਅਸੀਂ ਸਾਰਿਆਂ ਨੇ ਸਵੀਕਾਰ ਕਰ ਲਈ। ਵਲਕੇ ਅਤੇ ਪੁਟੀਲਾ ਤੋਂ ਇਲਾਵਾ ਮੰਗਲੌਰ ਦੇ ਡੋਂਗਰ ਕੇਰੀ ਇਲਾਕੇ ਵਿਚ ਹੋਈ ਮੀਟਿੰਗ ਵਿਚ ਬਜਰੰਗ ਦਲ ਦੇ ਹੋਰ ਪੁਰਾਣੇ ਕਾਰਕੁਨ ਮੋਹਨ ਭੱਟ, ਸੁਭਾਸ਼ ਪਾਟਿਲ, ਪ੍ਰਸਾਦ ਅਤਾਵਾਰ ਅਤੇ ਅਨੰਦ ਸ਼ੈਟੀ ਵੀ ਹਾਜ਼ਰ ਸਨ। 'ਅਸੀਂ ਮੁਥਾਲਿਕ ਨੂੰ ਸ੍ਰੀ ਰਾਮ ਸੇਨੇ' ਬਣਾਉਣ ਬਾਰੇ ਦੱਸਿਆ ਅਤੇ ਇਸ ਦੀ ਅਗਵਾਈ ਕਰਨ ਲਈ ਗੁਜ਼ਾਰਿਸ਼ ਕੀਤੀ। ਉਹ ਮੰਨ ਗਿਆ ਅਤੇ ਇਥੇ ਆ ਕੇ ਸਾਡੀ ਸਹਿਮਤੀ ਨਾਲ ਜਥੇਬੰਦੀ ਦੀ ਰਜਿਸਟਰੇਸ਼ਨ ਕਰਵਾਈ।'

ਛੇਤੀ ਹੀ ਸ੍ਰੀ ਰਾਮ ਸੈਨਾ ਮੰਗਲੌਰ ਦੇ ਆਲੇ-ਦੁਆਲੇ ਬਹੁਤ ਤੇਜ਼ੀ ਨਾਲ ਸਰਗਰਮ ਹੋ ਗਈ ਅਤੇ ਫਿਰਕੂ ਫਸਾਦਾਂ, ਲੁੱਟ-ਮਾਰ ਅਤੇ ਨੈਤਿਕ ਥਾਣੇਦਾਰੀ ਦੇ ਬਹੁਤ ਸਾਰੇ ਮਾਮਲਿਆਂ ਵਿਚ ਸ਼ਾਮਲ ਹੋ ਗਈ। ਸ਼ਹਿਰ ਵਿਚ ਕਾਨੂੰਨ ਦਾ ਰਾਜ ਕਾਲਪਨਿਕ ਕਹਾਣੀ ਬਣ ਕੇ ਰਹਿ ਗਿਆ। ਘੱਟ ਗਿਣਤੀਆਂ ਦੀ ਬੇਤਹਾਸ਼ਾ ਕੁੱਟ-ਮਾਰ, ਲੁੱਟ-ਖੋਹ ਵਗੈਰਾ ਨਿੱਤ ਦੀ ਕਹਾਣੀ ਬਣ ਗਏ। ਉਂਜ, ਆਪਣੀ ਹੋਂਦ ਦੱਸਣ ਲਈ ਬਜਰੰਗ ਦਲ ਨੇ ਵੀ ਆਪਣੀਆਂ ਸਰਗਰਮੀਆਂ ਮੁੜ ਵਿੱਢ ਦਿੱਤੀਆਂ। ਇਨ੍ਹਾਂ ਦੋ ਧੜਿਆਂ ਦੇ ਮੁਕਾਬਲੇ ਵਿਚ ਫਸੇ ਮੰਗਲੌਰ ਅਤੇ ਇਸ ਦੇ ਗੁਆਂਢੀ ਇਲਾਕਿਆਂ ਨੂੰ 2006 ਵਿਚ ਬਹੁਤ ਵੱਡੀ ਤਾਦਾਦ ਵਿਚ ਭਿਆਨਕ ਫਿਰਕੂ ਫਸਾਦਾਂ ਦਾ ਸਾਹਮਣਾ ਕਰਨਾ ਪਿਆ।

ਪ੍ਰਵੀਨ ਵਲਕੇ ਦੱਸਦਾ ਹੈ, 'ਬਤੌਰ ਆਗੂ ਸਾਨੂੰ ਅੰਦੋਲਨਾਂ ਦਾ ਅਮੀਰ ਤਜਰਬਾ ਹੈ। ਗਲੀਆਂ ਵਿਚ ਅਜਿਹੇ ਤਮਾਸ਼ੇ ਕਰਨ ਦੇ ਮਾਹਰ ਸਾਡੇ ਲੜਕੇ ਹਮੇਸ਼ਾ ਮੋਹਰੀ ਰਹਿੰਦੇ। ਮੀਡੀਆ ਇਲਾਕੇ ਵਿਚ ਸਾਨੂੰ ਪੂਰੀ ਥਾਂ ਦੇਣ ਲੱਗਾ, ਜਿਵੇਂ ਅਸੀਂ ਹੀ ਉਸ ਖੇਤਰ ਵਿਚ ਇਕੋ-ਇਕ ਜਥੇਬੰਦੀ ਹੋਈਏ। ਅਸੀ ਪ੍ਰੈਸ ਨੂੰ ਇਸ ਤਰ੍ਹਾਂ ਬਿਆਨ ਜਾਰੀ ਕਰਨ ਲੱਗੇ, ਜਿਵੇਂ 'ਕਾਫੀ' ਦਾ ਆਰਡਰ ਦੇਈਦਾ ਹੈ। ਥੋੜ੍ਹੇ ਵਕਤ ਲਈ ਤਾਂ ਇਉਂ ਜਾਪਿਆ, ਜਿਵੇਂ ਬਜਰੰਗ ਦਲ ਦਾ ਸਫਾਇਆ ਹੋ ਗਿਆ ਹੋਵੇ। ਸੈਨਾ ਬਣਨ ਦੇ ਦੋ ਮਹੀਨੇ ਬਾਅਦ ਹੀ ਸਾਡੇ ਖਿਲਾਫ 42 ਕੇਸ ਦਰਜ ਹੋ ਚੁੱਕੇ ਸਨ।'

ਤੇਜ਼ੀ ਨਾਲ ਮਿਲੀ ਕਾਮਯਾਬੀ ਕਾਰਨ ਸ੍ਰੀ ਰਾਮ ਸੈਨਾ ਵਿਚ ਵੀ ਅਭਿਲਾਸ਼ਾਵਾਂ ਨੂੰ ਲੈ ਕੇ ਝਗੜੇ ਹੋਣ ਲੱਗੇ। ਸ਼ੁਰੂ 'ਚ ਜਥੇਬੰਦੀ ਦਾ ਪੂਰਾ ਢਾਂਚਾ ਬਣਾਏ ਬਿਨਾ ਹੀ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਮੁਥਾਲਿਕ ਨੂੰ ਕੌਮੀ ਪ੍ਰਧਾਨ ਅਤੇ ਵਲਕੇ ਨੂੰ ਸੂਬਾ ਕਨਵੀਨਰ ਕਿਹਾ ਜਾਂਦਾ ਸੀ। ਵਲਕੇ ਅਨੁਸਾਰ '2007 ਦੇ ਸ਼ੁਰੂ ਵਿਚ ਜਦੋਂ ਅਸੀਂ ਮੀਟਿੰਗ ਕਰਕੇ ਮੁਥਾਲਿਕ ਨੂੰ ਸੱਦਿਆ ਅਤੇ ਪ੍ਰਧਾਨਗੀ ਕਰਨ ਲਈ ਕਿਹਾ, ਉਸ ਨੇ ਉਸ ਮੀਟਿੰਗ ਵਿਚ ਸ੍ਰੀ ਰਾਮ ਸੈਨਾ ਦੇ ਸਾਰੇ ਅਹੁਦੇਦਾਰਾਂ ਦਾ ਐਲਾਨ ਕਰਨਾ ਸੀ ਅਤੇ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਸੌਂਪਣੀਆਂ ਸਨ। ਐਲਾਨ ਤੋਂ ਪਹਿਲਾਂ ਹੀ ਸਾਡੇ ਇਕ ਸੀਨੀਅਰ ਆਗੂ ਪ੍ਰਸਾਦ ਅਤਾਵਾਰ ਨੇ ਕਰਨਾਟਕ ਦੇ ਕੋ-ਕਨਵੀਨਰ ਦੇ ਤੌਰ 'ਤੇ ਆਪਣਾ ਨਾਂ ਪੇਸ਼ ਕਰ ਦਿੱਤਾ। ਮੈਨੂੰ ਇਸ ਦੀ ਜਾਣਕਾਰੀ ਨਹੀਂ ਸੀ, ਕਿਉਂਕਿ ਮੈਂ ਮੀਟਿੰਗ ਦੇ ਇੰਤਜ਼ਾਮ ਵਿਚ ਰੁਝਾ ਹੋਇਆ ਸੀ। ਮੈਂ ਮੁਥਾਲਿਕ ਦੇ ਧਿਆਨ ਵਿਚ ਇਹ ਮੁੱਦਾ ਲਿਆਂਦਾ ਲੇਕਿਨ ਉਸ ਨੇ ਸਿੱਧੇ ਤੌਰ 'ਤੇ ਦਖਲ ਦੇਣ ਤੋਂ ਟਾਲਾ ਵੱਟਦਿਆਂ ਅਹੁਦੇਦਾਰਾਂ ਦੀ ਸੋਧੀ ਹੋਈ ਲਿਸਟ ਦਾ ਐਲਾਨ ਕਰ ਦਿੱਤਾ।'

ਵਲਕੇ ਅਤੇ ਉਸ ਦੇ ਬਹੁਤ ਸਾਰੇ ਸਾਥੀਆਂ ਜਿਵੇਂ ਅਨੰਦ ਸ਼ੈਟੀ ਲਈ ਇਹ ਵਿਸ਼ਵਾਸਘਾਤ ਸੀ। ਉਸ ਨੇ ਕਿਹਾ, 'ਮੇਰੀ ਦਲੀਲ ਸਿੱਧੀ ਜਿਹੀ ਸੀ ਕਿ ਦੋ ਸਟੇਟ ਕਨਵੀਨਰ ਅੰਦਰੂਨੀ ਝਗੜੇ ਦਾ ਕਾਰਨ ਬਣਨਗੇ ਅਤੇ ਧੜੇਬੰਦੀ ਪੈਦਾ ਹੋਵੇਗੀ ਜਿਸ ਕਾਰਨ ਜਥੇਬੰਦੀ ਕਮਜ਼ੋਰ ਹੋਵੇਗੀ। ਮੁਥਾਲਿਕ ਅਤੇ ਅਤਾਵਾਰ ਇਹ ਗਲਤੀ ਸੁਧਾਰਨ ਲਈ ਤਿਆਰ ਨਹੀਂ ਸਨ, ਕਿਉਂਕਿ ਅਹੁਦੇਦਾਰਾਂ ਦੀ ਇਹ ਸੂਚੀ ਪਹਿਲਾਂ ਹੀ ਐਲਾਨੀ ਜਾ ਚੁੱਕੀ ਸੀ ਅਤੇ ਮੈਂ ਫਿਰ ਜਥੇਬੰਦੀ ਤੋਂ ਬਾਹਰ ਆਉਣ ਦਾ ਫੈਸਲਾ ਕਰ ਲਿਆ।'

ਇਉਂ ਸ੍ਰੀ ਰਾਮ ਸੈਨਾ ਬਣਨ ਦੇ ਕੁਝ ਮਹੀਨਿਆਂ ਦੇ ਅੰਦਰ ਹੀ ਵਲਕੇ ਜੋ ਮੰਗਲੌਰ ਤੋਂ ਜਥੇਬੰਦੀ ਦਾ ਅਹਿਮ ਆਗੂ ਸੀ, ਜਥੇਬੰਦੀ ਵਿਚੋਂ ਨਿਕਲ ਗਿਆ। 'ਉਸ ਵਕਤ ਮੇਰੇ ਨਾਲ ਕੁਝ ਸਥਾਨਕ ਆਗੂ ਅਤੇ ਕਾਰਕੁਨ ਵੀ ਜਥੇਬੰਦੀ ਨੂੰ ਅਲਵਿਦਾ ਕਹਿ ਗਏ। ਉਸ ਪਿਛੋਂ ਮੈਂ ਇੰਟੀਰੀਅਰ ਡੈਕੋਰੇਸ਼ਨ ਕੰਪਨੀ ਬਣਾਈ ਜਿਸ ਵਿਚ 70 ਦੇ ਕਰੀਬ ਲੋਕ ਕੰਮ ਕਰਦੇ ਸਨ। ਮੈਂ ਆਪਣੇ ਵਪਾਰ ਵਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਅਤੇ ਸੈਨਾ ਦੀਆਂ ਮੀਟਿੰਗਾਂ ਤੇ ਹੋਰ ਸਰਗਰਮੀਆਂ ਵਿਚ ਹਿੱਸਾ ਲੈਣਾ ਛੱਡ ਦਿੱਤਾ।'

ਮੰਗਲੌਰ ਵਿਚ ਸੈਨਾ ਦੀ ਲੀਡਰਸ਼ਿਪ ਕਮਜ਼ੋਰ ਹੋਣ ਕਾਰਨ ਸ਼ਰੀਕ ਜਥੇਬੰਦੀ ਬਜਰੰਗ ਦਲ ਨੂੰ ਆਪਣਾ ਖੁੱਸਿਆ ਆਧਾਰ ਮੁੜ ਹਾਸਲ ਕਰਨ ਦਾ ਮੌਕਾ ਮਿਲ ਗਿਆ। ਇਕ ਹੱਦ ਤਕ ਉਹ ਸਫਲ ਵੀ ਹੋਏ ਪਰ ਸੈਨਾ ਨੇ ਜੋ ਰਫਤਾਰ ਫੜ ਲਈ ਸੀ, ਉਸ ਵਿਚ ਕੋਈ ਫਰਕ ਨਾ ਪਿਆ।

*(ਚਲਦਾ)*

ਕਹਾਣੀ

# ਬੰਦਿਆਂ ਆਲੀ ਗੱਲ

ਸਿਰ ਵੱਢਵਾਂ ਵੈਰ ਸੀ, ਸੰਗਰੂਰ ਜਿਲੇ ਦੇ ਪਿੰਡ ਕੌਹਰੀਆਂ ਦੇ ਸਰਦਾਰ ਜੰਗੀਰ ਸਿਹੁੰ ਅਤੇ ਬਹਾਦਰ ਅਲੀ ਵਿਚਾਲੇ। ਕੋਈ ਵੀ ਇਕ ਦੂਜੇ ਤੋਂ ਘੱਟ ਨਹੀਂ ਸੀ ਕਹਾਉਂਦਾ। ਜੇ ਜੰਗੀਰ ਸਿਹੁੰ ਮੁਰੱਬਿਆਂ ਦੇ ਸਿਰ 'ਤੇ ਸਰਦਾਰ ਕਹਾਉਂਦਾ ਸੀ ਤਾਂ ਬਹਾਦਰ ਅਲੀ ਜਮੀਨ ਦੇ ਨਾਲ ਨਾਲ ਡੰਗਰਾਂ ਦੇ ਵਪਾਰ ਦਾ ਬਾਦਸ਼ਾਹ ਕਹਾਉਂਦਾ ਸੀ। ਜੇ ਇਲਾਕੇ ਵਿਚ ਜੰਗੀਰ ਸਿਹੁੰ ਦੇ ਨਾਂ ਦਾ ਡੰਕਾ ਵੱਜਦਾ ਸੀ ਤਾਂ ਬਹਾਦਰ ਅਲੀ ਬਿਨਾ ਪਸ਼ੂਆਂ ਦੀ ਕੋਈ ਵੀ ਮੰਡੀ ਸੁੰਨੀ ਲਗਦੀ ਸੀ। ਦੋਵੇਂ ਉਮਰ ਦੇ ਕਰੀਬ ਹਾਣੀ, ਠਾਠ ਬਾਠ ਇਕੋ ਜਿਹੀ, ਆਦਤਾਂ ਸੁਭਾਅ ਇਕੋ ਜਿਹੇ ਅਤੇ ਦੋਵੇਂ ਹਰੇਕ ਦੇ ਦੁੱਖ-ਸੁੱਖ ਦੇ ਸਾਂਝੀ, ਪਰ ਆਪਸ ਵਿਚ ਦੋਵੇਂ ਇਕ ਦੂਜੇ ਨੂੰ ਫੁੱਟੀ ਅੱਖ ਨਹੀਂ ਸੀ ਭੌਂਦੇ। ਬਚਪਨ ਦੀ ਇਕ ਧੁੰਦਲੀ ਜਿਹੀ ਯਾਦ ਦੋਹਾਂ ਦੇ ਮਨਾਂ 'ਚ ਕੁੜਿੱਤਣ ਬਣ ਕੇ ਘਰ ਕਰੀ ਬੈਠੀ ਸੀ।



ਜਗਮੀਤ ਸਿੰਘ ਪੰਧੇਰ
ਫੋਨ: 1-431-887-7222

ਇਕ ਵਾਰ ਖੇਤਾਂ ਦੀ ਸਾਂਝੀ ਵੱਟ 'ਤੇ ਖੜੀ ਕਿੱਕਰ ਉਨ੍ਹਾਂ ਦੋਹਾਂ ਦੇ ਪਿਉਆਂ ਵਿਚਾਲੇ ਝਗੜੇ ਦਾ ਕਾਰਨ ਬਣ ਗਈ। ਕਿੱਕਰ ਦੋਹਾਂ ਖੇਤਾਂ ਦੀ ਫਸਲ ਨੂੰ ਤਾਂ ਮਾਰ ਕਰਦੀ ਹੀ ਸੀ, ਪਰ ਸੂਲਾਂ ਵਾਧੂ ਦੀਆਂ ਖਿਡਾਉਂਦੀ। ਬਹਾਦਰ ਅਲੀ ਦੇ ਅੱਬਾ ਨੇ ਕਿੱਕਰ ਛਾਂਗ ਦਿੱਤੀ, ਜਿਸ ਤੋਂ ਜੰਗੀਰ ਸਿਹੁੰ ਦੇ ਪਿਓ ਨੂੰ ਗੁੱਸਾ ਆ ਗਿਆ। ਕਿੱਕਰ ਦੀ 'ਮੇਰ' ਨੇ ਗੱਲ ਤੂੰ-ਤੂੰ, ਮੈਂ-ਮੈਂ ਤੋਂ ਵਧਾ ਕੇ ਗਾਲੀ ਗਲੋਚ ਤੇ ਕਿਰਪਾਨਾਂ, ਗੰਡਾਸਿਆਂ ਤੱਕ ਅਪੜਾ ਦਿੱਤੀ। ਪਿੰਡ ਦੇ ਸਿਆਣੇ ਲੋਕਾਂ ਨੇ ਵਿਚ ਪੈ ਕੇ ਕੋਈ ਵੱਡਾ ਨੁਕਸਾਨ ਹੋਣੋਂ ਤਾਂ ਬਚਾ ਲਿਆ, ਪਰ ਅੰਦਰੋ ਅੰਦਰੀ ਗੱਲ ਸੁਲਘਦੀ ਰਹੀ। ਮੁੜ ਕਿਸੇ ਨੇ ਕਿੱਕਰ ਨਾ ਛਾਂਗੀ, ਉਹ ਵਧਦੀ ਫੁਲਦੀ ਰਹੀ। ਸੂਲਾਂ ਹੋਰ ਵੱਡੀਆਂ ਹੁੰਦੀਆਂ ਗਈਆਂ। ਭਾਵੇਂ ਦੋਹਾਂ ਧਿਰਾਂ ਦਾ ਸਿੱਧਾ ਟਕਰਾਅ ਕਦੇ ਨਹੀਂ ਸੀ ਹੋਇਆ, ਪਰ ਮੁਕਾਬਲੇਬਾਜ਼ੀ ਤੇ ਖਹਿਬਾਜ਼ੀ ਨੇ ਕਿਰਪਾਨਾਂ, ਗੰਡਾਸਿਆਂ ਤੋਂ ਸ਼ੁਰੂ ਹੋਈ ਗੱਲ ਰਫਲਾਂ ਤੱਕ ਪਹੁੰਚਾ ਦਿੱਤੀ। ਸਾਰੇ ਪਿੰਡ ਵਿਚ ਦੋ ਹੀ ਬੰਦੇ ਸਨ-ਜੰਗੀਰ ਸਿਹੁੰ ਅਤੇ ਬਹਾਦਰ ਅਲੀ, ਜਿਨ੍ਹਾਂ ਕੋਲ ਲਸੰਸੀ ਦੋ-ਨਾਲੀਆਂ ਸਨ।

1946 ਵਿਚ ਬੰਗਾਲ ਵਿਚ ਸ਼ੁਰੂ ਹੋਏ ਹਿੰਦੂ-ਮੁਸਲਮਾਨ ਫਿਰਕੂ ਫਸਾਦਾਂ ਦੀ ਚੰਗਿਆੜੀ ਪੰਜਾਬ ਤੱਕ ਵੀ ਅੱਪੜ ਗਈ ਸੀ। ਅਜ਼ਾਦੀ ਦੀਆਂ, ਦੇਸ਼ ਦੀ ਵੰਡ ਦੀਆਂ ਖਬਰਾਂ ਦੇ ਨਾਲ ਨਾਲ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੇ ਦਿਮਾਗਾਂ ਵਿਚ ਆਪਸੀ ਨਫਰਤ ਵਧਾਉਣ ਦੀ ਚੱਲੀ ਸ਼ੈਤਾਨੀ ਚਾਲ ਵੀ ਪੰਜਾਬ ਦੇ ਪਿੰਡਾਂ ਤੱਕ ਆ ਪਹੁੰਚੀ। ਪੇਸ਼ਾਵਰ ਲੋਟੂ ਬਦਮਾਸ਼ਾਂ ਦੇ ਟੋਲੇ ਬਾਣੇ ਬਦਲ ਕੇ ਇਕੱਠੇ ਹੋ ਕੇ ਪਿੰਡਾਂ ਵਿਚ ਵਸਦੇ ਮੁਸਲਮਾਨਾਂ ਨੂੰ ਮਾਰਨ, ਲੁੱਟਣ ਦੀਆਂ ਸਕੀਮਾਂ ਬਣਾਉਣ ਲੱਗੇ। ਚਾਰੇ ਪਾਸਿਓਂ ਕਤਲੇਆਮ ਦੀਆਂ ਖਬਰਾਂ ਆਉਣ ਲੱਗੀਆਂ।

ਪਿੰਡ ਕੌਹਰੀਆਂ ਵਿਚ ਵੀ ਸ਼ੈਤਾਨ ਦੀ ਹਲਕੀ ਹੋਈ ਰੂਹ ਆ ਦਾਖਲ ਹੋਈ। ਅੱਗ ਲਾਉਣ ਵਾਲੇ ਡੱਬੂਆਂ ਨੂੰ ਤਾਂ ਮਸਾਂ ਮੌਕਾ ਥਿਆਇਆ। ਘੁੱਦੇ ਅਮਲੀ ਨੇ ਮੂੰਹ ਹਨੇਰੇ ਹੀ ਬਹਾਦਰ ਅਲੀ ਦਾ ਜਾ ਕੁੰਡਾ ਖੜਕਾਇਆ। "ਓਏ ਕਿਹੜੈ ਬਈ?" ਅੰਦਰੋਂ ਦਰਵਾਜੇ ਵੱਲ ਆਉਂਦੇ ਬਹਾਦਰ ਅਲੀ ਨੇ ਉਚੀ ਆਵਾਜ਼ ਵਿਚ ਪੁੱਛਿਆ।

"ਮੈਂ ਆਂ...ਘੁੱਦਾ। ਬਹਾਦਰਾ! ਕੁੰਡਾ ਖੋਲ੍ਹ।" ਅਮਲੀ ਨੇ ਦੱਬਵੀਂ ਆਵਾਜ਼ ਵਿਚ ਜਵਾਬ ਦਿੱਤਾ। ਬਹਾਦਰ ਅਲੀ ਨੇ ਕੁੰਡਾ ਖੋਲ੍ਹਿਆ ਤਾਂ ਘੁੱਦੇ ਨੇ ਛੇਤੀ ਛੇਤੀ ਅੰਦਰ ਹੋ ਕੇ ਬਾਰ ਭੇੜ ਲਿਆ।

"ਕੀ ਗੱਲ, ਸੁੱਖ ਤਾਂ ਹੈ? ਸਾਹ ਕਿਉਂ ਚੜ੍ਹਾਇਐ ਸਵੇਰੇ ਸਵੇਰੇ ਅਮਲੀਆ?" ਬਹਾਦਰ ਅਲੀ ਨੇ ਹੈਰਾਨੀ ਨਾਲ ਪੁੱਛਿਆ।

"ਸੁੱਖ ਕਿੱਥੇ ਐ। ਸਾਰੇ 'ਲਾਕੇ 'ਚ ਤਾਂ ਘਮਸਾਣ ਮੱਚਿਆ ਪਿਐ। ਤੈਨੂੰ ਨ੍ਹੀਂ ਪਤਾ? ਥੋਡੇ 'ਤੇ ਬਿਪਤਾ ਆ ਪਈ ਐ। ਕਹਿੰਦੇ ਐ, ਬਈ ਅਜ਼ਾਦੀ ਮਿਲ'ਗੀ। ਥੋਡਾ ਦੇਸ਼ ਅੱਡ ਬਣ ਗਿਆ। ਮੁਸਲਮਾਨਾਂ ਨੂੰ ਇਥੋਂ ਭਜਾ ਦੇਣੈ।" ਕਾਹਲੀ ਕਾਹਲੀ ਗੱਲ ਮੁਕਾਉਣ ਕਰਕੇ ਘੁੱਦੇ ਅਮਲੀ ਦਾ ਸਾਹ ਚੜ੍ਹ ਜਿਹਾ ਗਿਆ।

"ਸੁਣਿਆ ਤਾਂ ਮੈਂ ਵੀ ਆ, ਪਰ ਆਪਾਂ ਕਿਸੇ ਦਾ ਕੀ ਵਿਗਾੜਿਐ। ਆਪਾਂ ਨੂੰ ਕਾਹਦਾ ਡਰ ਐ? ਨਾਲੇ ਆਪਾਂ ਅੱਡ ਦੇਸ਼ ਤੋਂ ਕੀ ਲੈਣੈ, ਆਪਾਂ ਤਾਂ ਏਥੇ ਈ ਲੋਟ ਆਂ।" ਬਹਾਦਰ ਅਲੀ ਦਾ ਬੇਪ੍ਰਵਾਹੀ ਨਾਲ ਦਿੱਤਾ ਜਵਾਬ ਘੁੱਦੇ ਨੂੰ ਹੋਰ ਅੱਗ ਲਾ ਗਿਆ।

"ਲੈਅ...ਡਰ ਕਿਉਂ ਨ੍ਹੀਂ? ਉਧਰ ਜੰਗੀਰ ਸਿਹੁੰ ਰਫਲ 'ਚ ਫੁਲਤਰੂ ਫੇਰੀ ਜਾਂਦੈ। ਖਿਆਲ ਰੱਖੀਂ ਭਾਈ ਆਪਦਾ। ਮੈਂ ਤਾਂ ਮਸਾਂ ਅੱਖ ਬਚਾ ਕੇ ਬਿੜਕ ਦੇਣ ਆਇਆਂ।" ਹਮਦਰਦੀ ਦਾ ਦਿਖਾਵਾ ਕਰਦਾ ਡੱਬੂ ਫਟਾਫਟ ਕੰਧ ਟੱਪ ਗਿਆ।

ਘੁੱਦੇ ਅਮਲੀ ਦੇ ਚਲੇ ਜਾਣ ਪਿਛੋਂ ਬਹਾਦਰ ਅਲੀ ਦੇ ਦਿਮਾਗ ਵਿਚ ਖਲਬਲੀ ਜਿਹੀ ਮੱਚ ਗਈ। ਮਾੜੀਆਂ ਖਬਰਾਂ ਤਾਂ ਹਰ ਰੋਜ਼ ਹੀ ਸੁਣਨ ਨੂੰ ਮਿਲਦੀਆਂ ਸਨ। 'ਪਰ ਕੀਤਾ ਕੀ ਜਾਵੇ?' 'ਉਹ ਜਾਣੇ, ਦੇਖੀ ਜਾਊ ਜੋ ਅੱਲ੍ਹਾ ਨੂੰ ਭਾਊ।' ਇੰਨਾ ਕੁ ਸੋਚ ਕੇ ਉਹ ਬਾਰ ਭੇੜਦਾ ਪਿੱਛੇ ਮੁੜ ਤਾਂ ਪਿਆ, ਪਰ ਇੱਕ ਲੁਕਵਾਂ ਜਿਹਾ ਡਰ ਉਹਦੇ ਚਿੱਤ ਅੰਦਰ ਸ਼ੰਕਾ ਜਿਹੀ ਪੈਦਾ ਕਰ ਗਿਆ। ਵੈਰ ਹੁੰਦੇ ਹੋਏ ਵੀ ਭਾਵੇਂ ਬਹਾਦਰ ਅਲੀ ਨੂੰ ਜੰਗੀਰ ਸਿਹੁੰ ਤੋਂ ਕਿਸੇ ਘਟੀਆ ਹਰਕਤ ਦੀ ਆਸ ਨਹੀਂ ਸੀ, ਪਰ ਫੇਰ ਵੀ ਮਨ ਦੇ ਕਿਸੇ ਖੂੰਜੇ ਵਿਚ ਡਰ ਬੈਠਾ ਸੀ। 'ਕੀ ਪਤਾ ਹੁੰਦਾ?' ਵਾਰ ਵਾਰ ਉਹਦੇ ਮਨ ਵਿਚ ਆ ਰਿਹਾ ਸੀ।

ਅੱਜ ਉਸ ਦਾ ਦਿਲ ਕਿਸੇ ਵੀ ਕੰਮ ਵਿਚ ਨਹੀਂ ਸੀ ਲੱਗ ਰਿਹਾ। ਬੱਸ ਡੰਗ ਟਪਾਈ ਕਰ ਰਿਹਾ ਸੀ। ਸੂਰਜ ਛਿਪਦਿਆਂ ਘੁੱਦੇ ਅਮਲੀ ਨੇ ਜੰਗੀਰ ਸਿਹੁੰ ਦੇ ਘਰ ਜਾ ਅਲਖ ਜਗਾਈ। ਅੰਦਰ ਵੜਦੇ ਅਮਲੀ ਵੱਲ ਦੇਖ ਕੇ ਜੰਗੀਰ ਸਿਹੁੰ ਤਾਂ ਭੌਂਚੱਕਾ ਹੀ ਰਹਿ ਗਿਆ।

"ਓਏ ਆ ਬਈ ਅਮਲੀਆ। ਆਹ ਕੀ ਬਣਿਆਂ ਫਿਰਦੈਂ, ਸਾਲਿਆ ਨਿਹੰਗਾਂ ਆਲਾ ਬਾਣਾ ਪਾ ਕੇ? ਪਛਾਣ ਈ ਨ੍ਹੀਂ ਹੁੰਦਾ ਓਏ। ਆਹ ਬਰਛਾ ਕਾਸ ਨੂੰ ਚੱਕਿਐ? ਕੀ ਹੋ ਗਿਆ ਤੈਨੂੰ ਓਏ?" ਜੰਗੀਰ ਸਿਹੁੰ ਨੇ ਹੈਰਾਨੀ ਰਲਿਆ ਮਖੌਲ ਕੀਤਾ।

"ਮੈਨੂੰ ਕੀ ਹੋਣੈ? ਬੱਸ ਸਰਦਾਰਾ ਆਪਾਂ ਤਾਂ ਗੁਰੂ ਵਾਲੇ ਬਣ'ਗੇ। ਹੁਣ ਈ ਤਾਂ ਲੋਟ ਆਈ ਐ ਗੱਲ। ਹੁਣ ਮੁਸਲੇ ਸੂਤ ਆਏ ਨੇ। ਹੁਣ ਦੱਸਾਂਗੇ ਕਿਸ ਭਾਅ ਵਿਕਦੀ ਐ? ਬਹਾਦਰ ਅਲੀ ਤ੍ਰਿੱਪ ਤ੍ਰਿੱਪ ਮੂਤਦਾ ਫਿਰਦੈ। ਡਰਦਾ ਅੰਦਰੋਂ ਨੀ ਨਿਕਲਦਾ। ਹੁਣ ਟੱਕਰਾਂਗੇ ਓਹਨੂੰ ਮਲੰਗ ਨੂੰ, ਲੱਗੂ ਪਤਾ ਬਈ ਸਰਦਾਰ ਜੰਗੀਰ ਸਿਹੁੰ ਨਾਲ ਕਿਵੇਂ ਵੈਰ ਪਾਈਦੈ?" ਘੁੱਦੇ ਅਮਲੀ ਨੇ ਜੰਗੀਰ ਸਿਹੁੰ ਨੂੰ ਖੁਸ਼ ਕਰਨ ਲਈ ਇਕੋ ਸਾਹ ਸਾਰਾ ਕੁਝ ਉਗਲ ਦਿੱਤਾ।

"ਐਵੇਂ ਨੀ ਮੰਦਾ-ਚੰਗਾ ਬੋਲੀਦਾ। ਕੋਈ ਬੰਦਿਆਂ ਆਲੀ ਗੱਲ ਕਰੀਦੀ ਐ। ਬਹਿ ਜਾਹ ਚਾਹ ਦੀ ਘੁੱਟ ਪੀ ਲੈ। ਨਾਲੇ ਐਂ ਨ੍ਹੀਂ ਗੁਰੂ ਵਾਲੇ ਬਣ ਹੁੰਦਾ, ਲੀੜੇ ਬਦਲ ਕੇ। ਇਹ ਔਖਾ ਕੰਮ ਐ। ਮਨ ਬਦਲਨਾ ਪੈਂਦੈ, ਕੁਰਬਾਨੀ ਕਰਨੀ ਪੈਂਦੀ ਐ। ਮਜ਼ਲੂਮਾਂ ਦੀ ਰਾਖੀ ਖਾਤਰ ਸਰਬੰਸ ਵਾਰਨਾ ਪੈਂਦੈ। ਪਾਣੀ ਦੀ ਤਿੱਪ ਤਾਂ ਤੂੰ ਕਦੇ ਪਿੰਡੇ 'ਤੇ ਪੈਣ ਨ੍ਹੀਂ ਦਿੱਤੀ, ਆਹ ਨੀਲੇ ਪਾ ਕੇ ਐਵੇਂ ਨ੍ਹੀਂ ਗੁਰੂ ਦਾ ਨਾਂ ਬਦਨਾਮ ਕਰੀਦਾ। ਮਗਜੌਲੀ ਨ੍ਹੀਂ ਮਾਰੀਦੀ।" ਜੰਗੀਰ ਸਿਹੁੰ ਨੇ ਸਿਆਣਪ ਤੇ ਠਰੰਮੇ ਨਾਲ ਸਮਝਾਉਣ ਦੀ ਕੋਸ਼ਿਸ਼ ਕਰਕੇ ਅਮਲੀ ਦਾ ਸਾਰਾ ਨਸ਼ਾ ਹੀ ਲਾਹ ਦਿੱਤਾ।

"ਚੱਲ ਠੀਕ ਐ, ਮੈਨੂੰ ਤਾਂ ਅਕਲ ਹੈ ਨ੍ਹੀਂ, ਪਰ ਤੇਰੀ ਤਾਂ ਗੁੱਲੀ ਹੁਣ ਦਾਣੇ ਪੈ'ਗੀ!" ਅਮਲੀ ਇਕ ਅੱਖ ਦਬਦਾ ਜੰਗੀਰ ਸਿਹੁੰ ਵੱਲ ਟੇਢਾ ਜਿਹਾ ਝਾਕਦਾ ਬੋਲਿਆ।


"ਓਹ ਕਿਵੇਂ?" ਜੰਗੀਰ ਸਿਹੁੰ ਦੇ ਮੂੰਹੋਂ ਇਕਦਮ ਨਿਕਲਿਆ।

"ਲੈ ਭੋਲਾ ਬਣਦੈਂ? ਕਢਾ ਦੇ ਹੁਣ ਰੰਘਿਆਟ ਬਹਾਦਰ ਅਲੀ ਦੇ। ਹੁਣ ਮੌਕੈ। ਦੱਸ ਦੇ ਹੁਣ, ਕਿਵੇਂ ਵੈਰ ਪਾਈਦੈ ਜੱਟ ਨਾਲ। ਚੱਕ ਦੁਨਾਲੀ, ਮੈਂ ਤੇਰੇ ਨਾਲ ਆਂ। ਉਹ ਤਾਂ ਪੈਰੀਂ ਡਿੱਗੂ ਤੇਰੇ। ਮੈਂ ਸਾਰਾ ਭੇਤ ਲੈ ਕੇ ਆਇਆਂ ਉਹਦੇ ਘਰੇ ਜਾ ਕੇ।" ਅਮਲੀ ਨੇ ਹਿੱਕ 'ਤੇ ਹੱਥ ਮਾਰ ਕੇ ਜੰਗੀਰ ਸਿਹੁੰ ਨੂੰ ਭੜਕਾਉਣ ਲਈ ਦਾਅ ਖੇਡਿਆ।

"ਸਾਲੀਏ ਜੂਠੇ!" ਕਾੜ ਕਰਦਾ ਥੱਪੜ ਅਮਲੀ ਦੇ ਮੂੰਹ 'ਤੇ ਐਨੇ ਜ਼ੋਰ ਨਾਲ ਵੱਜਾ ਕਿ ਉਸ ਦੀ ਤਾਜ਼ੀ ਬੰਨੀ ਨੀਲੀ ਪੱਗ ਸਿਰ ਤੋਂ ਲਹਿ ਕੇ ਥੱਲੇ ਜਾ ਡਿੱਗੀ ਅਤੇ ਬਰਛਾ ਹੱਥੋਂ ਛੁੱਟ ਗਿਆ। "ਜਾਹ ਦਫਾ ਹੋ ਜਾ ਐਥੋਂ। ਵੈਰੀ 'ਤੇ ਬਿਪਤਾ ਪਈ ਦੇਖ ਕੇ ਦਾਅ ਲਾਉਣਾ ਲੰਡੂਪੁਣਾ ਹੁੰਦੈ। ਕੁੱਤਿਆ! ਜਾਹ ਭੱਜ ਜਾਹ ਇਥੋਂ ਜੇ ਚੰਗੀ ਚਾਹੁਨੈਂ। ਗੁਰੂ ਵਾਲਾ ਬਣਨ ਨੂੰ ਫਿਰਦੈ! ਪਤਾ ਵੀ ਐ ਬਈ ਗੁਰੂ ਕੀ ਸੀ?" ਜੰਗੀਰ ਸਿਹੁੰ ਆਪੇ ਤੋਂ ਬਾਹਰ ਹੋ ਕੇ ਦੂਜਾ ਥੱਪੜ ਉਗਰ ਕੇ ਅਮਲੀ ਵੱਲ ਨੂੰ ਹੋਇਆ ਹੀ ਸੀ ਕਿ ਉਹ ਉਲਝੀਆਂ ਜਟੂਰੀਆਂ ਲੋਟ ਕਰਦਾ, ਪੱਗ ਨੂੰ ਕੱਛ ਵਿਚ ਦੇ ਬਰਛਾ ਚੁੱਕ ਕੇ ਕਾਹਲੀ ਕਾਹਲੀ ਖਿਸਕ ਤੁਰਿਆ।

"ਨਾਲੇ ਹੋਰ ਸੁਣ ਲੈ, ਥੋਡਾ ਤੁਖਮ ਮਿਟਾ ਦੂੰ ਕੰਜਰੋ, ਜੇ ਕੋਈ ਬਹਾਦਰ ਅਲੀ ਵੱਲ ਝਾਕਿਆ ਵੀ। ਤੇਰੇ ਨਾਲ ਦੇ ਹੋਰਨਾਂ ਲੰਡੂਆਂ ਨੂੰ ਵੀ ਦੱਸ ਦਈਂ।" ਜੰਗੀਰ ਸਿਹੁੰ ਨੇ ਦਰਵਾਜੇ ਤੋਂ ਬਾਹਰ ਨਿਕਲਦੇ ਅਮਲੀ ਨੂੰ ਪਿੱਛੋਂ ਦਬਕਾ ਮਾਰਿਆ।

ਅਮਲੀ ਦੇ ਕਦਮ ਹੋਰ ਤੇਜ਼ ਹੋ ਗਏ। ਉਸ ਵਿਚ ਪਿੱਛੇ ਮੁੜ ਕੇ ਦੇਖਣ ਦੀ ਹਿੰਮਤ ਨਾ ਰਹੀ, ਪਰ ਉਸ ਨੂੰ ਜੰਗੀਰ ਸਿਉਂ ਦੇ ਅਜਿਹੇ ਵਰਤਾਉ ਬਾਰੇ ਗੱਲ ਪੱਲੇ ਨਹੀਂ ਸੀ ਪੈ ਰਹੀ। 'ਆਹ ਜੰਗੀਰ ਸਿਹੁੰ ਦੇ ਡਮਾਕ ਨੂੰ ਕੀ ਹੋ ਗਿਆ? ਮੈਂ ਤਾਂ...ਕੀ ਸੋਚ ਕੇ...!' ਅਜਿਹੀ ਉਲਝਣ ਵਿਚ ਫਸਿਆ ਉਹ ਫਟਾ ਫਟ ਤੁਰ ਪਿਆ।



*1947 ਦੇ ਉਜਾੜੇ ਦੀ ਇਕ ਤਸਵੀਰ*

'ਵੱਡੇ ਆਏ ਐ ਗੁਰੂ ਆਲੇ...ਅਕਲ ਨਾ ਮੌਤ!' ਗੁੱਸੇ ਨਾਲ ਭਰਿਆ ਜੰਗੀਰ ਸਿਹੁੰ ਬੁੜ ਬੁੜ ਕਰਦਾ ਡੰਗਰਾਂ ਨੂੰ ਪੱਠੇ ਪਾਉਣ ਤੁਰ ਤਾਂ ਪਿਆ ਪਰ ਉਸ ਦੇ ਦਿਮਾਗ 'ਤੇ ਇਕ ਅਜੀਬ ਕਿਸਮ ਦਾ ਬੋਝ ਜਿਹਾ ਪੈ ਗਿਆ। 'ਐਹੋ ਜਿਹੇ ਲੱਗ-ਲਬੇੜਾਂ ਦਾ ਕੀ ਭਰੋਸੈ? ਕਿਤੇ 'ਕੱਠੇ ਹੋ ਕੇ ਬਹਾਦਰ ਅਲੀ ਦਾ ਕੋਈ ਨੁਕਸਾਨ ਹੀ ਕਰ ਦੇਣ? ਚੱਲ ਫੇਰ ਮੈਨੂੰ ਕੀ? ਮੈਂ ਕੀ ਲੈਣੈ!' ਉਸ ਦਾ ਬੇਚੈਨ ਮਨ ਇਕ ਭਿਆਨਕ ਘੁੰਮਣਘੇਰੀ ਵਿਚ ਫਸ ਕੇ ਡਿੱਕੋ ਡੋਲੇ ਖਾਂਦਾ ਰਿਹਾ।

ਦੋ ਦਿਨ ਹੋਰ ਲੰਘ ਗਏ। ਜੰਗੀਰ ਸਿਹੁੰ ਦੇ ਦੋਚਿੱਤੀ ਵਿਚ ਫਸੇ ਮਨ ਦਾ ਤਣਾਅ ਹੋਰ ਵੀ ਵਧ ਗਿਆ। ਪਿੰਡ ਵਿਚੋਂ ਮੁਸਲਮਾਨਾਂ ਦੇ ਕੁਝ ਪਰਿਵਾਰ ਚੁੱਪ ਚਪੀਤੇ ਹੀ ਹਨੇਰੇ ਸਵੇਰੇ ਟੱਬਰ ਟੀਹਰ ਲੈ ਕੇ ਖਿਸਕ ਗਏ। ਥਾਂ-ਥਾਂ ਲੁੱਟ ਖੋਹ ਤੇ ਕਤਲਾਂ ਦੀਆਂ ਵਾਰਦਾਤਾਂ ਲਗਾਤਾਰ ਹੋਣ ਲੱਗੀਆਂ। ਅਜਿਹੇ ਮਾਹੌਲ ਨੇ ਬਹਾਦਰ ਅਲੀ ਦੀ ਚਿੰਤਾ ਹੋਰ ਵੀ ਵਧਾ ਦਿੱਤੀ।

ਓਧਰ ਜੰਗੀਰ ਸਿਹੁੰ ਦੇ ਮਨ ਨੂੰ ਲੱਗੀ ਅੱਚਵੀ ਕਾਰਨ ਅੱਜ ਨੀਂਦ ਨਹੀਂ ਸੀ ਆ ਰਹੀ। ਸਾਰੀ ਰਾਤ ਮੰਜੇ 'ਤੇ ਪਾਸੇ ਮਾਰਦੇ ਦੀ ਨਿਕਲ ਗਈ। ਜਦੋਂ ਵੀ ਮਾੜੀ ਮੋਟੀ ਅੱਖ ਲੱਗੇ ਤਾਂ ਬਹਾਦਰ ਅਲੀ ਦੇ ਭੈੜੇ ਤੇ ਡਰਾਉਣੇ ਸੁਪਨੇ ਨਾਲ ਫਟੱਕ ਖੁੱਲ੍ਹ ਜਾਵੇ। ਅਖੀਰ ਉਹ ਉਠ ਕੇ ਮੰਜੇ 'ਤੇ ਚੱਪ ਮਾਰ ਕੇ ਬੈਠ ਗਿਆ ਅਤੇ 'ਵਾਹਿਗੁਰੂ ਵਹਿਗੁਰੂ' ਜਪਦਾ ਸੋਚਾਂ ਵਿਚ ਡੁੱਬ ਗਿਆ। ਪਹੁ ਫੁੱਟਦੀ ਨਾਲ ਹੀ ਉਸ ਦਾ ਮਾਨਸਿਕ ਦਵੰਦ ਤੋਂ ਵੀ ਖਹਿੜਾ ਛੁੱਟ ਗਿਆ। ਆਪਣੇ ਹੀ ਮਨ ਨਾਲ ਪੱਕਾ ਫੈਸਲਾ ਕਰਕੇ ਉਹ ਬਿਨਾ ਘਰ ਦੱਸੇ ਹੀ ਖੇਸੀ ਦੀ ਬੁੱਕਲ ਮਾਰ ਕੇ ਬਹਾਦਰ ਅਲੀ ਦੇ ਘਰ ਨੂੰ ਤੁਰ ਪਿਆ। ਭੇੜਿਆ ਬਾਰ ਖੋਲ੍ਹ ਕੇ ਅੰਦਰ ਵੜਦੇ ਜੰਗੀਰ ਸਿਹੁੰ ਨੇ ਬੜੀ ਔਖ ਨਾਲ ਝਕਦੇ ਝਕਦੇ ਹਾਕ ਮਾਰੀ, "ਬਹਾਦਰਾ...ਘਰੇ ਈ ਐਂ?"

"ਹੈਂਅ! ਇਹ ਕੀ? ਜੰਗੀਰ ਸਿਹੁੰ ਐਸ ਵੇਲੇ?" ਅੰਦਰੋਂ ਮੋਰੀ ਵਿਚੋਂ ਦੇਖ ਬਹਾਦਰ ਅਲੀ ਇਕ ਵਾਰੀ ਤਾਂ ਕੰਬ ਗਿਆ ਅਤੇ ਉਸ ਦਾ ਹੱਥ ਇਕ ਦਮ ਕੌਲੇ ਨਾਲ ਖੜੀ ਰਫਲ ਵੱਲ ਗਿਆ, ਪਰ ਜੰਗੀਰ ਸਿਹੁੰ ਨੂੰ ਵਿਹੜੇ ਵਿਚ ਸ਼ਾਂਤੀ ਨਾਲ ਖੜ੍ਹੇ ਦੇਖ ਉਸ ਦਾ ਚਿੱਤ ਕੁਝ ਟਿਕਾਣੇ ਹੋ ਗਿਆ।

"ਆਹੋ। ਆ ਜਾਹ ਜੰਗੀਰ ਸਿੰਹਾਂ, ਲੰਘ ਆ।" ਰਫਲ ਤੋਂ ਹੱਥ ਹਟਾਉਂਦਾ ਬਹਾਦਰ ਅਲੀ ਬੁਝੇ ਜਿਹੇ ਮਨ ਨਾਲ ਅੰਦਰੋਂ ਹੀ ਬੋਲਿਆ ਤੇ ਬਾਹਰ ਵਿਹੜੇ ਵਿਚ ਆ ਗਿਆ। "ਆ, ਬਹਿ ਜਾਹ।" ਬਹਾਦਰ ਅਲੀ ਨੇ ਜੰਗੀਰ ਸਿਹੁੰ ਦੀ ਬੁੱਕਲ ਵੱਲ ਤਾੜਦਿਆਂ ਮੰਜਾ ਡਾਹ ਦਿੱਤਾ।

ਮੰਜੇ 'ਤੇ ਬੈਠਦਿਆਂ ਜੰਗੀਰ ਸਿਹੁੰ ਨੇ ਬੇਝਿਜਕ ਸਪੱਸ਼ਟ ਗੱਲ ਛੇੜੀ, "ਊਂ ਤਾਂ ਤੇਰੀ ਮਰਜ਼ੀ ਐ ਬਹਾਦਰਾ, ਪਰ ਮੈਂ ਤਾਂ ਏਹੀ ਸਲਾਹ ਦੇਣ ਆਇਆਂ ਬਈ ਕੁਝ ਟਾਈਮ ਲਈ ਜੁਆਕ ਜੱਲੇ ਲੈ ਕੇ ਇਥੋਂ ਖਿਸਕ ਈ ਜਾਹ। ਇਥੇ ਤਾਂ ਟਿੱਡੀ ਪਲਪੀਹੀ ਵੀ ਭੂਤਰੀ ਫਿਰਦੀ ਐ।"

"ਬਿੜਕ ਤਾਂ ਮੈਨੂੰ ਲੱਗੀ ਜਾਂਦੀ ਐ ਸਾਰੀ, ਪਰ ਜੰਗੀਰ ਸਿੰਹਾਂ, ਮੈਂ ਜਾਊਂ ਕਿੱਥੇ? ਨਾਲੇ 'ਗਾਹਾਂ ਵੀ ਕਿਸੇ ਦਾ ਕੀ ਭਰੋਸੈ? ਸਾਰਾ ਕੁਝ ਤਾਂ ਐਥੈ ਐ।" ਮੰਜੇ ਦੀ ਪੈਂਦ ਵੱਲ ਜੰਗੀਰ ਸਿਹੁੰ ਦੇ ਨਾਲ ਬੈਠਦਿਆਂ ਬਹਾਦਰ ਅਲੀ ਨੇ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਢਕ ਕੇ ਅੱਖਾਂ 'ਚੋਂ ਆਏ ਹੰਝੂ ਲੁਕੋ ਲਏ।

"ਤੂੰ ਦਿਲ ਛੋਟਾ ਨਾ ਕਰ, ਮੈਂ ਤੇਰੇ ਨਾਲ ਖੜੂੰ। ਤੂੰ ਅੱਜ ਈ ਤਿਆਰੀ ਕਰ ਲੈ। ਮਾੜਾ ਮੋਟਾ ਲੋੜ ਦਾ ਸਮਾਨ ਗੱਡੇ 'ਤੇ ਲੱਦ ਲਵੀਂ। ਮੂੰਹ 'ਨੇਰਾ ਹੁੰਦੇ ਈ ਤੁਰ ਪਾਂ'ਗੇ। ਮੈਂ ਦੁਨਾਲੀ ਲੈ ਕੇ ਮੂਹਰੇ ਲੱਗੂੰ। ਤੂੰ ਫਿਕਰ ਨਾ ਕਰ।" ਜੰਗੀਰ ਸਿਹੁੰ ਨੇ ਹੌਸਲਾ ਦਿੰਦਿਆਂ ਪਿਆਰ ਨਾਲ ਬਹਾਦਰ ਅਲੀ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਫੜ ਲਏ।

"ਓਏ ਬਾਈ, ਮੈਂ ਤਾਂ...।" ਬਹਾਦਰ ਅਲੀ ਤੋਂ ਗੱਲ ਪੂਰੀ ਨਾ ਹੋਈ। ਉਸ ਨੇ ਜੰਗੀਰ ਸਿਹੁੰ ਨੂੰ ਜੱਫੀ 'ਚ ਜਕੜ ਕੇ ਭੁੱਬ ਮਾਰੀ।

"ਤੂੰ ਚਿੰਤਾ ਨਾ ਕਰੀਂ, ਥੋੜ੍ਹੇ ਦਿਨਾਂ 'ਚ ਗੱਲ ਠੰਡੀ ਹੋ ਜੂ। ਚੁੱਪ ਕਰਕੇ ਮੁੜ ਆਇਓ। ਓਨਾ ਚਿਰ ਫਸਲ ਬਾੜੀ ਤੇ ਪਸ਼ੂ ਢਾਂਡੇ ਦੀ ਜਿੰਮੇਵਾਰੀ ਮੇਰੀ।" ਭਰੇ ਮਨ ਨਾਲ ਜੰਗੀਰ ਸਿਹੁੰ ਨੇ ਭਰੋਸਾ ਬੰਨਾਉਂਦਿਆਂ ਬਹਾਦਰ ਅਲੀ ਨੂੰ ਮਸਾਂ ਆਪਣੇ ਨਾਲੋਂ ਲਾਹੁੰਦਿਆਂ ਬਰਾਬਰ ਬਿਠਾਇਆ।

"ਲੈ ਮੈਂ ਤਾਂ ਚਲਦਾਂ ਹੁਣ, ਤੁਸੀਂ ਤਿਆਰੀ ਰੱਖਿਓ। ਮੈਂ ਮੂੰਹ 'ਨੇਰਾ ਹੁੰਦੇ ਈ ਥੋਡੇ ਕੋਲ ਆ ਜੂੰ। ਕਿਸੇ ਨੂੰ ਬਿੜਕ ਨਾ ਈ ਲੱਗੇ ਤਾਂ ਚੰਗੈ। ਆਪਾਂ ਰਾਤੋ ਰਾਤ ਮਲੇਰਕੋਟਲੇ ਦੀ ਜੂਹ 'ਚ ਜਾ ਵੜੀਏ ਤਾਂ ਠੀਕ ਰਹੂ।" ਸਿਆਣਪ ਭਰੀ ਤਾਕੀਦ ਕਰਕੇ ਜੰਗੀਰ ਸਿਹੁੰ ਕੁਝ ਹੌਲੇ ਜਿਹੇ ਮਨ ਨਾਲ ਆਪਣੇ ਘਰ ਨੂੰ ਤੁਰ ਪਿਆ।

ਅਣਮੰਨੇ ਜਿਹੇ ਮਨ ਨਾਲ ਬਹਾਦਰ ਅਲੀ ਨੇ ਕੁਝ ਸਮਾਨ ਅੰਦਰ ਖੜੇ ਗੱਡੇ 'ਤੇ ਲੱਦ ਲਿਆ। ਮੂੰਹ ਹਨੇਰਾ ਹੁੰਦੇ ਹੀ ਜੰਗੀਰ ਸਿਹੁੰ ਪੂਰੀ ਤਿਆਰੀ ਨਾਲ ਘੋੜੀ ਅਤੇ ਰਫਲ ਲੈ ਕੇ ਆ ਪਹੁੰਚਿਆ। ਭਰੇ ਮਨਾਂ ਨਾਲ ਬੁਸ-ਬੁਸ ਕਰਦੇ ਚਾਰੇ ਜੀਆਂ ਨੂੰ ਸਮਾਨ ਦੇ ਨਾਲ ਗੱਡੇ 'ਤੇ ਬਿਠਾ ਕੇ ਬਲਦ ਜੋੜ ਲਏ। ਬਹਾਦਰ ਅਲੀ ਨੇ ਜੂਲੇ 'ਤੇ ਬੈਠ ਕੇ ਰਫਲ ਪੱਟ 'ਤੇ ਰੱਖ ਲਈ ਤੇ ਬਲਦ ਹੱਕ ਦਿੱਤੇ। ਜੰਗੀਰ ਸਿਹੁੰ ਨੇ ਰਫਲ ਮੋਢੇ ਪਾ ਕੇ ਘੋੜੀ ਗੱਡੇ ਦੇ ਮੂਹਰੇ ਲਾ ਲਈ। ਘੁੱਦੇ ਅਮਲੀ ਵਰਗੇ 'ਨਵੇਂ ਸਜੇ ਸਿੰਘ' ਬਿੜਕਾਂ ਤਾਂ ਭੰਨਦੇ ਰਹੇ, ਪਰ ਚਾਰ ਨਾਲੀਆਂ ਦਾ ਸਾਹਮਣਾ ਕਰਨ ਦਾ ਦਮ ਕਿਥੋਂ ਲਿਆਉਂਦੇ?

"ਥੋੜ੍ਹੀ ਜੀ ਆਰ ਲਾਈ ਚੱਲੀਂ, ਬਹਾਦਰਾ। ਜਿੰਨੀ ਛੇਤੀ ਵਾਟ ਨਿਬੜ'ਜੇ ਓਨਾ ਈ ਚੰਗੈ।" ਜੰਗੀਰ ਸਿਹੁੰ ਨੇ ਬਹਾਦਰ ਅਲੀ ਨੂੰ ਸੁਚੇਤ ਕੀਤਾ।

ਮੱਠੀ ਚਾਲ ਤੁਰਦੀ ਘੋੜੀ ਦੇ ਮਗਰ ਚੀਕੂੰ-ਚੀਕੂੰ ਦਾ ਵਿਰਲਾਪ ਕਰਦਾ ਗੱਡਾ ਤੁਰ ਪਿਆ। ਜੰਗੀਰ ਸਿਹੁੰ ਨੇ ਜਾਣ ਬੁੱਝ ਕੇ ਪਿੰਡਾਂ ਵਾਲੇ ਕੱਚੇ ਰਸਤੇ ਜਾਣ ਦੀ ਸਕੀਮ ਬਣਾਈ ਸੀ। ਰਾਹ ਵਿਚ ਪੈਂਦੇ ਸੁਨਾਮ, ਸੰਗਰੂਰ ਤੇ ਧੂਰੀ ਸ਼ਹਿਰਾਂ ਦੇ ਬਾਹਰ ਬਾਹਰ ਦੀ ਹੁੰਦਿਆਂ ਉਹ ਪਹੁ ਫੁਟਦੀ ਨੂੰ ਪਿੰਡ ਸੰਗਾਲਾ-ਸੰਗਾਲੀ ਕੋਲ ਅੱਪੜ ਗਏ। ਹੁਣ ਕੋਈ ਖਤਰੇ ਵਾਲੀ ਗੱਲ ਨਹੀਂ ਸੀ। ਜੰਗੀਰ ਸਿਹੁੰ ਨੇ ਘੋੜੀ ਰੋਕ ਲਈ ਅਤੇ ਥੱਲੇ ਉਤਰ ਆਇਆ।

ਬਹਾਦਰ ਅਲੀ ਦਾ ਗੱਡਾ ਮੱਲੋ ਮੱਲੀ ਰੁਕ ਗਿਆ ਅਤੇ ਜੂਲੇ ਤੋਂ ਛਾਲ ਮਾਰ ਕੇ ਉਸ ਨੇ ਜੰਗੀਰ ਸਿਹੁੰ ਨੂੰ ਗਲਵੱਕੜੀ ਪਾ ਕੇ ਧਾਹ ਮਾਰੀ, "ਜੰਗੀਰ ਸਿਆਂ! ਤੇਰਾ ਦੇਣਾ ਮੈਂ...ਕਿੱਥੇ...।" ਧੁਰ ਅੰਦਰੋਂ ਨਿਕਲੇ ਸ਼ਬਦਾਂ ਦਾ ਜੀਭ ਸਾਥ ਨਹੀਂ ਸੀ ਦੇ ਰਹੀ।

"ਚੰਗਾ ਫੇਰ! ਡੋਲਿਓ ਨਾ, ਰੱਬ ਭਲੀ ਕਰੂ। ਟਿਕ ਟਿਕਾ ਹੋਏ ਤੋਂ ਛੇਤੀ ਆ ਜਿਓ।" ਏਨਾ ਆਖ ਜੰਗੀਰ ਸਿਹੁੰ ਪੱਗ ਦੇ ਲੜ ਨਾਲ ਅੱਖਾਂ ਪੂੰਝਦਾ ਘੋੜੀ 'ਤੇ ਚੜ੍ਹ ਗਿਆ।

"ਜੰਗੀਰ ਸਿੰਹਾਂ, ਇੱਕ ਹੋਰ ਹਸਾਨ ਕਰੀਂ, ਪਿੰਡ ਜਾਣ ਸਾਰ ਆਪਣੀ ਵੱਟ 'ਤੇ ਖੜੀ ਕਿੱਕਰ ਨੂੰ ਜੜੋਂ ਪੱਟ ਕੇ ਪਰ੍ਹੇ ਵਗਾਹ ਮਾਰੀਂ।" ਬਹਾਦਰ ਅਲੀ ਨੇ ਪੂਰਾ ਮਨ ਕਰੜਾ ਕਰਕੇ ਤੁਰਨ ਲੱਗੇ ਜੰਗੀਰ ਸਿਹੁੰ ਨੂੰ ਆਵਾਜ਼ ਦਿੱਤੀ। ਜੰਗੀਰ ਸਿਹੁੰ ਨੇ ਬਿਨਾ ਬੋਲੇ ਬੱਸ ਇਕ ਹੱਥ ਖੜਾ ਕਰਕੇ ਘੋੜੀ ਨੂੰ ਅੱਡੀ ਲਾ ਦਿੱਤੀ।

###

## ਕੌਮਾਂਤਰੀ ਸਾਂਝੀਵਾਲਤਾ

ਪੰਡਾਂ ਵਿਚ ਬੰਨ੍ਹ ਲਓ ਪਿਆਰ ਬੇਲੀਓ।
ਸਿਰ 'ਤੇ ਉਠਾਓ ਉਪਹਾਰ ਬੇਲੀਓ।
ਗਲੀ ਗਲੀ ਵੰਡੀ ਜਾਓ ਪਿਆਰ ਬੇਲੀਓ।
ਮਿਲ ਜਾਊ ਆਪੇ ਦਿਲਦਾਰ ਬੇਲੀਓ।

ਦਿਲ ਨਾ ਕਿਸੇ ਦਾ ਦੁਖਾਓ ਦੋਸਤੋ।
ਹੱਸਦੇ ਰਹੋ ਹੋਰਾਂ ਨੂੰ ਹਸਾਓ ਦੋਸਤੋ।
ਖਿੜ ਜਾਏ ਸਾਂਝੀ ਗੁਲਜ਼ਾਰ ਬੇਲੀਓ।
ਪੀਡਾ ਪੀਡਾ ਹੋ ਜੇ ਸੰਸਾਰ ਬੇਲੀਓ।
ਜਾਤਾਂ ਵਰਣਾਂ ਦੇ ਭਰਮ ਨੇ ਬੇਕਾਰ ਬੇਲੀਓ।
ਅੱਡੋ ਅੱਡੇ ਫੁੱਲਾਂ ਦੇ ਇਹ ਹਾਰ ਬੇਲੀਓ।
ਪਰੋਏ ਉਹਨੇ ਆਪ ਇਕਸਾਰ ਬੇਲੀਓ।

ਹੱਦਾਂ ਤੋਂ ਸੁਰੰਗਾਂ ਹਟਾਓ ਦੋਸਤੋ।
ਪਿਆਰਾਂ ਦੀ ਪਨੀਰੀ ਨੂੰ ਉਗਾਓ ਦੋਸਤੋ।
ਡੇਰਾ ਬਾਬਾ ਨਾਨਕ ਤੋਂ ਰਾਵੀ ਪਾਰ ਬੇਲੀਓ।
ਉਥੇ ਖੇਤੀ ਕੀਤੀ ਧੰਨ ਨਿਰੰਕਾਰ ਬੇਲੀਓ।
ਖੁੱਲ੍ਹਾ ਕੋਰੀਡੋਰ ਪੂਰ ਕਰਤਾਰ ਬੇਲੀਓ।
ਗੁਰੂ ਨਾਨਕ ਦਾ ਉਚਾ ਦਰਬਾਰ ਬੇਲੀਓ।
ਸਾਰੇ ਧਰਮਾਂ ਦਾ ਇੱਥੇ ਸਤਿਕਾਰ ਬੇਲੀਓ।
ਖੁੱਲ੍ਹੇ ਦਿਲ ਕਰੋ ਦਰਸ ਦੀਦਾਰ ਬੇਲੀਓ।

ਭਾਈ ਘਨੱਈਆ ਵਾਲੀ ਮਸ਼ਕ ਮੋਢੇ ਪਾਓ ਦੋਸਤੋ
ਫੱਟੜ ਮਨੁੱਖਤਾ ਹੈ ਮਲ੍ਹਮਾਂ ਲਗਾਓ ਦੋਸਤੋ।
ਪਿਆਸੇ ਭੁੱਖਿਆਂ ਨੂੰ ਲੰਗਰ ਛਕਾਓ ਦੋਸਤੋ।
ਕੁੱਲੀ ਗੁੱਲੀ ਸਭ ਲਈ ਬਣਾਓ ਦੋਸਤੋ।
ਆਰ ਵੱਸਦੇ ਸਮੁੰਦਰਾਂ ਤੋਂ ਪਾਰ ਬੇਲੀਓ।
ਕਿਰਤ ਕਰੋ, ਵੰਡ ਛਕੋ ਯਾਰ ਬੇਲੀਓ।
ਸੱਚੇ ਸੌਦੇ ਜਿਹਾ ਕਰ ਲਓ ਵਪਾਰ ਬੇਲੀਓ।
ਸਾਂਝੀਵਾਲਤਾ ਦਾ ਕਰੋ ਪ੍ਰਚਾਰ ਬੇਲੀਓ।

ਖੂਨੀ ਤਲਵਾਰ ਕਿਸੇ 'ਤੇ ਚਲਾਉਣੀ ਨਹੀਂ।
ਬੰਬਾਂ ਦੀ ਬੁਛਾੜ ਕਿਸੇ 'ਤੇ ਵਰ੍ਹਾਉਣੀ ਨਹੀਂ।
ਐਟਮ, ਮਿਜ਼ਾਈਲਾਂ, ਹਥਿਆਰ ਬੇਲੀਓ,
ਭੇਜਣੀ ਨਹੀਂ ਮਿੱਗਾਂ ਵਾਲੀ ਡਾਰ ਬੇਲੀਓ।
ਪੁੱਟ ਸੁੱਟੋ ਕੰਡੇ ਵਾਲੀ ਤਾਰ ਬੇਲੀਓ।
ਸੁੱਟ ਦਿਓ ਮਾਰੂ ਹਥਿਆਰ ਬੇਲੀਓ।
ਦੇ ਦਿਓ ਸੁਨੇਹਾ ਹੱਦ ਪਾਰ ਬੇਲੀਓ।
ਹਿੰਦ-ਪਾਕਿ ਭਾਈ ਭਾਈ ਯਾਰ ਬੇਲੀਓ।
ਭਾਰਤ ਤੇ ਪਾਕਿ ਵਾਲੀ 'ਵਾਰ' ਬੇਲੀਓ।
ਨਾਲ ਕਲਮਾਂ ਦੇ ਕਰੋ ਠੰਢੀ ਠਾਰ ਬੇਲੀਓ।

ਭੰਗੜੇ ਪਾਓ, ਸਾਰੇ 'ਕੱਠੇ ਹੋ ਕੇ ਨੱਚੀਏ।
ਢੋਲ ਉਤੇ ਡਗਾ ਲਾ ਕੇ ਦੁਨੀਆਂ ਨੂੰ ਦੱਸੀਏ।
ਹੈ ਇੱਕੋ ਸਾਡਾ ਘਰ ਪਰਿਵਾਰ ਬੇਲੀਓ।

ਸਾਂਝ ਏਕੇ ਵਿਚ ਵੱਸਦੀ ਬਹਾਰ ਬੇਲੀਓ।
ਮਰਦਾਨੇ ਦੀ ਰਬਾਬ ਵਾਲੀ ਤਾਰ ਬੇਲੀਓ।
ਸੁਣ ਨਾਨਕ ਹੋ ਜਾਏ ਬਲਿਹਾਰ ਬੇਲੀਓ।

ਬੱਚਾ ਬੁੱਢਾ ਛੋਕਰਾ ਜਵਾਨ ਨੱਚੇਗਾ।
ਧਰਤੀ ਵੀ ਨੱਚੂ, ਅਸਮਾਨ ਨੱਚੇਗਾ।
ਕਾਫਰ ਵੀ ਨੱਚੂ ਤੇ ਕੁਰਾਨ ਨੱਚੇਗਾ।
ਸੁਥਰਾ ਵੀ ਨੱਚੂ, ਬੇਈਮਾਨ ਨੱਚੇਗਾ।
ਸ਼ਾਂਤੀ ਨੱਚ ਪੈਣੀ ਤੇ ਤੁਫਾਨ ਨੱਚੇਗਾ।
ਅੰਜੀਲ, ਗੀਤਾ, ਗ੍ਰੰਥ, ਪੁਰਾਨ ਨੱਚੇਗਾ।
ਜੱਫੀ ਪਾ ਕੇ ਮੋਦੀ-ਇਮਰਾਨ ਨੱਚੇਗਾ।
ਬੁੱਲ੍ਹੇ, ਵਾਰਿਸ ਨਾਲ ਅਬਦੁਲ ਕਲਾਮ ਨੱਚੇਗਾ।
ਰਬਾਬ ਦਾ ਸੰਗੀਤ ਸੁਬ੍ਹਾ ਸ਼ਾਮ ਨੱਚੇਗਾ।
ਗੁਰੂ ਨਾਨਕ ਨਾਲ ਬਾਲਾ ਮਰਦਾਨ ਨੱਚੇਗਾ।

ਫਿਰ ਨੱਚ ਪੈਣਾ ਸਾਰਾ ਸੰਸਾਰ ਬੇਲੀਓ।
ਨੱਚ ਪਏਗਾ ਹੋ ਕੇ ਪੱਬਾਂ ਭਾਰ ਬੇਲੀਓ।
ਤਦ ਬੱਲੇ ਬੱਲੇ ਹੋ ਜੂ ਬੇਸ਼ੁਮਾਰ ਬੇਲੀਓ।
ਗੁਰੂ ਨਾਨਕ ਨੂੰ ਸੱਚਾ ਸਤਿਕਾਰ ਬੇਲੀਓ।
ਸਾਂਝੀਵਾਲਤਾ ਨੂੰ ਮੇਰੀ ਨਮਸਕਾਰ ਬੇਲੀਓ।
'ਪੰਨੂ' ਸਦਕੜੇ ਜਾਂਦਾ ਲੱਖ ਵਾਰ ਬੇਲੀਓ।

***-ਚਰਨਜੀਤ ਸਿੰਘ ਪੰਨੂ***
***ਸੈਨ ਹੋਜ਼ੇ, ਕੈਲੀਫੋਰਨੀਆ।***

# ਜਸਵੰਤ ਸਿੰਘ ਕੰਵਲ ਦਾ 'ਮੁਹੱਬਤਨਾਮਾ' ਜਾਂ ਕੁਝ ਹੋਰ?

*ਪ੍ਰਿੰ. ਸਰਵਣ ਸਿੰਘ ਦੇ ਲਿਖੇ ਲੰਮੇ ਲੇਖ 'ਜਸਵੰਤ ਸਿੰਘ ਕੰਵਲ ਦਾ ਮੁਹੱਬਤਨਾਮਾ' (ਅੰਕ 34 ਅਤੇ 35, 2019) ਬਾਰੇ ਪ੍ਰੋ. ਕਸ਼ਮੀਰਾ ਸਿੰਘ ਦਾ ਇਹ ਲੇਖ ਰਸੀਦ ਹੋਇਆ ਹੈ। ਲੇਖ ਵਿਚ ਬੜੀਆਂ ਤਿੱਖੀਆਂ ਟਿੱਪਣੀਆਂ ਹਨ ਅਤੇ ਲੇਖਕ ਨੇ ਸਵਾਲ ਵੀ ਬੜੇ ਉਠਾਏ ਹਨ। ਉਂਜ, ਇਹ ਲੇਖ ਇਸ ਕਰਕੇ ਵਧੇਰੇ ਦਿਲਚਸਪ ਹੈ, ਕਿਉਂਕਿ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਜੋ ਜਗੀਰੂ ਢਾਂਚਾ ਅਤੇ ਸੋਚ ਥਾਂ-ਪੁਰ-ਥਾਂ ਪੁੜੀ ਮਿਲਦੀ ਹੈ, ਪ੍ਰੋ. ਕਸ਼ਮੀਰਾ ਸਿੰਘ ਦੀ ਇਹ ਲਿਖਤ ਇਕ ਤਰ੍ਹਾਂ ਨਾਲ ਇਸੇ ਜਗੀਰੂ ਢਾਂਚੇ ਅਤੇ ਸੋਚ ਦੀ ਪੁਸ਼ਟੀ ਕਰਦੀ ਜਾਪਦੀ ਹੈ। ਬਿਨਾ ਸ਼ੱਕ, ਪੰਜਾਬੀ ਸਾਹਿਤ ਜਗਤ ਵਿਚ ਕੰਵਲ ਦਾ ਆਪਣਾ ਉਚ-ਦੁਮਾਲੜਾ ਮੁਕਾਮ ਹੈ, ਪਰ ਕੰਵਲ ਦੇ ਜੀਵਨ ਦੇ ਅਣਛੋਹੇ ਪੱਖਾਂ ਅਤੇ ਸਵਾਲਾਂ ਵਾਲੀ ਇਹ ਲਿਖਤ ਅਸੀਂ ਇੰਨ-ਬਿੰਨ ਪਾਠਕਾਂ ਦੀ ਕਚਹਿਰੀ ਵਿਚ ਰੱਖ ਰਹੇ ਹਾਂ। -ਸੰਪਾਦਕ*

'ਜਸਵੰਤ ਸਿੰਘ ਕੰਵਲ ਦਾ ਮੁਹੱਬਤਨਾਮਾ' ਸਿਰਲੇਖ ਹੇਠ ਦੋ ਕਿਸ਼ਤਾਂ ਵਿਚ ਪ੍ਰਿੰ. ਸਰਵਣ ਸਿੰਘ ਨੇ ਕੰਵਲ ਦੇ ਇਕ ਡਾਕਟਰ ਕੁੜੀ ਜਸਵੰਤ ਗਿੱਲ ਨਾਲ ਲੁਕ ਛਿਪ ਕੇ ਕਈ ਵਰ੍ਹੇ ਪਿਆਰ ਮੁਹੱਬਤ ਕਰਨ ਅਤੇ ਫਿਰ ਗੁਪਤ ਵਿਆਹ ਦੀ ਕਹਾਣੀ ਬਿਆਨ ਕੀਤੀ ਹੈ। ਆਪਣੇ ਕਿਸੇ ਜਿਗਰੀ ਦੋਸਤ ਦੇ ਨਿੱਜੀ ਜੀਵਨ ਦੀ ਤਹਿ ਤਕ ਜਾ ਕੇ ਇਸ ਤਰ੍ਹਾਂ ਖੁੱਲ੍ਹ ਕੇ ਲਿਖਣਾ ਚੰਗਾ ਹੈ ਜਾਂ ਨਹੀਂ, ਇਹ ਤਾਂ ਪ੍ਰਿੰਸੀਪਲ ਸਾਹਿਬ ਹੀ ਜਾਣਦੇ ਹਨ, ਜਿਨ੍ਹਾਂ ਨੇ ਅਜਿਹਾ ਲਿਖਣ ਦਾ ਹੌਸਲਾ ਕੀਤਾ ਹੈ; ਪਰ ਜੋ ਉਨ੍ਹਾਂ ਨੇ ਬਿਆਨ ਕੀਤਾ ਹੈ, ਉਸ ਤੋਂ ਕੰਵਲ ਵੱਲ ਉਂਗਲ ਜ਼ਰੂਰ ਉਠਦੀ ਹੈ।

ਕੰਵਲ ਨੇ ਆਪਣੀ ਧਰਮ ਪਤਨੀ ਨੂੰ ਜਿਉਂਦੀ ਨੂੰ ਹੀ ਜਿਵੇਂ ਮਾਰ ਦਿੱਤਾ ਹੋਵੇ। ਬੀਬੀ

**ਕਸ਼ਮੀਰਾ ਸਿੰਘ (ਪ੍ਰੋ.)**
**ਫੋਨ: 801-414-0171**

ਮੁਖਤਿਆਰ ਕੌਰ ਦੀ ਹਾਲਤ ਉਸ ਸਮੇਂ ਕੀ ਸੀ? ਇਹ ਉਹੀ ਜਾਣਦੀ ਸੀ, ਜਦੋਂ ਕੰਵਲ ਨੇ ਉਸ ਨੂੰ ਆਪਣੀ ਦੂਜੀ ਪਤਨੀ ਬਾਰੇ ਭਰੋਸੇ ਵਿਚ ਲੈਣਾ ਚਾਹਿਆ। ਕੰਵਲ ਇਹ ਵੀ ਮੰਨਦਾ ਹੈ ਕਿ ਦੂਜੀ ਪਤਨੀ ਉਸ ਦੀ ਸਾਹਿਤਕ ਅਗਵਾਈ ਨਹੀਂ ਕਰ ਸਕੀ, ਜਿਸ ਦਾ ਬਹਾਨਾ ਲਾ ਕੇ ਉਹ ਆਪਣੀ ਪਤਨੀ ਬੀਬੀ ਮੁਖਤਿਆਰ ਕੌਰ ਨੂੰ ਕਹਿੰਦਾ ਸੀ ਕਿ ਉਹ ਉਸ ਨੂੰ ਸਾਹਿਤਕ ਹੁੰਗਾਰਾ ਦੇਣ ਵਿਚ ਮਦਦ ਨਹੀਂ ਕਰ ਸਕਦੀ, ਇਸ ਲਈ ਹੀ ਉਹ ਦੂਜੀ ਪਤਨੀ ਨੂੰ ਵਸਾਉਣਾ ਚਾਹੁੰਦਾ ਹੈ। ਕੰਵਲ ਤਾਂ ਕਿਸੇ ਵਲੋਂ ਸਾਹਿਤਕ ਹੁੰਗਾਰੇ ਤੋਂ ਬਿਨਾ ਹੀ ਇਸ ਤੋਂ ਪਹਿਲਾਂ ਕਈ ਕੁਝ ਲਿਖ ਚੁਕਾ ਸੀ, ਫਿਰ ਉਸ ਨੂੰ ਹੋਰ ਕਿਹੜੇ ਸਾਹਿਤਕ ਹੁੰਗਾਰੇ ਦੀ ਲੋੜ ਸੀ?

ਕੰਵਲ ਨੇ ਡਾ. ਗਿੱਲ ਦੀ ਘਰੇਲੂ ਮਜਬੂਰੀ ਦਾ ਨਾਜਾਇਜ਼ ਲਾਭ ਲਿਆ ਅਤੇ ਉਸ ਨੂੰ ਆਪਣੇ ਚੁੰਗਲ ਵਿਚ ਫਸਾ ਲਿਆ। ਪ੍ਰਿੰਸੀਪਲ ਸਾਹਿਬ ਦੇ ਲਿਖਣ ਅਨੁਸਾਰ ਡਾ. ਗਿੱਲ ਆਪਣੀ ਮਾਂ ਅਤੇ ਆਪਣੇ ਚੜ੍ਹਾਈ ਕਰ ਚੁਕੇ ਭਰਾ ਦੇ ਬੱਚਿਆਂ ਦੀ ਦੇਖ-ਭਾਲ ਕਰਦੀ ਸੀ, ਜਿਸ ਲਈ ਉਹ ਆਪਣੇ ਵਿਆਹ ਨੂੰ ਟਾਲਦੀ ਰਹੀ ਅਤੇ ਇਹ ਦੇਖ-ਭਾਲ ਹੀ ਉਸ ਦੀ ਮਜਬੂਰੀ ਸੀ। ਕੰਵਲ ਵਲੋਂ ਜੇ ਡਾ. ਗਿੱਲ ਨੂੰ ਉਤਸ਼ਾਹਤ ਕੀਤਾ ਜਾਂਦਾ ਕਿ ਉਹ ਵਿਆਹ ਕਰਾ ਕੇ ਆਪਣੇ ਪਰਿਵਾਰ ਵਿਚ ਰਹਿ ਕੇ ਵੀ ਦੇਖ-ਭਾਲ ਕਰ ਸਕਦੀ ਤਾਂ ਬਹੁਤ ਚੰਗਾ ਹੁੰਦਾ ਪਰ ਕੰਵਲ ਨੇ ਇੰਜ ਨਹੀਂ ਕੀਤਾ।

ਇੱਕ ਵਾਰੀ ਕੰਵਲ ਵਲੋਂ ਅਜੇ ਤਕ ਵਿਆਹ ਨਾ ਕਰਾਉਣ ਬਾਰੇ ਪੁੱਛਣ 'ਤੇ ਡਾ. ਗਿੱਲ ਨੇ ਕਿਹਾ ਸੀ ਕਿ ਉਸ ਨੂੰ ਅਜੇ ਤੱਕ ਉਸ ਦਾ ਹਾਣੀ ਨਹੀਂ ਲੱਭਾ। ਕੰਵਲ ਵਲੋਂ ਡਾ. ਗਿੱਲ ਨੂੰ ਉਸ ਦੇ ਵਿਆਹ ਨਾ ਕਰਾਉਣ ਬਾਰੇ ਪੁੱਛਣਾ ਡਾਕਟਰ ਉਤੇ ਪਿਆਰ ਦੇ ਡੋਰੇ ਪਾਉਣ ਵਾਲੀ ਗੱਲ ਜਾਪਦੀ ਹੈ। ਜਦੋਂ ਡਾ. ਗਿੱਲ ਨੇ ਆਪਣੀਆਂ ਘਰੇਲੂ ਮਜਬੂਰੀਆਂ ਬਾਰੇ ਕੰਵਲ ਨੂੰ ਭਾਵੁਕ ਹੋ ਕੇ ਦੱਸਿਆ, ਕੰਵਲ ਦਾ ਫਰਜ਼ ਬਣਦਾ ਸੀ ਕਿ ਉਹ ਯੋਗ ਵਰ ਲੱਭਣ ਵਿਚ ਉਸ ਦੀ ਮਦਦ ਕਰਦਾ ਅਤੇ ਉਸ ਨੂੰ ਹੌਸਲਾ ਦਿੰਦਾ, ਨਾ ਕਿ ਉਸ ਨੂੰ ਆਪਣੇ ਹੀ ਲੜ ਲਾਉਣ ਦੀ ਸੋਚਦਾ। ਡਾ. ਗਿੱਲ ਦੀ ਮਾਂ ਇਸ ਖੁੱਲ੍ਹੇ ਮੇਲ-ਜੋਲ ਤੋਂ ਨਾਰਾਜ਼ ਸੀ, ਫਿਰ ਵੀ ਕੰਵਲ ਪਿੱਛੇ ਨਹੀਂ ਮੁੜਦਾ ਅਤੇ ਇਸ ਮਾਂ ਦੀ ਆਤਮਾ ਨੂੰ ਦੁਖੀ ਕਰਦਾ ਹੈ।

ਇਕ ਇੰਟਰਵਿਊ ਵਿਚ ਕੰਵਲ ਕਹਿੰਦਾ ਹੈ ਕਿ ਮਲਾਇਆ ਵਿਚ ਜਾਣ ਸਮੇਂ ਵੀ ਉਸ ਦਾ ਇਕ ਚੀਨੀ ਕੁੜੀ ਨਾਲ ਪਿਆਰ ਹੋ ਗਿਆ ਸੀ। ਚੀਨੀ ਕੁੜੀ ਦੇ ਮਾਪੇ ਕੰਵਲ ਨੂੰ ਵਿਆਹ ਕਰਾ ਕੇ ਉਥੇ ਰਹਿਣ ਲਈ ਕਹਿੰਦੇ ਸਨ। ਕੰਵਲ ਆਪਣੀ ਮਾੜੀ ਪਰਿਵਾਰਕ ਹਾਲਤ ਦੱਸ ਕੇ ਅਜਿਹਾ ਨਹੀਂ ਕਰਦਾ ਅਤੇ ਕਹਿੰਦਾ ਹੈ ਕਿ ਉਸ ਨੂੰ ਵਾਪਸ ਜਾਣਾ ਪੈਣਾ ਹੈ। ਕੰਵਲ ਕਹਿੰਦਾ ਹੈ ਕਿ 3 ਸਾਲਾਂ ਬਾਅਦ ਉਹ ਉਸ ਚੀਨੀ ਕੁੜੀ ਨੂੰ ਮਿਲਣ ਮਲਾਇਆ ਗਿਆ ਤਾਂ ਉਹ ਉਥੋਂ ਕਿਤੇ ਚਲੀ ਗਈ ਸੀ। ਕੰਵਲ ਦੇ ਇਸ ਮਿਜ਼ਾਜ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਡਾ. ਗਿੱਲ ਨੂੰ ਵੀ ਆਪਣੇ ਮਨ ਦੀ ਭਟਕਣਾ ਕਾਰਨ ਹੀ ਆਪਣਾ ਸ਼ਿਕਾਰ ਬਣਾਇਆ।

ਪ੍ਰਿੰ. ਸਰਵਣ ਸਿੰਘ ਦੇ ਕਹਿਣ ਅਨੁਸਾਰ ਕੰਵਲ ਨੂੰ ਸ਼ਰੀਕੇ ਵਿਚ ਆਪਣੀ ਇਜ਼ਤ ਖਰਾਬ ਹੋਣ ਦਾ ਤਾਂ ਡਰ ਹੈ, ਜਦੋਂ ਉਹ ਡਾ. ਗਿੱਲ ਨੂੰ ਕਹਿੰਦਾ ਹੈ ਕਿ ਉਹ ਚੰਡੀਗੜ੍ਹ ਆ ਕੇ ਉਸ ਦੇ ਨਾਲ ਉਸ ਦੀ ਦੋ ਕਨਾਲਾਂ ਵਿਚ ਬਣੀ ਕੋਠੀ ਵਿਚ ਨਹੀਂ ਰਹਿ ਸਕਦਾ ਅਤੇ ਆਪਣਾ ਪਿੰਡ ਨਹੀਂ ਛੱਡ ਸਕਦਾ, ਕਿਉਂਕਿ ਉਹ ਸਮਾਜ ਵਿਚ ਸਿਰ ਕੱਢ ਬੰਦਾ ਹੈ ਅਤੇ ਅਜਿਹਾ ਕਰਨ ਨਾਲ ਉਸ ਦੀ ਬੇਇਜ਼ਤੀ ਹੋਵੇਗੀ। ਉਹ ਡਾ. ਗਿੱਲ ਨੂੰ ਮਜਬੂਰ ਕਰਦਾ ਹੈ ਕਿ ਉਹ ਚੰਡੀਗੜ੍ਹ ਛੱਡ ਕੇ ਢੁੱਡੀਕੇ ਆ ਵੱਸੇ ਪਰ ਕੰਵਲ ਇਹ ਨਹੀਂ ਦੇਖਦਾ ਕਿ ਡਾ. ਗਿੱਲ ਦੀ ਵੀ ਇਜ਼ਤ ਹੈ ਅਤੇ ਉਸ ਦੇ ਵੀ ਭਰਾ ਤੇ ਹੋਰ ਸਾਕ-ਸਬੰਧੀ ਹਨ, ਤੇ ਉਹ ਕੀ ਕਹਿਣਗੇ ਕਿ ਡਾ. ਗਿੱਲ ਆਪਣੀ ਕੋਠੀ ਛੱਡ ਕੇ ਢੁੱਡੀਕੇ ਕੀਹਦੇ ਮਗਰ ਚਲੀ ਗਈ!

ਡਾ. ਗਿੱਲ ਨੂੰ ਵੱਖਰੀ ਰਿਹਾਇਸ਼ ਬਣਾ ਕੇ ਦੇਣੀ ਅਤੇ ਉਸ ਦਾ ਖਾਣਾ ਕੰਵਲ ਦੇ ਘਰੋਂ ਆਉਣਾ ਤਾਂ ਡਾ. ਗਿੱਲ ਦੀ ਆਜ਼ਾਦੀ ਉਤੇ ਵੀ ਸਵਾਲ ਚੁੱਕਦਾ ਹੈ ਜਿਸ ਦਾ ਅਰਥ ਹੈ ਕਿ ਗਿੱਲ ਆਪਣੀ ਪਸੰਦ ਦਾ ਖਾਣਾ ਵੀ ਆਪ ਨਹੀਂ ਬਣਾ ਸਕਦੀ ਸੀ ਅਤੇ ਉਸ ਨੂੰ ਕਿਸੇ ਹੋਰ 'ਤੇ ਨਿਰਭਰ ਕਰ ਦਿੱਤਾ ਗਿਆ। ਜੋ ਖਾਣਾ ਅੰਦਰਲੇ ਘਰੋਂ ਬਣਿਆ ਆਉਂਦਾ ਸੀ, ਗਿੱਲ ਨੂੰ ਉਹੀ ਖਾਣਾ ਪੈਂਦਾ ਸੀ। ਜੋ ਸਹੂਲਤ ਅਤੇ ਆਜ਼ਾਦੀ ਡਾ. ਗਿੱਲ ਨੂੰ ਉਸ ਦੀ ਚੰਡੀਗੜ੍ਹ ਵਾਲੀ ਕੋਠੀ ਵਿਚ ਪ੍ਰਾਪਤ ਸੀ, ਉਹ ਸਾਰੀ ਢੁੱਡੀਕੇ ਆ ਕੇ ਖੁੱਸ ਗਈ ਅਤੇ ਜਾਪਦਾ ਹੈ ਕਿ ਉਹ ਇਸ ਦੁੱਖ ਨੂੰ ਵੀ ਵਿਚੇ ਵਿਚ ਪੀ ਗਈ। ਕੰਵਲ ਨੇ ਗਿੱਲ ਲਈ ਵੱਖਰੀ ਰਿਹਾਇਸ਼ ਬਣਾ ਕੇ ਲੋਕਾਂ ਵਿਚ ਸ਼ਾਇਦ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਇਕ ਕਿਰਾਏਦਾਰ ਵਜੋਂ ਇਥੇ ਰਹਿ ਰਹੀ ਹੈ ਅਤੇ ਕੰਵਲ ਨਾਲ ਉਸ ਦਾ ਕੋਈ ਹੋਰ ਰਿਸ਼ਤਾ ਨਹੀਂ ਹੈ।

ਪ੍ਰਿੰ. ਸਰਵਣ ਸਿੰਘ ਨੇ ਡਾ. ਗਿੱਲ ਵਲੋਂ ਇਕ ਵਾਰੀ ਕਰਵਾਏ ਗਰਭਪਾਤ ਦੀ ਵੀ ਗੱਲ ਕੀਤੀ ਹੈ ਪਰ ਇਹ ਤਾਂ ਗਿੱਲ ਹੀ ਜਾਣਦੀ ਹੋਵੇਗੀ ਕਿ ਉਸ ਨੂੰ ਅਜਿਹਾ ਕਦਮ ਕਿੰਨੀ ਵਾਰੀ ਚੁੱਕਣਾ ਪਿਆ ਹੋਵੇਗਾ ਜਿਸ ਦੀ ਭਿਣਕ ਕਿਸੇ ਨੂੰ ਵੀ ਨਾ ਲੱਗੀ ਹੋਵੇ। ਫਿਰ ਕੰਵਲ ਨੂੰ ਭਰੋਸੇ ਵਿਚ ਲੈਣ ਤੋਂ ਬਿਨਾ ਹੀ ਗਿੱਲ ਦਿੱਲੀ ਜਾ ਕੇ ਗਰਭਪਾਤ ਕਰਵਾ ਆਉਂਦੀ ਹੈ ਜੋ ਬੜੀ ਅਜੀਬ ਗੱਲ ਜਾਪਦੀ ਹੈ। ਕੰਵਲ ਉਸ ਨੂੰ ਝਿੜਕਦਾ ਵੀ ਹੈ ਕਿ ਉਸ ਨੂੰ ਅਜਿਹਾ ਨਹੀਂ ਸੀ ਕਰਨਾ ਚਾਹੀਦਾ। ਕੰਵਲ ਦੀ ਸਲਾਹ ਤੋਂ ਬਿਨਾ ਹੀ ਗਿੱਲ ਵਲੋਂ ਗਰਭਪਾਤ ਕਰਵਾਉਣਾ ਉਨ੍ਹਾਂ ਦੇ ਡੂੰਘੇ ਪਿਆਰ ਵਿਚ ਤ੍ਰੇੜ ਜ਼ਰੂਰ ਪਾਉਂਦਾ ਜਾਪਦਾ ਹੈ।

ਇਸ ਭਰੂਣ ਹੱਤਿਆ ਦਾ ਜ਼ਿੰਮੇਵਾਰ ਵੀ ਕੰਵਲ ਹੀ ਜਾਪਦਾ ਹੈ ਜਿਸ ਨੇ ਡਾ. ਗਿੱਲ ਨੂੰ ਕਿਸੇ ਸਮੇਂ ਗਰਭ ਠਹਿਰ ਜਾਣ ਦੀ ਹਾਲਤ ਵਿਚ ਸ਼ਾਇਦ ਅਗਾਊਂ ਕੋਈ ਰਾਇ ਨਹੀਂ ਦਿੱਤੀ ਅਤੇ ਗਿੱਲ ਤੋਂ ਪਾਪ ਕਰਵਾ ਦਿੱਤਾ, ਭਾਵੇਂ ਲੇਖਕ ਇਸ ਘਟਨਾ ਨੂੰ ਗਿੱਲ ਦੀ ਕੁਰਬਾਨੀ ਮੰਨਦਾ ਹੈ। ਆਪਣੇ ਹੋਣ ਵਾਲੇ ਬੱਚੇ ਦੀ ਹੱਤਿਆ ਕਰ ਕੇ ਕੇਵਲ ਸ਼ੱਕ ਵਜੋਂ ਕੰਵਲ ਦੇ ਘਰ 'ਚ ਸੰਭਾਵੀ ਫੁੱਟ ਨੂੰ ਬਚਾਉਣ ਦਾ ਭਰਮ ਪਾਲਣਾ ਇਹ ਕੋਈ ਕੁਰਬਾਨੀ ਵਾਲੀ ਗੱਲ ਨਹੀਂ ਜਾਪਦੀ। ਹਰ ਔਰਤ ਨੂੰ ਆਪਣੀ ਗੋਦ ਹਰੀ ਹੋਣ 'ਚ ਮਾਣ ਹੁੰਦਾ ਹੈ ਪਰ ਡਾ. ਗਿੱਲ ਦਾ ਸੰਸਾਰ ਤੋਂ ਬੇਔਲਾਦ ਜਾਣ ਦਾ ਕਾਰਨ ਵੀ ਕੰਵਲ ਹੀ ਹੈ ਜਿਸ ਨੇ ਉਸ ਨੂੰ ਆਪਣੇ ਨਾਲ ਕਈ ਸਾਲ ਬੰਨ੍ਹ ਕੇ ਵੀ ਸੰਸਾਰ ਤੋਂ ਬੇਔਲਾਦ ਹੀ ਤੋਰਿਆ।

ਪ੍ਰਿੰ. ਸਾਹਿਬ ਨੇ ਇਹ ਨਹੀਂ ਦੱਸਿਆ ਕਿ ਕੰਵਲ ਅਤੇ ਡਾ. ਗਿੱਲ ਨੇ ਕਿਸੇ ਗੁਰਦੁਆਰੇ ਵਿਚ ਅਨੰਦ ਕਾਰਜ ਦੀ ਰਸਮ ਵੀ ਕੀਤੀ ਸੀ ਕਿ ਉਵੇਂ ਹੀ ਇਕ ਦੂਜੇ ਨੂੰ ਪਤੀ-ਪਤਨੀ ਮੰਨ ਲਿਆ ਜੋ ਸਮਾਜਿਕ ਰੀਤੀ ਦੇ ਉਲਟ ਹੈ। ਗੁਰਦੁਆਰਾ ਨਾਡਾ ਸਾਹਿਬ ਵਿਚ ਦੋਹਾਂ ਵਲੋਂ ਜਾ ਕੇ ਮੱਥਾ ਟੇਕਣ ਅਤੇ ਕੌਲ ਇਕਰਾਰ ਕਰਨ ਦੀ ਘਟਨਾ ਤਾਂ ਪ੍ਰਿੰ. ਸਾਹਿਬ ਨੇ ਲਿਖੀ ਹੈ ਪਰ ਅਨੰਦ ਕਾਰਜ ਦੀ ਨਹੀਂ।

ਇਕ ਗੱਲ ਮੱਥਾ ਟੇਕਦਿਆਂ, ਜੋ ਕੰਵਲ ਨੇ ਕਹੀ ਸੀ, ਉਹ ਧਿਆਨ ਮੰਗਦੀ ਹੈ। ਕੰਵਲ ਨੇ ਕਿਹਾ ਸੀ, "ਅਸੀਂ ਤੇਰੇ ਭਟਕੇ ਹੋਏ ਬੱਚੇ ਹਾਂ, ਲਾਜ ਰੱਖੀਂ।" ਲੋਕ ਤਾਂ ਮੱਥਾ ਟੇਕਣ ਸਮੇਂ ਭਟਕਣਾ ਤੋਂ ਬਚਾਉਣ ਲਈ ਅਰਦਾਸਾਂ ਕਰਦੇ ਹਨ ਪਰ ਕੰਵਲ ਦੇ ਮਨ ਵਿਚ ਪਹਿਲਾਂ ਹੀ ਚੋਰ ਹੈ ਤੇ ਆਪਣੇ ਆਪ ਨੂੰ ਭਟਕਣਾ ਵਿਚ ਪੈ ਜਾਣ ਲਈ ਹੀ ਅਰਦਾਸ ਕਰਦਾ ਹੈ, ਕਿਉਂਕਿ ਉਸ ਨੂੰ ਪਤਾ ਹੈ ਕਿ ਉਹ ਭਟਕਣਾ ਵਾਲਾ ਕੰਮ ਹੀ ਕਰਨ ਲੱਗਾ ਹੈ। ਕੰਵਲ ਇਕ ਤਰ੍ਹਾਂ ਕਹਿ ਰਿਹਾ ਹੈ ਕਿ ਉਹ ਗਲਤ ਕੰਮ ਕਰਨ ਲੱਗਾ ਹੈ ਤੇ ਇਸ ਗਲਤ ਕੰਮ ਵਿਚ ਸਹਾਈ ਹੋਵੀਂ।

ਇੰਜ ਕੰਵਲ ਦਾ ਆਪਣੀ ਘਰਵਾਲੀ ਦੇ ਜ਼ਿੰਦਾ ਹੁੰਦਿਆਂ ਕਿਸੇ ਦੂਜੀ ਔਰਤ ਨਾਲ ਪਿਆਰ ਵਿਚ ਪੈ ਕੇ ਫਿਰ ਉਸ ਨੂੰ ਪਤਨੀ ਬਣਾਉਣਾ ਗਲਤ ਕੰਮ ਹੀ ਤਾਂ ਸੀ, ਜਿਸ ਨੂੰ ਉਹ ਮੱਥਾ ਟੇਕਣ ਸਮੇਂ ਆਪ ਮੰਨਦਾ ਹੈ ਅਤੇ ਉਸ ਦੀ ਆਤਮਾ ਵੀ ਇਸ ਨੂੰ ਭਟਕਣਾ ਮੰਨਦੀ ਹੈ। ਘਰ ਵਿਚ ਚਾਰ ਧੀਆਂ ਹੋਣ 'ਤੇ ਵੀ ਲੁਕ ਛਿਪ ਕੇ ਡਾ. ਜਸਵੰਤ ਗਿੱਲ ਨਾਲ ਪਿਆਰ ਪੀਂਘਾਂ ਪਾਉਣੀਆਂ ਗਲਤ ਕੰਮ ਅਤੇ ਭਟਕਣਾ ਹੀ ਤਾਂ ਸੀ।

ਪ੍ਰਿੰ. ਸਾਹਿਬ ਨੇ ਕੰਵਲ ਨੂੰ ਇਸ ਗੱਲ ਦੀ ਸ਼ਾਬਾਸ਼ ਜ਼ਰੂਰ ਦਿੱਤੀ ਹੈ ਕਿ ਉਸ ਨੇ ਗਿੱਲ ਨਾਲ ਸਾਲਾਂ ਬੱਧੀ ਕੀਤੇ ਜਾਂਦੇ ਗੁਪਤ ਮੇਲ-ਮਿਲਾਪ ਦੀ ਕਿਸੇ ਨੂੰ ਭਿਣਕ ਤਕ ਵੀ ਲੱਗਣ ਨਹੀਂ ਦਿੱਤੀ। ਜੇ ਉਦੋਂ ਭਿਣਕ ਨਹੀਂ ਲੱਗਣ ਦਿੱਤੀ ਤਾਂ ਕੀ ਹੋਇਆ, ਹੁਣ ਤਾਂ ਜੱਗ ਜ਼ਾਹਰ ਹੋ ਹੀ ਗਿਆ ਹੈ ਜੋ ਉਸ ਨੇ ਆਪਣੀ ਪਤਨੀ ਦੇ ਘਰ ਹੁੰਦਿਆਂ ਕਿਸੇ ਦੂਜੀ ਔਰਤ ਨਾਲ ਕੀਤਾ ਹੈ।

ਡਾ. ਗਿੱਲ ਨੇ ਵੀ ਉਦੋਂ ਕੰਵਲ ਨਾਲ ਪਤੀ-ਪਤਨੀ ਵਾਲੇ ਆਪਣੇ ਇਸ ਰਿਸ਼ਤੇ ਨੂੰ ਸਾਹਿਤਕ ਦੋਸਤੀ ਹੀ ਦੱਸਿਆ, ਜਦੋਂ ਪ੍ਰਿੰ. ਸਰਵਣ ਸਿੰਘ ਦੇ ਕਾਲਜ ਵਿਚ ਭਾਸ਼ਣ ਦੇਣ ਪਿਛੋਂ ਕਿਸੇ ਵਿਦਿਆਰਥੀ ਨੇ ਡਾ. ਗਿੱਲ ਨੂੰ ਕੰਵਲ ਨਾਲ ਉਸ ਦੇ ਰਿਸ਼ਤੇ ਬਾਰੇ ਸਵਾਲ ਪੁੱਛ ਲਿਆ ਸੀ। ਸੱਚ ਨੂੰ ਛੁਪਾ ਕੇ ਸਦਾ ਡਰ ਦੇ ਸਾਏ ਹੇਠ ਜੀਵਨ ਗੁਜ਼ਾਰਨ ਦੀ ਸਥਿਤੀ ਮਨ ਦੀ ਭਟਕਣਾ ਵਿਚੋਂ ਹੀ ਪੈਦਾ ਹੁੰਦੀ ਹੈ। ਕੰਵਲ ਨਾਲ ਸਰੀਰਕ ਸਬੰਧ ਨੂੰ ਛੁਪਾਉਣ ਲਈ ਹੀ ਸ਼ਾਇਦ ਡਾ. ਗਿੱਲ ਨੇ ਗਰਭਪਾਤ ਕਰਵਾਇਆ ਹੋਵੇ। ਕੰਵਲ ਨੂੰ ਵੀ ਇਸ ਰਿਸ਼ਤੇ ਦਾ ਏਨਾ ਡਰ ਸੀ ਕਿ ਉਹ ਗਿੱਲ ਨੂੰ ਆਪਣੀ ਪਤਨੀ ਬਣਾ ਕੇ ਵੀ ਉਸ ਨਾਲ ਪ੍ਰਿੰ. ਸਰਵਣ ਸਿੰਘ ਦੇ ਕਾਲਜ ਵਿਚ ਉਸ ਦੇ ਨਾਲ ਬੈਠਣ ਅੰਦਰ ਨਹੀਂ ਜਾਂਦਾ ਅਤੇ ਕਾਲਜ ਦੇ ਗੇਟ ਤੋਂ ਬਾਹਰ ਹੀ ਗਿੱਲ ਨੂੰ ਛੱਡ ਕੇ ਸਾਈਕਲ ਉਤੇ ਵਾਪਸ ਚਲਾ ਜਾਂਦਾ ਹੈ ਪਰ ਜੇ ਉਸ ਦੀ ਅਸਲੀ ਪਤਨੀ ਮੁਖਤਿਆਰ ਕੌਰ ਵਲੋਂ ਭਾਸ਼ਣ ਹੁੰਦਾ ਤਾਂ ਕੰਵਲ ਉਸ ਦੇ ਨਾਲ ਅੰਦਰ ਜਾ ਕੇ ਜ਼ਰੂਰ ਬੈਠਦਾ ਅਤੇ ਮਾਣ ਮਹਿਸੂਸ ਕਰਦਾ।

ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਗਰਭਪਾਤ ਪਿਛੋਂ ਕੰਵਲ ਦਾ ਡਾ. ਗਿੱਲ ਨੂੰ ਡਾਂਟਣਾ ਵੀ ਫਰਜ਼ੀ ਹੀ ਸੀ, ਕਿਉਂਕਿ ਅੰਦਰੋਂ ਕੰਵਲ ਵੀ ਡਰਦਾ ਹੈ ਕਿ ਬੱਚਾ ਪੈਦਾ ਹੋਣ 'ਤੇ ਗਿੱਲ ਨਾਲ ਉਸ ਦੇ ਸਬੰਧਾਂ ਦੀ ਕਿਤੇ ਪੋਲ ਨਾ ਖੁੱਲ੍ਹ ਜਾਵੇ। ਜਿਹੜਾ ਕੰਵਲ ਆਪਣੀ ਬਣਾਈ ਦੂਜੀ ਪਤਨੀ ਗਿੱਲ ਦੇ ਨਾਲ ਕਾਲਜ ਵਿਚ ਜਾ ਕੇ ਬੈਠਣ ਨੂੰ ਤਿਆਰ ਨਹੀਂ ਕਿ ਕਿਤੇ ਉਸ ਨੂੰ ਵੀ ਗਿੱਲ ਨਾਲ ਰਿਸ਼ਤੇ ਬਾਰੇ ਕੋਈ ਪੁੱਛ ਨਾ ਲਵੇ, ਉਹ ਕਿਵੇਂ ਬਰਦਾਸ਼ਤ ਕਰੇਗਾ ਕਿ ਗਿੱਲ ਦੇ ਕੋਈ ਬੱਚਾ ਪੈਦਾ ਹੋ ਜਾਵੇ ਅਤੇ ਉਹ ਉਸ ਦਾ ਬਾਪ ਬਣ ਜਾਏ? ਕੰਵਲ ਨੇ ਗਿੱਲ ਨੂੰ ਆਪਣੇ ਲੋਭ ਲਈ ਨਾਲ ਨਚਾਇਆ ਜ਼ਰੂਰ, ਪਰ ਦੋਵੇਂ ਘੁੰਡ ਕੱਢ ਕੇ ਨੱਚਦੇ ਰਹੇ। ਧੂੰਆਂ ਤਾਂ ਧੂੰਆਂ ਹੀ ਹੈ, ਨਿਕਲੇਗਾ ਜ਼ਰੂਰ ਜੇ ਕਿਤੇ ਅੱਗ ਲੱਗੀ ਹੋਵੇ!

# ਅਣਖੀ ਦੇ 'ਕਹਾਣੀ ਪੰਜਾਬ' ਦੇ ਸੌਵੇਂ ਅੰਕ ਦਾ ਦੂਜਾ ਹਿੱਸਾ

ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਪੰਜਾਬੀ ਨਾਵਲਕਾਰ, ਕਥਾਕਾਰ ਰਾਮ ਸਰੂਪ ਅਣਖੀ ਨੇ ਪੰਜਾਬੀ ਕਥਾ ਸਾਹਿਤ ਨੂੰ ਸਮਰਪਿਤ ਤ੍ਰੈ ਮਾਸਿਕ ਰਸਾਲਾ 'ਕਹਾਣੀ ਪੰਜਾਬ' ਦਾ (ਅਕਤੂਬਰ-ਦਸੰਬਰ 1993) ਅੰਕ ਤੋਂ ਸੰਪਾਦਨ-ਪ੍ਰਕਾਸ਼ਨ ਸ਼ੁਰੂ ਕੀਤਾ ਸੀ। ਉਨ੍ਹਾਂ ਨੇ 10ਵੇਂ ਅੰਕ ਦੀ ਸੰਪਾਦਕੀ 'ਚ ਆਸ ਪ੍ਰਗਟ ਕੀਤੀ ਸੀ ਕਿ ਇਹਦੇ ਘੱਟੋ ਘੱਟ ਸੌ ਅੰਕ ਜਰੂਰ ਛਾਪਾਂਗੇ।

ਪਰ ਅਣਖੀ 67ਵਾਂ ਅੰਕ ਆਪਣੇ ਪਾਠਕਾਂ ਦੀ ਝੋਲੀ ਪਾ ਕੇ ਅਚਾਨਕ ਹੀ ਇਸ ਫਾਨੀ ਸੰਸਾਰ ਤੋਂ ਵਿਦਾ ਲੈ ਗਏ। ਉਦੋਂ ਤੱਕ 'ਕਹਾਣੀ ਪੰਜਾਬ' ਪਾਠਕਾਂ ਦਾ ਪਸੰਦੀਦਾ ਰਸਾਲਾ ਬਣ ਚੁਕਾ ਸੀ।

**ਬੇਅੰਤ ਬਾਜਵਾ**
**ਫੋਨ: 91-70878-00168**

ਖਾਸ ਕਰ ਪੰਜਾਬੀ ਕਹਾਣੀ ਵਿਚ ਬਹੁਤ ਸਾਰੀਆਂ ਗੱਲਾਂ, ਜੋ ਅਣਖੀ ਦੇ ਮਨ ਵਿਚ ਸਨ, ਉਹ ਉਨ੍ਹਾਂ ਨੇ ਲਾਗੂ ਕੀਤੀਆਂ। ਰਸਾਲੇ ਵਿਚ ਨਵੇਂ ਲੇਖਕਾਂ ਨੂੰ ਵਿਸ਼ੇਸ਼ ਥਾਂ ਮਿਲੀ। ਸਾਲ ਦੀ ਸਭ ਤੋਂ ਸ੍ਰੇਸ਼ਟ ਕਹਾਣੀ ਨੂੰ ਇੱਕ ਪੁਰਸਕਾਰ ਨਾਲ ਨਿਵਾਜਿਆ ਜਾਂਦਾ। ਨਵੇਂ ਕਥਾਕਾਰਾਂ ਦੀਆਂ ਕਹਾਣੀਆਂ ਦਾ ਸੰਕਲਨ ਸਥਾਪਿਤ ਕੀਤਾ ਜਾਂਦਾ। ਸਾਲਾਨਾ ਕਹਾਣੀ ਗੋਸ਼ਟੀ ਦਾ ਸਿਲਸਿਲਾ ਜਾਰੀ ਕੀਤਾ ਗਿਆ। 68ਵੇਂ ਅੰਕ ਤੋਂ ਹੁਣ ਤੱਕ ਸੰਪਾਦਨ ਦੀ ਕਮਾਨ ਅਣਖੀ ਦੇ ਸਪੁਤਰ ਡਾ. ਕ੍ਰਾਂਤੀ ਪਾਲ ਨੇ ਸੰਭਾਲੀ ਹੋਈ ਹੈ ਅਤੇ ਸਹਿਯੋਗੀ ਸੰਪਾਦਕ ਵਜੋਂ ਡਾ. ਜਸਵਿੰਦਰ ਕੌਰ ਵੀਨੂੰ ਆਪਣਾ ਫਰਜ਼ ਨਿਭਾ ਰਹੇ ਹਨ।

ਡਾ. ਕ੍ਰਾਂਤੀ ਪਾਲ 1998 ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ 'ਚ ਭਾਰਤੀ ਭਾਸ਼ਾਵਾਂ ਦੇ ਵਿਭਾਗ ਵਿਚ ਪੜ੍ਹਾਉਣ ਲਈ ਗਏ, ਜਿਸ ਰਾਹੀਂ 'ਕਹਾਣੀ ਪੰਜਾਬ' ਦੇ ਭਾਰਤੀ ਅਤੇ ਵਿਸ਼ਵ ਦੀਆਂ ਹੋਰ ਭਸ਼ਾਵਾਂ ਦੇ ਰਾਹ ਖੁੱਲ੍ਹ ਗਏ। ਅੱਜ 'ਕਹਾਣੀ ਪੰਜਾਬ' ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਅਦਬੀ ਫਿਜ਼ਾ ਦੀ ਮਹਿਕ ਵੀ ਬਾਖੂਬੀ ਮਹਿਸੂਸ ਕੀਤੀ ਜਾ ਸਕਦੀ ਹੈ। ਪੰਜਾਬੀ ਪਾਠਕਾਂ ਲਈ ਰਸਾਲੇ ਦਾ ਵੱਖਰਾ ਕੀਰਤੀਮਾਨ ਹੈ, ਜਿਸ ਦੀ ਝਲਕ ਸੌਵੇਂ ਅੰਕ ਦੇ ਭਾਗ ਪਹਿਲਾ ਅਤੇ ਭਾਗ ਦੂਜਾ ਵਿਚ ਵੇਖੀ ਜਾ ਸਕਦੀ ਹੈ। ਸਿਰਫ ਕਥਾ ਸਾਹਿਤ ਹੀ ਨਹੀਂ, ਵਿਚਾਰਧਾਰਕ ਅਹਿਮ ਲੇਖਾਂ ਲਈ ਵੀ ਰਸਾਲਾ ਪਾਠਕਾਂ ਅਤੇ ਵਿਦਵਾਨਾਂ ਵਿਚ ਬਹੁਤ ਪ੍ਰਸਿੱਧ ਹੈ। ਭਾਰਤੀ ਭਾਸ਼ਾਵਾਂ ਦੇ ਕਥਾ ਸਾਹਿਤ ਨੂੰ ਇਸ ਵਿਚ ਵਿਸ਼ੇਸ਼ ਥਾਂ ਮਿਲੀ ਹੈ। ਇਸ ਅੰਕ ਦੇ ਸੰਪਾਦਕੀ ਵਿਚ ਸੰਵਾਦ ਰਚਾਉਣ ਦਾ ਹੰਭਲਾ ਮਾਰਿਆ ਗਿਆ ਹੈ ਅਤੇ ਸੰਵਾਦ ਤਹਿਤ ਗੁਰਬਖਸ਼ ਸਿੰਘ ਫਰੈਂਕ ਦਾ ਲੇਖ 'ਇੱਕੀਵੀਂ ਸਦੀ ਵਿਚ ਪੇਸ਼ ਆਉਣ ਵਾਲੀਆਂ ਸਮੱਸਿਆਵਾਂ' ਦਰਜ ਹੈ। ਨਾਲ ਹੀ ਅਜਮੇਰ ਸਿੰਘ ਦਾ ਇਕ ਅਹਿਮ ਲੇਖ ਵੀ ਸ਼ਾਮਲ ਹੈ।

ਵਿਸ਼ੇਸ਼ ਲੇਖ ਤਹਿਤ ਉਦੈ ਪ੍ਰਕਾਸ਼ ਨੇ 'ਲੇਖਕ ਅਤੇ ਪ੍ਰਤੀਬੱਧਤਾ' ਤੇ ਹੈਰਾਲਡ ਪੀਟਰ ਨੇ 'ਕਲਾ ਸੱਚ ਅਤੇ ਰਾਜਨੀਤੀ' 'ਤੇ ਵਿਸਥਾਰ ਨਾਲ ਗੱਲ ਕੀਤੀ ਹੈ। ਪੀਟਰ ਨੇ ਕਲਾ ਸੱਚ ਅਤੇ ਕਲਾ ਦੀ ਭਾਸ਼ਾ ਜਿਹੇ ਮਸਲਿਆਂ ਤੋਂ ਸ਼ੁਰੂ ਕਰਕੇ ਵਿਅੰਗਾਤਮਕ ਤਰੀਕੇ ਨਾਲ ਅਮਰੀਕੀ ਵਿਸ਼ੇਸ਼ ਨੀਤੀ ਦੀ ਆਲੋਚਨਾ ਵੀ ਕੀਤੀ ਹੈ। 31 ਅਕਤੂਬਰ 1984 ਦੇ ਲੇਖ ਵਿਚ ਜਰਨੈਲ ਸਿੰਘ ਨੇ 1984 ਦੇ ਕਤਲੇਆਮ ਦੇ ਦਰਦ ਨੂੰ ਪੇਸ਼ ਕੀਤਾ ਹੈ।




ਕਾਪੀਰਾਈਟ ਅਤੇ ਸਾਹਿਤ ਦੀ ਦੁਨੀਆਂ (ਵਿਕਾਸ ਨਰਾਇਣ ਰਾਏ), 1867 ਆਜ਼ਾਦੀ ਦੀ ਪਹਿਲੀ ਜੰਗ (ਵਿਪਨ ਚੰਦਰ) ਅਤੇ ਸਮਾਜਵਾਦ ਬਾਰੇ ਪ੍ਰੋ. ਰਣਧੀਰ ਸਿੰਘ ਦੇ ਲੇਖ ਵੀ ਅਹਿਮ ਹਨ।

ਅਹਿਮਦ ਫਰਾਜ ਬਾਰੇ ਪ੍ਰੇਮ ਕੁਮਾਰ ਦੀ ਮੁਲਾਕਾਤ 'ਅਹਿਮਦ ਫਰਾਜ ਪਾਕਿਸਤਾਨ ਆਧੁਨਿਕ ਉਰਦੂ ਸ਼ਾਇਰੀ ਦਾ ਵੱਡਾ ਨਾਮ' ਅਤੇ



*ਮਰਹੂਮ ਰਾਮ ਸਰੂਪ ਅਣਖੀ*

ਅਸ਼ੋਕ ਕੁਮਾਰ ਦਾ ਸੰਪੂਰਨ ਤੈਲਗੂ ਨਾਵਲ 'ਜਿਗਰੀ' ਵਿਸ਼ੇਸ਼ ਧਿਆਨ ਖਿੱਚਦੇ ਹਨ। ਮਹਿਮਾਨ ਕਹਾਣੀਆਂ ਵਿਚ ਪ੍ਰਕਾਸ ਅਖਿਲੇਸ ਬਨਵਾਸੀ, ਅਬਦੁਲ ਵਿਸਮਿਲਾ, ਰਾਬਰਟ ਬਰਾਕੋ (ਇਟਲੀ) ਅਤੇ ਪ੍ਰਿਅਵੰਦ ਦੀਆਂ ਕਹਾਣੀਆਂ ਸ਼ਾਮਲ ਹਨ। ਇਹ ਸਭ ਉਹ ਕਹਾਣੀਆਂ ਹਨ, ਜੋ ਹਿੰਦੀ ਵਿਚ ਚਰਚਿਤ ਰਹੀਆਂ ਹਨ ਅਤੇ ਆਪਣੀ ਵਿਸ਼ੇਸ਼ ਥਾਂ ਰੱਖਦੀਆਂ ਹਨ।

ਪੰਜਾਬੀ ਵਿਚ ਅੰਜਨਾ ਸ਼ਿਵਦੀਪ, ਸਿਮਰਦੀਪ ਸਿੰਘ, ਸੁਖਜੀਤ, ਜਤਿੰਦਰ ਹਾਂਸ, ਵੀਨਾ ਵਰਮਾ, ਬਲਵੀਰ ਪਰਵਾਨਾ, ਮੁਖਤਿਆਰ ਸਿੰਘ, ਪ੍ਰੇਮ ਗੋਰਖੀ, ਅਜਮੇਰ ਸਿੰਘ, ਭਗਵੰਤ ਰਸੂਲਪੁਰੀ, ਮੋਹਨ ਭੰਡਾਰੀ, ਬਲਦੇਵ ਸਿੰਘ ਧਾਲੀਵਾਲ, ਦੇਵਨੀਤ ਸਿੰਘ, ਰਾਜਿੰਦਰ ਰਾਹੀ, ਚੰਦਨ ਨੇਗੀ ਅਤੇ ਬਲਜਿੰਦਰ ਨਸਰਾਲੀ ਦੀਆਂ ਕਹਾਣੀਆਂ ਸ਼ਾਮਲ ਹਨ।

'ਕਹਾਣੀ ਪੰਜਾਬ' ਦੇ ਸੌਵੇਂ ਅੰਕ ਦਾ ਭਾਗ ਦੂਜਾ ਪਿਛਲੇ ਦਿਨੀਂ ਪਰਿਵਾਰ ਤੋਂ ਵਿਛੜ ਗਈ ਮਾਤਾ ਸ਼ੋਭਾ ਅਣਖੀ ਨੂੰ ਸਮਰਪਿਤ ਹੈ। ਡਾ. ਭੁਪਿੰਦਰ ਸਿੰਘ ਬੇਦੀ ਦਾ ਲਿਖਿਆ ਇੱਕ ਲੇਖ ਵੀ ਇਸ ਅੰਕ ਵਿਚ ਸ਼ਾਮਲ ਹੈ। ਪਿਛਲੇ 99 ਅੰਕਾਂ ਵਿਚੋਂ ਅਹਿਮ ਸਮੱਗਰੀ ਲੈ ਕੇ ਇਹ ਵਿਸ਼ੇਸ਼ ਅੰਕ ਸੰਪਾਦਿਤ ਕੀਤੇ ਗਏ ਹਨ। ਸੌਵੇਂ ਅੰਕ ਦੇ ਭਾਗ ਦੂਜਾ ਵਿਚ ਡਾ. ਕ੍ਰਾਂਤੀ ਪਾਲ ਦੀ ਸੂਝ ਬੂਝ ਅਤੇ ਸੰਪਾਦਨ ਦੀ ਕਲਾ ਸਾਫ ਝਲਕਾਰੇ ਮਾਰਦੀ ਹੈ। ਇਨ੍ਹਾਂ ਵਿਸ਼ੇਸ਼ ਅੰਕਾਂ ਤੋਂ ਜਾਹਰ ਹੈ ਕਿ 'ਕਹਾਣੀ ਪੰਜਾਬ' ਨੇ ਸੌ ਅੰਕਾਂ ਦਾ ਸਫਰ ਸਾਰਥਕਤਾ ਦੇ ਨਾਲ ਪੂਰਾ ਕੀਤਾ ਹੈ। ਨਿਸ਼ਚਿਤ ਹੀ ਕਈ ਕੀਰਤੀਮਾਨ ਸਿਰਜੇ ਹਨ।

'ਕਹਾਣੀ ਪੰਜਾਬ' ਨੇ ਪੰਜਾਬੀ ਕਥਾ ਸਾਹਿਤ ਦੇ ਖੇਤਰ ਵਿਚ ਅਹਿਮ ਯੋਗਦਾਨ ਪਾ ਕੇ ਰੇਖਾਕਿਤ ਕੀਤਾ ਹੈ, ਜੋ ਜਰੂਰੀ ਵੀ ਸੀ। ਭਾਰਤੀ ਅਤੇ ਹੋਰ ਭਾਸ਼ਾਵਾਂ ਦੇ ਸਾਹਿਤ ਤੋਂ ਸੰਵਾਦ ਰਚਾਉਂਦਿਆਂ ਪੰਜਾਬੀ ਕਹਾਣੀ ਦੇ ਪ੍ਰਚਾਰ ਤੇ ਪਸਾਰ ਦੇ ਮਿਸ਼ਨ ਵਿਚ ਸੌ ਫੀਸਦੀ ਕਾਮਯਾਬ ਹੋਇਆ ਹੈ।

# ਸੁਆਦਲੀ ਗੱਲ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਹਥਲੇ ਸ਼ਬਦ-ਚਿੱਤਰ ਦਾ ਸਿਰਲੇਖ ਬਲਵੰਤ ਗਾਰਗੀ ਦੇ ਇੱਕ ਇਕਾਂਗੀ ਦਾ ਨਾਂ ਵੀ ਹੈ। ਇਸ ਵਿਚ ਸ਼ਹਿਰੀ ਮੱਧ ਵਰਗ ਦੇ ਕੁਝ ਯਾਰ ਮਿੱਤਰ ਮਹਿਫਿਲ ਲਾ ਕੇ ਬੈਠੇ ਹੁੰਦੇ ਹਨ। ਉਹ ਨਾਲ ਦੀ ਨਾਲ ਖਾ-ਪੀ ਵੀ ਰਹੇ ਹੁੰਦੇ ਹਨ। ਕੁਝ ਇਧਰ-ਉਧਰ ਦੀਆਂ ਮਾਰਨ ਪਿਛੋਂ ਅਛੋਪਲੇ ਉਨ੍ਹਾਂ ਦੀਆਂ ਗੱਲਾਂ ਵਿਚ ਮਲੀਨਤਾ ਆ ਵੜਦੀ ਹੈ, ਜਿਸ ਦਾ ਉਹ ਖੂਬ ਸੁਆਦ ਮਾਣਨ ਲਗਦੇ ਹਨ; ਪਰ ਅਚਾਨਕ ਉਨ੍ਹਾਂ ਨੂੰ ਖਿਆਲ ਆਉਂਦਾ ਹੈ ਕਿ ਅਜਿਹੀਆਂ ਗੱਲਾਂ ਉਨ੍ਹਾਂ ਜਿਹੀ ਭੱਦਰ ਸੁਸਾਇਟੀ ਨੂੰ ਸੋਭਦੀਆਂ ਨਹੀਂ। ਕਿਸੇ ਵਲੋਂ ਸੁਝਾਅ ਆਉਂਦਾ ਹੈ ਕਿ ਗੰਦ-ਮੰਦ ਛੱਡ ਕੇ ਉਨ੍ਹਾਂ ਨੂੰ ਹੋਰ ਕੋਈ ਸੁਆਦਲੀ ਗੱਲ ਕਰਨੀ ਚਾਹੀਦੀ ਹੈ। ਨਤੀਜਨ ਕੁਝ ਦੇਰ ਬੇਤੁਕੀਆਂ ਤੇ ਫਿਕੀਆਂ ਜਿਹੀਆਂ ਸੁਆਦਲੀਆਂ ਮਾਰਨ ਪਿਛੋਂ ਗੱਲ 'ਚੋਂ ਗੱਲ ਨਿਕਲਦੀ ਫਿਰ ਮਲ-ਮੂਤਰ ਦੇ ਵਿਸ਼ੇ 'ਤੇ ਆ ਜਾਂਦੀ ਹੈ।

ਜ਼ਰਾ ਝਾਕੀ ਦੇਖੋ: ਇਕ ਜਣਾ, 'ਯਾਰ ਕੀ ਦੱਸਾਂ, ਬੜੇ ਚਿਰ ਤੋਂ ਮੈਨੂੰ ਕਬਜ਼ ਦੀ ਸ਼ਿਕਾਇਤ ਰਹਿੰਦੀ ਹੈ, ਬੜਾ ਓਹੜ-ਪੋਹੜ ਕੀਤਾ ਪਰ ਕੋਈ ਅਸਰ ਨਹੀਂ ਹੁੰਦਾ।' ਦੂਜਾ ਜਣਾ ਹੋਰ ਅੱਗੇ ਵਧਦਾ ਹੈ, 'ਐਧਰ ਤਾਂ ਹਮੇਸ਼ਾ ਗੈਸ ਦੀ ਬੜੀ ਟ੍ਰਬਲ ਰਹਿੰਦੀ ਹੈ। ਹੁਣ ਵੀ ਡਰ ਹੈ ਕਿਧਰੇ...।' ਤੇ ਫਿਰ ਉਹ ਪੱਦਾਂ ਦੇ ਚੁਟਕਲੇ ਸੁਣਾਉਣ ਲਗਦਾ ਹੈ। ਤੀਜਾ ਜਣਾ ਆਪਣੇ ਰੋਣੇ ਰੋਂਦਾ ਹੈ, 'ਮੇਰੀ ਘਰ ਵਾਲੀ ਨੂੰ ਤਾਂ ਚੱਤੋ ਪਹਿਰ ਖੱਟੇ ਖੱਟੇ ਡੱਕਾਰ ਆਉਂਦੇ ਰਹਿੰਦੇ ਹਨ, ਕੋਲ ਬੈਠਿਆ ਨਹੀਂ ਜਾਂਦਾ।' ਇਸ ਤਰ੍ਹਾਂ ਗੱਲਬਾਤ ਵਿਚ ਵਾਰ ਵਾਰ ਮਲੀਨਤਾ ਦੀ ਸਿਖਰ ਹੋ ਜਾਣ ਪਿਛੋਂ ਉਨ੍ਹਾਂ ਨੂੰ ਖਿਲਾਰੀ ਜਾ ਰਹੀ ਅਸਭਿਅਤਾ ਦਾ ਖਿਆਲ ਆਉਂਦਾ ਹੈ ਤਾਂ ਤੋੜਾ ਝਾੜਦੇ ਹਨ, 'ਕੋਈ ਸੁਆਦਲੀ ਗੱਲ ਕਰੋ ਯਾਰ!' ਪਰ ਸੁਆਦਲੀ ਗੱਲ ਥੋੜ੍ਹ-ਚਿਰੀ ਹੀ ਰਹਿੰਦੀ ਹੈ। ਗਾਰਗੀ ਦਾ ਇਹ ਇਕਾਂਗੀ ਮੱਧ ਵਰਗ ਦੀ ਮਨੋਰਥ-ਰਹਿਤ ਫੁਸਫੁਸੀ ਜ਼ਿੰਦਗੀ 'ਤੇ ਇਕ ਚੋਟ ਹੈ।

ਲੱਗਦੇ ਹੱਥ ਕਿਸੇ ਗੈਰ-ਪੰਜਾਬੀ ਵਲੋਂ ਪੰਜਾਬੀਆਂ ਬਾਰੇ ਸੁਣਾਇਆ ਲਤੀਫਾ ਵੀ ਸੁਣਾ ਦੇਵਾਂ। ਪੰਜਾਬੀ 'ਸੁਆਦ ਆ ਗਿਆ' ਤਕੀਆ-ਕਲਾਮ ਦੀ ਬਹੁਤ ਵਰਤੋਂ ਕਰਦੇ ਹਨ। ਕੋਈ ਖਾਣ-ਪੀਣ ਵਾਲਾ ਚੰਗਾ-ਚੋਸਾ ਡੱਫਿਆ ਹੋਵੇ ਤਾਂ 'ਸੁਆਦ ਆ ਗਿਆ' ਕਹਿਣਾ ਬਣਦਾ ਹੈ, ਪਰ ਸਾਡੇ ਸੁਆਦਾਂ-ਪੱਟੇ ਪੰਜਾਬੀ ਅਨੇਕਾਂ ਗੈਰ-ਖਾਧਕ ਅਨੁਭਵਾਂ ਵਿਚ ਵਿਚਰਦੇ ਵੀ ਖੂਬ ਸੁਆਦ ਲੈ ਲੈਂਦੇ ਹਨ, ਮਸਲਨ: ਸ਼ੋਅਲੇ ਵਿਚ ਗੱਬਰ ਸਿੰਘ ਦਾ ਰੋਲ ਦੇਖ ਕੇ ਸੁਆਦ ਆ ਗਿਆ; ਏਨੇ ਲੂਏ ਪਿਛੋਂ ਮੀਂਹ ਪਿਆ, ਸੁਆਦ ਆ ਗਿਆ; ਲੋਕਾਂ ਨੇ ਚੋਰ ਦੀ ਏਨੀ ਛਿੱਤਰ ਪਰੇਡ ਕੀਤੀ, ਸੁਆਦ ਆ ਗਿਆ; ਹੋਰ ਤਾਂ ਹੋਰ, ਕਈ ਦਿਨ ਪੇਟ ਵਿਚ ਬੰਨ ਪਿਆ ਰਿਹਾ, ਅੱਜ ਟੱਟੀ ਗਿਆ, ਸੁਆਦ ਆ ਗਿਆ।...ਭੋਗ ਦੇ ਅਨੰਦ ਲਈ ਪੰਜਾਬੀਆਂ ਨੂੰ ਸੁਆਦ ਤੋਂ ਬਿਨਾ ਸ਼ਾਇਦ ਹੋਰ ਕੋਈ ਢੁਕਵਾਂ ਬੋਲ ਨਹੀਂ ਆਉਂਦਾ। ਜੇ ਬਾਂਦਰ ਨੂੰ ਅਦਰਕ ਦੇ ਸਵਾਦ ਦਾ ਨਹੀਂ ਪਤਾ ਤਾਂ ਪੰਜਾਬੀਆਂ ਨੂੰ ਹਰ



ਚੀਜ਼ ਦੇ ਸਵਾਦ ਦਾ ਪਤਾ ਹੈ!

ਖੈਰ! ਸੁਆਦ ਸਿਰਫ ਜੀਭ ਦਾ ਸਵਾਦ ਹੀ ਨਹੀਂ, ਹੋਰ ਇੰਦਰੀਆਂ ਅਤੇ ਰੂਹ ਦੇ ਅਨੁਭਵ ਵੱਲ ਵੀ ਸੰਕੇਤ ਕਰਦਾ ਹੈ। ਇਸ ਵਿਚ ਅਨੰਦ, ਨਸ਼ਾ, ਨਿਸ਼ਾ, ਤਸੱਲੀ, ਸ਼ਾਂਤੀ ਦੇ ਭਾਵ ਵੀ ਹਨ। ਮਰਾਠੀ ਵਿਚ ਸਵਾਦ ਸ਼ਬਦ ਖੁਸ਼ਬੂ, ਸੁਗੰਧੀ ਦੇ ਅਰਥਾਂ ਵਜੋਂ ਵੀ ਲਿਆ ਜਾਂਦਾ ਹੈ, 'ਗੁਲਾਬਾਚੇ ਫੁਲਾਚਾ ਸਵਾਦ ਦੂਸਰਿਆ ਫੁਲਾਚਾ ਨਾਹੀਂ।' ਗੁਲਾਬ ਦੀ ਸੁਗੰਧੀ ਸਵੀਟ ਹੋਣ ਦੀ ਗੱਲ ਸ਼ੇਕਸਪੀਅਰ ਨੇ ਵੀ ਕੀਤੀ ਸੀ। ਸੁਆਦਲੀ ਗੱਲ ਹੈ ਕਿ ਸਾਡੀ ਭਾਸ਼ਾ ਵਿਚ ਸੁਆਦ ਤੋਂ ਬਣੇ ਇੱਕ ਵਿਕੋਲਿਤਰੇ ਜਿਹੇ ਬਹੁਵਚਨ 'ਸਵਾਦੇ' ਵਿਚ ਤਾਂ ਕੌੜੇ ਤਜਰਬੇ ਜਾਂ ਕਹਿ ਲਵੋ ਬੇਸੁਆਦੀ ਦੇ ਭਾਵ ਹਨ, 'ਬੜਾ ਤੀਘੜਦਾ ਸੀ। ਕਿਤੇ ਮੁੜ ਕੈਪਟਨ ਦਾ ਰਾਜ ਆ ਜਾਵੇ, ਲੈ ਲਏ ਸਵਾਦੇ ਨਾ!'

ਐਪਰ ਸੁਆਦ ਸ਼ਬਦ ਆਪਣੇ ਆਪ ਵਿਚ ਨਿਰਪੱਖ ਵੀ ਹੈ। ਸੁਆਦ ਮਿੱਠਾ, ਕੌੜਾ, ਖੱਟਾ, ਸਲੂਣਾ, ਕਿਰਕਿਰਾ, ਕੁਸੈਲਾ, ਬਕਬਕਾ ਆਦਿ ਹੋ ਸਕਦਾ ਹੈ। ਨਾਂਵ ਵਜੋਂ ਇਸ ਸ਼ਬਦ ਦਾ ਸੰਸਕ੍ਰਿਤ ਰੂਪ 'ਸਵਾਦ' ਹੈ ਅਤੇ ਵਿਸ਼ੇਸ਼ਣ ਵਜੋਂ ਸਵਾਦੁ। ਪੰਜਾਬੀ ਤੇ ਕੁਝ ਹੋਰ ਭਾਸ਼ਾਵਾਂ ਵਿਚ ਨਾਂਵ ਤੇ ਵਿਸ਼ੇਸ਼ਣ ਰੂਪ ਸਵਾਦ/ਸੁਆਦ ਜਿਹੇ ਹੀ ਹੋ ਗਏ। ਅਰਧ ਸਵਰ 'ਵ' ਅਕਸਰ ਹੀ ਪੂਰਨ ਸਵਰ ਵਿਚ ਬਦਲ ਜਾਂਦਾ ਹੈ। ਹੋਰ ਮਿਸਾਲ ਹੈ, ਸਵਾਹ/ਸੁਆਹ। ਤਦ ਵੀ ਗੁਰਮੁਖ ਸਿੰਘ ਮੁਸਾਫਿਰ ਜਿਹੇ ਲੇਖਕ ਨੇ ਸਵਾਦ ਤੇ ਸੁਆਦ ਵਿਚ ਫਰਕ ਪਾਇਆ ਲਗਦਾ ਹੈ, "ਨਿੱਕੇ ਹੁੰਦਿਆਂ ਦੀਆਂ ਕਈ ਗੱਲਾਂ ਮੈਨੂੰ ਕੱਲ੍ਹ ਵਾਂਗ ਚੇਤੇ ਹਨ। ਢਾਈਆਂ ਪੈਸਿਆਂ ਦਾ ਦੁੱਧ ਤੇ ਧੇਲੇ ਦਾ ਮਿੱਠਾ, ਬਾਟੀ ਭਰ ਜਾਂਦੀ ਸੀ। ਐਡੇ ਸਵਾਦ ਨਾਲ ਪੀਵੀਦਾ ਸੀ ਕਿ ਅੱਜ ਜ਼ਿਕਰ ਕਰਦਿਆਂ ਵੀ ਸੁਆਦ ਆ ਰਿਹਾ ਏ।"

ਸਵਾਦ ਦਾ ਪ੍ਰਾਕ੍ਰਿਤ ਰੂਪ ਸਾਯ ਜਿਹਾ ਹੈ। ਦੂਜੇ ਪਾਸੇ ਸੁਆਦੀ ਦੇ ਅਰਥਾਂ ਵਾਲੇ ਸਵਾਦ ਵਿਸ਼ੇਸ਼ਣ ਦਾ ਪ੍ਰਾਕ੍ਰਿਤ ਰੂਪ ਸਾਉ ਹੋਇਆ ਤੇ ਪਾਲੀ ਸਾਦੁ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਰੂਪ ਸੁਆਦ, ਸ੍ਵਾਦ, ਸ੍ਵਾਦੁ, ਸਾਦੁ, ਸਾਦ ਮਿਲਦੇ ਹਨ: 'ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥' (ਗੁਰੂ ਅਰਜਨ ਦੇਵ); 'ਅਧਿਕ ਸੁਆਦ ਰੋਗ ਅਧਿਕਾਈ॥' (ਗੁਰੂ ਨਾਨਕ ਦੇਵ); 'ਜਿਨ ਬੂਝਿਆ ਤਿਸੁ ਆਇਆ ਸ੍ਵਾਦ॥' (ਗੁਰੂ ਅਰਜਨ ਦੇਵ); 'ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ॥'; 'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥' (ਗੁਰੂ ਨਾਨਕ ਦੇਵ); 'ਪੰਡਿਤ ਪੜਹਿ ਸਾਦੁ ਨ ਪਾਵਹਿ॥' (ਗੁਰੂ ਅਮਰ ਦਾਸ)।

ਵਾਰਸ ਸ਼ਾਹ ਨੇ ਆਪਣੀ ਰਚਨਾ ਵਿਚ ਖੂਬ ਸਵਾਦ ਲਏ ਹਨ,

ਚਲੋ ਝਗੜੀਏ ਬੈਠ ਕੇ ਪਾਸ ਕਾਜ਼ੀ,
ਏਹ ਗੱਲ ਨਾ ਜਾਏ ਬਰਬਾਦ ਮੀਆਂ।
ਵਾਰਿਸ ਅਹਿਮਕਾਂ ਨੂੰ ਬਿਨਾ ਫਾਟ ਖਾਧੇ,
ਨਹੀਂ ਆਂਵਦਾ ਇਸ਼ਕ ਦਾ ਸਵਾਦ ਮੀਆਂ।
—
ਸੁੱਟੂੰ ਮਾਰ ਚਪੇੜ ਤੇ ਦੰਦ ਭੰਨੂੰ,
ਸਵਾਦ ਆਵਸੀ ਚੁਹਲਿਆਂ ਮੁਹਲਿਆਂ ਦੇ।
—
ਹੀਰੇ ਇਸ਼ਕ ਨਾ ਮੂਲ ਸਵਾਦ ਦਿੰਦਾ,
ਨਾਲ ਚੋਰੀਆਂ ਅਤੇ ਉਧਾਲਿਆਂ ਦੇ।

ਗੌਰਤਲਬ ਹੈ ਕਿ ਸੰਸਕ੍ਰਿਤ ਵਿਚ ਸਵਾਦੁ ਦੇ ਅਰਥ ਮਿੱਠਾ ਸਵਾਦ ਜਾਂ ਮਿੱਠਤ ਵੀ ਹੈ ਤੇ ਅੱਗੇ ਰਾਬ ਜਾਂ ਸੀਰਾ ਵੀ ਹੈ। ਦਰਅਸਲ ਸੰਸਕ੍ਰਿਤ ਵਿਚ ਇਸ ਨਾਲ ਹੋਰ ਸ਼ਬਦ ਲੱਗ ਕੇ ਬਣੇ ਅਨੇਕਾਂ ਸਮਾਸੀ ਸ਼ਬਦਾਂ ਵਿਚ ਮਿੱਠਾ ਦਾ ਭਾਵ ਹੈ। ਮਿਸਾਲ ਵਜੋਂ ਸਵਾਦ-ਫਲ ਦਾ ਮਤਲਬ ਮਿੱਠਾ ਫਲ ਹੈ ਤੇ ਵਿਸ਼ੇਸ਼ ਅਰਥ ਬੇਰ। ਸੰਸਕ੍ਰਿਤ ਵਿਚ ਸਵਦ ਕ੍ਰਿਆ ਦਾ ਅਰਥ ਹੈ-ਸਵਾਦ ਲੈਣਾ, ਚਖਣਾ; ਸਵਾਦ ਹੋਣਾ, ਸਵਾਦੀ ਬਣਾਉਣਾ ਆਦਿ। ਪਰ ਪੰਜਾਬੀ ਵਿਚ ਅਜਿਹੀ ਕੋਈ ਕ੍ਰਿਆ ਪ੍ਰਚਲਿਤ ਨਹੀਂ ਹੈ। 'ਗੂੰਗੇ ਦਾ ਗੁੜ' ਮੁਹਾਵਰੇ ਦਾ ਸ਼ਾਬਦਿਕ ਅਰਥ ਹੈ, 'ਬੋਲਣ ਦੀ ਸਮਰਥਾ ਤੋਂ ਹੀਣਾ ਇਹ ਅਪਾਹਜ ਗੁੜ ਦਾ ਸਵਾਦ ਦੱਸ ਨਹੀਂ ਸਕਦਾ।'

ਦਰਅਸਲ ਕਿਸੇ ਸ਼ਬਦ ਦੇ ਜਨਮ ਤੋਂ ਪਹਿਲਾਂ ਮਨੁੱਖ ਦੀ ਅਵਸਥਾ ਗੂੰਗੇ ਦੇ ਗੁੜ ਜਿਹੀ ਹੀ ਹੁੰਦੀ ਹੈ। ਅਸੀਂ ਕਿਸੇ ਮਨ ਆਏ ਭਾਵ ਦਾ ਦੂਜੇ ਵੱਲ ਸੰਚਾਰ ਤਦ ਹੀ ਕਰ ਸਕਦੇ ਹਾਂ ਜੇ ਦੂਜਾ ਸਾਡੇ ਵਲੋਂ ਵਿਅਕਤ ਕੀਤੇ ਸ਼ਬਦਾਂ ਦੇ ਅਰਥ ਜਾਣਦਾ ਹੋਵੇ। ਪਰ ਜੇ ਮਨ 'ਚ ਆਇਆ ਭਾਵ ਬਿਲਕੁਲ ਨਵਾਂ ਹੋਵੇ, ਜਿਸ ਲਈ ਕੋਈ ਸ਼ਬਦ ਮੌਜੂਦ ਨਾ ਹੋਵੇ ਤਾਂ ਕੀ ਹੱਲ ਹੈ? ਸਪੱਸ਼ਟ ਹੈ ਕਿ ਨਵਾਂ ਸ਼ਬਦ ਘੜਿਆ ਜਾਵੇਗਾ ਪਰ ਇਸ ਅਵਸਥਾ ਵਿਚ ਦੂਜਾ ਵਿਅਕਤੀ ਉਸ ਨੂੰ ਕਿਵੇਂ ਸਮਝੇਗਾ?

ਆਮ ਤੌਰ 'ਤੇ ਨਵਾਂ ਘੜਿਆ ਸ਼ਬਦ ਪਹਿਲਾਂ ਮੌਜੂਦ ਸ਼ਬਦ ਦਾ ਹੀ ਕੁਝ ਬਦਲਿਆ ਰੂਪ ਹੁੰਦਾ ਹੈ, ਜਿਸ ਵਿਚ ਅਰਥ ਦਾ ਕੁਝ ਵਾਧਾ ਘਾਟਾ ਕਰ ਦਿੱਤਾ ਜਾਂਦਾ ਹੈ। ਪ੍ਰਸੰਗ ਅਨੁਸਾਰ ਸਰੋਤਾ ਇਸ ਦੇ ਅਰਥ ਦਾ ਲੱਖਣ ਲਾ ਲੈਂਦਾ ਹੈ। ਮੁਢਲੇ ਤੌਰ 'ਤੇ ਸਵਾਦ ਦੇ ਪਰਾਰੂਪਾਂ ਦਾ ਕੁਝ ਹੋਰ ਹੀ ਅਰਥ ਹੋ ਸਕਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਸਵਾਦ ਦਾ ਪਹਿਲਾ ਅਰਥ ਮਿੱਠਾਸ ਹੋਵੇਗਾ ਤੇ ਫਿਰ ਬਦਲਦਾ ਬਦਲਦਾ ਸੁਖਾਵਾਂਪਣ, ਅਨੰਦ, ਮਜ਼ਾ, ਸ਼ੌਕ, ਆਦਤ, ਚਸਕਾ ਆਦਿ ਹੋ ਗਏ। ਇਸ ਤੋਂ ਉਲਟ ਗੱਲ ਵੀ ਹੋ ਸਕਦੀ ਹੈ। ਪਹਿਲਾਂ ਕਿਸੇ ਵੀ ਇੰਦਰੀ ਲਈ ਸੁਖਾਵਾਂ ਤੇ ਫਿਰ ਸੁੰਗੜਦਾ ਸੁੰਗੜਦਾ ਮਿੱਠਾ। ਇਹ ਚਰਚਾ ਮੈਂ ਇਸ ਲਈ ਛੇੜ ਰਿਹਾ ਹਾਂ ਕਿ ਮਿੱਠਾ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਸਵੀਟ (Sweet) ਸਵਾਦ ਦਾ ਸਜਾਤੀ ਹੈ।

ਪੁਰਾਣੀ ਅੰਗਰੇਜ਼ੀ ਵਿਚ ਸਵੀਟ ਸ਼ਬਦ ਕਿਸੇ ਵੀ ਇੰਦਰੀ, ਮਨ ਜਾਂ ਭਾਵਨਾ ਲਈ ਅਨੰਦਮਈ ਹੋਣ ਦਾ ਸੰਕੇਤਕ ਸੀ, ਪਰ ਪਿਛੋਂ ਇਸ ਦਾ ਮੁਖ ਅਰਥ ਮਿੱਠਾ ਹੋ ਗਿਆ। ਇਸ ਦਾ ਭਾਰੋਪੀ ਮੂਲ 'ਸਵਾਦ' ਕਲਪਿਆ ਗਿਆ ਹੈ, ਜਿਸ ਵਿਚ ਅਨੰਦਮਈ, ਮਜ਼ੇਦਾਰ, ਮਿੱਠਾ ਆਦਿ ਦੇ ਭਾਵ ਹਨ। ਜਰਮੈਨਿਕ ਤੇ ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਇਸ ਤੋਂ ਰਲਦੇ-ਮਿਲਦੇ ਸ਼ਬਦ ਬਣੇ ਹਨ, ਜਿਨ੍ਹਾਂ ਵਿਚ ਅਜਿਹੇ ਹੀ ਭਾਵ ਹਨ। ਗਰੀਕ ਭਾਸ਼ਾ ਵਿਚ 'ਸ' ਧੁਨੀ 'ਹ' ਵਿਚ ਬਦਲ ਗਈ ਤਾਂ ਇਸ ਭਾਸ਼ਾ ਦੇ ਸ਼ਬਦ ਨੇ Hedys ਜਿਹਾ ਰੂਪ ਧਾਰ ਲਿਆ, ਜਿਸ ਦਾ ਮਤਲਬ ਮਿੱਠਾ, ਅਨੰਦਦਾਇਕ ਆਦਿ ਹੁੰਦਾ ਹੈ। ਲਾਤੀਨੀ ਵਿਚ Suavis ਸ਼ਬਦ ਬਣਿਆ, ਪਰ ਇਸ ਵਿਚ ਮੁਖ ਭਾਵ ਜੀਭ ਦੀ ਮਿਠਾਸ ਨਹੀਂ, ਸਗੋਂ ਕਿਸੇ ਵੀ ਇੰਦਰੀ ਨੂੰ ਪੁਹੰਦਾ ਜਾਂ ਸੁਖਾਵਾਂ ਹੋਣ ਦਾ ਆਸ਼ਾ ਹੈ। ਇਸ ਤੋਂ ਬਣੇ ਲਾਤੀਨੀ Suadere ਦਾ ਅਰਥ ਹੈ-ਸਲਾਹ ਦੇਣਾ, ਮਾਨੋ ਕਿਸੇ ਨੂੰ ਲਾਭ ਪਹੁੰਚਾਉਣ ਵਾਲੀ ਸੁਖਾਵੀਂ ਗੱਲ ਕਰਨੀ।

'ਸਵਾਦ' ਮੂਲ ਨਾਲ ਜਾ ਜੁੜਦੇ ਕੁਝ ਅੰਗਰੇਜ਼ੀ ਦੇ ਸ਼ਬਦ ਵਿਚਾਰਦੇ ਹਾਂ: ਅੰਗਰੇਜ਼ੀ ਸ਼ਬਦ Persuade ਦਾ ਮਾਅਨਾ ਹੈ, ਕਿਸੇ ਨੂੰ ਮਨਾਉਣਾ। ਇਹ ਲਾਤੀਨੀ ਵਲੋਂ ਅੰਗਰੇਜ਼ੀ ਵਿਚ ਗਿਆ ਹੈ। ਇਸ ਵਿਚ Per ਤਾਂ ਇਕ ਅਗੇਤਰ ਹੀ ਹੈ ਤੇ ਅਗਲਾ ਜੁਜ਼ ਲਾਤੀਨੀ Suadere ਦਾ ਬਦਲਿਆ ਰੂਪ ਹੈ, ਜਿਵੇਂ ਪਹਿਲਾਂ ਦੱਸਿਆ ਜਾ ਚੁਕਾ ਹੈ, ਇਸ ਦਾ ਅਰਥ ਹੈ-ਲੁਭਾਉਣਾ, ਸੁਖਾਵੀਂ ਗੱਲ ਕਰਨੀ। ਅੰਗਰੇਜ਼ੀ Suave ਦਾ ਮਤਲਬ ਹੈ-ਲੁਭਾਵਣਾ, ਸੁਖਾਵਾਂ, ਮਧੁਰ। ਇਹ ਉਪਰ ਵਰਣਿਤ Suavis ਦਾ ਹੀ ਵਿਉਤਪਤ ਰੂਪ ਹੈ। ਇਸ ਦਾ ਵਿਪਰੀਤਾਰਥਕ ਹੈ, Disuade. ਜੋ ਜ਼ਿੰਦਗੀ ਵਿਚ ਸੁਖ ਨੂੰ ਹੀ ਮੂਲ ਸਮਝਦਾ ਹੈ, ਉਸ ਨੂੰ Hedonist ਕਿਹਾ ਜਾਂਦਾ ਹੈ। ਅਜਿਹੇ ਲੋਕਾਂ ਬਾਰੇ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, 'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥' ਅਸੀਂ ਪੰਜਾਬੀ ਵਿਚ ਇਸ ਨੂੰ ਸੁਖਵਾਦੀ, ਅਨੰਦਜੀਵੀ ਕਹਿ ਸਕਦੇ ਹਾਂ। ਇਹ ਗਰੀਕ Hedys ਦਾ ਵਿਉਤਪਤ ਰੂਪ ਹੈ। ਅੰਗਰੇਜ਼ੀ Assuage ਦਾ ਮਤਲਬ ਹੈ-ਕਿਸੇ ਦੇ ਭੜਕੇ ਜਜ਼ਬਾਤ ਆਦਿ ਬੁਝਾਉਣਾ, ਸ਼ਾਂਤ ਕਰਨਾ, ਠੰਡਾ ਕਰਨਾ। ਇਹ ਲਾਤੀਨੀ Suavis ਤੋਂ ਬਣਿਆ, ਜਿਸ ਵਿਚ ਮਿੱਠਾ ਦੇ ਭਾਵ ਸਮਝੇ ਜਾ ਸਕਦੇ ਹਨ।

ਇਕ ਜਰਮਨ ਨਿਰੁਕਤਸ਼ਾਸਤਰੀ ਦਾ ਵਿਚਾਰ ਹੈ ਕਿ ਦੂਰ ਤੱਕ ਜਾਇਆਂ ਸਵੀਟ ਸ਼ਬਦ ਪਿਛੇ (ਫਲਾਂ ਦੇ) ਰਸ ਦਾ ਭਾਵ ਪ੍ਰਤੀਤ ਹੁੰਦਾ ਹੈ। ਇਸ ਮੱਤ ਪਿਛੇ ਕੁਝ ਵਜ਼ਨ ਹੈ। ਇੱਕ ਭਾਰਤੀ ਭਾਸ਼ਾ ਵਿਚ ਸਵਦ ਤੋਂ ਬਣੇ 'ਇਸਪਾ' ਸ਼ਬਦ ਦਾ ਅਰਥ 'ਫਲਾਂ ਦਾ ਰਸ' ਹੈ। ਦੂਜੇ ਪਾਸੇ ਰਸ ਸ਼ਬਦ ਦਾ ਹੀ ਇੱਕ ਅਰਥ ਸਵਾਦ, ਜ਼ਾਇਕਾ, ਲੁਤਫ ਹੈ। ਪੱਕੇ ਤੌਰ 'ਤੇ ਨਿਰਣਾ ਕਰਨਾ ਬਹੁਤ ਕਠਿਨ ਹੈ ਕਿ ਕਿਸੇ ਵੀ ਸ਼ਬਦ ਦਾ ਬਹੁਤ ਅਤੀਤ ਵਿਚ ਰਿਹਾ ਰੂਪ ਕਾਹਦਾ ਸੰਕੇਤਕ ਸੀ। ਕਹਿੰਦੇ ਹਨ, ਔਲੇ ਦੇ ਸੁਆਦ ਦਾ ਬਾਅਦ ਵਿਚ ਹੀ ਪਤਾ ਲਗਦਾ ਹੈ।

## ਕਾਵਿ-ਜਗਤ

### ਉਹ ਤਾਂ ਕਮਲੀ ਹੈ

'ਤੂੰ ਤਾਂ ਕਮਲੀ ਹੈਂ!'
ਮੈਂ ਉਸ ਨੂੰ ਕਹਿੰਦਾ ਹਾਂ।
ਪਰ ਮੰਨਦੀ ਨਹੀਂ,
ਕਿਉਂਕਿ ਉਹ ਜਾਣਦੀ ਨਹੀਂ।

ਵੈਸੇ ਤਾਂ ਕਿਸੇ ਕਮਲੇ ਨੂੰ
ਕਮਲਾ ਕਹਿਣਾ ਅਸਭਿਅ ਹੈ,
ਪਰ ਮੇਰੀ ਗੱਲ ਹੋਰ ਹੈ
ਉਸ 'ਤੇ ਮੇਰਾ ਹੱਕ ਹੈ
ਤੇ ਉਸ ਹੱਕ ਨੂੰ ਵਰਤਦਾ,
ਮੈਂ ਉਸ ਨੂੰ ਸਮਝਾਉਂਦਾ ਹਾਂ,
'ਕਮਲੀਏ ਕਦੇ ਤਾਂ ਸਮਝ!'

ਪਰ ਉਹ ਹੱਸ ਪੈਂਦੀ ਹੈ
ਕਹਿੰਦੀ ਹੈ, 'ਮੈਂ ਵਿਆਹੀ ਹਾਂ।
ਮੇਰੀ ਮਾਂ ਹੈ, ਬਾਪ ਹੈ,
ਪਤੀ ਹੈ, ਬੱਚੇ ਹਨ।'

'ਕੀ ਕਮਲਿਆਂ ਦੇ
ਪਰਿਵਾਰ ਨਹੀਂ ਹੁੰਦੇ?'
ਮੈਂ ਪੁੱਛਦਾ ਹਾਂ।
'ਪਰ ਕੋਈ ਹੋਰ ਤਾਂ ਨ੍ਹੀਂ ਕਹਿੰਦਾ।
ਮੈਨੂੰ ਖੁਦ ਵੀ ਨਹੀਂ ਲਗਦਾ।'

'ਭੋਲੀਏ, ਉਨ੍ਹਾਂ ਨੂੰ ਜੇ ਨਹੀਂ ਪਤਾ
ਤਾਂ ਵਿਚਾਰੇ ਕੀ ਕਰਨ?'

'ਮੇਰੇ ਵਿਚ ਕੀ ਕਮੀ ਹੈ?
ਸਵੇਰੇ ਪਤੀ ਤੋਂ ਪਹਿਲਾਂ ਉਠਦੀ ਹਾਂ
ਬਾਲਟੀ ਹੱਥ ਵਿਚ ਫੜ
ਖੂਹ 'ਤੇ ਜਾਂਦੀ ਹਾਂ
ਚਰਖੜੀ ਉਤੇ ਲਟਕਦੀ
ਰੱਸੀ ਨਾਲ, ਬਾਲਟੀ ਬੰਨ
ਖੂਹ 'ਚ ਸੁੱਟਦੀ ਹਾਂ,
ਅਜਿਹਾ ਰੋਜ਼ ਕਰਦੀ ਹਾਂ,
ਪਤੀ ਦੇ ਨਹਾਉਣ ਲਈ
ਪਾਣੀ ਭਰਦੀ ਹਾਂ।
ਘਰ ਆ ਕੇ ਰਸੋਈ ਕਰਦੀ ਹਾਂ
ਪਤੀ ਨੂੰ ਦਫਤਰ ਜਾਣ ਲਈ
ਤਿਆਰ ਕਰਦੀ ਹਾਂ
ਬੱਚਿਆਂ ਨੂੰ ਸਕੂਲ
ਛੱਡ ਕੇ ਆਉਂਦੀ ਹਾਂ
ਫਿਰ ਮਾਂ ਦੀ ਸੇਵਾ ਕਰਦੀ ਹਾਂ
ਬੁੱਢੇ ਬਾਪ ਨੂੰ ਸਹਾਰਾ ਦੇ
ਘੁਮਾਉਂਦੀ ਹਾਂ।

ਮੈਂ ਔਰਤ ਹਾਂ
ਔਰਤ ਦੇ ਸਾਰੇ
ਫਰਜ਼ ਨਿਭਾਉਂਦੀ ਹਾਂ।
ਕਮਲੀ ਹੁੰਦੀ ਤਾਂ
ਖੂਹ 'ਚ ਡਿਗ ਪੈਂਦੀ
ਅੱਗ ਵਿਚ ਸੜ ਜਾਂਦੀ
ਰਾਹ ਵਿਚ ਗੁੰਮ ਜਾਂਦੀ।
ਪਰ ਅਜਿਹਾ ਕਦੇ ਨ੍ਹੀਂ ਹੋਇਆ।
ਤੇ ਤੂੰ ਕਹਿਨਾਂ ਏ
ਮੈਂ ਕਮਲੀ ਹਾਂ।'

'ਬੱਸ ਹਰ ਵਾਰ ਤੂੰ
ਇਹੀ ਕਹਿੰਦੀ ਹੈ,
ਪਰ ਤੈਨੂੰ ਵੀ ਨਹੀਂ ਪਤਾ
ਤੂੰ ਕਿੱਥੇ ਰਹਿੰਦੀ ਹੈ।'

ਫਿਰ ਉਹ ਚਿੰਤਤ ਹੋਈ
ਮੇਰੇ ਤੋਂ ਸਬੂਤ ਮੰਗਦੀ ਹੈ।
ਮੈਂ ਸਮਝਾਂਉਂਦਾ ਹਾਂ,
ਉਹਦੀ ਹਕੀਕਤ ਤੋਂ
ਉਹਨੂੰ ਜਾਣੂ ਕਰਾਉਂਦਾ ਹਾਂ।

'ਸੱਚ ਪੁੱਛੇਂ ਤਾਂ, ਤੂੰ
ਕਿਸੇ ਘਰ 'ਚ ਨਹੀਂ ਰਹਿੰਦੀ
ਨਾ ਤੇਰਾ ਪਤੀ ਹੈ, ਨਾ ਬੱਚੇ
ਨਾ ਘਰ, ਨਾ ਪਰਿਵਾਰ।
ਤੂੰ ਹੈਂ ਕੇਵਲ
ਇਕ ਭਰਮ ਦਾ ਸ਼ਿਕਾਰ।'

'ਪਰ ਆਖਰ ਜੇ ਮੈਂ
ਸਾਹ ਲੈਂਦੀ ਹਾਂ
ਤਾਂ ਕਿਤੇ ਤਾਂ ਰਹਿੰਦੀ ਹਾਂ।
ਨਾ ਮੈਂ ਹਵਾ, ਨਾ ਪਰਛਾਂਵਾਂ
ਨਾ ਮੈਂ ਬਦਲੀ, ਕਿਤੇ ਵਰ੍ਹ ਜਾਵਾਂ।
ਨਾ ਮੈਂ ਕੋਈ ਸੁਪਨਾ ਬਣ ਆਵਾਂ।
ਔਰਤ ਹਾਂ, ਮਾਸ ਦਾ ਟੁਕੜਾ
ਸਭ ਦੇ ਹਿੱਸੇ,
ਕੁਝ ਕੁਝ ਆ ਜਾਵਾਂ।'

ਦੋਸਤੋ!
ਉਹ ਤਿਤਲੀ ਦੇ ਖੰਭਾਂ ਤੋਂ ਹੌਲੀ
ਫੁੱਲ ਦੀ ਪੱਤੀ ਤੋਂ ਨਰਮ
ਨਿੱਘੇ ਨਿਘੇ ਪੈਰਾਂ ਨੂੰ
ਪੋਲੇ ਪੋਲੇ ਧਰ ਕੇ
ਮੇਰੇ ਦਿਲ 'ਤੇ
ਕਦਮ ਤਾਲ ਕਰਦੀ
ਅੱਜ ਤਕ ਨਹੀਂ ਸਮਝੀ
ਕਿ ਕਿਥੇ ਰਹਿੰਦੀ ਹੈ!

ਮੈਂ ਜਿਥੇ ਵੀ ਜਾਂਵਾਂ
ਉਹਦਾ ਹੱਥ
ਮੇਰੇ ਹੱਥ 'ਚ ਹੁੰਦਾ ਹੈ
ਹੱਸਦੀ ਮੁਸਕਰਾਉਂਦੀ
ਸ਼ਰਾਰਤਾਂ ਕਰਦੀ
ਇਧਰ-ਉਧਰ
ਮੇਰੇ ਵਿਹੜੇ 'ਚ ਪੈਲਾਂ ਪਾਉਂਦੀ
ਹਿਰਨੀ ਦੀ ਤੋਰ ਤੁਰਦੀ
ਡਾਲਾਂ ਵਾਂਗ ਝੂਲਦੀ
ਕਿੱਕਲੀਆਂ ਪਾਉਂਦੀ
ਫਿਰ ਥੱਕ ਜਾਂਦੀ,
ਪਲਕਾਂ 'ਤੇ ਸੌਂ ਜਾਂਦੀ।
ਉਠਦੀ,
ਮੱਛੀ ਵਾਂਗ ਤੈਰਦੀ,
ਨੈਣਾਂ ਥਾਂਈਂ ਅੰਦਰ ਵੜ ਜਾਂਦੀ।
ਰਗ ਰਗ ਨੂੰ ਚੁੰਮਦੀ,
ਅੰਗ ਅੰਗ ਨਸ਼ਿਆਉਂਦੀ।

ਦੋਸਤੋ! ਮੰਨੋ ਤੁਸੀਂ
ਉਹ ਕਿਤੇ ਹੋਰ ਨਾ ਜਾਂਦੀ।
ਪਰ ਸਭ ਨੂੰ ਕਹਿੰਦੀ,
'ਮੈਂ ਔਰਤ ਹਾਂ,
ਔਰਤ ਦੇ ਸਭ ਫਰਜ਼ ਨਿਭਾਉਂਦੀ।'

ਦੋਸਤੋ!
ਦੋਸਤੀ ਦਾ ਫਰਜ਼ ਨਿਭਾਓ
ਉਹ ਕਮਲੀ ਏ,
ਉਹਨੂੰ ਸਮਝਾਓ।
ਮੇਰਾ ਸੀਨਾ ਚੀਰੋ,
ਉਹਨੂੰ ਅਕਸ ਦਿਖਾਓ।
ਮੇਰੇ ਗਵਾਹ ਬਣੋ,
ਉਹਨੂੰ ਯਕੀਨ ਦਿਵਾਓ
ਮੇਰਾ ਰੋਮ ਰੋਮ ਸੁੰਘੋ
ਤੇ ਉਹਨੂੰ ਮਨਾਓ,
'ਕਮਲੀਏ!
ਆਪਣੇ ਸੁਪਨਿਆਂ ਤੋਂ ਬਾਹਰ ਆ।
ਸੱਚ ਨੂੰ ਸਮਝ, ਭਰਮ ਭਾਂਡਾ ਤੋੜ।
ਇਸ ਪਾਗਲਪਨ ਦਾ
ਹੋਰ ਕੋਈ ਇਲਾਜ ਨਹੀਂ।

ਕਿਉਂਕਿ
ਜਦ ਮੈਂ ਕਹਿੰਦਾ ਹਾਂ
ਉਹ ਮੰਨਦੀ ਨਹੀਂ
ਕੇਵਲ ਸਿਰ ਹਿਲਾਉਂਦੀ ਹੈ।
'ਕਮਲਾ ਜਿਹਾ' ਆਖ ਚਲੀ ਜਾਂਦੀ ਹੈ।
ਭਰਮ ਜਾਲ 'ਚ ਫਸਣ ਲਈ
ਆਪਣੇ ਸੁਪਨ ਸੰਸਾਰ 'ਚ
ਗੁੰਮ ਹੋਣ ਲਈ।
ਜਿਥੇ ਉਹਦੇ ਮਾਪੇ ਹਨ,
ਘਰ ਹੈ, ਪਤੀ ਹੈ, ਬੱਚੇ ਹਨ
ਜਿਥੇ ਉਹ ਬਾਕੀ ਔਰਤਾਂ ਵਾਂਗ,
ਔਰਤ ਦੇ ਸਾਰੇ ਫਰਜ਼
ਨਿਭਾਉਂਦੀ ਹੈ।
ਕਮਲੀ ਕਿਤੋਂ ਦੀ!

**-ਜੇ.ਬੀ. ਸਿੰਘ, ਕੈਂਟ**
*Email: jupneja@gmail.com*

# ਆਮ ਲੋਕਾਂ ਦਾ ਫਿਲਮਸਾਜ਼ ਰਾਜੀਵ ਕੁਮਾਰ




*ਫਿਲਮਸਾਜ਼ ਰਾਜੀਵ ਕੁਮਾਰ*

ਪੰਜਾਬੀ ਫਿਲਮਸਾਜ਼ ਰਾਜੀਵ ਕੁਮਾਰ ਨੇ ਸਾਰਥਿਕ ਪੰਜਾਬੀ ਲਘੂ ਫਿਲਮਾਂ ਬਣਾ ਕੇ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ। ਜਿਥੇ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਫਿਲਮਾਂ ਸਿਰਫ ਮਨੋਰੰਜਨ ਤੱਕ ਸੀਮਤ ਹੁੰਦੀਆਂ ਹਨ, ਉਥੇ ਰਾਜੀਵ ਦੀਆਂ ਫਿਲਮਾਂ ਆਮ ਲੋਕਾਂ ਦੀਆਂ ਦੁੱਖ ਤਕਲੀਫਾਂ ਦੀ ਪੈਰਵੀ ਕਰਦੀਆਂ ਨਜ਼ਰ ਆਉਂਦੀਆਂ ਹਨ। ਰਾਜੀਵ ਦੀਆਂ ਫਿਲਮਾਂ ਦਾ ਕੇਂਦਰ ਬਿੰਦੂ ਸਦਾ ਆਮ ਇਨਸਾਨ ਹੁੰਦਾ ਹੈ। ਉਹ ਆਪਣੀ ਫਿਲਮਸਾਜ਼ੀ ਰਾਹੀਂ ਆਮ ਲੋਕਾਂ ਦੀ ਆਵਾਜ਼ ਬਣਦਾ ਹੈ।

ਰਾਜੀਵ ਕੁਮਾਰ ਨੇ ਆਪਣੇ ਪਿੰਡ ਮੁੱਲਾਂਪੁਰ ਦਾਖਾ ਤੋਂ ਦਸਵੀਂ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਥੀਏਟਰ ਦੀ ਐਮ.ਏ. ਕੀਤੀ। ਇਥੋਂ ਹੀ ਉਹ ਰੰਗਮੰਚ ਨਾਲ ਜੁੜੇ। ਰਾਜੀਵ ਕੁਮਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜਿਹੜਾ ਪਹਿਲਾਂ ਨਾਟਕ ਦੇਖਿਆ ਸੀ, ਉਸ ਦੀਆਂ ਲੜੀਆਂ ਲੋਕਾਂ ਨਾਲ ਸਿੱਧੀਆਂ ਜੁੜੀਆਂ ਹੋਈਆਂ ਸਨ। ਇਸ ਨਾਟਕ ਨੇ ਉਸ ਨੂੰ ਧੁਰ ਅੰਦਰ ਤਕ ਟੁੰਬਿਆ। ਸ਼ਾਇਦ ਇਸੇ ਕਰਕੇ ਉਨ੍ਹਾਂ ਦਾ ਮੰਨਣਾ ਹੈ ਕਿ ਨਾਟਕ ਲੋਕਪੱਖੀ ਹੀ ਹੋਣਾ ਚਾਹੀਦਾ ਹੈ। ਉਸ ਦੀ ਇਹੀ ਵਿਚਾਰਧਾਰਾਂ ਉਸ ਦੀ ਫਿਲਮਸਾਜ਼ੀ ਵਿਚ ਵੀ ਝਲਕਦੀ ਹੈ।

ਪੰਜਾਬ ਯੂਨੀਵਰਸਿਟੀ ਤੋਂ ਐਮ.ਏ. ਕਰਨ ਤੋਂ ਬਾਅਦ ਰਾਜੀਵ ਕੁਮਾਰ ਨੇ ਆਪਣੀ ਪਹਿਲੀ ਦਸਤਾਵੇਜ਼ੀ ਫਿਲਮ 'ਆਪਣਾ ਪਾਸ਼' ਬਣਾਈ। ਇਹ ਦਸਤਾਵੇਜ਼ੀ ਫਿਲਮ ਬਣਾਉਣ ਵੇਲੇ ਨਾ ਤਾਂ ਉਸ ਅਤੇ ਉਸ ਦੀ ਟੀਮ ਕੋਲ ਡਿਜੀਟਲ ਕੈਮਰੇ ਸਨ ਅਤੇ ਨਾ ਹੀ ਫਿਲਮ ਬਣਾਉਣ ਲਈ ਕੋਈ ਬਹੁਤਾ ਬਜਟ ਹੀ ਸੀ ਪਰ ਉਹ ਇਸ ਫਿਲਮ ਨੂੰ ਹਰ ਹਾਲਤ ਵਿਚ ਬਣਾਉਣਾ ਜ਼ਰੂਰੀ ਸਮਝਦੇ ਸਨ ਅਤੇ ਇਹ ਫਿਲਮ ਬਣਾਉਣ ਲਈ ਉਹਨੇ ਵਿਆਹ-ਸ਼ਾਦੀਆਂ ਵਿਚ ਵਰਤੇ ਜਾਣ ਵਾਲੇ ਆਮ ਕੈਮਰਿਆਂ ਦੀ ਵਰਤੋਂ ਕੀਤੀ। ਇਹ ਦਸਤਾਵੇਜ਼ੀ ਫਿਲਮ, ਫਿਲਮਸਾਜ਼ੀ ਦੀ ਦੁਨੀਆ ਵਿਚ ਉਸ ਦਾ ਪਹਿਲਾ ਤਜਰਬਾ ਸੀ ਜਿਸ ਨੂੰ ਹਰ ਪਾਸਿਓਂ ਹੁੰਗਾਰਾ ਮਿਲਿਆ। ਹੁਣ ਜਦ ਵੀ ਕਦੀ ਪਾਸ਼ ਜਾਂ ਰਾਜੀਵ ਕੁਮਾਰ ਦੀ ਗੱਲ ਕਿਤੇ ਤੁਰਦੀ ਹੈ ਤਾਂ 'ਆਪਣਾ ਪਾਸ਼' ਬਾਰੇ ਗੱਲ ਜ਼ਰੂਰ ਹੁੰਦੀ ਹੈ।




*ਫਿਲਮ 'ਚੰਮ' ਦਾ ਪੋਸਟਰ*

ਇਸ ਤੋਂ ਬਾਅਦ ਉਸ ਨੇ ਕਈ ਫਿਲਮਾਂ ਬਣਾਈਆਂ ਜਿਹੜੀਆਂ ਚਰਚਿਤ ਰਹੀਆਂ; ਜਿਵੇਂ ਆਤੂ ਖੋਜੀ, ਨਵਾਂ ਜਨਮ, ਚੰਮ੍ਹ, ਸਾਵੀ, ਨਾਬਰ ਆਦਿ। 2014 ਵਿਚ ਉਸ ਦੀ ਫਿਲਮ 'ਨਾਬਰ' ਨੂੰ ਕੌਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 'ਨਾਬਰ' ਫਿਲਮ ਵਿਚ ਰਾਜੀਵ ਕੁਮਾਰ ਉਨ੍ਹਾਂ ਤਮਾਮ ਮੁੰਡਿਆਂ ਦੀ ਹੋਣੀ ਪੇਸ਼ ਕਰਦਾ ਹੈ ਜਿਹੜੇ ਵਿਦੇਸ਼ ਜਾਣ ਦੇ ਚੱਕਰ ਵਿਚ ਏਜੰਟਾਂ ਦੇ ਧੱਕੇ ਚੜ੍ਹ ਜਾਂਦੇ ਹਨ ਅਤੇ ਸੱਚ ਬੋਲਣ 'ਤੇ ਮਾਰ ਦਿੱਤੇ ਜਾਂਦੇ ਹਨ। ਜਿਥੇ ਉਹ 'ਚੰਮ' ਅਤੇ 'ਨਵਾਂ ਜਨਮ' ਵਰਗੀਆਂ ਫਿਲਮਾਂ ਵਿਚ ਜ਼ਿਮੀਦਾਰਾਂ ਤੇ ਦਲਿਤਾਂ ਦੇ ਰਿਸ਼ਤਿਆਂ ਦੀ ਗੱਲ ਕਰਦਾ ਹੈ, ਉਥੇ ਸਾਡੇ ਸਮਾਜ ਵਿਚਲੀ ਜਾਤੀ ਪ੍ਰਥਾ 'ਤੇ ਤਕੜੀ ਸੱਟ ਮਾਰਦਾ ਹੈ। ਆਮ ਲੋਕ ਉਸ ਦੀਆਂ ਫਿਲਮਾਂ ਦੇ ਪਾਤਰਾਂ ਨੂੰ ਆਪਣੇ ਆਪ ਨਾਲ ਜੋੜ ਕੇ ਦੇਖਦੇ ਹਨ। ਉਸ ਦੀਆਂ ਫਿਲਮਾਂ ਪਿੰਡ ਦੇ ਗਿਣੇ-ਚੁਣੇ ਅਮੀਰ ਲੋਕਾਂ ਦੀ ਸੋੜੀ ਸਿਆਸਤ ਨੂੰ ਵੀ ਪੇਸ਼ ਕਰਦੀਆਂ ਹਨ। ਉਸ ਦੀਆਂ ਫਿਲਮਾਂ ਦੇ ਪਾਤਰ ਕਿਰਤੀ ਜਮਾਤ ਨਾਲ ਸਬੰਧ ਰੱਖਦੇ ਹਨ। ਉਹ ਆਪਣੀਆਂ ਫਿਲਮਾਂ ਵਿਚ ਕਿਰਤੀ ਅਤੇ ਹਾਕਮ ਜਮਾਤ ਦੇ ਤਲਖੀ ਭਰੇ ਰਿਸ਼ਤੇ ਨੂੰ ਪੇਸ਼ ਕਰਨ ਦੇ ਨਾਲ-ਨਾਲ ਕਿਰਤੀ ਜਮਾਤ ਦੀ ਤਾਕਤ ਨੂੰ ਵੀ ਬਿਆਨ ਕਰਦਾ ਹੈ।

ਫਿਲਮ ਡਾਇਰੈਕਟਰ ਹੋਣ ਦੇ ਨਾਤੇ ਰਾਜੀਵ ਕੁਮਾਰ ਆਪਣੀਆਂ ਫਿਲਮਾਂ ਦੇ ਪਾਤਰਾਂ ਨੂੰ ਬੜੀ ਸੰਜੀਦਗੀ ਨਾਲ ਪਰਦੇ 'ਤੇ ਚਿਤਰਦਾ ਹੈ। ਉਹ ਆਪਣੀਆਂ ਫਿਲਮਾਂ ਨੂੰ ਸਿਰਫ ਵਪਾਰ ਅਤੇ ਮਨੋਰੰਜਨ ਨਾਲ ਜੋੜ ਕੇ ਨਹੀਂ ਦੇਖਦਾ ਬਲਕਿ ਉਸ ਦਾ ਮੰਨਣਾ ਹੈ ਕਿ ਫਿਲਮ ਆਮ ਲੋਕਾਂ ਲਈ ਅਤੇ ਜਾਣਕਾਰੀ ਭਰਪੂਰ ਹੋਣੀ ਚਾਹੀਦੀ ਹੈ।


ਰਾਜੀਵ ਦੀਆਂ ਫਿਲਮਾਂ ਵਿਚ ਔਰਤਾਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਕ ਪਾਸੇ ਉਹ ਆਪਣੀਆਂ ਫਿਲਮਾਂ ਵਿਚ ਪੇਂਡੂ ਔਰਤ ਦੀ ਹੋਣੀ ਨੂੰ ਦਰਸਾਉਂਦਾ ਹੈ, ਦੂਜੇ ਪਾਸੇ 'ਚੰਮ' ਵਿਚ ਡਾਕਟਰ ਦੇ ਕਿਰਦਾਰ ਵਾਲੀ ਕੁੜੀ ਪੜ੍ਹੀ-ਲਿਖੀ ਤੇ ਸੂਝਵਾਨ ਆਗੂ ਹੋਣ ਦਾ ਸਬੂਤ ਦਿੰਦੀ ਨਜ਼ਰ ਆਉਂਦੀ ਹੈ। ਇਸੇ ਤਰ੍ਹਾਂ 'ਸਾਵੀ' ਫਿਲਮ ਰਾਹੀਂ ਉਹ ਔਰਤ ਦੀਆਂ ਸਮਾਜਿਕ ਅਤੇ ਸਰੀਰਕ ਜ਼ਰੂਰਤਾਂ ਦਾ ਬਹੁਤ ਸੂਖਮ ਅਤੇ ਚੰਗੇ ਢੰਗ ਨਾਲ ਵਰਨਣ ਕਰਦਾ ਹੈ। ਰਾਜੀਵ ਦੀਆਂ ਫਿਲਮਾਂ ਵਿਚਲੀ ਔਰਤ ਸ਼ੁਰੂ ਵਿਚ ਤਾਂ ਜ਼ਰੂਰ ਤਰਸ ਦੀ ਪਾਤਰ ਬਣੀ ਦਿਸਦੀ ਹੈ ਪਰ ਅੰਤ ਤੱਕ ਉਹ ਆਪਣੇ ਅਕਸ ਨੂੰ ਪਛਾਣ ਕੇ ਉਸ ਸਮਾਜ ਨਾਲ ਲੜਨ ਦੀ ਜ਼ਰੂਰਤ ਮਹਿਸੂਸ ਕਰਦੀ ਹੈ ਜਿਹੜਾ ਸਮਾਜ ਉਸ ਨੂੰ ਕਮਜ਼ੋਰ ਅਤੇ ਮਜ਼ਲੂਮ ਸਮਝਦਾ ਹੈ।

ਰਾਜੀਵ ਕੁਮਾਰ ਪੰਜਾਬ ਵਿਚ ਇਸ ਲਈ ਵੀ ਅਕਸਰ ਚਰਚਾ ਵਿਚ ਰਹਿੰਦਾ ਹੈ, ਕਿਉਂਕਿ ਉਹ ਪਿੰਡ-ਪਿੰਡ ਜਾ ਕੇ ਮੁਫਤ ਫਿਲਮਾਂ ਦਿਖਾਉਂਦਾ ਹੈ ਅਤੇ ਲੋਕਾਂ ਨੂੰ ਚੇਤਨ ਕਰਨ ਦਾ ਹੋਕਾ ਦਿੰਦਾ ਹੈ। ਇਸ ਕਰਕੇ ਕਈ ਵਾਰ ਦੂਜੇ ਡਾਇਰੈਕਟਰ ਉਨ੍ਹਾਂ ਦੀ ਆਲੋਚਨਾ ਵੀ ਕਰਦੇ ਹਨ, ਉਨ੍ਹਾਂ ਦੀ ਦਲੀਲ ਇਹ ਹੁੰਦੀ ਹੈ ਕਿ ਇਉਂ ਸਾਰਿਆਂ ਦੀ ਮਾਰਕੀਟ ਖਰਾਬ ਹੁੰਦੀ ਹੈ।

ਹਰ ਬੁੱਧੀਜੀਵੀ ਆਪਣੇ ਸਮਾਜ ਲਈ ਕੁਝ ਕਰਨਾ ਚਾਹੁੰਦਾ ਹੈ ਤੇ ਸਭ ਦਾ ਤਰੀਕਾ ਵਖ-ਵਖ ਹੋ ਸਕਦਾ ਹੈ। ਰਾਜੀਵ ਆਪਣੀਆਂ ਫਿਲਮਾਂ ਦੁਆਰਾ ਸਮਾਜ ਨੂੰ ਸ਼ੀਸ਼ਾ ਦਿਖਾਉਣ ਦਾ ਕੰਮ ਕਰ ਰਿਹਾ ਹੈ। ਰਾਜੀਵ ਨੇ ਆਪਣੀ ਫਿਲਮਸਾਜ਼ੀ ਨਾਲ ਪੰਜਾਬੀ ਫਿਲਮਾਂ ਨੂੰ ਨਵਾਂ ਮੋੜ ਦਿੱਤਾ ਹੈ।

*-ਸੀਮਾ ਸ਼ਰਮਾ*
*ਫੋਨ: 91-81950-61004*




*ਰਾਜੀਵ ਕੁਮਾਰ ਦੀਆਂ ਚਰਚਿਤ ਫਿਲਮਾਂ 'ਨਾਬਰ' ਤੇ 'ਸਾਵੀ' ਦੇ ਪੋਸਟਰ*

# ਪੰਜਾਬੀ ਸਿਨੇਮਾ ਤੇ ਸਮਾਜਕ ਸਰੋਕਾਰ

ਪੰਜਾਬੀ ਦੀਆਂ ਕੁਝ ਹੀ ਫਿਲਮਾਂ ਵਿਚ ਸਹੀ, ਪਰ ਫਿਲਮਸਾਜ਼ਾਂ ਵਲੋਂ ਸਮਾਜਿਕ ਸਰੋਕਾਰਾਂ ਨੂੰ ਛੂਹਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਪਿਛਲੇ ਸਮੇਂ ਦੌਰਾਨ ਰਾਜੀਵ ਕੁਮਾਰ ਦੇ ਨਿਰਦੇਸ਼ਨ ਹੇਠ ਤਿਆਰ ਹੋਈ ਫਿਲਮ 'ਚੰਮ' ਇਸ ਦੀ ਬਿਹਤਰੀਨ ਉਦਾਹਰਨ ਹੈ। ਇਸ ਨੇ ਪੰਜਾਬੀ ਸਿਨੇਮਾ ਦੇ ਖੇਤਰ ਵਿਚ ਵੱਖਰੀ ਪਛਾਣ ਬਣਾਈ ਹੈ। ਇਸ ਤੋਂ ਪਹਿਲਾਂ ਵੀ ਉਹ ਹੋਰ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕਾ ਹੈ। ਇਸ ਫਿਲਮ ਨੂੰ ਕਈ ਸਨਮਾਨਾਂ ਨਾਲ ਨਿਵਾਜਿਆ ਗਿਆ ਹੈ।

ਇਹ ਫਿਲਮ ਭਗਵੰਤ ਰਸੂਲਪੁਰੀ ਦੀ ਕਹਾਣੀ 'ਚੰਮ' 'ਤੇ ਆਧਾਰਿਤ ਹੈ ਜੋ ਪੰਜਾਬੀ ਸਮਾਜ ਦੇ ਸਮਾਜਿਕ, ਆਰਥਿਕ ਤੇ ਰਾਜਨੀਤਕ ਪਹਿਲੂਆਂ ਦੀ ਬਾਰੀਕੀ ਨਾਲ ਪੁਣਛਾਣ ਕਰਦੀ ਹੈ ਤੇ ਕਈ ਤਰ੍ਹਾਂ ਦੀਆਂ ਸਮਾਜਿਕ ਊਣਤਾਈਆਂ ਬਾਰੇ ਪ੍ਰਸ਼ਨ ਵੀ ਉਠਾਉਂਦੀ ਹੈ।

ਪੰਜਾਬੀ ਸਮਾਜ ਇਸ ਸਮੇਂ ਜਾਤ ਦੇ ਵਖਰੇਵੇਂ, ਰਾਜਨੀਤਕ ਮਾਹੌਲ ਤੇ ਆਰਥਿਕ ਤੌਰ 'ਤੇ ਲਤਾੜੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਇਹ ਫਿਲਮ ਇਨ੍ਹਾਂ ਪਹਿਲੂਆਂ ਨੂੰ ਕੈਮਰੇ ਦੀ ਅੱਖ ਨਾਲ ਦਰਸ਼ਕਾਂ ਤਕ ਪਹੁੰਚਾਉਣ ਦਾ ਉਪਰਾਲਾ ਕਰਦੀ ਹੈ। 'ਚੰਮ' ਫਿਲਮ ਆਰਥਿਕ ਤੇ ਸਮਾਜਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਦਾਸਤਾਂ ਹੈ ਜੋ ਹੱਡਾ ਰੋੜੀ, ਭਾਵ ਮਰੇ ਪਸ਼ੂਆਂ ਦੀ ਖੱਲ ਲਾਹੁਣ ਵਾਲੇ ਕਿਰਤੀਆਂ ਦੀ ਗਾਥਾ ਹੈ। ਇਹ ਲੋਕ ਭਾਵੇਂ ਜਾਤੀਵਾਦ ਤੇ ਆਰਥਿਕ ਮੰਦਹਾਲੀ ਨਾਲ ਜ਼ਰੂਰ ਗ੍ਰਸਤ ਨਜ਼ਰ ਆਉਂਦੇ ਹਨ ਪਰ ਮਾਨਸਿਕ ਤੌਰ 'ਤੇ ਇਹ ਦ੍ਰਿੜ ਇਰਾਦੇ ਵਾਲੇ ਹਨ ਤੇ ਮੁਸ਼ਕਿਲ ਸਮੇਂ ਡੋਲਣ ਦੀ ਬਜਾਏ ਉਸ ਦਾ ਡਟ ਕੇ ਮੁਕਾਬਲਾ ਕਰਦੇ ਹਨ। ਫਿਲਮ ਦਾ ਮੁੱਖ ਕਿਰਦਾਰ ਕੁਲਦੀਪ ਸਿੰਘ ਉਰਫ ਕੀਪਾ ਜੋ ਖੱਲ ਲਾਹ ਕੇ ਵੇਚਣ ਦਾ ਪਿਤਾ ਪੁਰਖੀ ਕਿੱਤਾ ਕਰਦਾ ਹੈ, ਆਪਣੇ ਨਾਲ ਹੁੰਦੇ ਜਾਤੀਵਾਦ ਵਿਤਕਰੇ ਜਾਂ ਹੋਰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਤੋਂ ਨਿਰਾਸ਼ ਨਹੀਂ ਹੁੰਦਾ। ਉਹ ਰਾਜਨੀਤਕ ਪੈਂਤੜਿਆਂ ਤੋਂ ਵੀ ਭਲੀ ਭਾਂਤ ਵਾਕਿਫ ਹੈ ਅਤੇ ਰਾਜਨੀਤੀ ਦੀਆਂ ਚਾਲਾਂ ਨੂੰ ਵੀ ਸਮਝਦਾ ਹੈ ਜਿਸ ਨਾਲ ਉਹ ਹੋਰ ਲੋਕਾਂ ਨੂੰ ਇਸ ਤੋਂ ਆਗਾਹ ਕਰਵਾਉਂਦਾ ਹੈ।


ਇਸ ਫਿਲਮ ਦੇ ਕਿਰਦਾਰਾਂ ਦੀ ਖੂਬੀ ਇਸ ਗੱਲ ਵਿਚ ਹੈ ਕਿ ਉਹ ਮੁਸ਼ਕਿਲ ਸਮੇਂ 'ਤੇ ਜੀਵਨ ਤੋਂ ਨਿਰਾਸ਼ ਨਹੀਂ ਹੁੰਦੇ ਸਗੋਂ ਜ਼ਿੰਦਗੀ ਪ੍ਰਤੀ ਹਾਂ ਮੁਖੀ ਵਤੀਰਾ ਰੱਖਦੇ ਹਨ, ਜੋ ਅੱਜ ਦੇ ਪੰਜਾਬ ਦੇ ਕਿਸਾਨ ਜਾਂ ਉਚ ਜਾਤੀ ਦੇ ਲੋਕਾਂ ਵਿਚ ਨਜ਼ਰ ਨਹੀਂ ਆਉਂਦਾ। ਫਿਲਮਸਾਜ਼ ਇਸ ਵਿਚ ਸੁਚੇਤ ਪੱਧਰ 'ਤੇ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਰੁਚਿਤ ਹੁੰਦਾ ਹੈ, ਪਰ ਇਸ ਵੇਲੇ ਉਹ ਹਕੀਕੀ ਹਾਲਾਤ ਪੈਦਾ ਕਰ ਦਿੰਦਾ ਹੈ ਜਿਸ ਨਾਲ ਦਰਸ਼ਕਾਂ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਸਵਾਲ ਪੈਦਾ ਹੁੰਦੇ ਹਨ।

ਦੂਜੇ ਪਾਸੇ 'ਅਰਦਾਸ ਕਰਾਂ' ਫਿਲਮ ਗਿੱਪੀ ਗਰੇਵਾਲ ਦੇ ਨਿਰਦੇਸ਼ਨ ਹੇਠ ਤਿਆਰ ਹੋ ਕੇ ਦਰਸ਼ਕਾਂ ਸਾਹਮਣੇ ਆਈ ਹੈ। ਇਸ ਫਿਲਮ ਵਿਚ ਹਾਸ ਕਲਾਕਾਰਾਂ ਵਲੋਂ ਸੰਜੀਦਗੀ ਨਾਲ ਸਮਾਜਿਕ ਪਹਿਲੂਆਂ ਨੂੰ ਦਰਸ਼ਕਾਂ ਅੱਗੇ ਰੱਖਿਆ ਗਿਆ ਹੈ। ਜਿਥੇ 'ਚੰਮ' ਹਿੰਦੋਸਤਾਨੀ ਪੰਜਾਬ ਅੰਦਰ ਜਾਤੀਵਾਦ ਦੀਆਂ ਹੱਦਾਂ ਨੂੰ ਟੱਪ ਕੇ ਸਾਂਝੀਵਾਲਤਾ ਦੀ ਗੱਲ ਕਰਦੀ ਹੈ, ਉਥੇ 'ਅਰਦਾਸ ਕਰਾਂ' ਰਾਹੀਂ ਸੁਚੇਤ ਤੌਰ 'ਤੇ ਹਿੰਦੂ, ਸਿੱਖ, ਮੁਸਲਮਾਨ ਧਰਮ ਤੇ ਜਾਤੀਵਾਦ ਦੀਆਂ ਹੱਦਾਂ ਨੂੰ ਤੋੜਨ ਦਾ ਉਪਰਾਲਾ ਕੀਤਾ ਗਿਆ ਹੈ ਪਰ ਅਚੇਤ ਤੌਰ 'ਤੇ ਫਿਲਮਸਾਜ਼ ਤੇ ਕਿਰਦਾਰ ਆਪ ਹੀ ਇਨ੍ਹਾਂ ਮੁੱਦਿਆਂ ਦਾ ਸ਼ਿਕਾਰ ਹੁੰਦੇ ਨਜ਼ਰ ਆਉਂਦੇ ਹਨ। 'ਅਰਦਾਸ ਕਰਾਂ' ਫਿਲਮ ਦੇ ਸਾਰੇ ਕਿਰਦਾਰਾਂ ਦਾ ਸਬੰਧ ਪਰਵਾਸ ਨਾਲ ਹੈ। ਫਿਲਮ ਦੇ ਸਾਰੇ ਕਿਰਦਾਰ ਪਰਵਾਸੀ ਜੀਵਨ ਕਾਰਨ ਉਪਜੇ ਮਨੁੱਖੀ ਰਿਸ਼ਤਿਆਂ ਦੀਆਂ ਗੁੰਝਲਾਂ ਤੇ ਪੇਚੀਦਗੀਆਂ ਤੋਂ ਨਿਰਾਸ਼ ਹੋ ਜਾਂਦੇ ਹਨ। ਉਨ੍ਹਾਂ ਅੱਗੇ ਆਰਥਿਕ ਤੇ ਸਮਾਜਿਕ ਰੁਤਬੇ ਵਰਗੇ ਗੰਭੀਰ ਮੁੱਦੇ ਨਹੀਂ ਹਨ। ਉਹ ਆਪਣੀਆਂ ਮਾਨਸਿਕ ਗੁੰਝਲਾਂ ਤੋਂ ਹੀ ਪ੍ਰੇਸ਼ਾਨ ਹਨ।

ਫਿਲਮਸਾਜ਼ ਸੁਚੇਤ ਪੱਧਰ 'ਤੇ ਨਵੇਂ ਤਜਰਬੇ ਕਰਦਾ ਹੈ ਪਰ ਮੁਹਾਰਤ ਤੇ ਤਜਰਬੇ ਦੀ ਘਾਟ ਹੋਣ ਕਰਕੇ ਫਿਲਮ ਵਿਚ ਕਈ ਸਥਿਤੀਆਂ ਹਾਸੋਹੀਣੀਆਂ ਬਣਾ ਦਿੰਦਾ ਹੈ। ਉਦਾਹਰਨ ਵਜੋਂ ਜਦੋਂ ਲਹੌਰੀਏ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਕੋਲੋਂ ਧੱਕੇ ਨਾਲ ਮਾਝੀ ਬੋਲੀ ਵਾਲੇ ਸੰਵਾਦ ਬੁਲਾਏ ਜਾਂਦੇ ਹਨ। 'ਅਰਦਾਸ ਕਰਾਂ' ਫਿਲਮ ਦੇ ਕਿਰਦਾਰ 'ਚੰਮ' ਫਿਲਮ ਦੇ ਕਿਰਦਾਰਾਂ ਵਾਂਙ ਸਥਿਤੀਆਂ ਤੇ ਸਮੱਸਿਆਵਾਂ ਨਾਲ ਜੂਝਦੇ ਨਜ਼ਰ ਨਹੀਂ ਆਉਂਦੇ ਸਗੋਂ ਸਮੱਸਿਆਵਾਂ ਤੋਂ ਭੱਜਦੇ ਤੇ ਜ਼ਿੰਦਗੀ ਤੋਂ ਨਿਰਾਸ਼ ਹੁੰਦੇ ਹਨ। ਉਂਜ, ਇਸ ਫਿਲਮ ਦੀ ਸਭ ਤੋਂ ਵੱਡੀ ਪ੍ਰਾਪਤੀ ਹਾਸਰਸੀ ਫਿਲਮਾਂ ਤੋਂ ਮੋੜਾ ਪਾ ਕੇ ਫਿਲਮਸਾਜ਼ਾਂ ਦਾ ਸਮਾਜਿਕ ਮੁੱਦਿਆਂ ਵੱਲ ਧਿਆਨ ਜਾਣਾ ਹੈ।

ਦਰਸ਼ਕ ਨੂੰ ਪਰਵਾਸੀ ਜੀਵਨ ਦੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ ਗਿਆ ਹੈ ਜੋ ਪੰਜਾਬੀ ਸਿਨੇਮਾ ਦੀ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ।

*-ਜਤਿੰਦਰ ਸਿੰਘ*



B.T.S CARRIER INC.



BTS Truck Shop Major & Minor Work
@ 39115 Maple Ave., Wayne, MI 48184

Hiring Owner operator & Drivers

Long and local route

Driver rate 45 to 55 cents per mile

Owner operator (Own truck/trailer & insurance) will be paid 92% after 8% dispatch. If company trailer used then will 80% gross.

Fuel discount: Pilot, Fly J, TA and Petro will pay 25 to 40 cents per gallon.

Direct deposit also available.

*For more information please contacts:*

Rusty Singh 734-233-8464

Dave Aujla 734-419-1408

ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

ਫੋਨ: 317-750-1900

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
Cell: 317-750-1900
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...